# ਭਗਤਾਂ ਦੀ ਬਾਣੀ ਵਿੱਚ ਭਾਰਤੀ ਸਿੱਖਿਆ ਦਰਸ਼ਨ ਦਾ ਪ੍ਰਗਟਾਉ

# BHAGKTAN DI BANI VICH BHARTI SIKHIA DARSHAN DA PRAGTOV

THESIS
SUBMITTED TO THE PANJAB UNIVERSITY, CHANDIGARH
FOR THE DEGREE OF
DOCTOR OF PHILOSOPHY
IN THE FACULTY OF LANGUAGES
**1997**

P.U. LIBRARY CHANDIGARH

**Ajmer Singh**

Sri Satguru Jagjit Singh Ji eLibrary NamdhariElibrary@gmail.com

## ਤ ਤ ਕ ਰਾ


ਪੰਨਾ ਨੰਬਰ

ਪ੍ਰਸਤਾਵਨਾ — ੳ – ਹ

ਅਧਿਆਇ ਪਹਿਲਾ: ਸਿੱਖਿਆ, ਦਰਸ਼ਨ, ਧਰਮ ਅਤੇ ਸਾਹਿਤ ਦਾ ਪਰਸਪਰ ਸੰਬੰਧ — 1 – 39

1.1. ਸਿੱਖਿਆ

1.1.1. ਸ਼ਾਬਦਿਕ ਅਰਥ

1.1.2. ਪੁਰਾਤਨ ਭਾਰਤੀ ਅਰਥ

1.1.3. ਆਧੁਨਿਕ ਅਰਥ

1.1.4. ਸਿੱਖਿਆ ਲਖਸ਼

1.2. ਦਰਸ਼ਨ

1.2.1. ਸ਼ਾਬਦਿਕ ਅਰਥ

1.2.2. ਭਾਵਾਰਥ

1.2.3. ਪ੍ਰਮੁੱਖ ਤੱਤ– ਪਰਾਭੌਤਿਕੀ ਜਾਂ ਤੱਤ ਮੀਮਾਂਸਾ, ਗਿਆਨ ਮੀਮਾਂਸਾ, ਨੀਤੀ ਜਾਂ ਆਚਾਰ-ਮੀਮਾਂਸਾ, ਤਰਕ-ਸ਼ਾਸਤਰ ।

1.3. ਸਿੱਖਿਆ ਅਤੇ ਦਰਸ਼ਨ

1.3.1. ਪਰਸਪਰ ਸੰਬੰਧ

1.3.2. ਸਿੱਖਿਆ ਦਰਸ਼ਨ

1.3.3. ਸਿੱਖਿਆ ਵਿਚਾਰਧਾਰਾਵਾਂ– ਪਰਿਣਾਮਵਾਦੀ, ਪ੍ਰਕਿਰਤੀ-ਵਾਦੀ, ਵਿਚਾਰਵਾਦੀ, ਮਾਨਵਵਾਦੀ

1.3.4. ਸਿੱਖਿਆ ਵਿਚਾਰਧਾਰਾਵਾਂ ਦੀ ਪੜਚੋਲ

1.4. ਧਰਮ ਅਤੇ ਧਾਰਮਿਕ ਸਿੱਖਿਆ

1.4.1. ਧਰਮ ਦਾ ਅਰਥ

1.4.2. ਧਰਮ ਅਤੇ ਦਰਸ਼ਨ

1.4.3. ਧਰਮ ਅਤੇ ਸਿੱਖਿਆ


Sri Satguru Jagjit Singh Ji eLibrary NamdhariElibrary@gmail.com

1.4.4. ਧਾਰਮਿਕ ਸਿੱਖਿਆ

1.5. ਸਾਹਿਤ

1.5.1. ਅਰਥ
1.5.2. ਸਾਹਿਤ ਅਤੇ ਸਮਾਜ
1.5.3. ਕਵਿਤਾ
1.5.4. ਧਾਰਮਿਕ ਕਾਵਿ
1.5.5. ਸਾਹਿਤ ਅਤੇ ਦਰਸ਼ਨ

1.6. ਸਿੱਖਿਆ ਦਰਸ਼ਨ ਦਾ ਧਾਰਮਿਕ ਕਾਵਿ

ਅਧਿਆਇ ਦੂਜਾ : ਭਾਰਤੀ ਸਿੱਖਿਆ ਦਰਸ਼ਨ 40 – 91

2.1. ਭਾਰਤੀ ਦਰਸ਼ਨ

2.1.1. ਦਰਸ਼ਨ ਗ੍ਰੰਥ
2.1.2. ਦਰਸ਼ਨ ਸ਼ਾਖਾਵਾਂ– ਚਾਰਵਾਕ, ਜੈਨ, ਬੁੱਧ, ਨਿਆਇ, ਵੈਸ਼ੇਸ਼ਿਕ, ਸਾਂਖ, ਯੋਗ, ਮੀਮਾਂਸਾ, ਅਤੇ ਵੇਦਾਂਤ ਦਰਸ਼ਨ
2.1.3. ਪ੍ਰਮੁੱਖ ਦਰਸ਼ਨਾਂ ਦੇ ਲੱਛਣ– ਬ੍ਰਹਮ ਤੇ ਪਰਮਾਤਮਾ ਆਤਮਾ, ਭੌਤਿਕ ਜਗਤ ਜਾਂ ਸ੍ਰਿਸ਼ਟੀ, ਮਨੁੱਖੀ ਜੀਵਨ ਲਖਸ਼ ਤੇ ਇਸਦੇ ਪ੍ਰਾਪਤੀ ਸਾਧਨ, ਅਤੇ ਭਾਰਤੀ ਦਰਸ਼ਨ ਦੀ ਵਿਹਾਰਕਤਾ।

2.2. ਭਾਰਤੀ ਸਿੱਖਿਆ ਦਰਸ਼ਨ

2.2.1. ਕਾਲਵੰਡ– ਵੈਦਿਕ ਕਾਲ, ਉਪਨਿਸ਼ਦ ਕਾਲ, ਧਰਮ-ਸ਼ਾਸਤਰ ਕਾਲ, ਪੌਰਾਣਿਕ ਕਾਲ ਅਤੇ ਬੁੱਧ ਸਿੱਖਿਆ
2.2.2. ਪਰਮ ਸਿੱਖਿਆ ਲਖਸ਼
2.2.3. ਸਿੱਖਿਆ ਭੇਦ
2.2.4. ਪ੍ਰਯੋਜਨ ਤੇ ਵਿਸ਼ੇਸ਼ਤਾਈਆਂ– ਪਵਿੱਤਰਤਾ ਤੇ ਪੁਰਸ਼ਾਰਥ, ਆਚਰਨ-ਉਸਾਰੀ, ਵਿਅੱਕਤਿਤ੍ਵ ਦਾ ਵਿਕਾਸ, ਸਮਾਜਕ ਕਰਤਵਾਂ ਤੇ ਬਲ, ਸਮਾਜਕ ਖੁਸ਼ਹਾਲੀ ਲਈ ਉਪਰਾਲੇ, ਸਰਬਵਿਆਪਕਤਾ, ਉਪਯੋਗਤਾ ਤੇ ਵਿਹਾਰਕਤਾ ਮਨੋਵਿਗਿਆਨਕ ਅਤੇ ਸੱਭਿਆਚਾਰ ਦਾ ਸੁਰੱਖਿਅਣ ਤੇ ਸੰਚਾਰ
2.2.5. ਪ੍ਰਾਪਤੀਆਂ
2.2.6. ਸੀਮਾਵਾਂ ਤੇ ਊਣਤਾਈਆਂ

Sri Satguru Jagjit Singh Ji eLibrary NamdhariElibrary@gmail.com

2.2.7. ਮੁਸਲਿਮ ਸ਼ਾਸਨ ਵਿੱਚ ਭਾਰਤੀ ਸਿੱਖਿਆ ਦਰਸ਼ਨ ਦੀ ਦਸ਼ਾ

2.3. ਸਾਰਾਂਸ਼

ਅਧਿਆਇ ਤੀਜਾ: ਭਗਤਾਂ ਦਾ ਸਿੱਖਿਆ ਦਰਸ਼ਨ 92– 150

3.1. ਸਮਕਾਲੀ ਪ੍ਰਸਥਿਤੀਆਂ

3.1.1. ਰਾਜਨੀਤਿਕ ਪ੍ਰਸਥਿਤੀਆਂ
3.1.2. ਸਮਾਜਿਕ ਪ੍ਰਸਥਿਤੀਆਂ
3.1.3. ਧਾਰਮਿਕ ਪ੍ਰਸਥਿਤੀਆਂ

3.2. ਭਗਤੀ

3.2.1. ਭਗਤੀ ਦਾ ਅਰਥ
3.2.2. ਸਰੂਪ ਤੇ ਲੱਛਣ
3.2.3. ਭਗਤੀ ਦੇ ਪ੍ਰਕਾਰ
3.2.4. ਭਗਤੀ ਸਾਧਨਾ ਪੱਧਤੀ
3.2.5. ਭਗਤੀ ਪਰੰਪਰਾ

3.3. ਭਗਤ ਜਾਂ ਸੰਤ

3.3.1. ਭਗਤ ਜਨ
3.3.2. ਭਗਤ-ਬਾਣੀ ਦਾ ਵਿਵਰਨ
3.3.3. ਭਗਤ ਜੀਵਨ ਬਿਉਰਾ– ਭਗਤ ਜੈ ਦੇਵ, ਸ਼ੇਖ ਫਰੀਦ, ਤ੍ਰਿਲੋਚਨ, ਨਾਮਦੇਵ, ਰਾਮਾਨੰਦ, ਸਧਨਾ, ਬੇਣੀ, ਰਵਿਦਾਸ, ਕਬੀਰ, ਧੰਨਾ, ਪੀਪਾ, ਸੈਣ, ਪਰਮਾਨੰਦ, ਸੂਰਦਾਸ ਅਤੇ ਭੀਖਣ ਜੀ

3.4. ਭਗਤ ਦਰਸ਼ਨ

3.4.1. ਪਰਾਭੌਤਿਕੀ– ਬ੍ਰਹਮ, ਜੀਵਾਤਮਾ, ਸ੍ਰਿਸ਼ਟੀ ਅਥਵਾ ਭੌਤਿਕ ਜਗਤ, ਮਾਇਆ ਅਤੇ ਮਨੁੱਖੀ ਜੀਵਨ ਲਖਸ਼।
3.4.2. ਸਾਧਨਾ ਪੱਧਤੀ
3.4.3. ਆਧਾਰ-ਸ਼ਾਸਤਰ

3.5. ਭਗਤਜਨਾਂ ਦਾ ਸਿੱਖਿਆ ਸੰਕਲਪ

Sri Satguru Jagjit Singh Ji eLibrary NamdhariElibrary@gmail.com

3.5.1. ਸਿੱਖਿਆ ਉਦੇਸ਼—ਸਮਾਜ ਸੁਧਾਰ ਤੇ ਵਿਕਾਸ, ਵਰਣ ਵਿਵਸਥਾ, ਆਸ਼ਰਮ, ਸਮਾਜਕ ਬੁਰਾਈਆਂ ਦੀ ਦੀ ਨਿੰਦਾ, ਸਮਾਜਕ-ਧਾਰਮਿਕ ਅਡੰਬਰਾਂ ਦਾ ਵਿਰੋਧ ਵਿਅੱਕਤਿਤ੍ਵ ਉੱਥਾਨ, ਮਨੁੱਖੀ ਸਦਾਚਾਰਕ ਵਿਕਾਸ, ਪਰਉਪਕਾਰ, ਸੇਵਾਭਾਵਨਾ, ਦਇਆ ਭਾਵ ਤੇ ਮਿੱਠਾ ਬੋਲ ਅਤੇ ਭਰਾਤਾ ਦਾ ਮਾਨਵਵਾਦ

3.5.2. ਗੁਰੂ ਅਥਵਾ ਅਧਿਆਪਕ

3.5.3. ਸਿੱਖਿਆ ਵਿਧੀਆਂ— ਸਤਿਸੰਗਤ ਅਤੇ ਗੋਸ਼ਟੀ, ਕੀਰਤਨ ਅਤੇ ਪਾਠ, ਨਿੱਤਨੇਮ, ਮੌਖਿਕ ਵਿਧੀ, ਕਿਰਿਆ ਵਿਧੀ ।

3.5.4. ਪਾਠਕ੍ਰਮ

3.6. ਸਾਰਾਂਸ਼

ਅਧਿਆਇ ਚੌਥਾ: <u>ਆਧੁਨਿਕ ਭਾਰਤੀ ਸਿੱਖਿਆ</u> 151— 183

4.1. <u>ਆਧੁਨਿਕ ਭਾਰਤੀ ਸਿੱਖਿਆ ਚਿੰਤਕ</u>

4.1.1. ਸੁਆਮੀ ਵਿਵੇਕਾਨੰਦ— ਪਰਮ ਸਿੱਖਿਆ ਲਖਸ਼, ਦੁਨਿਆਵੀ ਸਿੱਖਿਆ ਲਖਸ਼, ਅਨੁਭਵੀ ਤੇ ਪਰਾਅਨੁਭਵੀ ਸਿੱਖਿਆ, ਸਰੀਰਕ ਸਿੱਖਿਆ, ਪ੍ਰਕਿਰਤੀ ਦੀ ਸਿੱਖਿਆ, ਮਾਨਵੀ ਏਕਤਾ ਦੀ ਸਿੱਖਿਆ, ਧਾਰਮਿਕ ਸਿੱਖਿਆ ਅਤੇ ਅਧਿਆਪਕ

4.1.2. ਸ੍ਰੀ ਰਾਵਿੰਦਰ ਨਾਥ ਟੈਗੋਰ— ਮਨੁੱਖੀ ਜੀਵਨ ਤੇ ਇਸਦਾ ਲਖਸ਼, ਸਿੱਖਿਆ ਉਦੇਸ਼, ਮਾਨਵਵਾਦ, ਪ੍ਰਕਿਰਤੀਵਾਦ ਅਤੇ ਧਾਰਮਿਕ ਸਿੱਖਿਆ

4.1.3. ਸ੍ਰੀ ਅਰਵਿੰਦੂ ਘੋਸ਼— ਪਰਮਾਤਮਾ ਤੇ ਮਨੁੱਖ ਸਿੱਖਿਆ ਉਦੇਸ਼, ਸਿੱਖਿਆ ਵਿਧੀ, ਅਧਿਆਪਕ, ਸਮੁੱਚੀ ਸਿੱਖਿਆ ਅਤੇ ਧਾਰਮਿਕ ਸਿੱਖਿਆ

4.1.4 ਮਹਾਤਮਾ ਗਾਂਧੀ— ਮਨੁੱਖੀ ਜੀਵਨ ਲਖਸ਼, ਸਿੱਖਿਆ ਲਖਸ਼, ਸਿੱਖਿਆ ਵਿਧੀ ਤੇ ਪਾਠਕ੍ਰਮ

4.1.5. ਭਰਾਤਾ ਦੀ ਸਿੱਖਿਆ ਨਾਲ ਅਨੁਰੂਪਤਾ

4.1.6. ਸਾਰਾਂਸ਼

4.2. <u>ਵਰਤਮਾਨ ਸਿੱਖਿਆ ਅਵਸਥਾ</u>

4.2.1. ਸਥਿਤੀ ਤੇ ਸਮੱਸਿਆ

Sri Satguru Jagjit Singh Ji eLibrary NamdhariElibrary@gmail.com

4.2.2. ਕਾਰਨ
4.2.3. ਸਮਾਧਾਨ—ਧਾਰਮਿਕ ਸਿੱਖਿਆ ਦਾ ਸੰਮਿਲਨ ਅਤੇ ਪੁਰਾਤਨ ਭਾਰਤੀ ਸਿੱਖਿਆ ਦੀ ਆਵੱਸ਼ਕਤਾ
4.3. ਸਾਰਾਂਸ਼

ਅਧਿਆਇ ਪੰਜਵਾਂ : ਨਿਸ਼ਕਰਸ਼ 184 — 196

ਸਹਾਇਕ ਪੁਸਤਕ- ਸੂਚੀ 197 — 214

* * * * *

## ਪ੍ਰਸਤਾਵਨਾ

ਵਿਗਿਆਨ ਅਤੇ ਤਕਨਾਲੋਜੀ ਨੇ ਅਜੋਕੇ ਮਨੁੱਖ ਨੂੰ ਪਦਾਰਥਕ ਸੰਪਦਾ ਨਾਲ ਮਾਲੋਮਾਲ ਕਰ ਦਿੱਤਾ ਹੈ। ਉਸਦੇ ਸ਼ਰੀਰਕ ਅੰਗਾਂ ਦੀ ਸਮਰੱਥਾ ਤੇ ਪਹੁੰਚ ਘੇਰੇ ਦਾ ਵਿਸਤਾਰ ਕਰਕੇ ਉਸਨੂੰ ਪ੍ਰਕਿਰਤੀ ਦੇ ਜਕੜਬੰਦਾਂ ਤੋਂ ਵੀ ਕਾਫ਼ੀ ਹੱਦ ਤੱਕ ਮੁਕਤ ਕਰਵਾ ਦਿੱਤਾ ਹੈ। ਇਸ ਸਭ ਦੇ ਬਾਵਜੂਦ ਆਧੁਨਿਕ ਮਨੁੱਖ ਅਸ਼ਾਂਤ, ਅਸੰਤੁਸ਼ਟ, ਲਾਚਾਰ ਤੇ ਸੰਕੁਚਿਤ ਹੁੰਦਾ ਜਾ ਰਿਹਾ ਹੈ। ਉਸਦੀਆਂ ਲਾਲਸਾਵਾਂ ਅਸੀਮਤ ਤੇ ਅਨਿਯੰਤ੍ਰਤ ਹੁੰਦੀਆਂ ਜਾ ਰਹੀਆਂ ਹਨ। ਇੰਞ ਜਾਪਦਾ ਹੈ ਕਿ ਉਸਦੇ ਅੰਤਰਿਕ ਸਵੈ ਤੇ ਬਾਹਰੀ ਸਵੈ ਵਿੱਚ ਕੋਈ ਤਾਲਮੇਲ ਤੇ ਸੰਤੁਲਨ ਨਹੀਂ ਹੈ।

ਇਸ ਵਿਸ਼ਵ ਵਿਆਪੀ ਮਾਨਵੀ ਸਮੱਸਿਆ ਦੇ ਸਮਾਧਾਨ ਲਈ ਹਰ ਵਿਚਾਰਵਾਨ ਚਿੰਤੁਤ ਤੇ ਯਤਨਸ਼ੀਲ ਹੈ। ਉਨ੍ਹਾਂ ਨੇ ਕਈ ਸਮਾਜਿਕ ਵਿਕਲਪ ਵੀ ਪੇਸ਼ ਕੀਤੇ ਹਨ ਪਰੰਤੂ ਸੰਕਟ ਜਿਉਂ ਦਾ ਤਿਉਂ ਬਰਕਰਾਰ ਹੈ। ਭਾਰਤੀਆਂ ਦਾ ਸੁਭਾਗ ਹੈ ਕਿ ਇਨ੍ਹਾਂ ਪਾਸ ਇੱਕ ਅਮੀਰ ਸੱਭਿਆਚਾਰਕ ਵਿਰਸੇ ਦਾ ਬਹੁਮੁੱਲਾ ਖ਼ਜ਼ਾਨਾ ਉਪਲਬਧ ਹੈ ਜਿਸਦੇ ਦਾਰਸ਼ਨਿਕ ਸਾਹਿਤ ਨੂੰ ਘੋਖਣ ਦੀ ਆਵੱਸ਼ਕਤਾ ਹੈ।

ਵਿਸ਼ਵ ਭਰ ਦੇ ਵਿਚਾਰਵਾਨ ਇਕਮੱਤ ਹਨ ਕਿ ਇਸ ਗੰਭੀਰ ਸਮੱਸਿਆ ਦਾ ਸਮਾਧਾਨ ਕੇਵਲ ਸਿੱਖਿਆ ਕੋਲ ਹੀ ਹੋ ਸਕਦਾ ਹੈ। ਪੁਰਾਤਨ ਪ੍ਰਤਿਸ਼ਠਾਵਾਨ ਭਾਰਤੀ ਸਿੱਖਿਆ ਦਰਸ਼ਨ ਸਾਨੂੰ ਲੋੜੀਂਦੀ ਅਗਵਾਈ ਪ੍ਰਦਾਨ ਕਰਨ ਦੇ ਸਮਰੱਥ ਹੈ ਕਿਉਂਕਿ ਇਸਨੇ ਆਪਣੇ ਸੁਨਹਿਰੀ ਕਾਲ ਦੌਰਾਨ ਸ੍ਰੇਸ਼ਟ ਮਨੁੱਖ ਉਤਪੰਨ ਕਰਕੇ ਇੱਕ ਉੱਤਮ ਸਮਾਜ ਦੀ ਸਿਰਜਣਾ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਸੀ।

ਮੱਧਕਾਲ ਵਿੱਚ ਭਗਤੀ ਲਹਿਰ ਦੇ ਸੰਚਾਲਕ ਸੰਤਾਂ, ਭਗਤਾਂ ਤੇ ਫਕੀਰਾਂ ਨੇ ਆਪਣੇ ਲੋਕਪੱਖੀ ਤੇ ਅਧਿਆਤਮਵਾਦੀ ਸਾਹਿਤ ਦੇ ਮਾਧਿਅਮ ਰਾਹੀਂ ਜਿਸ ਪ੍ਰਕਾਰ ਦੱਬੇ ਕੁਚਲੇ ਤੇ ਅਗਿਆਨੀ ਭਾਰਤੀ ਲੋਕਾਂ ਨੂੰ ਜਾਗ੍ਰਿਤ ਕਰਨ ਦਾ ਸਫਲ ਯਤਨ ਕੀਤਾ ਉਸਤੋਂ ਪ੍ਰਤੱਖ ਹੈ ਕਿ ਇਨ੍ਹਾਂ ਸਿੱਖਿਆ ਸ਼ਾਸਤਰੀਆਂ ਨੇ ਕਿਸੇ ਤੇਜੱਸਵੀ ਪਰੰਪਰਾ ਨੂੰ ਆਪਣਾ ਚਾਨਣਮੁਨਾਰਾ ਬਣਾਇਆ ਹੋਵੇਗਾ। ਅਜਿਹੇ ਅਨੁਭਵੀ ਲੋਕਨਾਇਕ ਆਪਣੇ ਵਿਰਸੇ ਤੋਂ ਕਦਾਚਿਤ ਅਵੇਸਲੇ

ਤੇ ਅਣਜਾਣ ਨਹੀਂ ਹੋ ਸਕਦੇ। ਹਰ ਸੰਭਾਵਨਾ ਹੈ ਕਿ ਭਗਤਜਨਾਂ ਨੇ ਆਪਣੇ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਤੋਂ ਹੀ ਅਗਵਾਈ ਗ੍ਰਹਿਣ ਕੀਤੀ ਹੋਵੇਗੀ। ਇਹ ਇੱਕ ਖੋਜਣਯੋਗ ਅਧਿਐਨ ਦਾ ਵਿਸ਼ਾ ਹੈ ।

ਭਗਤਜਨਾਂ ਦੇ ਸਿੱਖਿਆ-ਵਿਚਾਰਾਂ ਨੂੰ ਆਧੁਨਿਕ ਪਰਿਸਥਿਤੀਆਂ ਦੇ ਸੰਦਰਭ ਵਿੱਚ ਵੀ ਪਰਖਣਾ ਅਨਿਵਾਰੀ ਹੈ ਜਿਸਦੀ ਕਸਵੱਟੀ ਵਜੋਂ ਕੁਝ ਆਧੁਨਿਕ ਭਾਰਤੀ ਸਿੱਖਿਆ ਸ਼ਾਸਤਰੀਆਂ ਦੀਆਂ ਸਿੱਖਿਆ ਪੱਧਤੀਆਂ ਦੀ ਪੜਚੋਲ ਕਰਨੀ ਉਚਿਤ ਹੋਵੇਗੀ ।

ਇਸ ਦਿਸ਼ਾ ਵਿੱਚ ਹੁਣ ਤੱਕ ਹੋਏ ਯਤਨ ਨਿਗੁਣੇ, ਅਧੂਰੇ ਤੇ ਨਾਕਾਫੀ ਹਨ। ਇਨ੍ਹਾਂ ਯਤਨਾਂ ਨੂੰ ਅੱਗੇ ਤੋਰਨ ਦੇ ਉਦੇਸ਼ ਨਾਲ ਹੀ ਹਥਲੇ ਸ਼ੋਧ-ਪ੍ਰਬੰਧ ਦੇ ਵਿਸ਼ੇ ਦੀ ਚੋਣ ਕੀਤੀ ਗਈ ਹੈ। ਇਸ ਵਿੱਚ ਭਗਤਾਂ ਦੇ ਸਿੱਖਿਆ ਦਰਸ਼ਨ ਦੀਆਂ ਵਿਭਿੰਨ ਧਾਰਨਾਵਾਂ ਨੂੰ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਦੀ ਰੋਸ਼ਨੀ ਵਿੱਚ ਘੋਖ ਕੇ ਆਧੁਨਿਕ ਸਿੱਖਿਆ ਪੱਧਤੀਆਂ ਦੀ ਕਸਵੱਟੀ ਤੇ ਪਰਖਣ ਦਾ ਪ੍ਰਯਤਨ ਕੀਤਾ ਗਿਆ ਹੈ। ਇਸ ਅਧਿਐਨ ਵਿਵਸਥਾ ਨੂੰ ਪੰਜ ਅਧਿਆਇਆਂ ਵਿੱਚ ਵੰਡਿਆ ਗਿਆ ਹੈ ।

ਪਹਿਲੇ ਅਧਿਆਇ ਵਿੱਚ ਸਿੱਖਿਆ, ਦਰਸ਼ਨ, ਧਰਮ, ਸਾਹਿਤ ਅਤੇ ਇਨ੍ਹਾਂ ਦੇ ਪਰਸਪਰ ਸੰਬੰਧਾਂ ਦੀ ਵਿਸਤ੍ਰਿਤ ਵਿਆਖਿਆ ਕਰਕੇ ਇੱਕ ਉੱਤਮ ਤੇ ਉਪਯੋਗੀ ਸਿੱਖਿਆ ਦਰਸ਼ਨ ਦਾ ਨਿਰਣਾ ਕਰਨ ਲਈ ਯਤਨ ਕੀਤਾ ਗਿਆ ਹੈ ।

ਦੂਜੇ ਅਧਿਆਇ ਦੇ ਪਹਿਲੇ ਖੰਡ ਵਿੱਚ ਪੁਰਾਤਨ ਭਾਰਤੀ ਦਰਸ਼ਨ ਸ਼ਾਖਾਵਾਂ ਦਾ ਵਿਸ਼ਲੇਸ਼ਣ ਕਰਕੇ ਇੱਕ ਪ੍ਰਮੁੱਖ ਭਾਰਤੀ ਦਰਸ਼ਨ ਦਾ ਨਿਸਤਾਰਾ ਕੀਤਾ ਗਿਆ ਹੈ । ਇਸਦੇ ਦੂਜੇ ਖੰਡ ਵਿੱਚ ਭਾਰਤੀ ਸਿੱਖਿਆ ਦਰਸ਼ਨ ਦੇ ਉੱਘੜਵੇਂ ਲੱਛਣਾਂ ਤੇ ਆਧਾਰਤ ਪੁਰਾਤਨ ਭਾਰਤੀ ਸਿੱਖਿਆ ਪ੍ਰਣਾਲੀ ਦੀਆਂ ਧਾਰਨਾਵਾਂ, ਉਪਲਬਧੀਆਂ ਤੇ ਊਣਤਾਈਆਂ ਨੂੰ ਪੜਚੋਲਿਆ ਗਿਆ ਹੈ ।

ਤੀਜਾ ਅਧਿਆਇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਪੰਦਰਾਂ ਭਗਤਾਂ ਦੀ ਬਾਣੀ ਨਾਲ ਸੰਬੰਧ ਰਖਦਾ ਹੈ ਜਿਸ ਵਿੱਚ ਉਨ੍ਹਾਂ ਦੁਆਰਾ ਰਚਿਤ ਅਧਿਆਤਮਿਕ ਸਾਹਿਤ

ਵਿਚੋਂ ਉਨ੍ਹਾਂ ਦੇ ਆਤਮਿਕ ,ਨੈਤਿਕ ਅਤੇ ਮਾਨਵ-ਮੁੱਲ ਆਧਾਰਤ ਸਿੱਖਿਆ ਸੰਬੰਧੀ ਵਿਚਾਰਾਂ ਦੀ ਤਲਾਸ਼ ਕਰਕੇ ਇੱਕ ਸਪੱਸ਼ਟ ਪੱਧਤੀ ਦਾ ਨਿਰਮਾਣ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸਪੱਸ਼ਟ ਹੈ ਕਿ ਇਸ ਮੰਤਵ ਲਈ ਕੇਵਲ ਵਿਸ਼ਾਪੱਖ ਹੀ ਵਿਚਾਰਅਧੀਨ ਰੱਖਿਆ ਜਾਣਾ ਚਾਹੀਦਾ ਹੈ ਕਿਉਂਕਿ ਭਗਤਬਾਣੀ ਦੇ ਰੂਪ ਵਿਧਾਨ ਦੀ ਚਰਚਾ ਸਾਡੇ ਵਰਤਮਾਨ ਅਧਿਐਨ ਖੇਤਰ ਤੋਂ ਬਾਹਰ ਦੀ ਵਸਤ ਹੈ ।

ਚੌਥੇ ਅਧਿਆਇ ਦੇ ਪਹਿਲੇ ਖੰਡ ਵਿੱਚ ਅਸੀਂ ਆਧੁਨਿਕ ਭਾਰਤ ਦੇ ਪ੍ਰਮੁੱਖ ਨਿਰਮਾਤਾਵਾਂ, ਭਾਰਤੀ ਗਿਆਨ ਤੇ ਆਧੁਨਿਕ ਵਿਗਿਆਨ ਦਾ ਸੁਮੇਲ ਕਰਨ ਵਾਲੇ ਚਿੰਤਕਾਂ ਅਤੇ ਈਸ਼ਵਰ ਦਰਸ਼ਨ ਤੇ ਲੋਕਾਚਾਰ ਵਿੱਚ ਸਮਨਵੈ ਸਥਾਪਿਤ ਕਰਨ ਵਾਲੇ ਚਾਰ ਮਹਾਨ ਆਗੂਆਂ ਸਰਵਸ੍ਰੀ ਸਵਾਮੀ ਵਿਵੇਕਾਨੰਦ, ਰਵਿੰਦਰਨਾਥ ਟੈਗੋਰ, ਅਰਵਿੰਦੂ ਘੋਸ਼ ਤੇ ਮਹਾਤਮਾ ਗਾਂਧੀ ਦੁਆਰਾ ਨਿਰਮਿਤ ਸਿੱਖਿਆ ਪੱਧਤੀਆਂ ਦਾ ਨਰੀਖਣ ਕਰਕੇ ਭਗਤਜਨਾਂ ਦੀ ਸਿੱਖਿਆ ਨਾਲ ਪ੍ਰਾਸੰਗਿਕਤਾ ਸਿੱਧ ਕਰਨ ਦਾ ਯਤਨ ਕੀਤਾ ਹੈ। ਇਸ ਅਧਿਆਇ ਦੇ ਦੂਜੇ ਖੰਡ ਵਿੱਚ ਆਧੁਨਿਕ ਭਾਰਤੀ ਸਿੱਖਿਆ ਦੀਆਂ ਸਮੱਸਿਆਵਾਂ ਦੀ ਖੋਜ ਕਰਕੇ ਇਨ੍ਹਾਂ ਦੇ ਸਮਾਧਾਨ ਲਈ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਅਤੇ ਭਗਤ ਸਿੱਖਿਆ ਦਰਸ਼ਨ ਦੀ ਉਪਯੋਗਤਾ ਨੂੰ ਪਰਖਣ ਲਈ ਪ੍ਰਯਤਨ ਕੀਤੇ ਗਏ ਹਨ ।

ਪੰਜਵਾਂ ਅਧਿਆਇ ਆਕਾਰ ਵਿੱਚ ਭਾਵੇਂ ਛੋਟਾ ਹੈ ਪਰੰਤੂ ਸਮੁੱਚੇ ਸ਼ੋਧ-ਪ੍ਰਬੰਧ ਦੀ ਜਿੰਦਜਾਨ ਹੈ । ਇਸ ਵਿੱਚ ਪਹਿਲੇ ਚਾਰ ਅਧਿਆਵਾਂ ਵਿੱਚ ਪ੍ਰਗਟਾਏ ਵਿਚਾਰਾਂ, ਸਮੱਸਿਆਵਾਂ ਤੇ ਉਨ੍ਹਾਂ ਦੇ ਸਮਾਧਾਨਾਂ ਦਾ ਸੰਖੇਪ ਜਿਹਾ ਲੇਖਾ-ਜੋਖਾ ਕਰਦਿਆਂ ਸਾਰ ਰੂਪ ਵਿੱਚ ਆਪਣੀ ਗੱਲ ਕਹਿਣ ਦਾ ਯਤਨ ਕੀਤਾ ਗਿਆ ਹੈ । ਸਾਡੀ ਸਮਝ ਹੈ ਕਿ ਆਧੁਨਿਕ ਸਿੱਖਿਆ ਸ਼ਾਸਤਰ ਨੂੰ ਕਿਸੇ ਇੱਕ ਜਾਂ ਦੂਜੀ ਪੱਛਮੀ ਸਿੱਖਿਆ ਪ੍ਰਣਾਲੀ ਦੀ ਅੰਨ੍ਹੇਵਾਹ ਨਕਲ ਦਾ ਤਿਆਗ ਕਰਕੇ ਮੱਧਕਾਲੀਨ ਸੰਤਾਂ ਵਲੋਂ ਪ੍ਰਚਾਰੇ ਅਤੇ ਆਧੁਨਿਕ ਭਾਰਤੀ ਸਿੱਖਿਆ ਚਿੰਤਕਾਂ ਦੁਆਰਾ ਪ੍ਰਵਾਨਤ ਮਾਨਵਮੁੱਲਾਂ ਅਤੇ ਸਿੱਖਿਆ ਸਿਧਾਂਤਾਂ ਦਾ ਹੀ ਅਨੁਸਰਨ ਕਰਨਾ ਚਾਹੀਦਾ ਹੈ ਤਾਂ ਜੋ ਭਾਰਤ ਦੇ ਨਵਨਿਰਮਾਣ ਵਿੱਚ ਸਿੱਖਿਆ ਆਪਣੀ ਲੋੜੀਂਦੀ ਭੂਮਿਕਾ ਨਿਭਾ ਸਕੇ ।

ਇਸ ਸ਼ੋਧ-ਕਾਰਜ ਨੂੰ ਆਰੰਭ ਕਰਨ ਅਤੇ ਨਿਰਧਾਰਤ ਸਮੇਂ ਵਿੱਚ ਨੇਪਰੇ ਚਾੜ੍ਹਨ ਲਈ ਜਿਨ੍ਹਾਂ ਸਤਿਕਾਰਤ, ਸ਼ੁਭਚਿੰਤਕ ਤੇ ਸਹਾਇਕ ਵਿਅਕਤੀਆਂ ਨੇ ਮੈਨੂੰ ਪ੍ਰੇਰਨਾ,

Sri Satguru Jagjit Singh Ji eLibrary NamdhariElibrary@gmail.com

ਅਗਵਾਈ ਤੇ ਸਹਾਇਤਾ ਦਿੱਤੀ ਹੈ ਉਨ੍ਹਾਂ ਦਾ ਹਾਰਦਿਕ ਧੰਨਵਾਦ ਕਰਨਾ ਮੈਂ ਆਪਣਾ ਪਰਮ ਕਰਤੱਵ ਸਮਝਦਾ ਹਾਂ ।

ਮਨੁੱਖੀ ਜੀਵਨ ਵਿੱਚ ਕੁਝ ਸਾਰਥਕ ਕਰ ਗੁਜ਼ਰਨ ਦੀ ਸੁਹਿਰਦ ਤੇ ਪਾਵਨ ਪ੍ਰੇਰਨਾ ਦੇ ਸਰੋਤ ਮੇਰੇ ਪਰਮਸਤਿਕਾਰਯੋਗ ਸਵਰਗਵਾਸੀ ਪਿਤਾ ਸ. ਕਰਮ ਸਿੰਘ ਜੀ ਅਤੇ ਆਸ਼ਾਵਾਦੀ ਵਿਚਾਰਾਂ ਦੇ ਧਾਰਨੀ ਮੇਰੇ ਮਾਤਾ ਸ਼੍ਰੀਮਤੀ ਰਾਮ ਰੱਖੀ ਜੀ ਹਨ । ਉਨ੍ਹਾਂ ਦਾ ਰਿਣ ਮੈਂ ਇਸ ਜਨਮ ਵਿੱਚ ਅਦਾ ਕਰਨ ਤੋਂ ਅਸਮਰਥ ਹਾਂ ।

ਮੇਰੇ ਵਾਸਤਵਿਕ ਪੱਥ ਪਰਦਰਸ਼ਕ ਤੇ ਚਾਨਣਮੁਨਾਰੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਗੁਰੂ ਰਵਿਦਾਸ ਚੇਅਰ ਤੇ ਬਿਰਾਜਮਾਨ ਸਤਿਕਾਰਯੋਗ ਡਾ. ਧਰਮਪਾਲ ਸਿੰਗਲ ਜੋ ਹਨ ਜਿਨ੍ਹਾਂ ਨੇ ਮੇਰੇ ਵਰਗੇ ਅਲਪਗਿਆਨੀ ਨੂੰ ਗਿਆਨ ਜੋਤੀ ਬਖਸ਼ ਕੇ ਇੱਕ ਕਠਿਨ ਕਾਰਜ ਨੂੰ ਸੰਪਨ ਕਰਨ ਵਿੱਚ ਮੇਰੀ ਯੋਗ ਅਗਵਾਈ ਕੀਤੀ । ਉਨ੍ਹਾਂ ਦੀ ਪ੍ਰਤਿਭਾਸ਼ਾਲੀ ਸ਼ਾਂਤ, ਸਪੱਸ਼ਟ ਤੇ ਆਸ਼ਾਵਾਦੀ ਅਨੁਭਵੀ ਸਖਸ਼ੀਅਤ ਨੇ ਮੈਨੂੰ ਕਾਇਲ ਕੀਤਾ ਹੈ। ਉਨ੍ਹਾਂ ਦੇ ਸਨੇਹਮਈ, ਠਰੰਮਾ ਭਰਪੂਰ ਵਤੀਰੇ ਸਦਕਾ ਹੀ ਮੈਂ ਸ਼ੋਧ-ਕਾਰਜ ਸਮੇਂ ਸਿਰ ਸੰਪੂਰਨ ਕਰਨ ਵਿੱਚ ਸਫਲ ਹੋ ਸਕਿਆ ਹਾਂ ।

ਇੱਕ ਮਿਕਨਾਤੀਸੀ ਤੇ ਰੂਹਾਨੀ ਵਿਅੱਕਤਿਤ੍ਵ ਦੇ ਧਾਰਨੀ ਸੰਤ ਸੁੱਚਾ ਸਿੰਘ ਜੋ ਜਵੱਦੀ ਕਲਾਂ ਵਾਲਿਆਂ ਨਾਲ ਸ਼ਬਦਯਾਤਰਾ ਦੌਰਾਨ ਹੋਈ ਕੁਝ ਪਲਾਂ ਦੀ ਮਿਲਣੀ ਵੀ ਮੇਰੇ ਲਈ ਵਰਦਾਨ ਸਿੱਧ ਹੋਈ ਹੈ ।

ਮੈਂ ਆਪਣੀ ਧਰਮਪਤਨੀ ਡਾ. ਜਸਵੰਤ ਕੌਰ ਦਾ ਵੀ ਧੰਨਵਾਦੀ ਹਾਂ ਜਿਸਨੇ ਅਧਿਐਨ ਦੌਰਾਨ ਨਾ ਕੇਵਲ ਮੈਨੂੰ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਹੀ ਮੁਕਤ ਰੱਖਿਆ ਸਗੋਂ ਸ਼ੋਧ-ਕਾਰਜ ਦੀ ਸਮੱਗਰੀ ਤਿਆਰ ਕਰਨ ਤੇ ਇਸ ਵਿੱਚ ਲੋੜੀਂਦੀਆਂ ਸੋਧਾਂ ਕਰਨ ਵਿੱਚ ਵੀ ਮੇਰੀ ਸੁਚਾਰੂ ਸਹਾਇਤਾ ਕੀਤੀ ਹੈ ।

ਅੰਤ ਵਿੱਚ ਮੈਂ ਪੰਜਾਬ ਯੂਨੀਵਰਸਿਟੀ ਦੀ ਗੁਰੂ ਰਵਿਦਾਸ ਚੇਅਰ ਤੇ

Sri Satguru Jagjit Singh Ji eLibrary NamdhariElibrary@gmail.com

ਇਸਦੇ ਪੁਸਤਕਾਲਾ, ਸੈਂਟਰ ਸਟੇਟ ਲਾਇਬ੍ਰੇਰੀ ਚੰਡੀਗੜ੍ਹ ਅਤੇ ਪੰਜਾਬੀ ਯੂਨੀਵਰਸਿਟੀ ਲਾਇਬ੍ਰੇਰੀ ਦੇ ਸਟਾਫ ਦਾ ਵੀ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਲੋੜ ਅਨੁਸਾਰ ਪੁਸਤਕਾਂ ਉਪਲਬਧ ਕਰਵਾਉਣ ਵਿੱਚ ਮੈਨੂੰ ਪੂਰਨ ਸਹਿਯੋਗ ਦਿੱਤਾ ਹੈ ।

(ਅਜਮੇਰ ਸਿੰਘ)

Sri Satguru Jagjit Singh Ji eLibrary NamdhariElibrary@gmail.com

## ਅਧਿਆਇ ਪਹਿਲਾ

# ਸਿੱਖਿਆ, ਦਰਸ਼ਨ, ਧਰਮ ਅਤੇ ਸਾਹਿਤ ਦਾ ਪਰਸਪਰ ਸੰਬੰਧ

Sri Satguru Jagjit Singh Ji eLibrary NamdhariElibrary@gmail.com

## ਸਿੱਖਿਆ, ਦਰਸ਼ਨ, ਧਰਮ ਅਤੇ ਸਾਹਿੱਤ ਦਾ ਪਰਸਪਰ ਸੰਬੰਧ

### 1.1. ਸਿੱਖਿਆ

ਸਿੱਖਿਆ ਦਾ ਅਰਥ ਵਿਸ਼ਾਲ, ਵਿਵਾਦਗ੍ਰਸਤ ਅਤੇ ਚਰਚਾ ਦਾ ਵਿਸ਼ਾ ਹੋਣ ਕਾਰਨ ਸਪੱਸ਼ਟਤਾ ਲਈ, ਭਰਪੂਰ ਬਹਿਸ ਅਤੇ ਵਿਚਾਰ-ਵਟਾਂਦਰੇ ਦੀ ਆਵੱਸ਼ਕਤਾ ਹੈ। ਕੋਈ ਵੀ ਚਿੰਤਕ ਇਸ ਦੀ ਨਿਰਪੱਖ ਅਤੇ ਸੰਪੂਰਨ ਪਰਿਭਾਸ਼ਾ ਪ੍ਰਸਤੁਤ ਕਰਨ ਤੋਂ ਅਸਮਰਥ ਪ੍ਰਤੀਤ ਹੁੰਦਾ ਹੈ। ਇਸ ਲਈ ਵਿਭਿੰਨ ਵਿਚਾਰਵਾਨਾਂ ਦੇ ਵਿਚਾਰਾਂ ਨੂੰ ਜਾਣ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਕਰਨਾ ਉਚਿਤ ਹੋਵੇਗਾ।

#### 1.1.1. ਸ਼ਾਬਦਿਕ ਅਰਥ

ਪੁਰਾਤਨ ਭਾਰਤੀ ਦਾਰਸ਼ਨਿਕ ਗ੍ਰੰਥਾਂ ਵਿੱਚ ਸਿੱਖਿਆ ਨੂੰ ਵਿੱਦਿਆ ਕਿਹਾ ਗਿਆ ਹੈ। ਇਸ ਸ਼ਬਦ ਦਾ ਮੂਲ 'ਵੱਦ' ਭਾਵ ਗਿਆਨ, ਵਿਗਿਆਨ, ਸਿੱਖਣਾ, ਸਿਧਾਂਤਕ ਸਿੱਖਿਆ ਵਿਦਵਤਾ ਅਤੇ ਦਰਸ਼ਨ ਹੈ।[1] ਲੈਟਿਨ ਭਾਸ਼ਾ ਵਿੱਚ ਸਿੱਖਿਆ ( Education ) ਸ਼ਬਦ ਦੇ ਮੂਲ 'Educare' ਦਾ ਸ਼ਾਬਦਿਕ ਅਰਥ 'ਭਾਲਣਾ' ਜਾਂ ਪਾਲਣਾ ਵੀ ਹੈ। ਜਿਸ ਤੋਂ ਭਾਵ ਹੈ ਕਿ ਸਿੱਖਿਆ ਕੇਵਲ ਗਿਆਨ ਅਤੇ ਅਨੁਭਵ ਹੀ ਨਹੀਂ ਇਹ ਮਨੁੱਖੀ ਜੀਵਨ ਦੀ ਸੰਪੂਰਨਤਾ ਅਤੇ ਸਾਰਥਿਕਤਾ ਲਈ ਵਿਅਕਤੀ ਦੀਆਂ ਮਨੋਬਿਰਤੀਆਂ ਅਤੇ ਉਸਦੇ ਅਣਵਿਕਸਿਤ ਹੁਨਰਾਂ ਦਾ ਵਿਕਾਸ ਵੀ ਕਰਦੀ ਹੈ।[2] ਲੈਟਿਨ ਭਾਸ਼ਾ ਦਾ ਵਿਸ਼ੇਸ਼ੱਗ ਵਾਰੋ Educare ਦਾ ਤੁਲਨਾਤਮਿਕ ਕੱਢਦਿਆਂ ਲਿਖਦਾ ਹੈ, " ਦਾਈ ਭਾਲਦੀ ਹੈ, ਨਰਸ ਪਾਲਦੀ ਹੈ, ਨਿੱਜੀ-ਅਧਿਆਪਕ ਸਿਖਲਾਈ ਦਿੰਦਾ ਹੈ ਅਤੇ ਅਧਿਆਪਕ ਪੜ੍ਹਾਉਂਦਾ ਹੈ।"[3]

#### 1.1.2. ਪੁਰਾਤਨ ਭਾਰਤੀ ਅਰਥ

ਪੁਰਾਤਨਤਮ ਭਾਰਤੀ ਦਰਸ਼ਨ ਗ੍ਰੰਥਾਂ ਵੇਦਾਂ ਵਿੱਚ ਸਿੱਖਿਆ ਦੀ ਤੁਲਨਾ ਮਨੁੱਖ ਦੇ ਤੀਜੇ ਨੇਤਰ, ਅੰਤਰਦ੍ਰਿਸ਼ਟੀ ਵਾਸਤਵਿਕ ਸ਼ਕਤੀ, ਕਲਪਧੇਨੁ, ਮਾਂ-ਬਾਪ ਅਤੇ ਪਤਨੀ ਨਾਲ ਕੀਤੀ ਗਈ ਹੈ। ਰਿੱਗਵੇਦ ( X ,717) ਵਿੱਚ ਕਥਨ ਹੈ ਕਿ ਵਿੱਦਿਆ ਲੋਕ ਅਤੇ ਪਰਲੋਕ ਵਿੱਚ ਪਦਾਰਥਕ ਅਤੇ ਆਤਮਿਕ ਕਲਿਆਣ ਲਈ ਸਾਡੀ ਸਹਾਇਕ ਬਣਦੀ

www.archive.org/details/namdhari



ਹੈ। ਉਪਨਿਸ਼ਦਾਂ ਵਿੱਚ ਸਿੱਖਿਆ ਨੂੰ "ਅਸੱਤ ਮਾ ਸਦਗਮਯ, ਤਮਸੋ ਮਾ ਜਯੋਤਿਗਮਯ, ਮ੍ਰਿਤਯੋਰ ਮਾ ਅਮ੍ਰਿਤੰਗਮਾਯ " ਭਾਵ ਅਵਾਸਤਵਿਕ ਤੋਂ ਵਾਸਤਵਿਕ ਵੱਲ, ਔਧੇਰੇ ਤੋਂ ਰੋਸ਼ਨੀ ਵੱਲ ਅਤੇ ਮੌਤ ਤੋਂ ਅਵਿਨਾਸ਼ਤਾ ਵੱਲ ਅਗਵਾਈ ਕਰਨ ਵਾਲੀ ਆਖਿਆ ਗਿਆ ਹੈ ।"[4] ਗੀਤਾ ਦਾ ਉਪਦੇਸ਼ ਹੈ " ਸਾ ਵਿਦਿਆ ਯਾ ਵਿਮੁਕਤਯੇ" ਭਾਵ ਸਿੱਖਿਆ ਉਹ ਹੈ ਜੋ ਮਨੁੱਖ ਨੂੰ ਬੰਧਨਾਂ ਤੋਂ ਮੁਕਤ ਕਰਦੀ ਹੈ ।[5]

ਪੈਗੰਬਰ ਮੁਹੰਮਦ ਸਿੱਖਿਆ ਨੂੰ ਗਿਆਨ ਦਾ ਹੀ ਇੱਕ ਰੂਪ ਪ੍ਰਵਾਨ ਕਰਕੇ ਇਸਦੇ ਗ੍ਰਹਿਣ ਨੂੰ ਪਾਵਨ ਕਾਰਜ ਮੰਨਦੇ ਹਨ। ਗਿਆਨ ਪ੍ਰਾਪਤ ਕਰਕੇ ਪ੍ਰਭੂ ਸੇਵਕ ਨੇਕੀ ਦੀ ਬੁਲੰਦੀ ਤੇ ਪਹੁੰਚ ਕੇ, ਸ੍ਰੇਸ਼ਟ ਪੱਦਵੀ ਤੇ ਬਿਰਾਜਮਾਨ ਹੋ ਜਾਂਦਾ ਹੈ । ਅਜਿਹਾ ਗਿਆਨੀ ਪੁਰਸ਼ ਇਸ ਸ੍ਰਿਸ਼ਟੀ ਵਿੱਚ ਪ੍ਰਭੁੱਤਾ ਅਤੇ ਪ੍ਰਲੋਕ ਵਿੱਚ ਸੰਪੂਰਨ ਆਨੰਦ ਪ੍ਰਾਪਤ ਕਰਦਾ ਹੈ।[6] ਮਹਾਤਮਾ ਬੁੱਧ ਦਾ ਵਿਚਾਰ ਹੈ ਕਿ ਗਿਆਨ ਪ੍ਰਾਪਤ ਕਰਕੇ ਮਨੁੱਖ ਜਨਮ-ਮਰਣ ਦੇ ਚੱਕਰ ਤੋਂ ਛੁਟਕਾਰਾ ਭਾਵ ਨਿਰਵਾਣ ਪਾ ਸਕਦਾ ਹੈ।[7] ਭਗਵਾਨ ਕ੍ਰਿਸ਼ਨ ਜੀ ਇੱਕ ਸਿੱਖਿਆਰਥੀ ਦੇ ਸਵੈਧਰਮ ਦੀ ਤਲਾਸ਼ ਕਰਕੇ ਉਸਨੂੰ ਉਸਦੀ ਸੁਭਾਵਿਕ ਦਿਸ਼ਾ ਦੇ ਅਨੁਕੂਲ ਸੁਤੰਤਰਤਾ ਨਾਲ ਵਿਕਾਸ ਕਰਨ ਵਿੱਚ ਸਹਾਇਤਾ ਕਰਨ ਨੂੰ ਹੀ ਸੱਚੀ ਸਿੱਖਿਆ ਮੰਨਦੇ ਹਨ ।[8]

ਮੱਧਕਾਲ ਦੇ ਮਹਾਨ ਚਿੰਤਕ ਅਤੇ ਅਨੁਭਵੀ ਮਹਾਂਪੁਰਸ਼,ਗੁਰੂ ਨਾਨਕ ਦੇਵ ਜੀ ਵਿੱਦਿਆ ਨੂੰ ਪਰਉਪਕਾਰੀ[9] ਆਖਦੇ ਹੋਏ ਇਸਨੂੰ ਗ੍ਰਹਿਣ ਕਰਨਯੋਗ ,ਵਿਚਾਰਨਯੋਗ ਅਤੇ ਪੱਥ-ਪ੍ਰਦਰਸ਼ਕ ਵਜੋਂ ਸਵੀਕਾਰ ਕਰਦੇ ਹਨ।[10] ਉਨ੍ਹਾਂ ਆਪਣੇ ਪਾਵਨ ਮੁੱਖ ਵਾਕ " ਮੰਨੈ ਸੁਰਤਿ ਹੋਵੈ ਮਨਿ ਬੁਧਿ, ਮੰਨੈ ਸਗਲ ਭਵਨ ਕੀ ਸੁਧਿ "[11] ਦੁਆਰਾ ਉਪਦੇਸੁ ਕੀਤਾ ਹੈ ਕਿ ਗੁਰੂ ਜੀ ਸਿੱਖਿਆ ਤੇ ਚੱਲਣ ਨਾਲ ਮਨੁੱਖ ਦੀ ਉੱਚੀ ਬਿਰਤੀ ਜਾਗ ਉੱਠਦੀ ਹੈ। ਉਸਦੇ ਮਨ ਵਿਚ ਉੱਤਮ ਵਿਚਾਰ ਪੈਦਾ ਹੋ ਜਾਂਦੇ ਹਨ ।[12]

1.1.3. ਆਧੁਨਿਕ ਅਰਥ

ਪੱਛਮੀ ਸਿੱਖਿਆ ਸ਼ਾਸਤਰੀ ਫਰੈਡਰਿਕ ਅਗਸਤ ਫਰੋਬਲ ਜੀਵਾਂ ਵਿੱਚ ਨੀਂਦਗ੍ਰਸਤ ਆਤਮਿਕਤਾ ਅਤੇ ਅਸੀਮਤਾ ਨੂੰ ਜਾਗ੍ਰਿਤ ਕਰਨ ਵਾਲੇ ਸਾਧਨ ਨੂੰ ਸਿੱਖਿਆ ਆਖਦੇ ਹਨ ।[13]

Sri Satguru Jagjit Singh Ji eLibrary NamdhariElibrary@gmail.com

ਸਿੱਖਿਆ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਵਿਕਸਿਤ , ਸੁਤੰਤਰ ਅਤੇ ਚੇਤਨ ਮਨੁੱਖ ਦੀ ਪਰਮਾਤਮਾ ਨਾਲ ਸ੍ਰੇਸ਼ਟ ਸਮਾਲੋਚਨਾ ਦੀ ਸਦੀਵੀ ਪ੍ਰਕ੍ਰਿਆ ਵੀ ਮੰਨਿਆ ਜਾਂਦਾ ਹੈ।[14] ਵੈਲਟਨ ਜੇਮਜ਼ ਵਰਗੇ ਸਿੱਖਿਆ ਚਿੰਤਕ ਸਿੱਖਿਆ ਨੂੰ ਮਨੁੱਖੀ ਸੱਭਿਆਚਾਰ ਦਾ ਸੰਚਾਰ- ਮਾਧਿਅਮ ਵੀ ਆਖਦੇ ਹਨ। ਉਨ੍ਹਾਂ ਅਨੁਸਾਰ ਸਮਾਜ ਦੇ ਅਨੁਭਵੀ ਵਿਅਕਤੀਆਂ ਦੁਆਰਾ ਆਪਣੇ ਪ੍ਰੋੜ੍ਹ ਅਤੇ ਪਰਤਾਏ ਹੋਏ ਜੀਵਨ ਦ੍ਰਿਸ਼ਟੀਕੋਣਾਂ ਦੇ ਅਨੁਰੂਪ ਆਪਣੇ ਉੱਤਰਅਧਿਕਾਰੀਆਂ ਨੂੰ ਰੂਪਾਂਤਰਿਤ ਕਰਨਾ ਸਿੱਖਿਆ ਦਾ ਕਾਰਜ ਹੈ। ਸਿੱਖਿਆ ਮਨੁੱਖੀ ਕ੍ਰਿਆਵਾਂ ਅਤੇ ਅਨੁਭਵਾਂ ਦਾ ਨਿਰੰਤਰ ਪੁਨਰ ਨਿਰਮਾਣ ਅਤੇ ਅਨੁਕੂਲਣ ਵੀ ਹੈ। ਵਿਕਾਸ ਦੀ ਇਸ ਪ੍ਰਕ੍ਰਿਆ ਦੌਰਾਨ ਸਿੱਖਿਆ ਹੀ ਮਨੁੱਖ ਦੀ ਜੀਵਨਸੱਤਾ ਬਣਦੀ ਹੈ ਕਿਉਂਕਿ ਇਹ ਪ੍ਰਤਿਪਾਲਕ ਅਤੇ ਪ੍ਰਗਤੀਵਾਦੀ ਵਜੋਂ ਸਮਕਾਲਕ ਅਤੇ ਦੁਪੱਖੀ ਭੂਮਿਕਾ ਨਿਭਾਉਂਦੀ ਹੈ। ਸਿੱਖਿਆ, ਉਪਯੋਗੀ ਮਨੁੱਖੀ ਸਭਿਆਚਾਰਕ ਵਿਰਸੇ ਨੂੰ ਸੰਭਾਲ ਕੇ ਭਵਿੱਖਤ ਨਸਲਾਂ ਨੂੰ ਸੌਂਪਣ ਦੇ ਨਾਲ ਨਾਲ ਅਜਿਹੀਆਂ ਸੰਭਾਵਨਾਵਾਂ ਵੀ ਉਤਪੰਨ ਕਰਦੀ ਹੈ ਜਿਨ੍ਹਾਂ ਨਾਲ ਇਹ ਸੱਭਿਆਚਾਰ ਹੋਰ ਅਮੀਰ ਹੋ ਸਕੇ। ਮਨੁੱਖ ਨੂੰ ਘਸੀਆਂ-ਪਿੱਟੀਆਂ ਕਦਰਾਂ ਕੀਮਤਾਂ ਨਾਲ ਸਿਥਲ ਹੋਣ ਤੋਂ ਸਿੱਖਿਆ ਹੀ ਬਚਾਉਂਦੀ ਹੈ। ਇਹ ਮਨੁੱਖ ਨੂੰ ਉਸਦੇ ਆਪਣੇ ਸੱਭਿਆਚਾਰ ਤੋਂ ਗ੍ਰਹਿਣ ਕੀਤੇ ਅਨੁਭਵਾਂ ਦੇ ਬਹੁਮੁੱਲੇ ਗਿਆਨ ਦਾ ਪੁਨਰਗਠਨ ਅਜਿਹੀ ਵਿਧੀ ਨਾਲ ਕਰਨਾ ਸਿਖਾਉਂਦੀ ਹੈ ਜਿਸ ਨਾਲ ਤਤਕਾਲੀ ਸਮੱਸਿਆਵਾਂ ਦਾ ਸਫਲਤਾਪੂਰਵਕ ਸਾਹਮਣਾ ਕੀਤਾ ਜਾ ਸਕੇ। ਪੁਰਾਤਨ ਅਤੇ ਆਧੁਨਿਕ ਅਨੁਭਵਾਂ ਦਾ ਅਨੁਕੂਲਨ ਮਨੁੱਖੀ ਜੀਵਨ ਨੂੰ ਪ੍ਰਗਤੀਸ਼ੀਲ ਅਤੇ ਕਰਮਸ਼ੀਲ ਬਣਾਉਂਦਾ ਹੈ। ਇਸ ਅਨੁਕੂਲਨ ਦਾ ਇਹ ਮਹੱਤਵਪੂਰਨ ਕਾਰਜ ਸਿੱਖਿਆ ਕਰਦੀ ਹੈ। ਸਿੱਖਿਆ, ਮਨੁੱਖ ਦੀਆਂ ਜਨਮਜਾਤ ਸ਼ਕਤੀਆਂ ਦਾ ਤਾਲਮੇਲ ਰਖਕੇ ਉਸਦਾ ਅਜਿਹਾ ਮਾਨਸਿਕ ਵਿਕਾਸ ਕਰਦੀ ਹੈ ਜਿਸ ਨਾਲ ਉਹ ਆਪਣੇ ਸਮਾਜਿਕ ਵਾਤਾਵਰਨ ਦਾ ਸੁਯੋਗਤਾਪੂਰਵਕ ਉਪਯੋਗ ਕਰ ਸਕਣ ਦੇ ਯੋਗ ਬਣ ਸਕੇ ।[15]

ਸਿੱਖਿਆ ਦਾ ਸਰਵਪ੍ਰਥਮ ਕਾਰਜ ਅਜਿਹੇ ਮਨੁੱਖ ਦੀ ਉਸਾਰੀ ਕਰਨਾ ਹੈ ਜਿਹੜਾ ਸੱਭਿਆ ਅਤੇ ਨਿਪੁੰਨ ਹੋਵੇ। ਨਿਪੁੰਨਤਾ ਮਨੁੱਖ ਨੂੰ ਉਚਿਆਉਣ ਲਈ ਆਧਾਰ ਉਪਲਬਧ ਕਰਵਾਉਂਦਾ ਹੈ ਅਤੇ ਸੱਭਿਆਚਾਰ ਉਸਨੂੰ ਦਰਸ਼ਨ ਸਮਾਨ ਡੂੰਘਾ ਅਤੇ ਕਲਾ ਜਿੰਨਾ ਉੱਚਾ ਉੱਠਣ ਲਈ ਅਗਵਾਈ ਪ੍ਰਦਾਨ ਕਰਦਾ ਹੈ ।[16]

ਸਿੱਖਿਆ ਨੂੰ ਗਿਆਨ ਗ੍ਰਹਿਣ ਕਰਨ ਦਾ ਮਾਧਿਅਮ ਸਮਝਣ ਵਾਲੇ ਵਿਦਵਾਨਾਂ

Sri Satguru Jagjit Singh Ji eLibrary NamdhariElibrary@gmail.com

ਦਾ ਵਿਚਾਰ ਹੈ ਕਿ ਜੀਵਨ ਨੂੰ ਸੁਚਾਰੂ ਅਤੇ ਸਾਰਥਕ ਢੰਗ ਨਾਲ ਜੀਊਣ ਲਈ ਸਰਬਪ੍ਰਥਮ ਅਵੱਸ਼ਕਤਾ ਗਿਆਨ ਦੀ ਹੈ। ਮਹਾਨ ਦਾਰਸ਼ਨਿਕ ਸੁਕਰਾਤ ਗਿਆਨ ਨੂੰ ਮਨੁੱਖੀ ਸ਼ਕਤੀ ਆਖ ਕੇ ਇਸਨੂੰ ਕਾਰਜ ਕਰਨ ਲਈ ਸਹਾਇਕ ਮੰਨਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਜੀਵਨ ਦਾ ਗਿਆਨ ਬੌਧਿਕ ਸਿੱਖਿਆ ਰਾਹੀਂ ਪ੍ਰਾਪਤ ਹੁੰਦਾ ਹੈ ਜਿਸ ਨਾਲ ਸੰਸਾਰਿਕ ਵਰਤਾਰਿਆਂ ਦੀ ਸਮਝ ਲਈ ਮਨੁੱਖ ਨੂੰ ਸ਼ਕਤੀ ਮਿਲਦੀ ਹੈ। ਗਿਆਨ, ਮਨੁੱਖ ਨੂੰ ਸਾਧਨ-ਯੁਕਤ ਬਣਾਉਂਦਾ ਹੈ। ਇਸ ਨਾਲ ਮਾਨਵਵਾਦੀ ਕਦਰਾਂ ਕੀਮਤਾਂ ਉਤਪੰਨ ਹੁੰਦੀਆਂ ਹਨ। ਜੀਵਨ ਦੇ ਹਰ ਪਹਿਲੂ-ਸਰੀਰਕ, ਸਮਾਜਿਕ, ਨੈਤਿਕ, ਆਤਮਿਕ ਅਤੇ ਆਰਥਿਕ ਵਿੱਚ ਸੁਯੋਗਤਾ ਲਿਆਉਣ ਲਈ ਗਿਆਨ ਅਤਿ ਆਵੱਸ਼ਕ ਹੈ। ਰੂਸੀ ਵਿਚਾਰਵਾਨ ਲੇਖਕ ਮੈਕਸਮ ਗੋਰਕੀ ਕੇਵਲ ਗਿਆਨ ਨੂੰ ਹੀ ਗੁਣਕਾਰੀ ਆਖਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਗਿਆਨ ਹੀ ਮਨੁੱਖ ਨੂੰ ਆਤਮਿਕ ਪੱਖੋਂ ਬਲਵਾਨ, ਈਮਾਨਦਾਰ ਅਤੇ ਬੁੱਧੀਮਾਨ ਬਣਾਉਣ ਦੇ ਸਮਰੱਥ ਹੈ। ਅਜਿਹਾ ਗਿਆਨਵਾਨ ਮਨੁੱਖ ਹੀ ਮਾਨਵੀ ਪਿਆਰ ਅਤੇ ਮੁਸ਼ੱਕਤ ਦਾ ਸਤਿਕਾਰ ਕਰਨ ਅਤੇ ਉਪਲਬਧ ਸਿੱਟਿਆਂ ਦੀ ਪ੍ਰਸੰਸਾ ਕਰਨ ਦੇ ਕਾਬਲ ਹੋ ਸਕਦਾ ਹੈ।[17]

ਸਿੱਖਿਆ ਨੂੰ ਆਚਰਨ-ਉਸਾਰੀ ਦਾ ਅਮਲ ਵੀ ਮੰਨਿਆ ਜਾਂਦਾ ਹੈ। ਮਨੁੱਖੀ ਨੈਤਿਕਤਾ ਦਾ ਆਧਾਰ ਉਸਦੀਆਂ ਬੌਧਿਕ ਤੇ ਮਾਨਵਵਾਦੀ ਮੁਢਲੀਆਂ ਪ੍ਰਵਿਰਤੀਆਂ ਹਨ। ਆਚਰਨ ਉਸਾਰੀ ਦਾ ਭਾਵ ਗੁਣਵਾਨ ਮਨੋਭਾਵਾਂ ਦਾ ਵਿਕਾਸ ਅਤੇ ਵਹਿਸ਼ੀ ਮਨੋਭਾਵਾਂ ਦਾ ਨਿਯੰਤਰਣ ਹੈ। ਇਸ ਲਈ ਇੱਛਾ-ਸ਼ਕਤੀ ਨੂੰ ਯੋਗ ਸਿਖਲਾਈ ਦੇਣਾ ਅਨਿਵਾਰੀ ਹੈ। ਇਹ ਕਾਰਜ ਸਿੱਖਿਆ ਕਰਦੀ ਹੈ, ਵਾਸਤਵ ਵਿੱਚ ਸਿੱਖਿਆ ਬੁੱਧੀ ਦੀ ਸਿਖਲਾਈ ਨਾਲੋਂ ਆਚਰਨ ਉਸਾਰੀ ਅਧਿਕ ਹੈ। ਮਹਾਨ ਵਿਚਾਰਕ ਵਾਈਵਜ਼[18] ਮਾਨਵੀ ਕਲਾਵਾਂ ਵਿੱਚ ਨਿਪੁੰਨ ਪਰੰਤੂ ਸਦਗੁਣ-ਵਿਹੂਣੇ ਮਨੁੱਖ ਨੂੰ ਅਪਮਾਨ ਅਤੇ ਅਸਵੀਕਾਰਤਾ ਦਾ ਪਾਤਰ ਸਮਝਦੇ ਹਨ। ਸਿੱਖਿਆ ਦਾਰਸ਼ਨਿਕ 'ਰੇਮੌਂਟ' ਵੀ ਗਿਆਨ ਦੀ ਸੰਪੂਰਨਤਾ ਅਤੇ ਭਾਵਨਾਵਾਂ ਦੀ ਪਵਿੱਤਰਤਾ ਨਾਲੋਂ ਆਚਰਨ-ਸ਼ਕਤੀ ਅਤੇ ਇਸਦੀ ਸ਼ੁੱਧਤਾ ਕਰਨ ਨੂੰ ਸਿੱਖਿਆ ਦਾ ਸ਼ਿਰੋਮਣੀ ਮੰਤਵ ਸਮਝਦੇ ਹਨ। ਸਵਾਮੀ ਵਿਵੇਕਾਨੰਦ ਜੀ ਅਨੁਸਾਰ ਜੇ ਮਨੁੱਖ ਸ਼ੁੱਧ ਵਿਚਾਰਾਂ ਨੂੰ ਅਪਣਾ ਕੇ ਉਨ੍ਹਾਂ ਨੂੰ ਆਪਣੇ ਜੀਵਨ ਅਤੇ ਆਚਰਨ ਦਾ ਆਧਾਰ ਬਣਾ ਲਵੇ ਤਾਂ ਉਹ ਉਸ ਵਿਅਕਤੀ ਨਾਲੋਂ ਵੀ ਵੱਧ ਸਿੱਖਿਅਤ ਹੋ ਜਾਂਦਾ ਹੈ ਜਿਸਨੇ ਸਾਰੀ ਲਾਇਬ੍ਰੇਰੀ ਪੜ੍ਹ ਲਈ ਹੋਵੇ। ਮਹਾਤਮਾ ਗਾਂਧੀ ਨੇ ਖਿਆਲ ਵਿਅਕਤ ਕੀਤਾ ਸੀ ਕਿ ਜੇ ਅਸੀਂ ਵਿਅਕਤੀ ਦਾ ਆਚਰਣ ਉਸਾਰਨ ਵਿੱਚ ਸਫ਼ਲ ਹੋ ਜਾਈਏ ਤਾਂ ਸਮਾਜ ਆਪਣੇ ਆਪ ਹੀ ਸੁਧਰ ਜਾਵੇਗਾ।

ਸਿੱਖਿਆ ਇੱਕ ਅਜਿਹੀ ਪ੍ਰਕ੍ਰਿਆ ਹੈ ਜੋ ਵਿਅਕਤੀ ਦੇ ਪ੍ਰਵਿਰਤੀਮੂਲਕ ਵਿਵਹਾਰ ਨੂੰ ਮਾਨਵਵਾਦੀ ਵਰਤਾਉ ਵਿਚ ਰੂਪਾਂਤਰਿਤ ਕਰ ਦਿੰਦੀ ਹੈ। ਸਿੱਖਿਅਤ ਵਿਅਕਤੀ ਆਪਣੇ ਸਮਾਜਿਕ ਅਮਲ ਸਮੇਂ ਮਨੋਵੇਗਾਂ ਦੀ ਬਜਾਇ ਤਰਕ ਅਤੇ ਬੁੱਧੀ ਦੀ ਵਰਤੋਂ ਅਧਿਕ ਕਰਦਾ ਹੈ। ਮਨੁੱਖ ਦੀਆਂ ਅਣਵਿਕਸਿਤ ਸਮਰੱਥਾਵਾਂ, ਮਨੋਵਿਰਤੀਆਂ, ਰੁਚੀਆਂ ਲਾਲਸਾਵਾਂ ਅਤੇ ਆਵੱਸ਼ਕਤਾਵਾਂ ਨੂੰ ਵਾਂਛਿਤ ਦਿਸ਼ਾ ਵਿੱਚ ਪ੍ਰਵਾਹਿਤ ਕਰਨ ਵਾਲੇ ਸਾਧਨ ਦਾ ਨਾਂ ਸਿੱਖਿਆ ਹੈ ।

1.1.4. ਸਿੱਖਿਆ ਲਕਸ਼

ਸਿੱਖਿਆ ਦਾ ਲਕਸ਼ ਅਜਿਹੇ ਸੰਪੂਰਨ ਮਨੁੱਖਾਂ ਦੀ ਸਿਰਜਣਾ ਹੈ ਜੋ ਪ੍ਰਬਲ ਸਮਾਜਿਕ ਸੰਸਥਾਵਾਂ ਦੀਆਂ ਗਤੀਵਿਧੀਆਂ ਵਿੱਚ ਯੋਗਦਾਨ ਪਾਉਣ ਦੇ ਸਮਰੱਥ ਹੋਣ।[19] ਇਸ ਲਈ ਅੰਤ੍ਰਿਕ ਮਨੁੱਖੀ ਸ਼ਕਤੀਆਂ ਅਤੇ ਸੰਭਾਵਨਾ ਨੂੰ ਉਜਾਗਰ ਕਰਕੇ ਉਨ੍ਹਾਂ ਨੂੰ ਸੰਪੂਰਨ ਰੂਪ ਵਿੱਚ ਉੱਤਮ ਪੱਧਰ ਤੱਕ ਵਿਕਸਿਤ ਹੋਣ ਦੇ ਯੋਗ ਬਣਾਉਣਾ ਸਿੱਖਿਆ ਦਾ ਅਧਿਕਾਰ ਖੇਤਰ ਹੈ । ਮੁੱਖ ਉਦੇਸ਼ ਮਨੁੱਖ ਦੇ ਵਿਅਕਤਿਤਵ ਦਾ ਸੁਰਮੇਲੀ ਅਤੇ ਸੰਗਠਿਤ ਵਿਕਾਸ ਕਰਨਾ ਹੈ ਤਾਂ ਜੋ ਉਹ ਆਪਣੀਆਂ ਸਮਰੱਥਾਵਾਂ ਅਤੇ ਸੰਭਾਵਨਾਵਾਂ ਦਾ ਅਧਿਕਤਮ ਉਪਯੋਗ ਕਰਕੇ ਸਮਾਜ ਨੂੰ ਕੋਈ ਮਾਨਵ ਕਲਿਆਣਕਾਰੀ ਦੇਣ ਦੇ ਸਕੇ। ਸਿੱਖਿਆ ਨੂੰ ਅਜਿਹੀਆਂ ਪ੍ਰਸਥਿਤੀਆਂ ਉਤਪੰਨ ਕਰਨੀਆਂ ਚਾਹੀਦੀਆਂ ਹਨ ਜਿਨ੍ਹਾਂ ਦੇ ਅੰਤਰਗਤ ਮਨੁੱਖੀ ਵਿਅੱਕਤਿਤਵ ਦਾ ਪੂਰਨ ਵਿਕਾਸ ਹੋ ਸਕੇ।[20] ਸਵਾਮੀ ਵਿਵੇਕਾਨੰਦ ਜੀ ਹਰ ਸਿਖਲਾਈ ਦਾ ਮਨੋਰਥ ਅਤੇ ਮੰਜ਼ਿਲ ਮਨੁੱਖੀ ਵਿਕਾਸ ਨੂੰ ਹੀ ਮੰਨਦੇ ਹਨ ।[21]

ਹਰਬਰਟ ਸਪੈਂਸਰ ਨੇ "ਸੰਪੂਰਨ ਜੀਵਨ ਲਈ ਸਿੱਖਿਆ" ਦਾ ਇੱਕ ਸਰਬ-ਸੰਮਿਲਤ ਅਤੇ ਸਰਬਾਂਗੀ ਸੰਕਲਪ ਪੇਸ਼ ਕੀਤਾ ਹੈ। ਸਿੱਖਿਆ ਜਿੱਥੇ ਮਨੁੱਖ ਨੂੰ ਸਭ ਤੋਂ ਮਹੱਤਵ-ਪੂਰਨ ਅਤੇ ਸਰਵਪ੍ਰਥਮ ਗੱਲ ਨੂੰ ਪਹਿਲ ਦੇਣਾ ਸਿਖਾਉਂਦੀ ਹੈ ਉੱਥੇ ਢੁਕਵੇਂ ਅਵਸਰ ਅਨੁਕੂਲ ਆਪਣੇ ਵਿਚਾਰਾਂ ਅਤੇ ਵਿਵਹਾਰ ਵਿੱਚ ਪਰਿਵਰਤਨ ਲਿਆਉਣ ਲਈ ਵੀ ਸਿਖਿਅਤ ਕਰਦੀ ਹੈ।[22] ਇਸ ਸ਼ਕਤੀ-ਪ੍ਰਧਾਨ ਯੁੱਗ ਵਿੱਚ ਸਿੱਖਿਆ ਹੀ ਵਿਅਕਤੀ ਨੂੰ ਗਿਆਨ, ਨਿਰਣਾਸ਼ਕਤੀ ਅਤੇ ਸਦਾਚਾਰਕ ਗੁਣਾਂ ਨਾਲ ਲੈਸ ਕਰਕੇ, ਇਨਸਾਨੀ ਰੂਪ ਧਾਰਨ ਲਈ ਅਗਵਾਈ ਦਿੰਦੀ ਹੈ।[23] ਸੱਚੀ ਸਿੱਖਿਆ ਜਿਥੇ ਮਨੁੱਖ ਨੂੰ ਆਪਣੇ ਦੇਸ਼ ਅਤੇ ਕੌਮ ਲਈ ਕਲਿਆਣਕਾਰੀ ਬਣਾਉਂਦੀ

Sri Satguru Jagjit Singh Ji eLibrary NamdhariElibrary@gmail.com

ਹੈ ਉਥੇ ਇਹ ਵੀ ਅਹਿਸਾਸ ਕਰਵਾਉਂਦੀ ਹੈ ਕਿ ਉਹ ਸੱਚ, ਨੇਕੀ ਅਤੇ ਸੁੰਦਰਤਾ ਦੀ ਉਸ ਬਾਦਸ਼ਾਹਤ ਦਾ ਨਾਗਰਿਕ ਹੈ ਜਿਸਦੀ ਕੋਈ ਸੀਮਾ ਨਹੀਂ। ਉਸਦੇ ਨਿਵਾਸ-ਸ਼ਹਿਰ ਨੂੰ ਮਨੁੱਖੀ ਹੱਥਾਂ ਨੇ ਨਹੀਂ ਸਿਰਜਿਆ ।[24] ਇਸ ਲਈ ਜੈਂਮਿਸਨ ਸਿੱਖਿਆ ਦਾ ਪਰਮ ਉਦੇਸ਼, ਮਨੁੱਖ ਅੰਦਰ ਵਿੱਦਮਾਨ ਅਨਾਸ਼ਵਾਨਤਾ ਦੇ ਬੀਜਾਂ ਨੂੰ ਤਲਾਸ਼ਕੇ ਉਨ੍ਹਾਂ ਨੂੰ ਉਗਾਉਣਾ ਸਮਝਦੇ ਹਨ। ਤਾਂ ਜੋ ਪਰਮਾਤਮਾ ਦੁਆਰਾ ਪ੍ਰਦਾਨ ਕੀਤੀਆਂ ਸਮੂਹ ਸਮੱਰਥਾਵਾਂ ਨੂੰ ਪੂਰਨ ਰੂਪ ਵਿੱਚ ਵਿਕਸਿਤ ਕੀਤਾ ਜਾ ਸਕੇ।[25]

ਪ੍ਰੋਫੈਸਰ ਹਕਸਲੇ, ਇਕ ਸਿੱਖਿਅਤ ਮਨੁੱਖ ਨੂੰ ਪਰਿਭਾਸ਼ਿਤ ਕਰਦਿਆਂ ਸਿੱਖਿਆ ਦਾ ਅਰਥ ਸਪਸ਼ਟ ਕਰ ਦਿੰਦੇ ਹਨ । ਉਨ੍ਹਾਂ ਅਨੁਸਾਰ, " ਸਿੱਖਿਆ ਪ੍ਰਾਪਤ ਮਨੁੱਖ ਉਹ ਹੈ ਜਿਸਦੀਆਂ ਭੌਤਿਕ ਇੰਦਰੀਆਂ ਉਸਦੀ ਇੱਛਾ ਸ਼ਕਤੀ ਦੇ ਅਧੀਨ ਹੋਣ ਤਾਂ ਜੋ ਉਹ ਆਪਣੀ ਸਮਰੱਥਾ ਅਨੁਸਾਰ ਸੁਭਾਵਿਕਤਾ ਅਤੇ ਪ੍ਰਸੰਨਤਾ ਨਾਲ ਕਾਰਜ ਕਰੇ, ਜਿਸਦਾ ਮਨ ਪ੍ਰਕਿਰਤੀ ਦੀਆਂ ਮਹਾਨ ਮੂਲ ਸਚਾਈਆਂ ਅਤੇ ਉਨਾਂ ਦੇ ਵਿਵਹਾਰਿਕ ਨਿਯਮਾਂ ਨਾਲ ਭਰਪੂਰ ਹੋਵੇ; ਜੋ ਵਲਵਲਿਆਂ ਭਰੇ ਸੰਪੂਰਨ ਜੀਵਨ ਦਾ ਧਾਰਨੀ ਹੋਵੇ; ਜਿਸਦੇ ਮਨੋਭਾਵ ਉਸਦੀ ਤੀਬਰ-ਇੱਛਾ-ਸ਼ਕਤੀ ਅਨੁਸਾਰ ਢਲਣ ਲਈ ਤਤਪਰ ਹੋਣ; ਜਿਸਨੇ ਹਰ ਪ੍ਰਕਾਰ ਦੀ ਸੁੰਦਰਤਾ ਨੂੰ ਪਿਆਰ ਕਰਨਾ, ਹਿੰਸਾ ਨੂੰ ਘਿਰਣਾ ਕਰਨਾ ਅਤੇ ਦੂਜਿਆਂ ਦਾ ਸਤਿਕਾਰ ਕਰਨਾ ਸਿੱਖ ਲਿਆ ਹੈ। ਅਜਿਹਾ ਮਨੁੱਖ ਉਨਾ ਸੰਪੂਰਨ ਹੈ ਜਿੰਨਾ ਕੋਈ ਹੋ ਸਕਦਾ ਹੈ ।[26]

ਉਪਰੋਕਤ ਚਰਚਾ ਤੋਂ ਨਿਸ਼ਕਰਸ਼ ਕੱਢਿਆ ਜਾ ਸਕਦਾ ਹੈ ਕਿ ਸਿੱਖਿਆ ਮਨੁੱਖ ਦੇ ਸਰੀਰਕ, ਸਮਾਜਿਕ, ਆਰਥਿਕ, ਮਾਨਸਿਕ ਅਤੇ ਆਤਮਿਕ ਵਿਕਾਸ ਲਈ ਪਰਮ ਅਵੱਸ਼ਕ ਹੈ। ਭਾਰਤੀ ਸਿੱਖਿਆ ਚਿੰਤਨ ਵਿੱਚ ਸਿੱਖਿਆ ਨੂੰ ਉੱਤਮ ਸਥਾਨ ਪ੍ਰਾਪਤ ਹੈ । ਉਦਾਰੂ ਤੇ ਦੀਰਘ ਦ੍ਰਿਸ਼ਟੀ ਅਤੇ ਸੰਧਿਤ ਸਿੱਖਿਆ ਕਿਸੇ ਸਵਸਥ ਦਰਸ਼ਨ ਤੇ ਆਧਾਰਿਤ ਹੁੰਦੀ ਹੈ । ਦਰਸ਼ਨ ਦਾ ਅਰਥ ਸਮਝੇ ਬਗੈਰ ਸਿੱਖਿਆ 'ਤੇ ਪੇਖਵੀਂ ਦ੍ਰਿਸ਼ਟੀ ਪਾਉਣਾ ਸਾਰਥਿਕ ਨਹੀਂ ਹੋਵੇਗਾ ।

## 1.2. ਦਰਸ਼ਨ

ਸ੍ਰਿਸ਼ਟੀ ਦੀ ਰਚਨਾ, ਪ੍ਰਾਕ੍ਰਿਤਕ ਵਰਤਾਰਿਆਂ ਅਤੇ ਮਨੁੱਖੀ ਗਤੀਵਿਧੀਆਂ ਨੂੰ ਸਮਝਣ ਲਈ ਸੰਵੇਦਨਸ਼ੀਲ ਅਤੇ ਬੁੱਧੀਸ਼ੀਲ ਮਨੁੱਖ ਮੁੱਢ ਕਦੀਮ ਤੋਂ ਹੀ ਕ੍ਰਿਆਸ਼ੀਲ ਰਹੇ ਹਨ ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਆਪਣੇ ਅਧਿਐਨ, ਸਵੈਅਨੁਭੂਤੀ ਅਤੇ ਚਿੰਤਨਤਾ ਦੇ ਆਧਾਰ ਤੇ ਉਨ੍ਹਾਂ ਨੇ ਵਿਭਿੰਨ ਚਿੰਤਨ-ਪੱਧਤੀਆਂ ਦਾ ਨਿਰਮਾਣ ਕੀਤਾ ਜਿਨ੍ਹਾਂ ਨੂੰ ਭਾਰਤੀ ਪਰੰਪਰਾ ਵਿੱਚ ਦਰਸ਼ਨ ਅਤੇ ਪੱਛਮੀ ਵਿਚਾਰਧਾਰਾ ਵਿੱਚ ਫ਼ਿਲਾਸਫ਼ੀ ਆਖਿਆ ਜਾਂਦਾ ਹੈ। ਕਿਸੇ ਯਥਾਰਥਿਕ ਸਿੱਟੇ ਤੇ ਪਹੁੰਚਣ ਤੋਂ ਪਹਿਲਾਂ ਦਰਸ਼ਨ ਬਾਰੇ ਭਿੰਨ ਭਿੰਨ ਦ੍ਰਿਸ਼ਟੀਕੋਣਾਂ ਤੋਂ ਵਿਚਾਰ ਕਰਨਾ ਅਨਿਵਾਰੀ ਹੈ ।

## 1.2.1. ਸ਼ਾਬਦਿਕ ਅਰਥ

ਪੁਰਾਤਨਤਮ ਭਾਰਤੀ ਭਾਸ਼ਾ, ਸੰਸਕ੍ਰਿਤ ਵਿੱਚ ਦਰਸ਼ਨ ਸ਼ਬਦ ਦਾ ਅਰਥ ਗੈਰ ਪਦਾਰਥਕ ਦਾ ਬੋਧ ਕੀਤਾ ਗਿਆ ਹੈ। ਜੇ ਇਸਦਾ ਮੂਲ ਸ਼ਬਦ "ਦ੍ਰਿਸ਼" ਲਿਆ ਜਾਵੇ ਤਾਂ ਇਸਦਾ ਕੁਝ 'ਵੇਖਣਾ', 'ਜਿਸ ਦੁਆਰਾ ਵੇਖਿਆ ਜਾਵੇਂ ਜਾਂ ਗਿਆਨ ਪ੍ਰਾਪਤ ਕੀਤਾ ਜਾਵੇ " ਵੀ ਹੋ ਸਕਦਾ ਹੈ ।[27] ਪ੍ਰਸਿੱਧ ਯੂਨਾਨੀ ਚਿੰਤਕ ਅਰਸਤੂ ਦਰਸ਼ਨ ਦਾ ਅਰਥ " ਵਸਤੂ ਦੇ ਵਿਚਿੱਤ੍ਰ ਭਾਵ ਅਤੇ ਗੁੱਝੇ ਧਰਮ ਨੂੰ ਤੱਤ ਰੂਪ ਵਿੱਚ ਵੇਖਣਾ" ਕੱਢਦੇ ਹਨ ।[28]

## 1.2.2. ਭਾਵਾਰਥ

ਸੁਕਰਾਤ ਸੱਚ ਦੀ ਦ੍ਰਿਸ਼ਟੀ ਦੇ ਪ੍ਰੇਮੀਆਂ ਨੂੰ ਦਾਰਸ਼ਨਿਕ ਆਖਦੇ ਹਨ ਜਦੋਂ ਕਿ ਅਫ਼ਲਾਤੂਨ ਦਾ ਵਿਚਾਰ ਹੈ ਕਿ " ਜਿਸਦੀ ਹਰ ਪ੍ਰਕਾਰ ਦੇ ਗਿਆਨ ਵਿੱਚ ਦਿਲਚਸਪੀ ਹੋਵੇ, ਜੋ ਸਿੱਖਣ ਲਈ ਤਤਪਰ ਰਹਿੰਦਾ ਹੋਵੇ ਅਤੇ ਕਦੇ ਵੀ ਤ੍ਰਿਪਤ ਨਾ ਹੋਵੇ ਉਹ ਵਿਅਕਤੀ ਹੀ ਦਾਰਸ਼ਨਿਕ ਅਖਵਾਉਣ ਦੇ ਯੋਗ ਹੈ " ਅਧਿਕਤਰ ਯੂਨਾਨੀ ਵਿਦਵਾਨ ਦਰਸ਼ਨ ਨੂੰ " ਸਿਆਣਪ ਨਾਲ ਪਿਆਰ" ਮੰਨਦੇ ਰਹੇ ਹਨ ।[29] ਸਿੱਖਿਆ ਦਾਰਸ਼ਨਿਕ ਰੇਮੌਂਟ " ਨਿਵੇਕਲੇ ਤੱਥਾਂ ਪਿੱਛੇ ਛੁਪੀਆਂ ਵਿਆਪਕ ਸਚਾਈਆਂ ਅਤੇ ਆਭਾਸੀ ਦ੍ਰਿਸ਼ਾਂ ਦੇ ਯਥਾਰਥ ਨੂੰ ਬੁੱਝਣ ਲਈ ਨਿਰੰਤਰ ਕੋਸ਼ਿਸ਼ਾਂ" ਨੂੰ ਦਰਸ਼ਨ ਆਖਦੇ ਹਨ। ਹੰਡਰਸਨ ਨੇ ਦਰਸ਼ਨ ਨੂੰ ਪ੍ਰਕਿਰਤੀ ਦੇ ਸਰਵਪੱਖੀ ਅਵਲੋਕਨ ਅਤੇ ਵਸਤੂਆਂ ਦੇ ਅੰਤਰੀਵੀ ਸੁਭਾ ਦੇ ਸਰਵਪ੍ਰਵਾਣਿਤ ਅਰਥਾਂ ਨੂੰ ਤਲਾਸ਼ ਕਰਨ ਦੀ ਯੁਕਤੀ ਦਾ ਨਾਂ ਦਿੱਤਾ ਹੈ।[30] ਵਾਸਤਵ ਵਿੱਚ ਮਨੁੱਖ ਦੀਆਂ ਸਮੁੱਚੀਆਂ ਪਦਾਰਥਕ, ਸਮਾਜਿਕ, ਬੌਧਿਕ ਅਤੇ ਆਤਮਿਕ ਕ੍ਰਿਆਵਾਂ, ਪ੍ਰਤਿਕ੍ਰਿਆਵਾਂ ਅਤੇ ਅਨੁਭੂਤੀਆਂ ਉਸਦੇ ਵਿਸ਼ਵਾਸ਼ਾਂ, ਕਦਰਾਂ-ਕੀਮਤਾਂ, ਆਦਰਸ਼ਾਂ ਅਤੇ ਦ੍ਰਿਸ਼ਟੀਕੋਣਾਂ ਤੇ ਆਧਾਰਿਤ ਹੁੰਦੀਆਂ ਹਨ। ਇੱਕ ਸਪਸ਼ਟ, ਸੋਧਿਤ ਅਤੇ ਭਰਪੂਰ ਜੀਵਨ ਬਤੀਤ ਕਰਨ ਲਈ ਮਨੁੱਖੀ ਜੀਵਨ ਦੇ ਮੂਲ ਸਰੋਤਾਂ ਦੀ ਤਲਾਸ਼ ਕਰਨੀ ਅਤੇ ਉਸਦੇ ਪ੍ਰਯੋਜਨਾਂ ਨੂੰ ਨਿਰਧਾਰਿਤ ਕਰਨਾ ਅਤਿ ਆਵੱਸ਼ਕ ਹੈ। ਇਹ ਬੌਧਿਕ ਕਾਰਜ ,

ਦਰਸ਼ਨ ਦਾ ਹੀ ਖੇਤਰ ਹੈ। ਦਰਸ਼ਨ ਹੀ ਗਿਆਨ ਗ੍ਰਹਿਣ ਕਰਨ ਵਿੱਚ ਮਨੁੱਖ ਦਾ ਸਹਾਇਕ ਅਤੇ ਪੱਥ-ਪ੍ਰਦਰਸ਼ਕ ਹੈ। ਜਿਸ ਨਾਲ ਉਸਦਾ ਜੀਵਨ-ਦ੍ਰਿਸ਼ਟੀਕੋਣ ਪ੍ਰਭਾਵਿਤ ਹੁੰਦਾ ਹੈ ਅਤੇ ਉਹ ਬ੍ਰਹਿਮੰਡ ਨਾਲ ਆਪਣੇ ਨਾਤੇ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ। ਜਦੋਂ ਮਨੁੱਖ ਸਵੈਪੜਚੋਲੀ ਦ੍ਰਿਸ਼ਟੀ ਨਾਲ ਆਪਣਾ ਸਮਾਜਿਕ ਅਸਤਿੱਤਵ ਸਥਾਪਤ ਕਰਨ ਲਈ ਸੰਘਰਸ਼-ਸ਼ੀਲ ਹੁੰਦਾ ਹੈ ਤਾਂ ਦਰਸ਼ਨ ਉਸਦਾ ਪ੍ਰਮੁੱਖ ਹਥਿਆਰ ਬਣਦਾ ਹੈ। ਦਰਸ਼ਨ (ਫ਼ਿਲਾਸਫ਼ੀ) ਦਾ ਕਾਰਜ ਵਿਅਕਤੀ ਦੇ ਵਿਚਾਰਾਂ ਦੀ ਅਭਿਵਿਅਕਤੀ ਕਰਨਾ, ਉਸਦੇ ਜੀਵਨ-ਸੁਧਾਰ ਅਤੇ ਸੰਪੂਰਨਤਾ ਲਈ ਕਾਰਜਸ਼ੀਲ ਰਹਿਣਾ, ਸੱਚ ਦੇ ਸਰੂਪ ਦਾ ਵਿਸ਼ਲੇਸ਼ਣ ਕਰਨਾ, ਸ਼ੁਭ-ਅਸ਼ੁਭ ਦਾ ਨਿਸਤਾਰਾ ਕਰਨਾ, ਪ੍ਰਕਿਰਤਿਕ ਤੇ ਸਮਾਜਿਕ ਨਿਯਮਾਂ ਦੀ ਵਿਵੇਚਨਾ ਕਰਨੀ ਅਤੇ ਮਨੁੱਖੀ ਅਸਤਿੱਤਵ ਦੀ ਸਾਰਥਕਤਾ ਦਾ ਨਿਪਟਾਰਾ ਕਰਨਾ ਹੈ।[31] ਦਰਸ਼ਨ ਨੂੰ ਵਿਚਾਰਾਂ ਦਾ ਵਿਗਿਆਨ ਵਿਗਿਆਨਾਂ ਦਾ ਵਿਗਿਆਨ ਅਤੇ ਸੁੰਦਰ ਵਿਚਾਰਾਂ ਦਾ (ਸੰਗ੍ਰਹਿ ਆਖਣਾ ਵੀ ਉਚਿਤ ਹੈ। ਡਾ. ਰਾਧਾ ਕ੍ਰਿਸ਼ਨਨ ਉਨ੍ਹਾਂ ਸਾਰੇ ਤਾਰਕਿਕ ਯਤਨਾਂ ਨੂੰ ਦਰਸ਼ਨ ਆਖਦੇ ਹਨ ਜਿਹੜੇ ਸ੍ਰਿਸ਼ਟੀ ਬਾਰੇ ਵਿਭਿੰਨ ਧਾਰਨਾਵਾਂ ਨੂੰ ਕੁਝ ਮਹਾਨ ਅਤੇ ਵਿਆਪਕ ਵਿਚਾਰਾਂ ਵਿੱਚ ਸਮੇਟਣ ਲਈ ਕੀਤੇ ਜਾਂਦੇ ਹਨ।[32] ਮਨੁੱਖੀ ਗਿਆਨ ਦੇ ਹਰ ਖੇਤਰ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਫਿਲਾਸਫੀ ਇੱਕ ਸੁਤੰਤਰ ਵਿਚਾਰਧਾਰਾ ਹੈ, ਜਿਸ ਵਿੱਚ ਦੇਸ਼ ਅਤੇ ਕਾਲ ਅਨੁਸਾਰ ਪਰਿਵਰਤਨ ਹੁੰਦਾ ਰਹਿੰਦਾ ਹੈ, ਜਿਸ ਕਾਰਣ ਇਸਦੀਆਂ ਪਰਿਭਾਸ਼ਾਵਾਂ ਅਤੇ ਸਰੂਪ ਬਦਲਦਾ ਰਹਿੰਦਾ ਹੈ।[33]

### 1.2.3. ਪ੍ਰਮੁੱਖ ਤੱਤ

ਦਰਸ਼ਨ ਦੇ ਚਾਰ ਪ੍ਰਮੁੱਖ ਤੱਤ— ਪਰਾਭੌਤਿਕੀ ਜਾਂ ਤੱਤ-ਮੀਮਾਂਸਾ, ਗਿਆਨ-ਮੀਮਾਂਸਾ, ਨੀਤੀ ਜਾਂ ਆਚਾਰ-ਮੀਮਾਂਸਾ ਅਤੇ ਤਰਕ-ਸ਼ਾਸਤਰ ਹਨ ਜਿਨ੍ਹਾਂ ਰਾਹੀਂ ਦਰਸ਼ਨ, ਸ੍ਰਿਸ਼ਟੀ ਦੇ ਸੱਚ, ਗਿਆਨ ਦੀ ਪ੍ਰਮਾਣਕਤਾ, ਮਨੁੱਖੀ ਕੀਮਤਾਂ ਦੀ ਸਾਰਥਕਤਾ ਅਤੇ ਤਾਰਕਿਕ ਵਿਧੀਆਂ ਬਾਰੇ ਉਠਦੇ ਪ੍ਰਸ਼ਨਾਂ ਦੇ ਉੱਤਰ ਪ੍ਰਸਤੁਤ ਕਰਦਾ ਹੈ।

#### 1.2.3.1. ਪਰਾਭੌਤਿਕੀ ਜਾਂ ਤੱਤ-ਮੀਮਾਂਸਾ

ਇਹ ਵਾਸਤਵਿਕਤਾ ਦਾ ਸਿਧਾਂਤਵਾਦ ਹੈ। ਦਾਰਸ਼ਨਿਕ ਭਾਸ਼ਾ ਵਿਚ 'ਤੱਤ', 'ਬ੍ਰਹਿਮੰਡ ਦੇ ਸਾਰ' ਦਾ ਸਮਾਨਾਰਥੀ ਹੈ। ਸ੍ਰਿਸ਼ਟੀ ਦੇ ਮੂਲ ਤੱਤ ਨੂੰ ਜਾਣਨ ਦੀ ਸਮੱਸਿਆ

Sri Satguru Jagjit Singh Ji eLibrary NamdhariElibrary@gmail.com

ਜੁੱਗਾਂ ਜੁਗਾਂਤਰਾਂ ਤੋਂ ਵਿਦਵਾਨਾਂ ਲਈ ਡੂੰਘੀ ਸੋਚ ਦਾ ਵਿਸ਼ਾ ਬਣੀ ਰਹੀ ਹੈ ।[34] ਤੱਤ-ਮੀਮਾਂਸਾ ਇਹ ਨਿਸ਼ਚਿਤ ਕਰਨ ਦਾ ਯਤਨ ਕਰਦਾ ਹੈ ਕਿ ਬ੍ਰਹਿਮੰਡ ਵਿੱਚ ਕੋਈ ਵਾਸਤਵਿਕ ਵਸਤੂ ਵੀ ਜਾਂ ਸਾਰੀਆਂ ਵਸਤੂਆਂ ਛਾਇਆ ਮਾਤਰ ਹੀ ਹਨ। ਪਦਾਰਥ, ਆਤਮਾ ਜਾਂ ਪਰਮਾਤਮਾ ਵਿੱਚੋਂ ਪਰਮ ਵਾਸਤਵਿਕ ਕਿਹੜੀ ਹੈ ? ਇਸਦੀ ਇੱਕ ਮਹੱਤਵਪੂਰਨ ਸ਼ਾਖ ਹੋਂਦ-ਮੀਮਾਂਸਾ ਹੈ ਜਿਸ ਵਿੱਚ ਮਨੁੱਖੀ ਉਤਪਤੀ ਕਾਰਨਾਂ, ਮੁੱਖ ਅੰਗਾਂ, ਰਚਨਾ ਵਿਧੀ ਅਤੇ ਉਤਪਤੀ ਦੇ ਕਾਲ ਤੇ ਸਥਾਨ ਬਾਰੇ ਪ੍ਰਸ਼ਨਾਂ ਦੇ ਉੱਤਰ ਤਲਾਸ਼ਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਮਨੁੱਖੀ ਕ੍ਰਿਆਵਾਂ, ਉਸਦੀ ਆਪਣੀ ਇੱਛਾ ਅਧੀਨ ਵਾਪਰਦੀਆਂ ਹਨ ਜਾਂ ਕਿਸੇ ਦੂਰ-ਸਥਿਤ ਸਰਬਸ਼ਕਤੀਮਾਨ ਅਦ੍ਰਿਸ਼ਟ ਸ਼ਕਤੀ ਦੁਆਰਾ ਨਿਯੰਤ੍ਰਿਤ ਕੀਤੀਆਂ ਜਾਂਦੀਆਂ ਹਨ ਜਾਂ ਦੋਵਾਂ ਵਿਚਾਰਾਂ ਦਾ ਕੋਈ ਸੁਮੇਲ ਹੈ ? ਸ੍ਰਿਸ਼ਟੀ-ਵਿਗਿਆਨ ਇਨ੍ਹਾਂ ਪ੍ਰਸ਼ਨਾਂ ਨੂੰ ਹੱਲ ਕਰਨ ਲਈ ਯਤਨਸ਼ੀਲ ਰਹਿੰਦਾ ਹੈ। ਸ੍ਰਿਸ਼ਟੀ ਦੇ ਸਿਰਜਣਹਾਰ ਦੀ ਹੋਂਦ ਅਤੇ ਉਸਦੇ ਸੁਭਾਅ ਦੀ ਵਿਆਖਿਆ ਕਰਨ ਲਈ ਅਨੀਸ਼ਵਰਵਾਦ, ਈਸ਼ਵਰਵਾਦ, ਦੇਵਵਾਦ, ਸਰਬਈਸ਼ਵਰਵਾਦ ਅਤੇ ਬਹੁਦੇਵਵਾਦ ਆਦਿ ਵਿਚਾਰਧਾਰਾਵਾਂ ਨਿਰੰਤਰ ਸੰਵਾਦ ਰਚਾਉਂਦੀਆਂ ਰਹੀਆਂ ਹਨ । ਉਦੇਸ਼-ਵਿਗਿਆਨ ਦਾ ਮਨੋਰਥ ਸ੍ਰਿਸ਼ਟੀ ਦੀ ਰਚਨਾ ਪਿਛੇ ਛੁਪੇ ਉਦੇਸ਼ ਦਾ ਨਿਰਣਾ ਕਰਨਾ ਹੈ ।

### 1.2.3.2. ਗਿਆਨ- ਮੀਮਾਂਸਾ

ਇਹ ਗਿਆਨ ਦਾ ਸਿਧਾਂਤਵਾਦ ਹੈ, ਜਿਸਦਾ ਉਦੇਸ਼ ਸ੍ਰਿਸ਼ਟੀ ਦੀ ਰਚਨਾ, ਸਰੂਪ, ਵਿਧੀ ਅਤੇ ਪ੍ਰਮਾਣਕਤਾ ਦੇ ਸੱਚ ਬਾਰੇ ਅਧਿਐਨ ਕਰਨਾ ਹੈ। ਕੀ ਮਨੁੱਖ ਪਰਮ ਵਾਸਤ-ਵਿਕਤਾ (ਸਚਾਈ) ਦਾ ਗਿਆਨ ਪ੍ਰਾਪਤ ਕਰਨ ਦੇ ਸਮਰੱਥ ਹੈ ? ਇਸ ਗਿਆਨ ਦੀ ਵਿਸ਼ਵਾਸ-ਯੋਗਤਾ ਅਤੇ ਭਰੋਸੇਯੋਗਤਾ ਨੂੰ ਪਰਖਣ ਲਈ ਕਿਹੜਾ ਮਾਪਦੰਡ ਹੈ ? ਅਜਿਹੇ ਪ੍ਰਸ਼ਨ ਸੰਵੇਦਨ-ਸ਼ੀਲ ਚਿੰਤਕਾਂ ਦੇ ਦਿਮਾਗ ਵਿੱਚ ਬਾਰੰਬਾਰ ਆਉਂਦੇ ਹਨ ਜਿਨ੍ਹਾਂ ਦਾ ਉੱਤਰ ਤਲਾਸ਼ ਕਰਨ ਲਈ ਗਿਆਨ-ਮੀਮਾਂਸਾ ਅਧੀਨ ਚਾਰ ਪ੍ਰਮੁੱਖ ਵਿਚਾਰਧਾਰਾਵਾਂ– ਤਰਕਵਾਦ, ਅਨੁਭਵਵਾਦ ਪ੍ਰੇਰਣਾਵਾਦ ਅਤੇ ਸੱਤਾਵਾਦ ਹੋਂਦ ਵਿੱਚ ਹੋਈਆਂ। ਤਰਕਵਾਦੀ ਵਿਚਾਰਕ ਸ਼ੁੱਧ ਦਲੀਲ ਦੁਆਰਾ ਅਨੁਭਵਵਾਦੀ ਮਨੁੱਖੀ ਗਿਆਨ ਇੰਦਰੀਆਂ ਦੁਆਰਾ, ਪ੍ਰੇਰਣਾਵਾਦੀ ਅੰਤਰ-ਫੁਰਨੇ ਜਾਂ ਪ੍ਰੇਰਨਾ ਰਾਹੀਂ ਅਤੇ ਸੱਤਾਵਾਦੀ ਚਿੰਤਕ ਕਿਸੇ ਬਾਹਰੀ ਵਿਨਾਸ਼ਹੀਨ ਸੱਤਾ ਤੋਂ ਗਿਆਨ ਪ੍ਰਾਪਤ ਕਰਨ ਦੇ ਸਮਰਥਕ ਹਨ ।

Sri Satguru Jagjit Singh Ji eLibrary NamdhariElibrary@gmail.com

### 1.2.3.3. ਨੀਤੀ ਜਾਂ ਆਚਾਰ-ਮੀਮਾਂਸਾ

ਇਹ ਕੀਮਤਾਂ (ਮੁੱਲਾਂ) ਦਾ ਸਿਧਾਂਤਵਾਦ ਹੈ ਜੋ ਮਨੁੱਖ ਲਈ ਕਲਿਆਣਕਾਰੀ (ਸ੍ਰੇਅ) ਦੀ ਤਲਾਸ਼ ਕਰਦਾ ਹੈ। ਇਹ ਮਨੁੱਖ ਲਈ ਸਵੀਕ੍ਰਿਤੀ, ਉਚਿੱਤਤਾ, ਨੈਤੀ ਅਤੇ ਸਦਗੁਣਾਂ ਦੇ ਨਿਸਤਾਰੇ ਕਰਦਾ ਹੈ। ਇਹ ਜੀਵਨ-ਆਚਾਰ ਦੇ ਮੂਲ ਸਿਧਾਂਤਾਂ ਤੇ ਆਧਾਰਾਂ ਨਾਲ ਸੰਬੰਧਿਤ ਹੈ। ਇਸ ਅਧੀਨ ਸੌਂਦਰਯ-ਸ਼ਾਸਤਰ ਕਿਸੇ ਵਸਤੂ ਨੂੰ ਸੁੰਦਰ ਜਾਂ ਕੋਝੀ ਘੋਸ਼ਿਤ ਕਰਨ ਲਈ ਮਾਪਦੰਡ ਨਿਰਧਾਰਿਤ ਕਰਦਾ ਹੈ। ਕੀਮਤਾਂ ਦੀ ਚੋਣ ਮਨੁੱਖੀ ਜੀਵਨ ਲਈ ਅਤਿ ਆਵੱਸ਼ਕ ਹੈ। ਉਚਿਤ ਕੀਮਤਾਂ ਤੋਂ ਵੰਚਿਤ ਮਨੁੱਖ ਇੱਕ ਅਵਿਵਸਥਿਤ ਅਤੇ ਅਸੋਧਿਤ ਜੀਵਨ ਬਤੀਤ ਕਰਦਾ ਹੈ। ਇਹ ਮਨੁੱਖ ਦੀਆਂ ਮਾਰਗਦਰਸ਼ਕ ਬਣ ਕੇ ਉਸ ਲਈ ਪ੍ਰਵਾਣਿਤ ਅਤੇ ਵਿਵਰਜਿਤ ਕਾਰਜਾਂ ਦਾ ਨਿਰਣਾ ਕਰਦੀਆਂ ਹਨ। ਦਾਰਸ਼ਨਿਕ 'ਡਾਰਥੀ ਲੀ' ਮਾਨਵੀ ਮੁੱਲਾਂ ਨੂੰ ਅਜਿਹੇ ਆਧਾਰ ਆਖਦਾ ਹੈ ਜਿਨ੍ਹਾਂ ਅਨੁਸਾਰ ਮਨੁੱਖੀ ਜੀਵਨ ਲਈ ਚੰਗੇ ਤੇ ਬੁਰੇ ਅਤੇ ਉਚਿਤ ਤੇ ਅਣਉਚਿਤ ਦੀ ਪਹਿਚਾਣ ਕਰਕੇ ਉਤਕ੍ਰਿਸ਼ਟ ਜੀਵਨ-ਜਾਚ ਦੀ ਚੋਣ ਕੀਤੀ ਜਾ ਸਕਦੀ ਹੈ। ਬਾਹਰਮੁਖੀ ਕੀਮਤਾਂ ਮਨੁੱਖ ਦੀਆਂ ਵਿਅਕਤੀਗਤ ਭਾਵਨਾਵਾਂ ਤੇ ਇੱਛਾਵਾਂ ਤੋਂ ਨਿਰਲੇਪ ਹੁੰਦੀਆਂ ਹਨ ਅਤੇ ਇਹ ਵਸਤੂਆਂ ਵਿੱਚ ਜਮਾਂਦਰੂ ਹੀ ਵਿਦਮਾਨ ਹੁੰਦੀਆਂ ਹਨ। ਅੰਤਰਮੁਖੀ ਕੀਮਤਾਂ ਦਾ ਆਧਾਰ ਜੀਵ-ਵਿਗਿਆਨ ਅਤੇ ਮਨੋਵਿਗਿਆਨ ਹੁੰਦਾ ਹੈ। ਇਹ ਮਨੁੱਖ ਦੀ ਇੱਛਾ ਤੇ ਨਿਰਭਰ ਹੁੰਦੀਆਂ ਹਨ। ਇਨ੍ਹਾਂ ਨੂੰ ਸਾਧਨ-ਰੂਪ ਵੀ ਆਖਿਆ ਜਾਂਦਾ ਹੈ ਕਿਉਂਕਿ ਮਨੁੱਖ ਆਪਣੀ ਮਨੋਕਾਮਨਾ ਦੀ ਪੂਰਤੀ ਲਈ ਇਨ੍ਹਾਂ ਨੂੰ ਸਾਧਨ ਵਜੋਂ ਉਪਯੋਗ ਕਰਦਾ ਹੈ। ਨਿਰਪੇਖ ਜਾਂ ਪਰਮ ਕੀਮਤਾਂ (ਮੁੱਲ) ਸਦੀਵੀ ਹੁੰਦੀਆਂ ਹਨ ਜਿਹੜੀਆਂ ਭੂਤਕਾਲ ਵਰਤਮਾਨ ਅਤੇ ਭਵਿੱਖ ਕਾਲ ਵਿੱਚ ਕਾਇਮ ਰਹਿੰਦੀਆਂ ਹਨ। ਇਹ ਆਪਣੀ ਪੁਸ਼ਟੀ ਆਪ ਕਰਦੀਆਂ ਹਨ। ਪਰਿਵਰਤਨਸ਼ੀਲ ਕੀਮਤਾਂ ਮਨੁੱਖ ਦੀਆਂ ਇਤਾਪ੍ਰਤੀ ਆਵੱਸ਼ਕਤਾਵਾਂ ਅਤੇ ਅਨੁਭੂਤੀਆਂ ਵਿੱਚੋਂ ਉਪਜਦੀਆਂ ਹਨ। ਪਦਾਰਥਕ , ਸਰੀਰਕ, ਸੌਂਦਰਯ, ਬੌਧਿਕ, ਸਦਾਚਾਰਕ ਅਤੇ ਆਤਮਿਕ ਕੀਮਤਾਂ ਦਾ ਤਰਜੀਹੀ ਪਦਕ੍ਰਮ ਵਿਭਿੰਨ ਦਾਰਸ਼ਨਿਕ ਵਿਚਾਰਧਾਰਾਵਾਂ ਵਿੱਚ ਭਿੰਨ ਭਿੰਨ ਕੀਤਾ ਜਾਂਦਾ ਹੈ। ਭਾਰਤੀ ਵਿਚਾਰਕ ਦਰਸ਼ਨ ਅਤੇ ਨੀਤੀ(ਆਚਾਰ) ਨੂੰ ਪਰਸਪਰ ਨਿਰਭਰ ਮੰਨਦੇ ਹਨ। ਵਾਸਤਵ ਵਿੱਚ ਉੱਚ ਨੈਤਿਕ ਜੀਵਨ ਤੋਂ ਬਿਨਾ ਦਾਰਸ਼ਨਿਕ ਬੁੱਧੀ ਉਤਪੰਨ ਨਹੀਂ ਹੋ ਸਕਦੀ ਜਿਸ ਕਾਰਨ ਨਾ ਤਾਂ ਦਰਸ਼ਨ ਦੀਆਂ ਗੱਲਾਂ ਸਮਝ ਵਿੱਚ ਆਉਂਦੀਆਂ ਹਨ ਅਤੇ ਨਾ ਹੀ ਉਨ੍ਹਾਂ ਪ੍ਰਤਿ ਰੁਚੀ ਹੀ

Sri Satguru Jagjit Singh Ji eLibrary NamdhariElibrary@gmail.com

ਉਤਪੰਨ ਹੁੰਦੀ ਹੈ । ਇੱਕ ਸ੍ਰੇਸ਼ਟ ਦਾਰਸ਼ਨਿਕ ਬਣਨ ਲਈ ਇਹ ਅਨਿਵਾਰੀ ਹੈ ਕਿ ਵਿਅਕਤੀ ਧਾਰਮਿਕ, ਨੈਤਿਕ ਅਤੇ ਸਦਾਚਾਰਕ ਪੱਧਰਾਂ ਤੇ ਉੱਚਾ ਅਤੇ ਸ਼ਾਂਤ ਮਨ ਦਾ ਧਾਰਨੀ ਹੋਵੇ ।[35]

1.2.3.4. ਤਰਕ-ਸ਼ਾਸਤਰ

ਇਸ ਵਿੱਚ ਦਲੀਲਬਾਜ਼ੀ ਦੀਆਂ ਵਿਧੀਆਂ ਅਤੇ ਨਿਯਮਾਂ ਦਾ ਅਧਿਐਨ ਕੀਤਾ ਜਾਂਦਾ ਹੈ। ਦਾਰਸ਼ਨਿਕ ਪਰਿਣਾਮ ਕੱਢਣ ਲਈ ਗਿਆਤ ਤੱਥਾਂ ਨੂੰ ਮੂਲ ਆਧਾਰ ਬਣਾਇਆ ਜਾਂਦਾ ਹੈ। ਇਹ ਸ਼ਾਸਤਰ ਮਨੁੱਖੀ ਜੀਵਨ ਵਿੱਚ ਉਚਿਤ ਅਤੇ ਅਣਉਚਿਤ ਕਾਰਜਾਂ ਦਾ ਨਿਰਧਾਰਨ ਕਰਨ ਲਈ ਢੁਕਵੇਂ ਮਾਪਦੰਡਾਂ ਦਾ ਨਿਰਮਾਣ ਕਰਦਾ ਹੈ ਜਿਸ ਲਈ ਮੁਖ ਤੌਰ ਤੇ ਚਾਰ ਵਿਧੀਆਂ ਅਪਣਾਈਆਂ ਜਾਂਦੀਆਂ ਹਨ । ਨਿਗਮਨਕ ਤਰਕ ਵਿਧੀ ਵਿੱਚ ਆਮ ਤੱਥਾਂ ਤੋਂ ਵਿਸ਼ੇਸ਼ ਤੱਥਾਂ ਵੱਲ ਚਲਦਿਆਂ ਪਰਮ ਸਚਾਈਆਂ ਦੀ ਤਲਾਸ਼ ਕਰਨ ਦਾ ਯਤਨ ਕੀਤਾ ਜਾਂਦਾ ਹੈ ਜਦੋਂ ਕਿ ਆਗਮਨਕ ਤਰਕ ਵਿਧੀ ਦੀ ਦਿਸ਼ਾ ਇਸਦੇ ਵਿਪਰੀਤ ਹੁੰਦੀ ਹੈ। ਇਹ ਵਿਧੀ ਪਰਮ ਸੱਚ ਦੀ ਤਲਾਸ਼ ਨਾਲੋਂ ਨਿਸ਼ਕਰਸ਼ ਦੇ ਵਿਆਪੀਕਰਨ ਵੱਲ ਅਧਿਕ ਰੁਚਿਤ ਹੁੰਦੀ ਹੈ ਤਾਂ ਜੋ ਮਾਨਵ ਕਲਿਆਣਕਾਰੀ ਸੰਭਾਵਨਾਵਾਂ ਪ੍ਰੇਖੀਆਂ ਜਾ ਸਕਣ। ਦਵੰਦਵਾਦੀ ਤਰਕ ਵਿਧੀ ਸਮੱਸਿਆ ਦੇ ਸਮਾਧਾਨਿਕ ਪ੍ਰਸਤਾਵ ਅਤੇ ਇਸਦੇ ਵਿਰੋਧੀ ਪ੍ਰਸਤਾਵ ਦਾ ਸੰਸਲੇਸ਼ਣ ਕਰਕੇ ਨਵਾਂ ਪ੍ਰਸਤਾਵ ਉਗਮਣ ਦੀ ਪ੍ਰਕ੍ਰਿਆ ਨੂੰ ਬਾਰੰਬਾਰ ਦੁਹਰਾ ਕੇ ਅੰਤਿਮ ਨਿਸ਼ਕਰਸ਼ ਕੱਢਦਾ ਹੈ। ਉਪਯੋਗਤਾਵਾਦੀ ਤਰਕ ਵਿਧੀ ਵਿੱਚ ਨਿਗਮਨਕ ਤਰਕ ਅਤੇ ਆਗਮਨਕ ਤਰਕ ਵਿਧੀ ਦਾ ਸੁਮੇਲ ਕਰਕੇ ਪਰਿਣਾਮ ਪ੍ਰਾਪਤ ਕੀਤੇ ਜਾਂਦੇ ਹਨ ।

ਇਸ ਪ੍ਰਕਾਰ ਭਿੰਨ ਭਿੰਨ ਵਿਚਾਰਵਾਨ ਸ੍ਰਿਸ਼ਟੀ ਦੀ ਉਤਪਤੀ ,ਰਚਨਾ, ਸੱਚ, ਗਿਆਨ ਅਤੇ ਵਿਧੀਆਂ ਦੇ ਆਧਾਰ ਤੇ ਵੱਖ-ਵੱਖ ਸ਼੍ਰੇਣੀਆਂ ਵਿੱਚ ਵੰਡੇ ਜਾਂਦੇ ਹਨ। ਸਿੱਖਿਆ ਜੋ ਕਿ ਗਿਆਨ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਹੈ, ਦਰਸ਼ਨ ਨਾਲ ਸਿੱਧੇ ਤੌਰ ਤੇ ਜੁੜਿਆ ਹੋਇਆ ਹੈ। ਇਨ੍ਹਾਂ ਦੋਵਾਂ ਦੇ ਪਰਸਪਰ ਸੰਬੰਧ ਨੂੰ ਸਮਝਣ ਬਗੈਰ ਸਿੱਖਿਆ ਸਿਧਾਂਤਾਂ ਦੀ ਪੜਚੋਲ ਕਰਨੀ ਸੰਭਵ ਨਹੀਂ ।

## 1.3. ਸਿੱਖਿਆ ਅਤੇ ਦਰਸ਼ਨ

### 1.3.1. ਪਰਸਪਰ ਸੰਬੰਧ

ਸਿੱਖਿਆ ਅਤੇ ਦਰਸ਼ਨ ਆਪਣੇ ਸਮਕਾਲਿਕ ਪ੍ਰਾਰੰਭ ਤੋਂ ਹੀ ਪਰਸਪਰ

Sri Satguru Jagjit Singh Ji eLibrary NamdhariElibrary@gmail.com

ਅਨਿੱਖੜਵੇਂ ਰੂਪ ਵਿੱਚ ਐਂਗਸੰਗ ਵਿਚਰਦੇ ਆ ਰਹੇ ਹਨ। ਦਰਸ਼ਨ ਦਾ ਪ੍ਰਮੁੱਖ ਕਾਰਜ ਨਿਪੁੰਨ ਅਤੇ ਨੇਕ ਮਨੁੱਖੀ ਜੀਵਨ ਨੂੰ ਪਰਿਭਾਸ਼ਿਤ ਕਰਨਾ ਹੈ ਜਦੋਂ ਕਿ ਸਿੱਖਿਆ ਵਿਵਹਾਰਿਕ ਰੂਪ ਵਿੱਚ ਜੀਵਨ ਨੂੰ ਨਿਪੁੰਨ ਅਤੇ ਨੇਕ ਬਣਾਉਂਦੀ ਹੈ। ਦਰਸ਼ਨ ਪ੍ਰਬੀਨ ਅਤੇ ਸਦਾਚਾਰਕ ਜੀਵਨ ਦੇ ਪ੍ਰਯੋਜਨਾਂ ਅਤੇ ਆਵੱਸ਼ਕਤਾਵਾਂ ਦਾ ਬੋਧ ਕਰਾਉਂਦਾ ਹੈ ਤਾਂ ਸਿੱਖਿਆ ਇਨ੍ਹਾਂ ਦੀ ਸਿੱਧੀ ਲਈ ਵਿਧੀਆਂ ਤਲਾਸ਼ ਕਰਦੀ ਹੈ। ਇਸ ਲਈ ਆਮ ਤੌਰ ਤੇ ਸਿੱਖਿਆ ਨੂੰ ਵਿਹਾਰਕ ਦਰਸ਼ਨ ਵੀ ਆਖਿਆ ਜਾਂਦਾ ਹੈ। ਬਹੁਗਿਣਤੀ ਸਿੱਖਿਆ ਚਿੰਤਕ ਦਰਸ਼ਨ ਨੂੰ ਸਿਧਾਂਤਵਾਦ ਅਤੇ ਸਿੱਖਿਆ ਨੂੰ ਇਸਦਾ ਵਿਹਾਰ ਮੰਨਦੇ ਹਨ। ਦਰਸ਼ਨ ਜਿਸਦੀ ਵਿਸ਼ੇਸ਼ਤਾ ਚਿੰਤਨਸ਼ੀਲਤਾ ਹੈ, ਕ੍ਰਿਆਸ਼ੀਲ ਸਾਧਨ ਰੂਪੀ ਸਿੱਖਿਆ ਦਾ ਮਾਧਿਅਮ ਹੈ। ਦਰਸ਼ਨ ਦੁਆਰਾ ਨਿਰਧਾਰਿਤ ਮਨੁੱਖੀ ਸੰਕਲਪਾਂ ਦੀ ਪੂਰਤੀ ਲਈ ਉਪਯੁਕਤ ਸਾਧਨ ਅਤੇ ਵਿਧੀਆਂ ਉਪਲਬਧ ਕਰਾਉਣੀਆਂ ਸਿੱਖਿਆ ਦਾ ਕਰਤੱਵ ਹੈ। ਸਿੱਖਿਆ-ਵਿਧੀਆਂ ਨੂੰ ਪਥਵਿਚਲਨ ਤੋਂ ਬਚਾਉਣ ਲਈ ਦਰਸ਼ਨ ਉਨ੍ਹਾਂ ਵੱਲ ਨਿਰੰਤਰ ਸੁਜੱਗ ਅਤੇ ਪੜਚੋਲਵੀਂ ਨਜ਼ਰ ਰਖਦਾ ਹੈ। ਦਰਸ਼ਨ ਦੇ ਅਮੂਰਤ ਵਿਹਾਰ ਨੂੰ ਸਿੱਖਿਆ ਸਾਕਾਰ ਕਰਦੀ ਹੈ। ਦਾਰਸ਼ਨਿਕ ਸਚਾਈਆਂ ਅਤੇ ਸਿਧਾਂਤ ਸਿੱਖਿਆ ਲਈ ਚਾਨਣਮੁਨਾਰੇ ਹੁੰਦੇ ਹਨ। ਦਾਰਸ਼ਨਿਕ ਸਚਾਈਆਂ ਨਾਲ ਲੈਸ ਸਿੱਖਿਅਤ ਮਨੁੱਖ ਇੱਕ ਸਾਰਥਕ ਅਤੇ ਸ੍ਰੇਸ਼ਟ ਜੀਵਨ ਦਾ ਆਨੰਦ ਮਾਣਦਾ ਹੈ। ਦਰਸ਼ਨ ਦੁਆਰਾ ਸਥਾਪਿਤ ਮਾਨਵ-ਕਲਿਆਣਕਾਰੀ ਬੋਧਿਕਤਾ ਦਾ ਸੰਚਾਰ ਸਿੱਖਿਆ ਦੇ ਮਾਧਿਅਮ ਰਾਹੀਂ ਹੁੰਦਾ ਹੈ। 'ਜੇਮਜ਼ ਐਸ. ਰੌਸ ਸਿੱਖਿਆ ਨੂੰ ਦਰਸ਼ਨ ਦਾ ਕ੍ਰਿਆਸ਼ੀਲ ਪੱਖ ਅਤੇ ਜਾਹਨ ਦਵੇ ਦਰਸ਼ਨ ਨੂੰ ਸਿੱਖਿਆ ਦਾ ਸਿਧਾਂਤ ਆਖਦੇ ਹਨ। ਸਿੱਖਿਆ ਦੇ ਪ੍ਰਯੋਜਨ, ਉਦੇਸ਼, ਵਿਧੀਆਂ ਅਤੇ ਵਿਸ਼ਾਵਸਤੂ ਬਾਰੇ ਸਮੇਂ ਸਮੇਂ ਪ੍ਰਗਟ ਕੀਤੀਆਂ ਜਾਂਦੀਆਂ ਸ਼ੰਕਾਵਾਂ ਦਾ ਨਿਸਤਾਰਾ ਕਰਕੇ ਅੰਤਿਮ ਨਿਰਣਾ ਦਰਸ਼ਨ ਹੀ ਦਿੰਦਾ ਹੈ । ਮਨੁੱਖ ਆਪਣੀ ਜੀਵਨਧਾਰਨਾ ਦੇ ਅਨੁਕੂਲ ਹੀ ਸਿੱਖਿਆ ਗ੍ਰਹਿਣ ਕਰਨੀ ਅਤੇ ਆਪਣੇ ਵਿਵਹਾਰ ਵਿੱਚ ਲੋੜੀਂਦੀ ਸੋਧ ਕਰਨ ਤੇ ਸਮਾਯੋਜਨ ਲਿਆਉਣ ਦਾ ਚਾਹਵਾਨ ਹੁੰਦਾ ਹੈ। ਇਸ ਲਈ ਸਿੱਖਿਆ ਦਾ ਉਦਭਵ ਦਰਸ਼ਨ ਤੋਂ ਹੋਣਾ ਅਤਿ ਆਵੱਸ਼ਕ ਹੈ। ਇਸ ਤੋਂ ਸਿੱਖਿਆ ਅਤੇ ਦਰਸ਼ਨ ਵਿੱਚ ਨਿਕਟ ਸੰਬੰਧ ਸਿੱਧ ਹੋ ਜਾਂਦਾ ਹੈ ।[36] ਸਿੱਖਿਆ ਦੇ ਸਮੂਹ ਕਾਰਜਕ੍ਰਮਾਂ ਦੀ ਇਕਸੁਰਤਾ ਲਈ ਉਨ੍ਹਾਂ ਦੀ ਦਾਰਸ਼ਨਿਕ ਪਰਮਾਣਿਕਤਾ ਆਵੱਸ਼ਕ ਹੈ। ਦਰਸ਼ਨ, ਮਨੁੱਖ ਦੇ ਵਿਅਕਤੀਗਤ, ਪਰਿਵਾਰਕ, ਸਮਾਜਿਕ ਅਤੇ ਰਾਜਨੀਤਿਕ ਹਿਤਾਂ ਦਾ ਉਪਯੁਕਤ ਤਾਲਮੇਲ ਰਖਦਾ ਹੋਇਆ ਉਸ ਦੀਆਂ ਆਵੱਸ਼ਕਤਾਵਾਂ ਦੇ ਅਨੁਕੂਲ ਸਿੱਖਿਆ ਦਾ ਪੁਨਰਗਠਨ ਅਤੇ ਪੁਨਰ ਅਨੁਕੂਲਨ ਕਰਦਾ ਹੈ ।[37]

ਸਿੱਖਿਆ ਲਕਸ਼ ਕਿਸੇ ਇੱਕ ਬੁੱਧੀ ਦਾ ਫੁਰਨਾ ਨਹੀਂ ਹੁੰਦੇ । ਇਨ੍ਹਾਂ ਦਾ ਉਦਭਵ ਸਮਕਾਲੀ ਕਦਰਾਂ ਕੀਮਤਾਂ, ਵਰਤਮਾਨ ਯਥਾਰਥ ਅਤੇ ਅਨੁਭਵ ਆਧਾਰਿਤ ਗਿਆਨ ਦੇ ਅਤਿ ਗੰਭੀਰ ਵਿਸ਼ਲੇਸ਼ਣ ਦੁਆਰਾ ਹੁੰਦਾ ਹੈ। ਦਾਰਸ਼ਨਿਕ ਬੋਧਿਕਤਾ ਹੀ ਸਿੱਖਿਆ ਦੇ ਪ੍ਰਯੋਜਨਾਂ ਨੂੰ ਵਿਸ਼ਾਲ ਅਤੇ ਪਰਿਪੇਖੀ ਬਣਾਉਂਦੀ ਹੈ ਕਿਉਂਕਿ ਇਨ੍ਹਾਂ ਨੂੰ ਨਿਸ਼ਚਿਤ ਕਰਦੇ ਸਮੇਂ ਹਰ ਪਹਿਲੂ ਤੇ ਤਰਕਪੂਰਨ ਸੰਵਾਦ ਰਚਾਇਆ ਜਾਂਦਾ ਹੈ। ਦਰਸ਼ਨ ਹੀ ਇਹ ਨਿਰਣਾ ਕਰਨ ਦੇ ਸਮਰੱਥ ਹੈ ਕਿ ਸਿੱਖਿਆ ਦੀਆਂ ਪ੍ਰਮੁੱਖ ਵਿਸ਼ੇਸ਼ਤਾਈਆਂ ਅਰਥਾਤ ਬੋਧਿਕ ਸ੍ਰੇਸ਼ਟਤਾ, ਸਦਾਚਾਰਕ ਚਰਮ-ਸੀਮਾ ਅਤੇ ਸਰਵਵਿਆਪੀ ਉਪਯੋਗਤਾ ਵਿੱਚੋਂ ਕਿਹੜੀ ਨੂੰ ਸਰਵਪ੍ਰਥਮ ਰੱਖਿਆ ਜਾਵੇ । ਸਿੱਖਿਆ ਲਈ ਦਰਸ਼ਨ ਇੱਕ ਨਿਯੰਤ੍ਰਿਕ ਵਜੋਂ ਹੈ। ਦਰਸ਼ਨ ਰਹਿਤ ਸਿੱਖਿਆ ਨੇਤਰਹੀਨ ਮਨੁੱਖ ਸਮਾਨ ਹੈ। ਦਰਸ਼ਨ, ਸਿੱਖਿਆ ਰੂਪੀ ਸਰੀਰ ਦੀ ਆਤਮਾ ਹੈ। ਜੇ ਦਰਸ਼ਨ ਵਿੱਚ ਅਸਪਸ਼ਟਤਾ, ਧੁੰਦਲਾਪਨ ਅਤੇ ਅਨਿਸ਼ਚਿਤਤਾ ਪ੍ਰਵੇਸ਼ ਕਰ ਜਾਵੇ ਤਾਂ ਸਿੱਖਿਆ ਰੂਪੀ ਜਹਾਜ ਘੁੰਮਣਘੇਰੀ ਵਿੱਚ ਉਲਝ ਕੇ ਦਿਸ਼ਾਹੀਨ ਹੋ ਜਾਂਦਾ ਹੈ। ਜਾਹਨ ਦਵੇ ਸਿੱਖਿਆ ਨੂੰ ਅਜਿਹੀ ਪ੍ਰਯੋਗਸ਼ਾਲਾ ਆਖਦਾ ਹੈ ਜਿਸ ਵਿੱਚ ਦਾਰਸ਼ਨਿਕ ਨਿਵੇਕਲਾਵਾਂ ਮੂਰਤੀਮਾਨ ਹੋ ਕੇ ਪਰਖੀਆਂ ਜਾਂਦੀਆਂ ਹਨ । ਮਹਾਨ ਜਰਮਨ ਦਰਸ਼ਨਵੇਤਾ ਫਿੱਕ ਦਾ ਵਿਚਾਰ ਹੈ ਕਿ ਦਰਸ਼ਨ ਤੋਂ ਬਿਨਾਂ ਸਿੱਖਿਆ ਕਲਾ ਦੀ ਸੰਪੂਰਨ ਸਪਸ਼ਟਤਾ ਸੰਭਵ ਹੀ ਨਹੀਂ ਹੋ ਸਕਦੀ । ਉਹ ਦਰਸ਼ਨ ਨੂੰ ਆਧਾਰ ਅਤੇ ਸਿੱਖਿਆ ਨੂੰ ਉਸਦਾ ਉਪਰਲਾ ਢਾਂਚਾ ਮੰਨਦਾ ਹੈ । ਮਨੁੱਖੀ ਜੀਵਨ ਦੇ ਪਰਸਪਰ ਵਿਰੋਧੀ ਪਾਸਾਰਾਂ ਅਤੇ ਅਨੁਭਵਾਂ ਵਿੱਚੋਂ ਜਨਮੇ ਕਾਰਕਾਂ ਦਾ ਸੂਖਮ ਵਿਸ਼ਲੇਸ਼ਣ ਕਰਨ ਲਈ ਦਰਸ਼ਨ ਹੀ ਸਿੱਖਿਆ ਨੂੰ ਕਾਰਗਰ ਹਥਿਆਰ ਉਪਲਬਧ ਕਰਵਾਉਂਦਾ ਹੈ । ਦਰਸ਼ਨ ਮਨੁੱਖੀ ਜੀਵਨ ਦੇ ਪ੍ਰਤਿਯੇਕ ਪਹਿਲੂ , ਵਿਸ਼ੇਸ਼ਕਰ ਸਿੱਖਿਆ ਲਈ ਪਰਮ ਆਵੱਸ਼ਕ ਹੈ ਕਿਉਂਕਿ ਸਿੱਖਿਆ ਹੀ ਮਨੁੱਖ ਨੂੰ ਸੰਪੂਰਨ ਅਤੇ ਉਪਯੋਗੀ ਜੀਵਨ ਜੀਉਣ ਲਈ ਤਿਆਰ ਕਰਦੀ ਹੈ ।

ਸਿੱਖਿਆ ਖੇਤਰ ਵਿੱਚ ਉਤਕ੍ਰਿਸ਼ਟ ਉਪਲਬਧੀਆਂ ਅਤੇ ਸਫਲਤਾਵਾਂ ਮਹਾਨ ਦਾਰਸ਼ਨਿਕਾਂ ਦੀ ਅੰਤਰ ਦ੍ਰਿਸ਼ਟੀ ਦਾ ਹੀ ਪਰਿਣਾਮ ਹਨ। ਜਿਸ ਸਾਹਸੀ ਅਤੇ ਸੰਵੇਦਨਸ਼ੀਲ ਮਹਾਂਪੁਰਸ਼ ਨੇ ਵੀ ਜੀਵਨ ਦੀ ਵਾਸਤਵਿਕਤਾ ਅਤੇ ਬ੍ਰਹਿਮੰਡ ਦੀ ਗੰਭੀਰਤਾ ਤੇ ਪ੍ਰਸ਼ਨ ਚਿੰਨ੍ਹ ਲਗਾਉਣ ਦਾ ਬੌਧਿਕ ਕਾਰਜ ਆਰੰਭਿਆ, ਉਹ ਸਿੱਖਿਆ ਸ਼ਾਸਤਰੀ ਅਖਵਾਇਆ ਹੈ। ਸਿੱਖਿਆ ਦੇ ਇਤਿਹਾਸ ਦੀ ਕਿਸੇ ਵੀ ਪੁਸਤਕ ਵੱਲ ਝਾਤ ਮਾਰੀਏ ਤਾਂ ਪਰਤੱਖ ਹੋ ਜਾਂਦਾ ਹੈ ਕਿ ਸਿੱਖਿਆ ਅੰਦੋਲਨ ਸਦਾ ਭਿੰਨ ਭਿੰਨ ਦਾਰਸ਼ਨਿਕ ਸਥਿਤੀਆਂ ਦੇ ਕਾਰਣ ਹੀ ਹੋਂਦ ਵਿੱਚ ਆਉਂਦੇ ਰਹੇ ਹਨ। ਜਿਨ੍ਹਾਂ ਪ੍ਰਮੁੱਖ ਵਿਅਕਤੀਆਂ ਦੇ ਨਾਂ ਸਿੱਖਿਆ ਇਤਿਹਾਸ ਦੀ ਪੁਸਤਕ ਵਿੱਚ

ਮਿਲਦੇ ਹਨ ਉਨ੍ਹਾਂ ਹੀ ਵਿਅਕਤੀਆਂ ਦੇ ਨਾਵਾਂ ਦਾ ਵਰਣਨ ਆਮ ਕਰਕੇ ਦਰਸ਼ਨ ਇਤਿਹਾਸ ਦੀਆਂ ਪੁਸਤਕਾਂ ਵਿੱਚ ਅਵੱਸ਼ ਮਿਲਦਾ ਹੈ। ਤੀਬਰ ਭਾਵਨਾ ਵਾਲਾ ਹਰ ਫ਼ਿਲਾਸਫ਼ਰ ਸੁਭਾਵਿਕ ਹੀ ਸਿੱਖਿਆ ਸ਼ਾਸਤ੍ਰੀ ਬਣ ਜਾਂਦਾ ਹੈ। ਫ਼ਿਲਾਸਫ਼ਰ ਸੁਕਰਾਤ ਇੱਕ ਮਹਾਨ ਸਿੱਖਿਆ ਸ਼ਾਸਤਰੀ ਸੀ। ਪਲੈਟੋ ਦੀ ਪੁਸਤਕ "ਰੀਪਬਲਿਕ" ਨੂੰ ਸਿੱਖਿਆ ਦਾਰਸ਼ਨਿਕ ਆਪਣਾ ਮਹਾਨ ਗ੍ਰੰਥ ਸਮਝਦੇ ਹਨ। ਅਰਸਤੂ ਦੀ ਪੁਸਤਕ 'ਪਾਲਿਟਿਕਸ' ਵਿੱਚ ਸਿੱਖਿਆ ਬਾਰੇ ਦਿੱਤੇ ਵਿਚਾਰ ਆਧੁਨਿਕ ਸਿੱਖਿਆ ਪੁਸਤਕਾਂ ਵਿੱਚ ਮਿਲਦੇ ਸਿੱਖਿਆ ਸਿਧਾਂਤਾਂ ਤੋਂ ਵੀ ਵਧੇਰੇ ਲਾਭਦਾਇਕ ਅਤੇ ਰੌਚਿਕ ਹਨ।[38]

ਭਾਰਤੀ ਦਰਸ਼ਨ ਦੇ ਪ੍ਰਮੁੱਖ ਗ੍ਰੰਥਾਂ ਅਰਥਾਤ ਵੇਦਾਂ ਅਤੇ ਉਪਨਿਸ਼ਦਾਂ ਦੇ ਰਚਨਹਾਰ ਰਿਸ਼ੀ-ਮੁਨੀ ਸਿਲਿਕ ਅਤੇ ਸਫਲ ਸਿੱਖਿਆ ਸ਼ਾਸਤਰੀਆਂ ਵਜੋਂ ਇਤਿਹਾਸ-ਪ੍ਰਸਿੱਧ ਹਨ । ਆਧੁਨਿਕ ਕਾਲ ਵਿੱਚ ਵੀ ਭਾਰਤ ਦੇ ਸਵਾਮੀ ਵਿਵੇਕਾਨੰਦ, ਸ੍ਰੀ ਅਰਵਿੰਦੂ ਘੋਸ਼ ,ਸ੍ਰੀ ਰਵਿੰਦਰਨਾਥ ਟੈਗੋਰ, ਫਰਾਂਸ ਦੇ ਜੀਨ ਜੈਕੂਅਸ ਰੂਸੋ, ਜਰਮਨ ਵਿਚ ਫਰੈਡਰਿਕ ਅਗਸਤ ਫਰੋਬਲ, ਅਮਰੀਕਾ ਵਿੱਚ ਜਾਹਨ ਦਵੇ ਅਤੇ ਇੰਗਲੈਂਡ ਦੇ ਬਰਟਰੈਂਡ ਰਸਲ ਦੁਆਰਾ ਗਠਿਤ ਅਤੇ ਪ੍ਰਚਾਰਿਤ ਸਿੱਖਿਆ ਪੱਧਤੀਆਂ ਉਨ੍ਹਾਂ ਦੇ ਮਹਾਨ ਦਾਰਸ਼ਨਿਕ ਵਿਚਾਰਾਂ ਦੀ ਵਿਵਹਾਰਿਕ ਵਰਤੋਂ ਹੀ ਹੈ। ਨਿਰਸੰਦੇਹ ਸਿੱਖਿਆ ਅਤੇ ਦਰਸ਼ਨ ਇੱਕ ਦੂਜੇ ਦੇ ਸੰਪੂਰਕ ਹਨ । ਇਸ ਲਈ ਦਾਰਸ਼ਨਿਕ ਦ੍ਰਿਸ਼ਟੀਕੋਣ ਦਾ ਰੂਪ ਉਘੜਨ ਪਿੱਛੋਂ ਹੀ ਸਿੱਖਿਆ ਦੇਣ ਦੇ ਯਤਨ ਆਰੰਭ ਹੁੰਦੇ ਹਨ ਤਾਂ ਸਾਨੂੰ ਇਹ ਆਸ ਰੱਖਣੀ ਚਾਹੀਦੀ ਹੈ ਕਿ ਸਿੱਖਿਆ ਲਈ ਕੀਤੇ ਪ੍ਰਯਤਨ ਫ਼ਿਲਾਸਫ਼ੀ ਤੋਂ ਦੋ ਕਦਮ ਪਿਛੇ ਹੀ ਰਹਿਣਗੇ ਅਰਥਾਤ ਫ਼ਿਲਾਸਫ਼ੀ ਸਦਾ ਸਿੱਖਿਆ-ਪ੍ਰਕ੍ਰਿਆ ਦੀ ਅਗਵਾਈ ਕਰਦੀ ਰਹੇਗੀ ।[39]

## 1.3.2. ਸਿੱਖਿਆ ਦਰਸ਼ਨ

ਸਿੱਖਿਆ ਪ੍ਰਕ੍ਰਿਆ ਨਾਲ ਸੰਬੰਧਿਤ ਦਰਸ਼ਨ ਨੂੰ ਸਿੱਖਿਆ ਦਰਸ਼ਨ ਆਖਿਆ ਜਾਂਦਾ ਹੈ। ਦਰਸ਼ਨ ਦੀਆਂ ਵਿਭਿੰਨ ਵਿਚਾਰਧਾਰਾਵਾਂ ਆਪਣੇ ਵਸ਼ਿਸ਼ਟ ਢੰਗਾਂ ਨਾਲ ਸਿੱਖਿਆ ਦੇ ਲਕਸ਼ਾਂ, ਮਨੋਰਥਾਂ, ਵਿਧੀਆਂ, ਵਿਸ਼ਾ-ਵਸਤੂ ਅਤੇ ਵਿਵਸਥਾ ਆਦਿ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਕਰਦੀਆਂ ਹਨ। ਜਾਹਨ ਐਸ ਬਰੂਬੇਕਰ ਅਨੁਸਾਰ ਸਿੱਖਿਆ ਦਰਸ਼ਨ ਦੇ ਸਮੂਹ ਕਾਰਜਾਂ ਨੂੰ ਤਿੰਨ ਪ੍ਰਮੁੱਖ ਸ਼੍ਰੇਣੀਆਂ— ਪ੍ਰਤਿਮਾਨਕ ਕਾਰਜ, ਆਲੋਚਨਾਤਮਿਕ ਕਾਰਜ ਅਤੇ

Sri Satguru Jagjit Singh Ji eLibrary NamdhariElibrary@gmail.com

ਸੰਸ਼ੇਲਾਤਮਿਕ ਕਾਰਜ ਵਿੱਚ ਵੰਡਿਆ ਜਾ ਸਕਦਾ ਹੈ। ਪ੍ਰਤਿਮਾਨਕ ਕਾਰਜ ਅਧੀਨ ਸਿੱਖਿਆ ਦਰਸ਼ਨ ਮਨੁੱਖ ਨੂੰ ਉਚਿਤ-ਅਣਉਚਿਤ, ਯੋਗ-ਅਯੋਗ, ਤੇ ਵਾਸਤਵਿਕ-ਆਭਾਸੀ, ਵਿਵਾਦਗ੍ਰਸਤ ਅਤੇ ਮਾਨਸਿਕ ਖਿੱਚੋਤਾਣ ਭਰਪੂਰ ਸਮੱਸਿਆਵਾਂ ਦੇ ਸਮਾਧਾਨ ਤਲਾਸ਼ ਕਰਨ ਵਿੱਚ ਸੁਹਿਰਦ ਸਹਿਯੋਗ ਪ੍ਰਦਾਨ ਕਰਦਾ ਹੈ। ਸਿੱਖਿਆ ਦਰਸ਼ਨ ਦੇ ਆਲੋਚਨਾਤਮਿਕ ਕਾਰਜਾਂ ਵਿੱਚ ਸਿੱਖਿਆ ਸੰਕਲਪਾਂ ਤੇ ਪਰਿਕਲਪਨਾਵਾਂ ਨੂੰ ਸਪੱਸ਼ਟ ਕਰਨਾ, ਇਨ੍ਹਾਂ ਵਿਚਕਾਰ ਇਕਸੁਰਤਾ ਕਾਇਮ ਕਰਨੀ, ਜੀਵਨ- ਦ੍ਰਿਸ਼ਟੀਕੋਨ ਦੀ ਏਕਤਾ ਨੂੰ ਅਭਿਵਿਅਕਤ ਕਰਨਾ ਅਤੇ ਤਾਰਕਿਕ ਦਲੀਲ-ਬਾਜ਼ੀ ਨੂੰ ਪ੍ਰੋਤਸਾਹਿਤ ਕਰਨਾ ਸ਼ਾਮਿਲ ਹੈ। ਇਹ ਕਾਰਜ ਤਰਕਸ਼ਾਸਤਰ ਅਤੇ ਨੀਤੀ ਸ਼ਾਸਤਰ ਦੇ ਸੁਮੇਲ ਨਾਲ ਨੇਪਰੇ ਚਾੜ੍ਹਿਆ ਜਾਂਦਾ ਹੈ। ਆਪਣੇ ਸੰਸ਼ੇਲਾਤਮਿਕ ਕਾਰਜਾਂ ਦੁਆਰਾ ਸਿੱਖਿਆ ਦਰਸ਼ਨ ਪਰੰਪਰਾਵਾਂ, ਗਿਆਨ ਅਤੇ ਅਨੁਭੂਤੀਆਂ ਜਿਹੇ ਵਿਭਿੰਨ ਸਰੋਤਾਂ ਤੋਂ ਇਕੱਤਰ ਤੱਥਾਂ ਦੇ ਸੁਮੇਲ ਨਾਲ ਇੱਕ ਸੰਗਠਿਤ ਚਿੱਤਰ ਉਲੀਕਦਾ ਹੈ। ਇਸ ਉਪਰੰਤ ਗਿਆਨ ਦੇ ਖੱਪਿਆਂ ਨੂੰ ਆਪਣੀ ਕਲਪਨਾ ਨਾਲ ਪੂਰ ਕੇ ਸਿੱਖਿਆ ਪ੍ਰਤਿ ਦੀਰਘਕਾਲੀਨ ਨਿਸ਼ਕਰਸ਼ ਕੱਢੇ ਜਾਂਦੇ ਹਨ । ਤਿੰਨਾਂ ਕਾਰਜਾਂ ਦੇ ਸੁਮੇਲ ਨਾਲ ਸਿੱਖਿਆ ਦੇ ਲਕਸ਼, ਵਿਧੀਆਂ ਅਤੇ ਪਾਠਕ੍ਰਮ ਨਿਰਧਾਰਿਤ ਕੀਤੇ ਜਾਂਦੇ ਹਨ ।

### 1.3.3. ਸਿੱਖਿਆ ਵਿਚਾਰਧਾਰਾਵਾਂ

ਦਰਸ਼ਨ ਦੇ ਤੱਤ -ਮੀਮਾਂਸਾ ਗਿਆਨ ਮੀਮਾਂਸਾ, ਨੀਤੀ ਸ਼ਾਸਤਰ ਅਤੇ ਤਰਕ ਸ਼ਾਸਤਰ ਦੇ ਉਪਯੋਗ ਨਾਲ ਉਪਜੇ ਵਿਵਿਧ ਵਿਸ਼ਵਾਸਾਂ, ਦ੍ਰਿਸ਼ਟੀਕੋਣਾਂ ਅਤੇ ਪਹੁੰਚ-ਵਿਧੀਆਂ ਤੇ ਆਧਾਰਿਤ ਵਿਚਾਰਧਾਰਾਵਾਂ ਅਨੁਸਾਰ ਸਿੱਖਿਆ ਦਰਸ਼ਨਵੇਤਾ ਵਿਭਿੰਨ ਸ਼੍ਰੇਣੀਆਂ ਵਿੱਚ ਵੰਡੇ ਜਾ ਸਕਦੇ ਹਨ ਜਿਨ੍ਹਾਂ ਵਿੱਚੋਂ ਪਰਿਣਾਮਵਾਦੀ, ਪ੍ਰਕਿਰਤੀਵਾਦੀ ,ਵਿਚਾਰਵਾਦੀ ਅਤੇ ਮਾਨਵਤਾਵਾਦੀ ਪ੍ਰਮੁੱਖ ਹਨ। ਇਨ੍ਹਾਂ ਦੀਆਂ ਸਿੱਖਿਆ ਵਿਚਾਰਧਾਰਾਵਾਂ ਦਾ ਸੰਖਿਪਤ ਵਰਣਨ ਇਥੇ ਤਰਕਸੰਗਤ ਹੋਵੇਗਾ ।

#### 1.3.3.1. ਪਰਿਣਾਮਵਾਦੀ ਸਿੱਖਿਆ ਵਿਚਾਰਧਾਰਾ

ਇਸ ਵਿਚਾਰ ਪੱਧਤੀ ਦੇ ਸਮਰਥਕ ਚਿੰਤਨ ਵਸਤੂਆਂ ਦੀ ਸਾਰਥਕਤਾ ਲਈ ਸਾਕਾਰਾਤਮਿਕ ਮਾਪਦੰਡ ਨਿਸ਼ਚਿਤ ਕਰਦਾ ਹੈ। ਉਹ ਸਮੱਸਿਆ ਦਾ ਸਮਾਧਾਨ ਤੁਰੰਤ ਕਰਨ, ਸਮਾਜਿਕ ਸੰਪਰਕ ਪੈਦਾ ਕਰਨ ਅਤੇ ਆਦਾਨ ਪ੍ਰਦਾਨ ਕਰਨ ਦੇ ਹੱਕ ਵਿੱਚ ਹੈ। ਉਹ

ਆਦਰਸ਼ਾਂ ਦੀ ਬਜਾਏ ਤੱਥਾਂ ਅਤੇ ਮੂਰਤੀਮਾਨ ਪ੍ਰਸਥਿਤੀਆਂ ਨਾਲ ਜੂਝਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਕ੍ਰਿਆਸ਼ੀਲਤਾ, ਪ੍ਰਤਿਬੱਧਤਾ ਅਤੇ ਜੂਝਨ ਵਿੱਚ ਹੈ। ਪਰਿਣਾਮਵਾਦ ਵਿੱਚ ਕੋਈ ਉਲਝਾਉ ਅਤੇ ਉਕਾਊ ਮਤਸਿਧਾਂਤ ਨਹੀਂ ਹਨ ਕੇਵਲ ਵਿਚਾਰਸ਼ੀਲ ਕ੍ਰਿਆਵਾਂ ਅਤੇ ਵਿਵਹਾਰਿਕ ਪਰਿਣਾਮਾਂ ਨੂੰ ਹੀ ਪ੍ਰਵਾਨਗੀ ਦਿੱਤੀ ਜਾਂਦੀ ਹੈ ।

ਪਰਿਣਾਮਵਾਦੀ ਦਾਰਸ਼ਨਿਕ ਮਨੁੱਖ ਨੂੰ ਮੁੱਖ ਤੌਰ ਤੇ ਜੈਵਿਕ ਅਤੇ ਸਮਾਜਿਕ ਪ੍ਰਾਣੀ ਮੰਨਦੇ ਹਨ ਜੋ ਆਪਣੀਆਂ ਸਰੀਰਕ ਅਤੇ ਸਮਾਜਿਕ ਆਵਸ਼ਕਤਾਵਾਂ ਦੀ ਪੂਰਤੀ ਲਈ ਕਾਰਜ ਕਰਦਾ ਹੈ। ਉਹ ਮਨੁੱਖ ਨੂੰ ਬੈਠਣ, ਸੋਚਣ ਅਤੇ ਸਮਝਣ ਦੀ ਬਜਾਏ ਤੁਰੰਤ ਸਿੱਟੇ ਪ੍ਰਾਪਤ ਕਰਨ ਲਈ ਸਿੱਖਿਆ ਦਿੰਦਾ ਹੈ। ਉਹ ਅਮੂਰਤ ਵਿਚਾਰਾਂ, ਸੈਖਿਕ ਸਮਾਧਾਨਾਂ, ਨਿਸ਼ਚਿਤ ਸਿਧਾਂਤਾਂ ਅਤੇ ਢੌਂਗੀ ਪਰਿਖੇਪਾਂ ਨਾਲੋਂ ਮੂਰਤੀਮਾਨਤਾ ਉਪਯੁਕਤਤਾ, ਤੱਥਾਂ ਅਤੇ ਕ੍ਰਿਆਵਾਂ ਤੇ ਵਿਸ਼ਵਾਸ਼ ਰਖਦਾ ਹੈ। ਪ੍ਰਸਿੱਧ ਪਰਿਣਾਮਵਾਦੀ ਚਿੰਤਕ ਪ੍ਰੋ. ਜੱਜ ਦਾ ਵਿਚਾਰ ਹੈ ਕਿ " ਜੇ ਤੁਸੀਂ ਹਰ ਸਮੇਂ ਬ੍ਰਹਿਮੰਡੀ ਉਦੇਸ਼ਾਂ ਜਾਂ ਕਰਤਾਰੀ ਸੱਚਾਈਆਂ ਬਾਰੇ ਚਿੰਤੁਤ, ਬੋਧਿਕ ਉਲਝਨਾਵਾਂ ਵਿੱਚ ਰੁਸੇ, ਅਸੀਮ ਕਾਲ ਤੇ ਪੁਲਾੜ ਦੀਆਂ ਭਿਆਨਕਤਾਵਾਂ ਨਾਲ ਘਬਰਾਏ ਹੋਏ ਉਨੀਂਦਿਆਂ ਰਾਤਾਂ ਬਿਤਾਉਂ ਤਾਂ ਸਮਝੋ ਕਿ ਤੁਹਾਡੀ ਬਹੁਮੁੱਲੀ ਸ਼ਕਤੀ ਵਿਅਰਥ ਹੀ ਨਸ਼ਟ ਹੋ ਰਹੀ ਹੈ ।[40]

ਪਰਿਣਾਮਵਾਦੀ ਲਈ ਮਨੁੱਖੀ ਮਨ ਇੱਕ ਗਤੀਸ਼ੀਲ ਪ੍ਰਕ੍ਰਿਆ ਹੈ ਜੋ ਮਨੁੱਖ ਦੇ ਅੰਦਰ ਉਸ ਸਮੇਂ ਹੀ ਵਾਪਰਦੀ ਜਾਂ ਕ੍ਰਿਆਸ਼ੀਲ ਹੁੰਦੀ ਹੈ ਜਦੋਂ ਮਨੁੱਖ ਆਪਣੇ ਗਿਰਦ ਵਸਤੂਆਂ ਤੇ ਕੋਈ ਸਿਰਜਨਾਤਮਿਕ ਕਾਰਜ ਕਰਨ ਦਾ ਵਿਚਾਰ ਬਣਾਉਂਦਾ ਹੈ ਭਾਵ ਕਿ ਜਦੋਂ ਇਹ ਵਸਤੂਆਂ ਅਜਿਹੀਆਂ ਸਮੱਸਿਆਵਾਂ ਉਤਪੰਨ ਕਰਦੀਆਂ ਹਨ ਜਿਨ੍ਹਾਂ ਬਾਰੇ ਸੋਚ ਵਿਚਾਰ ਦੀ ਅਵੱਸ਼ਕਤਾ ਹੁੰਦੀ ਹੈ। ਇਸ ਪ੍ਰਕਾਰ ਇਹ ਦਰਸ਼ਨਵੇਤਾ ਮਨੁੱਖੀ ਵਿਅੱਕਤਿਤਵ ਨੂੰ ਵਿਕਾਸ ਕਿਰਿਆ ਅਤੇ ਆਵਿਸ਼ਕਾਰ ਦਾ ਉਤਪਾਦਨ ਸਮਝਦੇ ਹਨ। ਇਸ ਦਰਸ਼ਨ ਅਨੁਸਾਰ ਮਨੁੱਖੀ ਕਦਰਾਂ ਕੀਮਤਾਂ ਸਾਪੇਖੀ ਅਤੇ ਢਾਲਣਯੋਗ ਹਨ ਜੋ ਸਮੇਂ, ਸਥਾਨ ਅਤੇ ਪ੍ਰਸਥਿਤੀਆਂ ਦੇ ਅਨੁਕੂਲ ਨਿਰੰਤਰ ਬਦਲਦੀਆਂ ਰਹਿੰਦੀਆਂ ਹਨ। ਮਨੁੱਖ ਦੇ ਵਿਚਾਰ ਅਤੇ ਉਸਦਾ ਗਿਆਨ ਪ੍ਰਸਥਿਤੀਆਂ ਦੀ ਜਾਂਚ-ਪੜਤਾਲ ਵਿੱਚੋਂ ਉਪਜਦੇ ਹਨ। ਪਰਿਣਾਮਵਾਦੀ ਦਰਸ਼ਨਵੇਤਾ ਉਸ ਵਿਚਾਰ ਜਾਂ ਵਸਤੂ ਨੂੰ "ਸੱਚ" ਪ੍ਰਵਾਨ ਕਰਦਾ ਹੈ ਜੋ ਸਾਨੂੰ ਆਪਣਾ ਉਦੇਸ਼ ਸਾਕਾਰ ਕਰਨ

Sri Satguru Jagjit Singh Ji eLibrary NamdhariElibrary@gmail.com

ਅਤੇ ਜੀਵਨ ਦੇ ਵਿਕਾਸ ਲਈ ਉਪਯੋਗੀ ਅਤੇ ਸਹਾਇਕ ਹੁੰਦਾ ਹੈ ।

ਪਰਿਣਾਮਵਾਦੀ ਸਿੱਖਿਆ ਦਾਰਸ਼ਨਿਕਾਂ ਦਾ ਮੱਤ ਹੈ ਕਿ ਦਰਸ਼ਨ ਦੀ ਉਤਪੱਤੀ ਸਿੱਖਿਆ ਪ੍ਰਚਲਨ ਵਿਚੋਂ ਹੁੰਦੀ ਹੈ। ਉਹ ਸਿੱਖਿਆ ਦੀ ਉਪਯੋਗਤਾ ਅਤੇ ਯਥਾਰਥਕਤਾ ਨੂੰ ਮਨੁੱਖੀ ਭੌਤਿਕ ਲੋੜਾਂ ਦੀ ਪੂਰਤੀ ਦੀ ਕਸਵੱਟੀ ਤੇ ਪਰਖਦਾ ਹੈ। ਉਹ ਸਿੱਖਿਆ ਦੇ ਪ੍ਰਯੋਜਨਾਂ ਨੂੰ ਸਮਾਜਿਕ ਪ੍ਰਸਥਿਤੀਆਂ ਦੇ ਸੰਦਰਭ ਵਿੱਚ ਨਿਸ਼ਚਿਤ ਕਰਨ ਤੇ ਜ਼ੋਰ ਦਿੰਦਾ ਹੈ । ਰੋਸ ਦਾ ਵਿਚਾਰ ਹੈ ਕਿ, " ਸਿੱਖਿਅਕ ਦਾ ਮੁੱਖ ਕਾਰਜ ਸਿਖਾਂਦਰੂ ਨੂੰ ਅਜਿਹੀ ਸਥਿਤੀ ਵਿੱਚ ਪਾਉਣਾ ਹੈ ਤਾਂ ਜੋ ਉਹ ਸਵਯੰ ਜੀਵਨ-ਮੁੱਲਾਂ ਨੂੰ ਨਿਰਧਾਰਿਤ ਕਰ ਸਕੇ। ਸਿੱਖਿਆ ਦਾ ਲਕਸ਼ ਮਨੁੱਖ ਦੇ ਵਲਵਲਿਆਂ, ਰੁਚੀਆਂ ਅਤੇ ਯੋਗਤਾਵਾਂ ਨੂੰ ਸਮਾਜਿਕ ਵਾਤਾਵਰਨ ਵਿੱਚ ਉਸਦੀਆਂ ਅਵਸ਼ਕਤਾਵਾਂ ਦੀ ਪੂਰਤੀ ਵੱਲ ਸੇਧਿਤ ਕਰਨਾ ਹੈ।"[41] ਪਰਿਣਾਮਵਾਦੀ ਮਨੁੱਖ ਦੇ ਸਰੀਰਕ, ਬੌਧਿਕ, ਸੁਹਜਾਤਮਿਕ, ਸਮਾਜਿਕ ਅਤੇ ਸਦਾਚਾਰਕ ਸਮਸੁਰ ਵਿਕਾਸ ਦਾ ਸਮਰਥਕ ਹੈ । ਸਿੱਖਿਆ ਦਾ ਉਦੇਸ਼ ਅਜਿਹੇ ਗਤੀਸ਼ੀਲ ਤੇ ਅਨੁਕੂਲਣਯੋਗ ਮਨ ਦੀ ਸਿਰਜਨਾ ਕਰਨਾ ਹੈ ਜੋ ਸਾਰੀਆਂ ਸਥਿਤੀਆਂ ਵਿੱਚ ਯੁਕਤੀਪੂਰਨ ਅਤੇ ਸਾਹਸੀ ਸਾਬਤ ਹੋਣ, ਜਿਸ ਵਿੱਚ ਕਿਸੇ ਅਗਿਆਤ ਭਵਿੱਖ ਵਿੱਚ ਮੁੱਲਾਂ ਦੀ ਸਿਰਜਨਾ ਕਰਨ ਦੀ ਸਮਰੱਥਾ ਹੋਵੇ ।[42]

ਪਰਿਣਾਮਵਾਦੀ ਲਈ ਜੀਵਨ ਹੀ ਪੜ੍ਹਨ-ਪੜ੍ਹਾਉਣ ਦੀ ਵਿਸ਼ਾ-ਸਮੱਗਰੀ ਹੈ , ਉਹ ਸਿਖਿਆਰਥੀਆਂ ਨੂੰ ਬਜ਼ੁਰਗਾਂ ਦੀ ਦੁਰਬੋਧ ਸਿਆਣਪ ਦੇਣ ਦੀ ਬਜਾਏ ਉਨ੍ਹਾਂ ਦੀਆਂ ਜੀਵਨ-ਸੰਬੰਧਿਤ ਸਮੱਸਿਆਵਾਂ ਅਤੇ ਸਮਾਧਾਨਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਨੂੰ ਪਹਿਲ ਦਿੰਦੇ ਹਨ। ਪ੍ਰੋ. ਜੱਜ ਪਰਮਾਤਮਾ ਅਤੇ ਮਨੁੱਖੀ ਕਿਸਮਤ ਜਿਹੇ ਵਿਚਾਰਾਂ ਨੂੰ ਮੁਰਦਾ ਗਿਆਨ ਮੰਨਦੇ ਹੋਏ ਇਸਦਾ ਸੰਚਾਰ ਸਿਖਾਂਦਰੂਆਂ ਨੂੰ ਕਰਨ ਦੀ ਪ੍ਰਕ੍ਰਿਆ ਨੂੰ ਸਮੇਂ ਦੀ ਬਰਬਾਦੀ ਆਖਦੇ ਹਨ। ਜੇਮਜ਼ ਰੋਸ ਪੁਰਾਤਨ ਪੁਸਤਕਾਂ ਵਿਚੋਂ ਪ੍ਰਾਪਤ ਕੀਤੇ ਗਿਆਨ ਨੂੰ ਸੱਚਾ ਮੰਨਣ ਤੋਂ ਇਨਕਾਰ ਕਰਦੇ ਹੋਏ ਗਿਆਨ ਨੂੰ ਤਤਕਾਲੀ ਪ੍ਰਸਥਿਤੀਆਂ ਵਿੱਚ ਉਚਿਤ ਕਾਰਜ ਕਰਨ ਦੀ ਸ਼ਕਤੀ ਆਖਦੇ ਹਨ।[43]

ਅੰਤ ਵਿੱਚ ਇਹ ਆਖਿਆ ਜਾ ਸਕਦਾ ਹੈ ਕਿ ਪਰਿਣਾਮਵਾਦੀ ਸਿੱਖਿਆ ਚਿੰਤਨ ਇਸ ਭੌਤਿਕ ਸੰਸਾਰ ਦੀਆਂ ਤਤਕਾਲੀ ਮਨੁੱਖੀ ਲੋੜਾਂ ਨਾਲ ਸੰਬੰਧਿਤ ਹੈ। ਇਸਦੇ ਲਕਸ਼

Sri Satguru Jagjit Singh Ji eLibrary NamdhariElibrary@gmail.com

ਨਿਕਟ ਦ੍ਰਿਸ਼ਟੀ ਅਤੇ ਪ੍ਰਸਥਿਤੀਆਂ ਅਨੁਸਾਰ ਲਚਕੀਲੇ ਹਨ ਇਸ ਕਾਰਨ ਕੁਝ ਵਿਚਾਰਵਾਨ ਇਸ ਵਿਚਾਰਵਾਦ ਨੂੰ ਸ਼ੁੱਧ ਦਰਸ਼ਨ ਪ੍ਰਵਾਨ ਕਰਨ ਤੋਂ ਇਨਕਾਰ ਹੀ ਕਰਦੇ ਹਨ ।

1.3.3.2. ਪ੍ਰਕਿਰਤੀਵਾਦੀ ਸਿੱਖਿਆ ਵਿਚਾਰਧਾਰਾ

ਪ੍ਰਕਿਰਤੀਵਾਦੀ ਚਿੰਤਕ ਪਦਾਰਥਕ ਸੰਸਾਰ ਨੂੰ ਵਾਸਤਵਿਕ ਮੰਨਦੇ ਹਨ ਕਿਉਂ ਜੋ ਇਸਦਾ ਨਿਯੰਤਰਣ ਵਿਗਿਆਨਕ ਨਿਯਮਾਂ ਅਨੁਸਾਰ ਹੁੰਦਾ ਹੈ। ਮਨੁੱਖ, ਪ੍ਰਕਿਰਤੀ ਦਾ ਇੱਕ ਅਨਿੱਖੜ ਅਤੇ ਮਹੱਤਵਪੂਰਨ ਅੰਗ ਹੁੰਦੇ ਹੋਏ ਵੀ ਇਸਦੇ ਅਧੀਨ ਹੈ । ਹਰ ਦੁਨਿਆਵੀ ਤੱਥ ਪਿੱਛੇ ਪ੍ਰਕਿਰਤੀ ਨੂੰ ਵੇਖਦੇ ਹੋਏ ਇਹ ਚਿੰਤਕ ਇਨ੍ਹਾਂ ਤੱਥਾਂ ਅਤੇ ਯਥਾਰਥਾਂ ਨੂੰ ਹੀ ਵਾਸਤਵਿਕ ਪ੍ਰਵਾਨ ਕਰਦੇ ਹਨ। ਜਿਸ ਵਸਤੂ ਨੂੰ ਵੇਖਿਆ ਜਾਂ ਅਪਣਾਇਆ ਨਹੀਂ ਜਾ ਸਕਦਾ ਉਹ ਵੀ ਪ੍ਰਕਿਰਤੀ ਦਾ ਹੀ ਅੰਸ਼ ਹੈ ਜਿਸਨੂੰ ਤਲਾਸ਼ਣ ਲਈ ਵਿਗਿਆਨ ਦੀ ਸਹਾਇਤਾ ਲੈਣੀ ਆਵੱਸ਼ਕ ਹੈ। ਪ੍ਰਕਿਰਤੀਵਾਦੀ ਦਾ ਮੁੱਖ ਲਕਸ਼ ਮਨੁੱਖੀ ਸਵੈ ਨੂੰ ਵਿਕਸਿਤ ਕਰਨਾ ਹੈ । ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਮਨੁੱਖ ਦਾ ਸਿਹਤਮੰਦ ਵਿਕਾਸ ਕੁਦਰਤੀ ਵਾਤਾਵਰਨ ਵਿੱਚ ਹੀ ਸੰਭਵ ਹੈ ਨਾ ਕਿ ਮਨੁੱਖੀ ਸਿਰਜੇ ਗੈਰਕੁਦਰਤੀ ਚੌਗਿਰਦੇ ਵਿੱਚ। ਪ੍ਰਸਿੱਧ ਪ੍ਰਕਿਰਤੀਵਾਦੀ ਚਿੰਤਕ ਸਰ ਟੀ. ਪੀ. ਨੰਨ ਅਨੁਸਾਰ ਮਨੁੱਖੀ ਜੀਵਨ ਦਾ ਪਰਮ ਉਦੇਸ਼ ਵਿਅਕਤੀ ਦੀ ਸੰਪੂਰਨਤਾ ਹੈ। ਇਸ ਲਈ ਮਨੁੱਖੀ ਮਸ਼ੀਨਰੀ ਸਭਿਆਚਾਰ ਅਤੇ ਰਵਾਇਤਾਂ ਦਾ ਮੁਲੰਕਣ ਇਨ੍ਹਾਂ ਵਲੋਂ ਇਸ ਮੰਤਵ ਲਈ ਦਿੱਤੇ ਯੋਗਦਾਨ ਨੂੰ ਮੁੱਖ ਰਖਕੇ ਕੀਤਾ ਜਾਣਾ ਚਾਹੀਦਾ ਹੈ ।[44]

ਪ੍ਰਕਿਰਤੀਵਾਦੀ ਸਿੱਖਿਆ ਚਿੰਤਕਾਂ ਅਨੁਸਾਰ ਸਿੱਖਿਆ ਦਾ ਮੁੱਖ ਲਕਸ਼ ਮਨੁੱਖ ਦੇ ਸਵੈ-ਪ੍ਰਗਟਾਉ ਨੂੰ ਪ੍ਰਫੁਲਤ ਕਰਕੇ ਉਸਦੇ ਵਿਅਕਤਿੱਤਵ ਦਾ ਪੂਰਨ ਵਿਕਾਸ ਕਰਨਾ ਹੈ । ਇਹ ਕਾਰਜ ਮਨੁੱਖੀ ਪ੍ਰਤੀਕ੍ਰਿਆਵਾਂ ਨੂੰ ਸਥਾਪਿਤ ਕਰਕੇ ਜਾਂ ਪ੍ਰਵਿਰਤੀਆਂ ਦੀ ਸੰਤੁਸ਼ਟੀ ਨਾਲ ਨੇਪਰੇ ਚਾੜ੍ਹਿਆ ਜਾਂਦਾ ਹੈ।[45] ਮਨੁੱਖੀ ਵਿਅਕਤਿਤਵ ਦੇ ਵਿਕਾਸ ਲਈ ਸੁਤੰਤਰਤਾ ਅਤਿ ਅਵੱਸ਼ਕ ਹੈ। ਇਹ ਸਿੱਖਿਆ ਸ਼ਾਸਤਰੀ ਅਜਿਹੀ ਸਿੱਖਿਆ ਦੇ ਪੱਖ ਵਿੱਚ ਨਹੀਂ ਜੋ ਮਨੁੱਖ ਦੇ ਵਰਤਮਾਨ ਨੂੰ ਉਸਦੇ ਅਣਵੇਖੇ ਅਤੇ ਅਨਿਸ਼ਚਿਤ ਭਵਿੱਖ ਲਈ ਨਿਛਾਵਰ ਕਰਦੀ ਹੈ , ਪਾਬੰਦੀਆਂ ਲਗਾਉਂਦੀ ਹੈ ਅਤੇ ਉਸਨੂੰ ਕਿਸੇ ਅਜਿਹੇ ਦੁਰੇਡੇ ਆਨੰਦ ਦੀ ਪ੍ਰਾਪਤੀ ਲਈ ਤਿਆਰ ਕਰਦੀ ਹੈ ਜਿਸਨੂੰ ਉਹ ਮਾਣ ਨਹੀਂ ਸਕਦਾ । ਪ੍ਰਕਿਰਤੀਵਾਦੀ ਸਿੱਖਿਆ ਚਿੰਤਕ ਮਨੁੱਖੀ ਪ੍ਰਵਿਰਤੀਆਂ ਨੂੰ ਸਿੱਖਿਆ ਦੇ ਹਥਿਆਰ ਅਤੇ ਗਿਆਨ ਇੰਦਰੀਆਂ ਨੂੰ ਗਿਆਨ ਦੇ ਪ੍ਰਵੇਸ਼

Sri Satguru Jagjit Singh Ji eLibrary NamdhariElibrary@gmail.com

ਦੁਆਰਾ ਮੰਨਦੇ ਹਨ। ਅਧਿਆਪਕ ਦਾ ਕਾਰਜ ਸਿਖਿਆਰਥੀ ਦਾ ਪੱਥ ਪ੍ਰਦਰਸ਼ਨ ਕਰਨਾ ਹੈ ਤਾ ਕਿ ਉਸਤੇ ਆਪਣੇ ਆਦਰਸ਼ਾਂ ਅਤੇ ਇੱਛਾ ਸ਼ਕਤੀ ਨੂੰ ਠੋਸਣਾ ਹੈ । ਅਧਿਆਪਕ ਨੇ ਕੇਵਲ ਮੰਚ ਉਸਾਰਨਾ, ਸਮੱਗਰੀ ਤੇ ਅਵਸਰ ਪ੍ਰਦਾਨ ਕਰਕੇ ਆਦਰਸ਼ਕ ਵਾਤਾਵਰਨ ਉਪਲਬਧ ਕਰਵਾਉਣਾ ਅਤੇ ਸਿਖਾਦਰੂ ਦੇ ਸੁਭਾਵਿਕ ਵਿਕਾਸ ਲਈ ਢੁਕਵੀਆਂ ਪ੍ਰਸਥਿਤੀਆਂ ਉਤਪੰਨ ਕਰਨੀਆਂ ਹਨ। ਪ੍ਰਕਿਰਤੀਵਾਦੀ ਕੇਵਲ ਉਸ ਮਨੁੱਖ ਨੂੰ ਹੀ ਸਿੱਖਿਅਤ ਸਮਝਦਾ ਹੈ ਜਿਸਦਾ ਸਰੀਰ ਉਸਦੀਆਂ ਇੱਛਾਵਾਂ ਦਾ ਸੇਵਕ ਹੋਵੇ, ਉਹ ਆਪਣੀ ਸਮਰੱਥਾ ਅਨੁਸਾਰ ਹਰ ਕਾਰਜ ਨੂੰ ਆਸਾਨੀ ਅਤੇ ਖੁਸ਼ੀ ਨਾਲ ਕਰ ਸਕੇ, ਜਿਸਦੀ ਬੁੱਧੀ ਸਪਸ਼ਟ ਹੋਵੇ ਅਤੇ ਜਿਸਦੇ ਮਨ ਨੂੰ ਪ੍ਰਕਿਰਤੀ ਦੀਆਂ ਮਹਾਨ ਮੂਲ ਸਚਾਈਆਂ ਦਾ ਪੂਰਨ ਗਿਆਨ ਹੋਵੇ ।[46] ਸਾਰਾਂਸ਼ ਇਹ ਹੈ ਕਿ ਪ੍ਰਕਿਰਤੀਵਾਦੀ ਸਿੱਖਿਆ ਸ਼ਾਸਤਰੀ ਮਨੁੱਖੀ ਪ੍ਰਕਿਰਤੀ ਨੂੰ ਵਾਸਤਵ ਮੰਨਦਾ ਹੋਇਆ ਉਸਤੇ ਪੂਰਨ ਵਿਸ਼ਵਾਸ਼ ਰਖਦਾ ਹੈ। ਮਨੁੱਖੀ ਵਿਅਕਤਿਤਵ ਦੀ ਸੰਪੂਰਨ ਉਸਾਰੀ ਉਸ ਦਾ ਮੁੱਖ ਮੰਤਵ ਹੈ। ਇਹ ਸਿੱਖਿਆ ਦਰਸ਼ਨ ਮੁੱਖ ਤੋਰ ਤੇ ਸਿੱਖਿਆ ਵਾਤਾਵਰਨ ਨਾਲ ਸੰਬੰਧਿਤ ਹੈ ।

1.3.3.3. ਵਿਚਾਰਵਾਦੀ ਸਿੱਖਿਆ ਵਿਚਾਰਧਾਰਾ

ਵਿਚਾਰਵਾਦੀ ਚਿੰਤਕਾਂ ਦੀ ਧਾਰਨਾ ਹੈ ਕਿ ਸੰਸਾਰ ਦੀਆਂ ਪਦਾਰਥਕ ਵਸਤੂਆਂ ਵਾਸਤਵਿਕਤਾ ਦੀ ਸੰਪੂਰਨ ਅਭਿਵਿਅਕਤੀ ਨਹੀਂ ਕਰਦੀਆਂ । ਦ੍ਰਿਸ਼ਟਮਾਨ ਜਗਤ ਪਿੱਛੇ ਇੱਕ ਅਪਾਰ ਅਵਿਨਾਸ਼ੀ ਅਤੇ ਪਰਿਵਰਤਨਹੀਨ ਆਤਮਾ ਹੈ ਜੋ ਸ੍ਰਿਸ਼ਟੀ ਦੀ ਰਚਨਹਾਰ ਅਤੇ ਇਸਦਾ ਮੂਲ ਹੈ। ਇਹ ਆਤਮਾ ਹੀ ਪਰਮ ਸਚਾਈ ਹੈ। ਅਸਤਿੱਤਵ ਵਿੱਚ ਜਮਾਂਦਰੂ ਵਿਦਮਾਨ ਕੁਝ ਕਾਰਕਾਂ ਨੇ ਪਰਮਾਤਮਾ ਦੀ ਹੋਂਦ ਨੂੰ ਅਨਿਵਾਰੀ ਬਣਾ ਦਿੱਤਾ ਹੈ । ਮਨੁੱਖ ਪਰਮਾਤਮਾ ਦਾ ਇੱਕ ਅਨਿੱਖੜ ਅੰਗ ਹੈ, ਪਰਮਾਤਮਾ ਜਗਤ ਤੋਂ ਵੱਖਰਾ ਅਤੇ ਇਸ ਤੋਂ ਬਾਹਰ ਬਿਰਾਜਮਾਨ ਹੋ ਕੇ ਅਗਵਾਈ ਦੇਣ ਵਾਲਾ ਨਹੀਂ ਹੈ। ਪਰਮਾਤਮਾ ਸਰਵਵਿਆਪਕ ਹੈ ਜੋ ਭੌਤਿਕ ਸੰਸਾਰ ਦੇ ਕਿਣਕੇ ਕਿਣਕੇ ਵਿੱਚ ਮੌਜੂਦ ਹੈ। ਮਨੁੱਖ ਆਪਣੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਕੇ ਅਤੇ ਇਨ੍ਹਾਂ ਦੀ ਇਕਸੁਰਤਾ ਨੂੰ ਪੜਚੋਲ ਕੇ ਪਰਮ ਸੱਚ ਨੂੰ ਪ੍ਰਾਪਤ ਕਰ ਸਕਦਾ ਹੈ । ਇਸ ਆਤਮਾ ਦਾ ਬੋਧ ਅਤੇ ਮੁਕਤੀ ਹੀ ਜੀਵਨ ਦਾ ਪਰਮ ਉਦੇਸ਼ ਹੈ। ਮਨੁੱਖ ਨੂੰ ਰੂਹਾਨੀ ਬਖਸ਼ਿਸ਼ਾਂ ਵਿਰਾਸਤ ਤੋਂ ਨਹੀਂ ਮਿਲਦੀਆਂ । ਚੇਤੰਨ ਕੋਸ਼ਿਸ਼ਾਂ ਅਤੇ ਅਟੁਟ ਲਗਨ ਨਾਲ ਗੁਰੂ ਦੀ ਅਗਵਾਈ ਅਧੀਨ ਆਤਮਿਕ ਪ੍ਰਾਪਤੀਆਂ ਸੰਭਵ ਹਨ ।

ਵਿਚਾਰਵਾਦੀ ਮਨ ਦੀ ਅਧਿਕਤਮ ਉਪਾਸਨਾ ਕਰਦੇ ਹਨ। ਉਹ, ਮਨੁੱਖ ਅਤੇ ਸੰਸਾਰ ਦੀ ਪ੍ਰਗਤੀ ਲਈ ਉੱਤਰਦਾਈ ਮਨ ਦੇ ਵਿਗਾਸਾਉ ਵਿੱਚ ਵਿਸ਼ਵਾਸ਼ ਰਖਦੇ ਹਨ । ਮਨ ਹੀ ਨਵੇਂ ਵਿਚਾਰਾਂ ਦਾ ਸਿੱਖਣਹਾਰਾ ਅਤੇ ਸਥਾਪਿਤ ਵਰਤਾਰਿਆਂ ਦਾ ਵਿਆਖਿਆਕਾਰ ਹੈ। ਆਧੁਨਿਕ ਵਿਚਾਰਵਾਦੀ ਖਗੋਲ ਵਿਗਿਆਨ ਦੁਆਰਾ ਖੋਜੇ ਅਸੀਮ ਬ੍ਰਹਿਮੰਡ ਨੂੰ ਦਿਲਚਸਪੀ ਨਾਲ ਨਹੀਂ ਵੇਖਦਾ ਸਗੋਂ ਧੀਰਜ ਨਾਲ ਆਗ੍ਰਹਿ ਕਰਦਾ ਹੈ ਕਿ ਬ੍ਰਹਿਮੰਡ ਦਾ ਕਿਆਸ ਕਰਨ ਵਾਲਾ ਅਤੇ ਰਹੱਸਾਂ ਨੂੰ ਖੋਲ੍ਹਣ ਵਾਲਾ ਮਨ, ਇਸ ਬ੍ਰਹਿਮੰਡ ਤੋਂ ਕਿਤੇ ਮਹਾਨ ਹੈ ।[47]

ਮਨੁੱਖੀ ਮਨ ਦਾ ਸੰਪੂਰਨ ਵਿਗਾਸਾਉ ਉਸਨੂੰ ਰੂਹਾਨੀ ਆਦਰਸ਼ਾਂ, ਸਤਯੰ(ਸੱਚ) ਨੂੰ ਪਛਾਣਨ, ਸੁਦਰੰ (ਸੁੰਦਰਤਾ) ਦੀ ਪ੍ਰਸੰਸਾ ਕਰਨ ਅਤੇ ਸ਼ਿਵੰ(ਨੇਕੀ) ਕਰਨ ਦੇ ਸਮਰੱਥ ਬਣਾਉਂਦਾ ਹੈ। ਇਹ ਦਰਸ਼ਨਵੇਤਾ ਗਿਆਨ ਇੰਦਰੀਆਂ ਨਾਲੋਂ ਮਾਨਸਿਕ ਕ੍ਰਿਆਵਾਂ ਰਾਹੀਂ ਗਿਆਨ ਪ੍ਰਾਪਤੀ ਨੂੰ ਪਹਿਲ ਦਿੰਦੇ ਹਨ। ਮਨ ਦੀ ਨਿਵੇਕਲੀ ਵਿਸ਼ੇਸ਼ਤਾ ਉਸਦੀ ਚੇਤਨਤਾ ਹੈ ਜੋ ਸੰਵੇਦਨਾ ਨਾਲੋਂ ਭਿੰਨ ਹੈ। ਚੇਤਨਤਾ ਹੀ ਸੰਵੇਦਨਾਵਾਂ ਨੂੰ ਅਰਥ ਪ੍ਰਦਾਨ ਕਰਦੀ ਹੈ। ਇਹ ਮਨ ਦੀ ਅਦੁੱਤੀ ਸ਼ਕਤੀ ਹੈ ਜਿਸ ਦੁਆਰਾ ਮਨੁੱਖ ਆਤਮਿਕ ਪ੍ਰਭੁਸੱਤਾ ਹਾਸਿਲ ਕਰ ਲੈਂਦਾ ਹੈ । ਮਨੁੱਖ ਦਾ ਸੀਮਿਤ ਮਨ ਇਸਦੇ ਅਸੀਮ ਮਨ ਦੀ ਇੱਕ ਚਿੰਗਾੜੀ ਮਾਤਰ ਹੈ । ਮਨ ਕੋਈ ਜੈਵਿਕ ਵਸਤੂ ਨਹੀਂ ਸਗੋਂ ਇੱਕ ਅਜ਼ਲੀ ਚੀਜ਼ ਹੈ ਜੋ ਵਾਸਤਵਿਕਤਾ ਦਾ ਮੂਲ ਤੱਤ ਹੈ। ਉਸ ਸਰਵਵਿਆਪਕ ਮਨ ਵਿੱਚ ਸਮੂਹ ਵਸਤੂ ਜਗਤ, ਸਾਰੀਆਂ ਸ਼ਕਤੀਆਂ, ਸਰਵ ਕਾਲ ਤੇ ਸਥਾਨ ਅਤੇ ਮਨੁੱਖੀ ਮਨ ਸੰਮਿਲਤ ਹਨ। ਉਹ ਪਰਮ ਚਿੰਤਕ ਅਤੇ ਪਰਮ ਆਤਮਾ ਹੈ। ਇਸ ਲਈ ਪ੍ਰਭੂ-ਪ੍ਰਾਪਤੀ ਅਤੇ ਆਤਮ-ਸਿੱਧੀ ਹੀ ਮਨੁੱਖੀ ਜੀਵਨ ਦਾ ਪਰਮ ਲਕਸ਼ ਹੈ ।

ਵਿਚਾਰਵਾਦੀ ਇੱਕ ਨਿਰਪੇਖ, ਸਦੀਵੀ ਤੇ ਤ੍ਰਿਕਾਲੀ ਮੁੱਲਾਂ ਅਤੇ ਆਦਰਸ਼ਾਂ ਵਾਲੇ ਜੀਵਨ ਦਾ ਸਮਰਥਕ ਹੈ । ਉਹ ਮਨੁੱਖੀ ਜੀਵਨ ਦੇ ਸਰਵੋਤਮ ਰੂਪ ਦੀ ਸ੍ਰੇਸ਼ਠਤਾ ਅਤੇ ਖੋਜ ਤੇ ਜ਼ੋਰ ਦਿੰਦਾ ਹੋਇਆ ਮਨੁੱਖੀ ਸ਼ਖਸ਼ੀਅਤ ਨੂੰ ਸ੍ਰੇਸ਼ਠਤਮ ਵਸਤੂ ਅਤੇ ਪਰਮਾਤਮਾ ਦੀ ਸਰਵੋਤਮ ਰਚਨਾ ਮੰਨਦਾ ਹੈ ।[48] ਮਾਨਵਵਾਦੀ ਦਾ ਨਾਹਰਾ ਹੈ , " ਮਨੁੱਖੀ ਵਿਅਕਤਿਤਵ ਨੂੰ ਬੁਲੰਦ ਕਰੋ ।" ਜੀ.ਐਮ.ਐਲਪਰਟ ਵਾਤਾਵਰਣ ਵਿੱਚ ਮਨੁੱਖ ਦੇ ਸਮਾਯੋਜਨ ਦੀ ਵਿਲੱਖਣਤਾ ਨੂੰ ਪਰਿਭਾਸ਼ਿਤ ਕਰਨ ਵਾਲੀ ਗਤੀ ਵਿਵਸਥਾ ਨੂੰ ਵਿਅੱਕਤਿਤਵ ਆਖਦਾ ਹੈ। ਇਹ ਵਿਲੱਖਣਤਾ ਸੰਪੂਰਨ ਮਾਨਸਿਕ ਵਿਗਾਸਾਉ । ਆਤਮਿਕ ਮੁਕਤੀ ਅਤੇ ਉੱਚ ਕਦਰਾਂ ਕੀਮਤਾਂ ਦੀ ਸਾਕਾਰਤਾ

ਦੁਆਰਾ ਹੀ ਪਨਪਦੀ ਹੈ ।

ਵਿਚਾਰਵਾਦੀ ਚਿੰਤਕ ਸਿੱਖਿਆ ਦਾ ਲਕਸ਼ ਮਨੁੱਖੀ ਅਥਾਹ ਅੰਤ੍ਰਿਕ ਸਮਰੱਥਾਵਾਂ ਦੀ ਪੂਰਨ ਸਾਕਾਰਤਾ ਕਰਕੇ ਉਸਦੇ ਵਿਅੱਕਤਿਤਵ ਦਾ ਸੰਪੂਰਨ ਵਿਕਾਸ ਮੰਨਦੇ ਹਨ। ਮਨੁੱਖ, ਇਹ ਉਦੇਸ਼ ਸਮਾਜਿਕ ਸੰਦਰਭ ਵਿੱਚ ਹੀ ਆਤਮ-ਸਿੱਧੀ ਦੁਆਰਾ ਪ੍ਰਾਪਤ ਕਰ ਸਕਦਾ ਹੈ । ਮਹਾਨ ਵਿਚਾਰਕ ਰਸਕ ਦਾ ਮੱਤ ਹੈ ਕਿ ਸਿੱਖਿਆ ਦਾ ਮਨੋਰਥ ਮਨੁੱਖਤਾ ਨੂੰ ਅਧਿਕਤਮ ਸੰਪੂਰਨਤਾ ਨਾਲ ਰੂਹਾਨੀ ਮੰਡਲ ਵਿੱਚ ਪ੍ਰਵੇਸ਼ ਕਰਨ ਅਤੇ ਇਸਦੀਆਂ ਸੀਮਾਵਾਂ ਨੂੰ ਹੋਰ ਵਿਸ਼ਾਲ ਕਰਨ ਦੇ ਯੋਗ ਬਣਾਉਣਾ ਹੈ। ਸਿੱਖਿਆ ਹੀ ਮਨੁੱਖੀ ਮੁਢਲੀ ਪ੍ਰਵਿਰਤੀ ਨੂੰ ਰੂਹਾਨੀ ਪ੍ਰਵਿਰਤੀ ਵਿੱਚ ਬਦਲਦੀ ਹੈ। ਸਿੱਖਿਆ ਦਾ ਕਾਰਜ ਮਨੁੱਖ ਦੀਆਂ ਅੰਤ੍ਰਿਕ ਦੈਵੀ ਸ਼ਕਤੀਆਂ ਨੂੰ ਪ੍ਰਗਟਾ ਕੇ ਉਨ੍ਹਾਂ ਨੂੰ ਮਨੁੱਖ ਦੇ ਚੇਤਨਤਾ ਪੱਧਰ ਤੱਕ ਲੈ ਕੇ ਜਾਣਾ ਹੈ। ਸਿੱਖਿਆ ਨੂੰ ਇਸ ਪ੍ਰਕਾਰ ਵਿਉਂਤਬੰਦ ਕੀਤਾ ਜਾਣਾ ਚਾਹੀਦਾ ਹੈ ਕਿ ਆਤਮਾ ਦੀਆਂ ਸਦਾਚਾਰਕ, ਬੌਧਿਕ ਅਤੇ ਸੁਹਜਵਾਦੀ ਕਿਰਿਆਵਾਂ ਉਜਾਗਰ, ਵਿਕਸਿਤ ਅਤੇ ਸਾਕਾਰ ਹੋ ਸਕਣ। ਵਿਚਾਰਵਾਦੀ ਜੇਮਜ਼ ਰੋਸ ਸਰੀਰਕ ਤੰਦਰੁਸਤੀ ਵੱਲ ਵੀ ਵਿਸ਼ੇਸ਼ ਧਿਆਨ ਦੇਣ ਦੀ ਆਵੱਸ਼ਕਤਾ ਤੇ ਜ਼ੋਰ ਦਿੰਦਾ ਹੈ ਕਿਉਂਕਿ ਅਸਵਸਥ ਸਰੀਰ ਨਾਲ ਆਤਮਿਕ ਕੀਮਤਾਂ ਦਾ ਅਨੁਸਰਨ ਨਹੀਂ ਕੀਤਾ ਜਾ ਸਕਦਾ । ਸਦਾਚਾਰਕ ਕੀਮਤਾਂ ਜੋ ਕਿ ਰੂਹਾਨੀ ਹੁੰਦੀਆਂ ਹਨ ਕੇਵਲ ਸਰੀਰਕ ਕ੍ਰਿਆਵਾਂ ਵਿੱਚ ਹੀ ਪਨਪ ਸਕਦੀਆਂ ਹਨ । ਇੱਕ ਸਿੱਖਿਆ-ਪ੍ਰਾਪਤ ਮਨੁੱਖ ਦਾ ਕਰਤੱਵ ਹੈ ਕਿ ਉਹ ਵਿਰਾਸਤ ਤੋਂ ਗ੍ਰਹਿਣ ਕੀਤੇ ਸੱਭਿਆਚਾਰ ਦਾ ਕੇਵਲ ਪ੍ਰਤਿਪਾਲਣ ਹੀ ਨਾ ਕਰੇ ਬਲਕਿ ਉਸ ਵਿੱਚ ਯੋਗਦਾਨ ਵੀ ਪਾਵੇ । ਅਜਿਹਾ ਮਨੁੱਖ ਹੀ ਨਵੀਆਂ ਕੀਮਤਾਂ ਦਾ ਸਿਰਜਣਹਾਰਾ ਬਣ ਕੇ ਸਮਾਜ ਦਾ ਇੱਕ ਉਪਯੋਗੀ ਔਸ਼ਦਾਈ ਸਦੱਸਯ ਬਣ ਕੇ ਮਨੁੱਖਤਾ ਦੀ ਸੇਵਾ ਕਰਦਾ ਹੈ। ਸਿੱਖਿਆ ਲਈ ਆਵੱਸ਼ਕ ਹੈ ਕਿ ਮਨੁੱਖਾਂ ਨੂੰ ਉਕਸਾਊ ਅਨੁਭਵ ਪ੍ਰਦਾਨ ਕਰਕੇ ਉਨ੍ਹਾਂ ਦੀਆਂ ਅੰਤਰੀਵੀ ਸਮਰੱਥਾਵਾਂ ਨੂੰ ਉਜਾਗਰ ਕੀਤਾ ਜਾਵੇ। ਗਿਆਨ ਭਾਵੇਂ ਸਿੱਖਿਆ ਦਾ ਇੱਕ ਮਹੱਤਵਪੂਰਨ ਅੰਗ ਹੈ ਪਰੰਤੂ ਇਸਦੀ ਪ੍ਰਾਪਤੀ ਹੀ ਸਿੱਖਿਆ ਦਾ ਪਰਮ ਉਦੇਸ਼ ਨਹੀਂ ਹੈ। ਗਿਆਨਵਾਨ ਮਨੁੱਖ ਦੀ ਮਾਨਸਿਕ ਕਿਰਿਆ ਪ੍ਰਸੰਨਤਾ ਅਤੇ ਪਿਆਰ ਸਹਿਤ ਸਿੱਖਿਆ ਗ੍ਰਹਿਣ ਕਰਨ ਲਈ ਉਸਨੂੰ ਉਤਸਾਹਿਤ ਕਰੇਗੀ ਜਿਸ ਨਾਲ ਉਸਦਾ ਵਿਅੱਕਤਿੱਤਵ ਉੱਚਾ ਉਠੇਗਾ । ਗਿਆਨ ਹੀ ਵਸਤੂਆਂ ਦੀ ਨਵੀਨ ਵਿਵਸਥਾ ਦੀ ਜਾਣਕਾਰੀ ਮਨੁੱਖ ਨੂੰ ਯੋਜਨਾ-ਬੱਧ ਅਤੇ ਸੁਵਿਚਾਰਤ ਵਿਧੀ ਨਾਲ ਕਰਵਾਉਂਦਾ ਹੈ । ਮਨੁੱਖੀ ਸਵੈ ਨੂੰ ਉਜਾਗਰ ਕਰਨ ਲਈ ਨਿਯਮਿਤ ਤੇ ਦਿਸ਼ਾ ਨਿਰਦੇਸ਼ਿਤ ਸੁਤੰਤਰਤਾ ਅਤੇ ਸੁਚਾਰੂ ਕਿਰਿਆ ਪਰਮ ਆਵੱਸ਼ਕ ਹੈ ਜੋ ਗਿਆਨ ਹੀ ਉਪਲਬਧ ਕਰਵਾ ਸਕਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਵਿਚਾਰਵਾਦੀ ਸਿੱਖਿਆ ਸ਼ਾਸਤਰੀ ਬੌਧਿਕ ਅਧਿਐਨ ਅਤੇ ਵਿਧੀਆਂ ਨੂੰ ਉੱਚਤਮ ਸਥਾਨ ਦਿੰਦੇ ਹਨ । ਗੁਰੂ ਨਾਨਕ ਦੇਵ ਜੀ ਦਾ ਸ਼ੁਭ ਕਥਨ ਹੈ "

ਅਕਲੀ ਸਾਹਿਬੁ ਸੇਵੀਐ
ਅਕਲੀ ਪਾਈਐ ਮਾਨੁ ।।
ਅਕਲੀ ਪੜਿ ਕੈ ਬੁਝੀਐ
ਅਕਲੀ ਕੀਚੈ ਦਾਨੁ ।।[49]

ਵਿਚਾਰਵਾਦੀ ਸਿੱਖਿਆ ਚਿੰਤਕਾਂ ਦਾ ਅਨੁਸ਼ਾਸਨ ਸੰਕਲਪ ਅਤੇ ਸਿਧਾਂਤਵਾਦ ਵੀ ਮਨੁੱਖੀ ਸੁਤੰਤਰਤਾ ਤੇ ਆਧਾਰਿਤ ਹੈ। ਉਨ੍ਹਾਂ ਦਾ ਮੁੱਖ ਸਰੋਕਾਰ ਮਨੁੱਖ ਦੀ ਇੱਛਾ ਸ਼ਕਤੀ ਨੂੰ ਕਿਸੇ ਸਰਬਸਮਰੱਥ ਬਾਹਰੀ ਸੱਤਾ ਦੇ ਨਿਯੰਤ੍ਰਣ ਦੁਆਰਾ ਸਮਸੁਰ ਕਰਨਾ ਹੈ । ਸਿੱਖਿਆਰਥੀ ਦੇ ਮਨ ਅਤੇ ਚੇਤਨਤਾ ਨੂੰ ਇਸ ਪ੍ਰਕਾਰ ਕ੍ਰਿਆਸ਼ੀਲ ਕੀਤਾ ਜਾਂਦਾ ਹੈ ਕਿ ਉਹ ਸੁਤੰਤਰਤਾ ਵੈਰਾਨ ਦੇ ਯੋਗ ਹੋ ਜਾਵੇ। ਜੇ ਸੁਤੰਤਰਤਾ ਦਾ ਸੰਯੋਜਨ ਮਨੁੱਖ ਦੀ ਸਿਰਜਨਾਤਮਿਕ ਸ਼ਕਤੀ , ਸਵੈ-ਕ੍ਰਿਆ ਅਤੇ ਮੌਲਿਕਤਾ ਨਾਲ ਕਰ ਦਿੱਤਾ ਜਾਵੇ ਤਾਂ ਅਨੁਸ਼ਾਸਨਹੀਨਤਾ ਦੀ ਸਮੱਸਿਆ ਹੀ ਖ਼ਤਮ ਹੋ ਜਾਂਦੀ ਹੈ। ਅਧਿਆਪਕ ਆਪਣੀ ਉੱਚੀ ਸ਼ਖਸ਼ੀਅਤ ਨਾਲ ਵਿਦਿਆਰਥੀਆਂ ਉੱਤੇ ਵਿਅਕਤੀਗਤ ਅਤੇ ਗੈਰ-ਵਿਅੱਕਤੀਗਤ ਦੋਵੇਂ ਪ੍ਰਕਾਰ ਦੇ ਪ੍ਰਭਾਵ ਪਾਉਂਦਾ ਹੈ। ਇਸ ਲਈ ਆਪਣੇ ਪਹੁੰਚ ਢੰਗਾਂ ਵਿੱਚ ਉਹ ਅਧਿਕਾਰਕ ਵੀ ਹੁੰਦਾ ਹੈ। ਉਹ ਵਿਦਿਆਰਥੀਆਂ ਦੀਆਂ ਆਪ-ਹੁਦਰੀਆਂ ਪ੍ਰਵਿਰਤੀਆਂ ਨਾਲੋਂ ਅਨੁਸ਼ਾਸਨ ਨੂੰ ਵੱਧ ਮਹੱਤਵ ਦਿੰਦਾ ਹੈ । ਕੀਮਤਾਂ ਨੂੰ ਮੌਤਰਿਮ ਮੰਨਣ ਨਾਲ ਅਜਿਹਾ ਸੰਭਵ ਨਹੀਂ ਹੋ ਸਕਦਾ ।[50]

ਵਿਚਾਰਵਾਦੀ ਸਿੱਖਿਆ ਦਰਸ਼ਨ ਵਿੱਚ ਅਧਿਆਪਕ ਦੀ ਵਿਸ਼ੇਸ਼ ਭੂਮਿਕਾ ਹੈ। ਸਿੱਖਿਆ ਦਾਰਸ਼ਨਿਕ ਰੋਸ ਦਾ ਵਿਚਾਰ ਹੈ ਕਿ ਅਧਿਆਪਕ ਇੱਕ ਵਿਸ਼ੇਸ਼ ਪ੍ਰਕਾਰ ਦਾ ਵਾਤਾ-ਵਰਨ ਉਸਾਰਦਾ ਹੈ ਜੋ ਸਿਖਿਆਰਥੀ ਨੂੰ ਯਥਾਰਥ ਦੇ ਨਿਕਟ ਅਤੇ ਪਰਮ ਸੰਪੂਰਨਤਾ ਵੱਲ ਲੈ ਕੇ ਜਾਣ ਵਿੱਚ ਸਹਾਈ ਹੁੰਦਾ ਹੈ। ਇੱਕ ਸਿੱਖਿਅਕ ਆਪਣੀਆਂ ਕੋਸ਼ਿਸ਼ਾਂ ਸਦਕਾ ਸਿਖਾਂਦਰੂ ਨੂੰ ਉਸ ਪੱਧਰ ਤੇ ਪਹੁੰਚਾ ਦਿੰਦਾ ਹੈ ਜਿਥੇ ਉਹ ਆਪਣੀ ਕੁਦਰਤੀ ਵਿਕਾਸ ਸ਼ਕਤੀ ਨਾਲ ਨਹੀਂ ਪੁੱਜ ਸਕਦਾ । ਅਧਿਆਪਕ, ਜਾਗਰੂਕ ਅਤੇ ਪ੍ਰਭਾਵਸ਼ਾਲੀ ਵਿਅੱਕਤਿਤਵ ਦਾ ਮਾਲਕ ਹੋਵੇ । ਉਹ ਵਿਦਿਆਰਥੀਆਂ ਅੰਦਰ ਸਵੈ-ਵਿਸ਼ਵਾਸ਼ ਨੂੰ ਜਗਾ ਕੇ ਸਵੈ-ਸਿੱਖਿਆ ਅਤੇ

Sri Satguru Jagjit Singh Ji eLibrary NamdhariElibrary@gmail.com

ਸਵੈ-ਵਿਕਾਸ ਨੂੰ ਉਤਸ਼ਾਹਿਤ ਕਰੇ । ਸਮੁੱਚੇ ਤੌਰ ਤੇ ਵਿਚਾਰਵਾਦੀ ਸਿੱਖਿਆ ਦਰਸ਼ਨ ਮਨੁੱਖ ਦੇ ਵਿਅੱਕਤਿੱਤਵ ਨੂੰ ਉਚਿਆਉਣ ਤੇ ਜ਼ੋਰ ਦਿੰਦਾ ਹੈ ਜੋ ਕਿ ਇੱਕ ਪ੍ਰਤਿਸ਼ਠਿਤ ਅਧਿਆਪਕ ਤੋਂ ਪ੍ਰਾਪਤ ਕੀਤੀ ਆਤਮ-ਸਿੱਧੀ, ਉਸਦੇ ਆਪਣੇ ਆਤਮਿਕ ਗਿਆਨ ਅਤੇ ਸਵੈ-ਅਨੁਸ਼ਾਸਨ ਦਾ ਪਰਿਣਾਮ ਹੈ ।

ਵਿਚਾਰਵਾਦੀ ਸਿੱਖਿਆ ਦਰਸ਼ਨ ਦੇ ਉਦੇਸ਼ ਚੀਰਸਥਾ ਕਾਲੀਨ ਹਨ । ਇਹ ਮਨੁੱਖੀ ਵਿਅੱਕਤਿਤਵ ਦੇ ਆਤਮਿਕ ਪੱਖ ਤੇ ਅਧਿਕ ਜ਼ੋਰ ਦਿੰਦਾ ਹੈ । ਸਿੱਖਿਆ ਦਾ ਲਕਸ਼ ਸੰਸਾਰਿਕ ਪਦਾਰਥਾਂ ਦੀ ਪ੍ਰਾਪਤੀ ਲਈ ਹੋੜ ਨਹੀਂ ਸਗੋਂ ਪਰਮਸੱਚ ਦੀ ਤਲਾਸ਼ ਲਈ ਨਿਰੰਤਰ ਯਤਨਸ਼ੀਲ ਹੋਣਾ ਹੈ ।

### 1.5.3.4. ਮਾਨਵਵਾਦੀ ਸਿੱਖਿਆ ਵਿਚਾਰਧਾਰਾ

ਮਾਨਵਤਾਵਾਦ ਦਾ ਸਹਿਜ ਅਰਥ ਹੈ ਮਨੁੱਖੀ -ਅਸਤਿਤਵਵਾਦ ਭਾਵ ਧੱਦਵੀ, ਜਾਤ, ਲਿੰਗ, ਸਥਾਨ ਅਤੇ ਸੰਪਰਦਾਇਕ ਵਿਤਕਰਿਆਂ ਦੀ ਅਵਹੇਲਨਾ ਕਰਕੇ ਮਨੁੱਖੀ ਹਿੱਤਾਂ ਨਾਲ ਲਗਾਉ। ਮਨੁੱਖ ਨੂੰ ਆਪਣੇ ਚਿੰਤਨ ਦੇ ਕੇਂਦਰ ਵਿੱਚ ਰੱਖਣ ਦੇ ਬਾਵਜੂਦ ਮਾਨਵਤਾਵਾਦੀ ਦੋ ਧੜਿਆਂ ਵਿੱਚ ਵੰਡੇ ਹੋਏ ਹਨ। ਪਦਾਰਥਵਾਦੀ ਅਤੇ ਧਰਮ-ਨਿਰਪੱਖਤਾਵਾਦੀ ਇਸ ਭੌਤਿਕ ਦ੍ਰਿਸ਼ਟੀ ਨੂੰ ਸਮੂਹ ਮਨੁੱਖੀ ਗਤੀਵਿਧੀਆਂ ਦਾ ਰੰਗਮੰਚ ਮੰਨਦੇ ਹਨ। ਉਨ੍ਹਾਂ ਨੂੰ ਦ੍ਰਿਸ਼ਟਮਾਨ ਜਗਤ ਤੋਂ ਪਰੇ ਪਰਲੋਕ ਦੀ ਕਲਪਣਾ ਕਰਦੇ ਪਰਾਭੌਤਿਕਵਾਦ ਵਿੱਚ ਕੋਈ ਦਿਲਚਸਪੀ ਨਹੀਂ। ਇਨਾਂ ਦਾ ਵਿਸ਼ਵਾਸ਼ ਹੈ ਕਿ ਪਦਾਰਥ ਹੀ ਸੱਚ ਹੈ ਅਤੇ ਮਨ ਇਸਦਾ ਪ੍ਰਤਿਬਿੰਬ ਹੈ । ਇਸ ਲਈ ਉਹ ਪਦਾਰਥਕ ਪਰਸਥਿਤੀਆਂ ਨੂੰ ਮਾਨਵੀ ਖੁਸ਼ੀਆਂ ਦੀਆਂ ਪਰਮ ਨਿਰਧਾਰਕ ਮੰਨਦੇ ਹਨ। ਉਹ ਮਨੁੱਖੀ ਜੀਵਨ ਨੂੰ ਵਾਤਾਵਰਣਿਕ ਪਦਾਰਥਕ ਸ਼ਕਤੀਆਂ ਤੋਂ ਪ੍ਰਭਾਵਿਤ ਹੋਇਆ ਮੰਨਦੇ ਹਨ। ਮਹਾਨ ਰੂਸੀ ਚਿੰਤਕ ਅਤੇ ਲੇਖਕ ਮੈਕਸਿਮ ਗੋਰਕੀ ਦਾ ਵਿਚਾਰ ਹੈ ਕਿ " ਮਨੁੱਖ ਦੀ ਹੋਂਦ ਤੋਂ ਬਾਹਰ ਵਿਚਾਰਾਂ ਦਾ ਕੋਈ ਅਸਤਿਤਵ ਨਹੀਂ ਹੈ। ਮਨੁੱਖ ਹੀ ਸਾਰੀਆਂ ਵਸਤੂਆਂ ਅਤੇ ਵਿਚਾਰਾਂ ਦਾ ਜਨਮਦਾਤਾ ਹੈ। ਉਹ ਚਮਤਕਾਰੀ ਅਤੇ ਸਮੂਹ ਪ੍ਰਕਿਰਤਕ ਸ਼ਕਤੀਆਂ ਦਾ ਸਵਾਮੀ ਹੈ। ਸੰਸਾਰ ਵਿੱਚ ਜੋ ਵੀ ਸੁੰਦਰ ਹੈ ਸਭ ਮਨੁੱਖੀ ਪਰਿਸ਼ਰਮ ਦੀ ਦੇਣ ਹਨ ।"[51]

ਇਨ੍ਹਾਂ ਵਿਚਾਰਵਾਨਾਂ ਅਨੁਸਾਰ ਵਾਤਾਵਰਣਿਕ ਪ੍ਰਸਥਿਤੀਆਂ ਅਤੇ ਸ਼ਕਤੀਆਂ

Sri Satguru Jagjit Singh Ji eLibrary NamdhariElibrary@gmail.com

ਨੂੰ ਮਨੁੱਖ ਹੀ ਆਪਣੀਆਂ ਬੌਧਿਕ ਕੋਸ਼ਿਸ਼ਾਂ ਨਾਲ ਨਿਯੰਤ੍ਰਿਤ ਕਰਦਾ ਹੈ। ਉਹ ਮਨੁੱਖੀ ਵਿਕਾਸ ਵਿਚ ਆਸਥਾ ਰਖਦੇ ਹਨ। ਇਨ੍ਹਾਂ ਮਾਨਵਵਾਦੀਆਂ ਦਾ ਨੈਤੀ-ਸਿਧਾਂਤ ਸੰਸਾਰਿਕ ਪ੍ਰਕ੍ਰਿਆਵਾਂ ਵਿੱਚੋਂ ਉਪਜਦਾ ਹੈ। ਉਹ ਅਟੱਲ ਸਚਾਈਆਂ ਨੂੰ ਅਪ੍ਰਵਾਨ ਕਰਕੇ ਮਾਨਵਤਾ ਦੀ ਪ੍ਰਗਤੀ ਲਈ ਇਨ੍ਹਾਂ ਸਚਾਈਆਂ ਵਿਚ ਪਰਿਵਰਤਨ ਲਿਆਉਣਾ ਅਨਿਵਾਰੀ ਸਮਝਦੇ ਹਨ। ਉਹ ਪਰਮਾਤਮਾ ਨਾਲੋਂ ਮਨੁੱਖੀ ਸੇਵਾ ਨੂੰ ਪਹਿਲ ਦਿੰਦੇ ਹਨ। ਮਾਨਵਤਾਵਾਦੀਆਂ ਦਾ ਦੂਜਾ ਪੜ੍ਹਾ ਧਾਰਮਿਕ ਮਾਨਵਤਾਵਾਦੀਆਂ ਦਾ ਹੈ। ਇਸ ਵਿਚਾਰਧਾਰਾ ਦੇ ਚਿੰਤਕ ਪਰਮਾਤਮਾ ਨੂੰ ਮਨੁੱਖੀ ਅਨੁਭਵ ਰਾਹੀਂ ਪ੍ਰਾਪਤ ਕਰਨ ਦੇ ਸਮਰਥਕ ਹਨ । ਇਹ ਚਿੰਤਕ ਪਰਮਾਤਮਾ ਦਾ ਪੂਰਨ ਵਿਸ਼ਵਾਸੀ ਹੈ ਤੇ ਵੀ ਉਸ ਸਾਰੇ ਗਿਆਨ ਅਤੇ ਵਿਚਾਰਾਂ ਨੂੰ ਵਿਅਕਤੀਗਤ ਅਨੁਭਵਾਂ ਦੁਆਰਾ ਪਰਖਣਾ ਲੋਚਦਾ ਹੈ। ਮਨੁੱਖ, ਆਧੁਨਿਕ ਵਿਗਿਆਨ ਦੀ ਸਹਾਇਤਾ ਨਾਲ ਸਮਾਜਿਕ ਰਿਸ਼ਤਿਆਂ ਰਾਹੀਂ ਵੀ ਪਰਮਾਤਮਾ ਨਾਲ ਇਕਮਿੱਕ ਹੋ ਸਕਦਾ ਹੈ।[52] ਸਵਾਮੀ ਵਿਵੇਕਾਨੰਦ ਮਨੁੱਖੀ ਸਰੀਰ ਵਿੱਚ ਬਿਰਾਜਮਾਨ ਮਨੁੱਖੀ ਆਤਮਾ ਨੂੰ ਹੀ ਅਰਾਧਨਯੋਗ ਪਰਮਾਤਮਾ ਆਖਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਨਿਰਸੰਦੇਹ ਸਾਰੇ ਜਾਨਵਰ ਵੀ ਮੰਦਿਰ ਹਨ ਪਰੰਤੂ ਇਨ੍ਹਾਂ ਵਿੱਚੋਂ ਮਨੁੱਖ ਸਰਵੋਚ ਅਰਥਾਤ ਮੰਦਰਾਂ ਦਾ ਤਾਜਮਹੱਲ ਹੈ। ਜੇ ਮੈਂ ਇਸ ਮੰਦਿਰ ਵਿੱਚ ਪੂਜਾ ਨਹੀਂ ਕਰ ਸਕਦਾ ਤਾਂ ਹੋਰ ਕੋਈ ਵੀ ਮੰਦਿਰ ਲਾਭਕਾਰੀ ਨਹੀਂ ਹੋਵੇਗਾ । ਜਿਸ ਸਮੇਂ ਮੈਂ ਹਰ ਮਨੁੱਖੀ ਸਰੀਰ ਵਿੱਚ ਬਿਰਾਜਮਾਨ ਪਰਮਾਤਮਾ ਨੂੰ ਅਨੁਭਵ ਕਰ ਲਿਆ ਤਾਂ ਮੈਂ ਬੰਧਨ-ਮੁਕਤ ਹੋ ਜਾਵਾਂਗਾ ।[53] ਰਬਿੰਦਰ ਨਾਥ ਟੈਗੋਰ ਵੀ ਪਰਮਾਤਮਾ ਦੇ ਸਾਰੇ ਅਭਿਵਿਅੰਜਨਾਂ ਵਿੱਚੋਂ ਮਨੁੱਖ ਨੂੰ ਵਿਲੱਖਣ ਸਮਝ ਕੇ ਆਪਣੇ ਧਰਮ ਨੂੰ " ਮਨੁੱਖ ਦਾ ਧਰਮ " ਆਖਦੇ ਹਨ ਕਿਉਂਕਿ ਬੇਅੰਤ (ਪਰਮਾਤਮਾ) ਮਾਨਵਤਾ ਵਿੱਚ ਹੀ ਪਰਿਭਾਸ਼ਿਤ ਹੁੰਦਾ ਹੈ। ਇਹ ਧਾਰਮਿਕ ਮਾਨਵਤਾਵਾਦੀ ਰੱਬ ਨੂੰ ਇੱਕ ਤਾਨਾਸ਼ਾਹ ਹਾਕਮ ਸਮਝਣ ਦੀ ਬਜਾਏ ਮਿਹਰਵਾਨ ਪਿਤਾ ਅਤੇ ਸੁਹਿਰਦ ਆਗੂ ਮੰਨਦੇ ਹਨ। ਉਹ ਰੱਬ ਨਾਲ ਅਤੇ ਹਮਸਾਏ ਨਾਲ ਪਿਆਰ ਕਰਨ ਨੂੰ ਸਮਾਨ ਸਮਝਦੇ ਹਨ। ਰੱਬੀ ਆਦੇਸ਼ਾਂ ਨੂੰ ਸਮਝਣ ਲਈ ਉਹ ਧਰਮ ਪ੍ਰਚਾਰ ਨਾਲੋਂ ਸਿੱਖਿਆ ਤੇ ਅਧਿਕ ਟੇਕ ਰੱਖਦੇ ਹਨ ।[54]

ਸਾਰੇ ਮਾਨਵਤਾਵਾਦੀ ਮਨੁੱਖੀ ਭਰਾਤ੍ਰੀ ਭਾਵ ਵਿੱਚ ਅਟੱਲ ਵਿਸ਼ਵਾਸ਼ ਰਖਦੇ ਹੋਏ ਵਿਭਿੰਨ ਸਮਾਜਿਕ ਸ਼੍ਰੇਣੀਆਂ ਵਿਚਕਾਰਲੇ ਰੂੜ੍ਹੀਵਾਦੀ ਪ੍ਰਤਿਬੰਧਾਂ ਨੂੰ ਹਟਾਉਣ ਦੀ ਪ੍ਰੋੜ੍ਹਤਾ ਕਰਦੇ ਹਨ । ਮਾਨਵਤਾਵਾਦੀ ਅਮਨਪੁਜਾਰੀ ਅਤੇ ਸ਼੍ਰੇਣੀ ਰਹਿਤ ਅੰਤਰਰਾਸ਼ਟਰੀ ਸੱਭਿਆਚਾਰ ਦੇ ਸਮਰਥਕ ਹਨ। ਉਹ ਮਾਨਵਤਾ ਦੇ ਹਰ ਦੁੱਖ ਨੂੰ ਵੰਡਾਉਣ ਇੱਕ ਪਵਿੱਤਰ ਕਾਰਜ ਸਮਝਦੇ ਹਨ। ਉਹ ਕਿਸੇ ਵੀ ਦੇਸ਼ ਦੇ ਲੋਕਾਂ ਵਿਰੁੱਧ ਵਿਤਕਰੇ ਨੂੰ ਸਹਿਨ ਨਹੀਂ ਕਰਦੇ । ਮਾਨਵਤਾਵਾਦ

Sri Satguru Jagjit Singh Ji eLibrary NamdhariElibrary@gmail.com

ਵਿਸ਼ਵਾਸ਼ ਦੀ ਭਾਵਨਾ, ਅੰਤਰਰਾਸ਼ਟਰੀ ਮਿੱਤਰਤਾ ਅਤੇ ਭਰਾਤਰੀਭਾਵ ਨੂੰ ਦ੍ਰਿੜਾਉਣਾ ਚਾਹੁੰਦੇ ਹਨ ।[55]

ਮਾਨਵਤਾਵਾਦੀ ਮਨੁੱਖੀ ਨਸਲ ਨੂੰ ਹੋਰ ਜੀਵਾਂ ਨਾਲੋਂ ਸ੍ਰੇਸ਼ਟ ਮੰਨਦੇ ਹਨ। ਵਾਸਤਵ ਵਿੱਚ ਸ੍ਰਿਸ਼ਟੀ ਦੇ ਸਮੂਹ ਜੀਵ ਇੱਕ ਲੜੀ ਵਿੱਚ ਪਰੋਏ ਹੋਣ ਕਾਰਨ ਪਰਸਪਰ ਨਿਰਭਰ ਹਨ। ਇੱਕ ਨਸਲ ਦੇ ਜੀਵਾਂ ਦਾ ਵਿਨਾਸ਼ ਦੂਜੀ ਸ਼੍ਰੇਣੀ ਦੇ ਜੀਵਾਂ ਵਿਸ਼ੇਸ਼ਕਰ ਮਨੁੱਖ ਨੂੰ ਪ੍ਰਤੱਖ ਜਾਂ ਪ੍ਰੋਖ ਤੌਰ ਤੇ ਪ੍ਰਭਾਵਿਤ ਕਰਦਾ ਹੈ। ਇਸ ਲਈ ਮਨੁੱਖਤਾ ਦਾ ਕਲਿਆਣ ਹੋਰ ਜੀਵਾਂ ਦੀ ਅਵਹੇਲਨਾ ਕਰਕੇ ਸੰਭਵ ਨਹੀਂ ਹੋ ਸਕਦਾ । ਨਿਮਨ ਜੀਵਾਂ ਵਿੱਚ ਤਾਂ ਕੁਦਰਤੀ ਸਵੈਨਿਯੰਤ੍ਰਿਤ ਸਾਧਨ ਅਤੇ ਬੰਧੇਜ ਮੌਜੂਦ ਹਨ ਪਰੰਤੂ ਮਨੁੱਖੀ ਪ੍ਰਵੀਨਤਾ, ਕਾਰਜਕੁਸ਼ਲਤਾ ਸਾਧਨਾਂ ਦੀ ਵਿਕਰਾਲ ਦੁਰਵਰਤੋਂ ਕਰਨ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ।[56] ਇਸ ਪ੍ਰਕਾਰ ਮਾਨਵਤਾਵਾਦ ਸੰਕੀਰਣਤਾ ਅਤੇ ਸੀਮਾਬੱਧਤਾ ਦਾ ਸ਼ਿਕਾਰ ਹੈ ।

## 1.3.4. ਸਿੱਖਿਆ ਵਿਚਾਰਧਾਰਾਵਾਂ ਦੀ ਪੜਚੋਲ

ਪ੍ਰਮੁੱਖ ਸਿੱਖਿਆ ਵਿਚਾਰਧਾਰਾਵਾਂ ਦਾ ਵਿਸ਼ਲੇਸ਼ਣ ਕਰਨ ਨਾਲ ਕੁਝ ਵਿਸ਼ੇਸ਼ ਗੱਲਾਂ ਉੱਘੜ ਕੇ ਸਾਹਮਣੇ ਆਉਂਦੀਆਂ ਹਨ। ਪਰਿਣਾਮਵਾਦੀ ਚਿੰਤਨ ਕੇਵਲ ਮਨੁੱਖ ਦੀਆਂ ਤਤਕਾਲੀ ਆਵੱਸ਼ਕਤਾਵਾਂ ਦੀ ਪੂਰਤੀ ਪ੍ਰਤਿ ਹੀ ਚਿੰਤਾਤੁਰ ਅਤੇ ਉਤਸੁਕ ਹੈ। ਉਹ ਮਨੁੱਖੀ ਕਦਰਾਂ ਕੀਮਤਾਂ ਨੂੰ ਆਪਣੀ ਸੁਵਿਧਾ ਅਨੁਸਾਰ ਨਿਰਧਾਰਿਤ ਕਰਦਾ ਹੈ। ਪਾਰਗਾਮੀ ਅਤੇ ਰੂਹਾਨੀ ਵਿਸ਼ੇ ਉਸ ਲਈ ਵਿਚਾਰਨਯੋਗ ਨਹੀਂ ਹਨ। ਇਸ ਲਈ ਜੇ ਸੁਚੇਤ ਸਮਾਜ ਵਿੱਚ ਸਿੱਖਿਆ ਦਾ ਪੱਥ ਪ੍ਰਦਰਸ਼ਨ ਕਰਨ ਲਈ ਕੋਈ ਵੀ ਦਰਸ਼ਨ ਅਮਲ ਵਿੱਚ ਨਾ ਲਿਆਇਆ ਜਾਂਦਾ ਤਾਂ ਅਚੇਤ ਤੌਰ ਤੇ ਇਸਦਾ ਸਰੂਪ ਉਹੀ ਹੁੰਦਾ ਜੋ ਪਰਿਣਾਮਵਾਦੀ ਨਿਰਧਾਰਿਤ ਕਰਦੇ ਹਨ। ਇਸ ਲਈ ਪਰਿਣਾਮਵਾਦ ਕੋਈ ਗੰਭੀਰ ਅਤੇ ਸਿੱਕੇਬੰਦ ਸਿੱਖਿਆ ਦਰਸ਼ਨ ਨਹੀਂ ਹੈ। ਪ੍ਰਕਿਰਤੀਵਾਦ ਕੇਵਲ ਇੱਕ ਵਿਗਿਆਨਕ ਪ੍ਰਵਿਰਤੀ ਹੀ ਜਾਪਦਾ ਹੈ। ਇਸ ਨੂੰ ਸੰਪੂਰਨ ਦਰਸ਼ਨ ਨਹੀਂ ਆਖਿਆ ਜਾ ਸਕਦਾ । ਪ੍ਰਕਿਰਤੀਵਾਦੀ ਪ੍ਰਵਿਰਤੀ ਨੇ ਤਾਂ ਸਿੱਖਿਆ ਪ੍ਰਕਿਰਿਆ ਨੂੰ ਅਧਿਕ ਸੁਯੋਗੀ ਬਣਾਉਣ ਲਈ ਇਸ ਵਿੱਚ ਕੇਵਲ ਵਿਗਿਆਨਕ ਅਧਿਐਨ ਨੂੰ ਪ੍ਰਵੇਸ਼ਿਤ ਕੀਤਾ ਹੈ ।

ਮਾਨਵਵਾਦ ਵੀ ਆਪਣੇ ਤੋਂ ਪਰੇ ਹੋਰ ਸਾਧਨਾਂ ਦੀ ਘਾਟ ਕਰਕੇ ਕਾਰਗਰ ਨਹੀਂ ਸਿੱਧ ਹੋਇਆ । ਇਸ ਵਿਚਾਰਧਾਰਾ ਨੂੰ ਕਿਸੇ ਅਜਿਹੀ ਪੱਕੀ ਨੀਂਹ ਤੇ ਖੜ੍ਹਾ ਕੀਤਾ

Sri Satguru Jagjit Singh Ji eLibrary NamdhariElibrary@gmail.com

ਜਾਣਾ ਜ਼ਰੂਰੀ ਹੈ ਜੋ ਇਸਨੂੰ ਸਹਾਰਾ ਦੇ ਸਕੇ ਅਤੇ ਇਸਦੀ ਪੁਸ਼ਟੀ ਕਰ ਸਕੇ । ਇਹ ਆਪਣੇ ਆਪ ਕਦੇ ਵੀ ਟਿਕ ਕੇ ਖੜ੍ਹਾ ਨਹੀਂ ਹੋ ਸਕਦਾ । ਜਿਸ ਕਾਰਨ ਸੰਤੋਸ਼ਜਨਕ ਸਿੱਟੇ ਕੱਢਣ ਤੋਂ ਅਸਮਰਥ ਰਹੇਗਾ । ਅੰਤ ਤੱਕ ਸਹਾਸੀ ਸਿੱਧ ਹੋਣ ਵਾਲਾ ਦਰਸ਼ਨ ਆਤਮਿਕ ਸੰਸਾਰ ਦੇ ਪ੍ਰਕਿਰਤਕ ਨਿਯਮਾਂ ਨਾਲ ਮੇਲ ਖਾਣ ਵਾਲਾ ਹੀ ਹੋ ਸਕਦਾ ਹੈ। ਸਿੱਖਿਆ ਦੇ ਉਹ ਉਦੇਸ਼ ਹੀ ਸਰਵੋਤਮ ਹਨ ਜਿਨ੍ਹਾਂ ਦਾ ਨਿਕਾਸ ਮੁੱਲਾਂ ਦੇ ਆਦਰਸ਼ਵਾਦੀ (ਵਿਚਾਰਵਾਦੀ) ਦਰਸ਼ਨ ਤੋਂ ਹੁੰਦਾ ਹੈ। ਸੱਚ, ਸੁੰਦਰਤਾ ਤੇ ਚੰਗਿਆਈ ਨਿਰਪੇਖ ਗੁਣ ਸਮਝੇ ਜਾਂਦੇ ਹਨ ਜੋ ਕਿ ਆਤਮਿਕ ਸੰਸਾਰ ਦੀ ਬਣਤਰ ਵਿੱਚ ਜਮਾਂਦਰੂ ਹੀ ਹੁੰਦੇ ਹਨ। ਮਨੁੱਖ ਇਨ੍ਹਾਂ ਗੁਣਾਂ ਦੀ ਭਾਲ ਕਰਕੇ ਅਤੇ ਧਾਰਨ ਕਰਕੇ ਹੀ ਸੰਪੂਰਨਤਾ ਤੱਕ ਪਹੁੰਚ ਸਕਦਾ ਹੈ। ਇਹ ਹੀ ਸਰਵੋਤਮ ਅਤੇ ਅਣਮੋਲ ਵਸਤਾਂ ਹਨ ਜਿਨ੍ਹਾਂ ਦੀ ਆਪਣੀ ਹੋਂਦ ਹੁੰਦੀ ਹੈ ਅਤੇ ਸਾਡੇ ਆਦਰ ਸਤਿਕਾਰ ਦੀ ਮੰਗ ਕਰਦੀਆਂ ਹਨ ।[59]

## 1.4. ਧਰਮ ਅਤੇ ਧਾਰਮਿਕ ਸਿੱਖਿਆ

### 1.4.1. ਧਰਮ ਦਾ ਅਰਥ

ਰੋਜ਼ਾਨਾ ਜੀਵਨ ਵਿੱਚ ਇਸ ਸ਼ਬਦ ਨੂੰ ਆਮ ਤੌਰ ਤੇ ਪੰਥਾਂ ਅਤੇ ਸੰਪਰਦਾਇਆਂ ਨਾਲ ਜੋੜਿਆ ਜਾਂਦਾ ਹੈ। ਧਰਮ ਦਾ ਇਹ ਗੁਮਰਾਹਕੁੰਨ ਅਤੇ ਸੰਕੀਰਣ ਅਰਥ ਅਨੇਕ ਵਾਰ ਘਿਰਣਾ ਨੂੰ ਜਨਮ ਦਿੰਦਾ ਹੈ। ਇਸ ਲਈ ਧਰਮ ਦੀ ਵਿਸਤਾਰਪੂਰਵਕ ਵਿਆਖਿਆ ਅਵੱਸ਼ਕ ਹੈ। ਸੰਸਕ੍ਰਿਤ ਦੇ 'ਧ੍ਰਿ' ਧਾਤੂ ਤੋਂ ਉਪਜੇ ਇਸ ਸ਼ਬਦ ਦਾ ਅਰਥ 'ਧਾਰਨ ਕਰਨਾ', 'ਆਲੰਬਨ ਦੇਣਾ' ਅਤੇ 'ਪਾਲਣ ਕਰਨਾ' ਨਿਕਲਦਾ ਹੈ। ਸ੍ਰੀ ਮਦ ਭਗਵਤਗੀਤਾ, ਮਨੂਸਿਮ੍ਰਤੀ ਅਤੇ ਯਗਿਆਵਲਕਯਸਿਮ੍ਰਤੀ ਵਿੱਚ ਧਰਮ ਤੋਂ ਭਾਵ ਫਰਜ਼ ਹੈ।[58] ਮਨੁਸਮ੍ਰਿਤੀ ਵਿੱਚ ਧਰਮ ਦੇ ਦਸ ਪ੍ਰਮੁੱਖ ਲੱਛਣ— ਧੀਰਜ, ਖਿਮਾ, ਸੰਜਮ, ਚੋਰੀ ਦਾ ਤਿਆਗ, ਸੋਚ, ਇੰਦਰੀਨਿਗ੍ਰਹ, ਬੁੱਧੀ, ਵਿਵੇਕ, ਸੱਚ ਅਤੇ ਅਕ੍ਰੋਧ, ਦੱਸੇ ਗਏ ਹਨ।[59] ਭਗਵਤ ਗੀਤਾ ਵਿੱਚ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਧਰਮ ਦਾ ਅਰਥ ਸਮਝਾਇਆ ਕਿ, " ਪਰਮਾਤਮਾ ਨੇ ਧਰਤੀ ਦੀ ਸਥਾਪਨਾ ਇਸ ਵਾਸਤੇ ਕੀਤੀ ਹੈ ਕਿ ਮਨੁੱਖ ਇਸ ਧਰਤੀ ਉੱਪਰ ਆ ਕੇ ਆਪਣੇ ਧਰਮ ਦਾ ਪਾਲਣ ਕਰੇ ਕਿਉਂਕਿ

ਨਰਤੀ " ਧਰਮਸਾਲ" ਭਾਵ ਧਰਮ ਕਮਾਉਣ ਦੀ ਥਾਂ ਹੈ ।[60] ਜੀ.ਮੈਕਗਰੇਸਰ ਧਰਮ ਨੂੰ ਅਜਿਹੇ ਜੀਵਨ ਦੀ ਪ੍ਰਕਾਰ ਜਾਂ ਗੁਣਵੱਤਾ ਨਾਲ ਪ੍ਰਤਿਬੱਧਤਾ ਦਾ ਨਾ ਆਖਦੇ ਹਨ ਜੋ ਆਪਣੇ ਤੋਂ ਪਰੇ ਕਿਸੇ ਸਰੋਤ ਨੂੰ ਪਛਾਣਨ ਲਈ ਨਿਰੰਤਰ ਯਤਨਸ਼ੀਲ ਰਹਿੰਦਾ ਹੈ ।

ਧਰਮ ਮਨੁੱਖ ਦੀ ਉੱਚਤਮ ਅਕਾਂਖਿਆ ਹੈ ਜਿਸ ਕਾਰਨ ਉਹ ਸਵੈ ਨੂੰ ਸੰਸਾਰਕ ਵਰਤਾਰਿਆਂ ਨਾਲ ਸੰਘਟਿਤ ਅਤੇ ਇਕਸੁਰ ਕਰਨ ਦੇ ਉਪਰਾਲੇ ਕਰਦਾ ਹੈ । ਇਹ ਸਾਪੇਖਾਤਮਿਕ ਦ੍ਰਿਸ਼ਟੀ ਸੰਬੰਧਿਤ ਦਰਸ਼ਨ ਵਿਚੋਂ ਪ੍ਰਤਿਬਿੰਬਤ ਹੋ ਕੇ ਧਰਮ ਰਾਹੀਂ ਅਭਿਵਿਅਕਤ ਹੁੰਦੀ ਹੈ। ਧਰਮ, ਉਸ ਦ੍ਰਿਸ਼ਟੀ ਦੁਆਰਾ ਨਿਰਧਾਰਿਤ ਕੀਤੇ ਕਰਤਵ ਅਤੇ ਜੀਵਨ ਨਾਲ ਸੰਪੂਰਨ ਸੰਘਟਨ ਕਰਨ ਦਾ ਮਾਧਿਅਮ ਹੈ ।[61] ਧਰਮ, ਨੈਤਿਕ ਅਤੇ ਅਧਿਆਤਮਿਕ ਉਚਿਆਈਆਂ ਵੱਲ ਲੈ ਕੇ ਜਾਣ ਵਾਲੀ ਉਹ ਸ਼ਕਤੀ ਹੈ ਜੋ ਹਰ ਮਨੁੱਖ ਵਿਚ ਮੌਜੂਦ ਹੈ । ਹਰ ਵਿਅਕਤੀ ਆਪਣੀਆਂ ਇੰਦਰੀਆਂ ਰਾਹੀਂ ਆਪਣੀਆਂ ਮੂਲ ਪ੍ਰਵਿਰਤੀਆਂ ਨੂੰ ਪਰਿਮਾਰਜਿਤ ਕਰਕੇ ਉਸ ਅਧਿਆਤਮਿਕ ਸ਼ਕਤੀ ਨੂੰ ਪ੍ਰਾਪਤ ਕਰ ਸਕਦਾ ਹੈ।[62] ਤਸੱਲੀਬਖਸ਼ ਜੀਵਨ ਅਤੇ ਭਰੋਸੇ ਲਈ ਧਰਮ ਹੀ ਮਨੁੱਖ ਦੀ ਆਖਰੀ ਸ਼ਰਨ ਹੈ। ਧਰਮ ਹੀ ਮਨੁੱਖ ਨੂੰ ਉਸਦੇ ਕੇਂਦਰ ਬਿੰਦੂ ਦੀ ਪਛਾਣ ਕਰਾਉਂਦਾ ਹੈ ਅਤੇ ਉਸ ਨਾਲ ਜੋੜ ਕੇ ਰਖਦਾ ਹੈ। ਜਦੋਂ ਧਰਮ ਉਲਝਣ ਵਿੱਚ ਪੈ ਜਾਵੇ ਜਾਂ ਜਦੋਂ ਮਨੁੱਖ ਧਰਮ ਦੇ ਸਰਦਲ ਵਿੱਚੋਂ ਨਿਕਲ ਜਾਵੇ ਤੇ ਬਾਹਰਲੇ ਚੱਕਰ ਵਿੱਚ ਘੁੰਮਣ ਲਗ ਪਵੇ ਤਾਂ ਉਸਦੀ ਜੀਵਨ ਵਿਵਸਥਾ ਅਰੋਗ ਨਹੀਂ ਰਹਿੰਦੀ ।[63] ਧਰਮ ਦਾ ਖੇਤਰ ਵਿਸ਼ਾਲ ਹੈ ਅਤੇ ਇਹ ਮਨੁੱਖਤਾ ਲਈ ਕਲਿਆਣਕਾਰੀ ਹੈ। ਧਰਮ ਅਤੇ ਵਿਗਿਆਨ ਦੀਆਂ ਲੋੜਾਂ ਲਗਭਗ ਸਮਾਨ ਹੀ ਹਨ। ਧਰਮ, ਪਰਮਾਤਮਾ ਦੇ ਗੁੱਝੇ ਭੇਦਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਵਿਗਿਆਨ ਪ੍ਰਕਿਰਤੀ ਦੀਆਂ ਉਲਝਣਾਂ ਦਾ ਸਮਾਧਾਨ ਕਰਨ ਦਾ ਉਪਰਾਲਾ ਹੈ।[64]

## 1.4.੨. ਧਰਮ ਅਤੇ ਦਰਸ਼ਨ

ਧਰਮ ਅਤੇ ਦਰਸ਼ਨ ਦਾ ਪਰਸਪਰ ਅਤਿ ਨੇੜਲਾ ਸੰਬੰਧ ਹੈ। ਜੇ ਦਰਸ਼ਨ ਬ੍ਰਹਿਮੰਡ ਅਤੇ ਇਸ ਵਿੱਚ ਮਨੁੱਖ ਦੇ ਸਥਾਨ ਦਾ ਸਿਧਾਂਤਵਾਦ ਹੈ ਤਾਂ ਧਰਮ ਇੱਕ ਜੀਵਨ-ਵਿਧੀ ਹੈ। ਇਸ ਵਿੱਚ ਦੁਨਿਆਵੀ ਪੱਧਰ ਤੋਂ ਉਚੇਰੀਆਂ ਅਵਸਥਾਵਾਂ ਦੇ ਸੰਕਲਪ ਦੇ ਨਾਲ ਨਾਲ ਸਾਡੀ ਅਪੂਰਣ ਅਵਸਥਾ ਅਤੇ ਪਰਾਅਨੁਭਵੀ ਪ੍ਰਸਥਿਤੀ ਵਿਚਕਾਰ ਇਕਸੁਰਤਾ ਤੇ ਬਲ ਦਿੱਤਾ ਜਾਂਦਾ ਹੈ। ਭਾਰਤੀ ਦਰਸ਼ਨ ਸਦੈਵ ਹੀ ਨੈਤਿਕ ਸਿਧਾਂਤਾਂ ਅਤੇ ਮਾਨਵੀ ਕਰਤਵਾਂ ਦੀ ਸ਼ਕਤੀ ਪ੍ਰਾਪਤ ਕਰਕੇ ਧਰਮ ਅਤੇ ਧਰਮ ਅਤੇ ਸਦਾਚਾਰ ਸੰਗ ਅਟੱਲਤਾ ਅਤੇ ਦ੍ਰਿੜ੍ਹਤਾ ਸਹਿਤ ਜੁੜਿਆ ਰਿਹਾ ਹੈ।

ਦਰਸ਼ਨ, ਯੁਕਤੀ ਜਾਂ ਅੰਤਰਦ੍ਰਿਸ਼ਟੀ ਦੇ ਸਾਧਨਾਂ ਦੁਆਰਾ ਬ੍ਰਹਿਮੰਡੀ ਪ੍ਰਕਿਰਤੀ, ਇਸਦੇ ਉਦੇਸ਼ਾਂ ਅਤੇ ਅਰਥਾਂ ਦੀ ਵਿਆਖਿਆ ਕਰਕੇ ਇੱਕ ਸਿਧਾਂਤਵਾਦੀ ਢਾਂਚਾ ਉਲੀਕਦਾ ਹੈ। ਜਦੋਂ ਇਹ ਸਿਧਾਂਤਵਾਦ ਸਾਡੇ ਦ੍ਰਿਸ਼ਟ ਅਤੇ ਅਦ੍ਰਿਸ਼ ਸੰਸਾਰ ਦੇ ਪ੍ਰਯੋਜਨਾਂ ਅਤੇ ਅੰਤਰ ਸੰਬੰਧਾਂ ਦਾ ਤਾਤਪਰਜ ਕੱਢਦਾ ਹੈ ਤਾਂ ਇਹ ਦਰਸ਼ਨ ਕਿਸੀ ਨਾ ਕਿਸੀ ਧਰਮ ਦਾ ਅੰਗ ਬਣ ਜਾਂਦਾ ਹੈ। ਅਜਿਹੇ ਦਾਰਸ਼ਨਿਕ ਦ੍ਰਿਸ਼ਟੀਕੋਣ ਤੇ ਆਧਾਰਿਤ ਜੀਵਨ-ਵਿਧੀ ਹੀ ਧਰਮ ਅਖਵਾਉਂਦੀ ਹੈ। ਨਿਯਮਿਤ ਮੁੱਲਾਂ ਅਨੁਕੂਲ ਹੰਢਾਇਆ ਜੀਵਨ ਸੰਬੰਧਿਤ ਦਰਸ਼ਨ ਦੇ ਸੱਚ ਅਤੇ ਝੂਠ ਦਾ ਨਿਸਤਾਰਾ ਵੀ ਕਰਦਾ ਹੈ। ਵਿਅਕਤੀਗਤ ਅਨੁਭਵ ਦੀ ਤਰਕਵਾਦੀ ਵਿਆਖਿਆ ਵਜੋਂ ਤਾਂ ਦਰਸ਼ਨ ਨਿਰੋਲ ਇੱਕ ਪਰਿਕਲਪਨਾ ਬਣ ਕੇ ਰਹਿ ਜਾਂਦਾ ਹੈ। ਦਰਸ਼ਨ, ਅਨੁਭੂਤੀਆਂ ਦੀ ਸੰਪੂਰਨ ਤਾਰਕਿਕ ਸੁਮੇਲਤਾ ਤਾਂ ਕਰ ਸਕਦਾ ਹੈ ਪਰੰਤੂ ਇਸਦੀ ਅਨੁਭਵ-ਸਿੱਧ ਪ੍ਰਮਾਣਿਕਤਾ ਕਦਾਚਿਤ ਨਹੀਂ ਕਰ ਸਕਦਾ । ਜਦੋਂ ਅਨੁਭਵ ਧਰਮ ਦੇ ਮਾਧਿਅਮ ਰਾਹੀਂ ਜੀਵਨ-ਲਕਸ਼ਾਂ ਦੇ ਰੂਪ ਵਿੱਚ ਉਗਮਦਾ ਹੈ ਤਾਂ ਹੀ ਸਿੱਧ ਹੋ ਕੇ ਸਾਕਾਰ ਹੁੰਦਾ ਹੈ। ਇਸ ਪ੍ਰਕਾਰ ਦਰਸ਼ਨ ਅਤੇ ਧਰਮ ਅਤਿ ਨਜ਼ਦੀਕੀ ਸੰਗੀ ਹਨ। ਧਰਮ, ਵਿਚਾਰਵਾਦੀ ਦਰਸ਼ਨ ਦੀ ਵਿਵਹਾਰਕ ਅਭਿਵਿਅਕਤੀ ਹੈ। ਦਾਰਸ਼ਨਿਕਤਾ-ਵਿਹੂਣੇ ਧਰਮ, ਅਸਹਿਣਸ਼ੀਲਤਾ ਅਤੇ ਸੰਕੀਰਨਤਾ ਵੱਸ ਹੋ ਕੇ ਸਵੈ-ਸੁਰੱਖਿਆ ਲਈ ਆਕ੍ਰਮਿਕ ਰੂਪ ਧਾਰ ਲੈਂਦੇ ਹਨ ।[65]

## 1.4.3. ਧਰਮ ਅਤੇ ਸਿੱਖਿਆ

ਧਰਮ ਮਨੁੱਖਤਾ ਲਈ ਸਰੀਰ, ਭਾਸ਼ਾ ਅਤੇ ਵਿਚਾਰਾਂ ਦੀ ਸੰਜਮਤਾ; ਪਰਉਪਕਾਰ, ਸਦਭਾਵਨਾ, ਹਮਦਰਦੀ ਅਤੇ ਦਾਨਸ਼ੀਲਤਾ ਜਿਹੇ ਮਾਨਵੀ ਗੁਣ; ਉਪਾਸਨਾ ਅਤੇ ਮਨਨ ਜਿਹੇ ਉੱਚ ਆਤਮਿਕ ਅਨੁਭਵਾਂ ਨੂੰ ਨਿਊਨਤਮ ਕਰਤਵਾਂ ਵਜੋਂ ਨਿਰਧਾਰਿਤ ਕਰਦਾ ਹੈ। ਇਨ੍ਹਾਂ ਮਨੁੱਖੀ ਸਦਾਚਾਰਕ ਗੁਣਾਂ ਨੂੰ ਵਿਕਸਿਤ ਕਰਨਾ ਸਿੱਖਿਆ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ। ਸਿੱਖਿਆ, ਵਿਚਾਰਵਾਦੀ ਦਰਸ਼ਨ ਨੂੰ ਆਧਾਰ ਬਣਾ ਕੇ ਮਨੁੱਖ ਦੀਆਂ ਆਤਮਿਕ ,ਨੈਤਿਕ ਅਤੇ ਸਮਾਜਿਕ ਆਵੱਸ਼ਕਤਾਵਾਂ ਲਈ ਹਥਿਆਰ ਉਪਲਬਧ ਕਰਵਾਉਂਦੀ ਹੈ। ਇਸ ਲਈ ਜੀਵਨ ਦੀ ਸਾਰਥਕਤਾ ਹਿਤ ਧਰਮ ਨੂੰ ਦਰਸ਼ਨ ਵਜੋਂ ਪ੍ਰਵਾਨ ਕਰਨਾ ਸਾਡੇ ਲਈ ਉਪਯੋਗੀ ਹੋਵੇਗਾ। ਜੇ ਕੋਈ ਵਿਅਕਤੀ ਧਰਮ ਅਤੇ ਦਰਸ਼ਨ ਨੂੰ ਆਪਣੇ ਮਨ ਦੇ ਅਲੱਗ ਅਲੱਗ ਖਾਨਿਆਂ ਵਿਚ ਰਖਦਾ ਹੈ ਅਤੇ ਦੋਵਾਂ ਨੂੰ ਅੰਤਰ ਸੰਬੰਧਿਤ ਨਹੀਂ ਕਰਦਾ ਤਾਂ ਪ੍ਰਤੱਖ ਹੈ ਕਿ ਜਾਂ ਤਾਂ ਉਸਦਾ ਧਰਮ ਅੰਧਵਿਸ਼ਵਾਸੀ ਹੈ ਜਾਂ ਫਿਰ ਉਸਦੀ ਦਾਰਸ਼ਨਿਕ ਪ੍ਰਤਿਬੱਧਤਾ ਨਹੀਂ ਹੈ। ਇਸ ਲਈ ਸਾਰਥਿਕ ਤੇ ਉਪਯੋਗੀ ਸਿੱਖਿਆ ਦਾ ਆਧਾਰ ਧਰਮ ਹੀ ਹੋਣਾ ਅਨਿਵਾਰੀ ਹੈ। ਧਰਮ-ਵੰਚਿਤ ਸਿੱਖਿਆ ਵਾਸਤਵ ਵਿਚ ਸਿੱਖਿਆ

Sri Satguru Jagjit Singh Ji eLibrary NamdhariElibrary@gmail.com

ਅਖਵਾਉਣ ਦੇ ਯੋਗ ਹੀ ਨਹੀਂ ।[66] ਜੋਹਨ ਐਸ. ਬਰੂਬੇਕਰ ਨੂੰ ਸਾਰੀ ਸਿੱਖਿਆ ਵਿੱਚ ਧਾਰਮਿਕ ਸੁਰਾਂ ਸੁਣੀਦੀਆਂ ਹਨ। ਉਹ ਧਾਰਮਿਕ ਸਿੱਖਿਆ ਨੂੰ ਹੀ ਪੂਰੇ ਅਰਥਾਂ ਵਿੱਚ ਸਿੱਖਿਆ ਆਖਦੇ ਹਨ। ਇਸ ਲਈ ਸਿੱਖਿਆਰਥੀ ਦੀ ਸਮੁੱਚਤਾ ਤੇ ਅਧਿਗਮ ਨੂੰ ਇਸ ਰਾਹੀਂ ਪ੍ਰਾਪਤ ਕਰਨਾ ਛੁਪੇ ਤੌਰ ਤੇ ਧਰਮ ਵੱਲ ਜ਼ੋਰ ਦਿੰਦਾ ਹੈ।[67] ਜੇਮਜ਼ ਐਸ. ਰਾਸ ਦਾ ਵਿਚਾਰ ਹੈ ਕਿ ਜਿਸਨੂੰ ਅਸੀਂ ਸਹੀ ਅਰਥਾਂ ਵਿੱਚ ਸਿੱਖਿਆ ਮੰਨਦੇ ਹਾਂ ਉਸਦਾ ਮੂਲ ਆਧਾਰ ਧਰਮ ਹੋਣਾ ਚਾਹੀਦਾ ਹੈ। ਧਰਮ ਰਹਿਤ ਸਿੱਖਿਆ ਨੂੰ ਵਾਸਤਵ ਵਿੱਚ ਸਿੱਖਿਆ ਕਿਹਾ ਹੀ ਨਹੀਂ ਜਾ ਸਕਦਾ । ਮਨੁੱਖੀ ਚਰਿੱਤਰ ਵਿਸ਼ਵਾਸਾਂ ਤੇ ਆਧਾਰਿਤ ਹੁੰਦਾ ਹੈ ਜੋ ਕਿ ਧਰਮ ਦਾ ਅਨਿੱਖੜ ਹੈ ।[68]

ਹੁਣ ਅਸੀਂ ਇਹ ਦਾਹਵਾ ਕਰਨ ਦੇ ਸਮਰੱਥ ਹੋ ਗਏ ਹਾਂ ਕਿ ਧਰਮ ਤੇ ਦਰਸ਼ਨ ਦਾ ਅਤਿ ਨਿਕਟ ਸੰਬੰਧ ਹੈ ਅਤੇ ਸਾਰਥਕ ਤੇ ਉਪਯੋਗੀ ਸਿੱਖਿਆ ਦਾ ਆਧਾਰ ਧਰਮ ਹੀ ਹੋਣਾ ਚਾਹੀਦਾ ਹੈ ।

### 1.4.4. ਧਾਰਮਿਕ ਸਿੱਖਿਆ

ਧਾਰਮਿਕ ਮਾਨਵਵਾਦੀ ਵਿਚਾਰਵਾਨਾਂ ਦਾ ਇਹ ਵੀ ਵਿਸ਼ਵਾਸ਼ ਹੈ ਕਿ ਸਿੱਖਿਆ ਦਰਸ਼ਨ ਵਿੱਚ ਧਰਮ ਦਰਸ਼ਨ ਨੂੰ ਸੰਮਿਲਤ ਕੀਤੇ ਬਗੈਰ ਧਾਰਮਿਕ ਸਿੱਖਿਆ ਅਧੂਰੀ ਹੈ। ਉਨ੍ਹਾਂ ਦਾ ਧਾਰਮਿਕ ਸੰਕਲਪ ਪਰਾਪ੍ਰਕਿਰਤਿਕ ਰੱਬ ਤੇ ਆਧਾਰਿਤ ਹੈ ਜੋ ਨਾ ਕੇਵਲ ਸ੍ਰਿਸ਼ਟੀ ਦਾ ਕਰਤਾ ਹੈ ਸਗੋਂ ਇਸਦਾ ਕਾਨੂੰਨਸਾਜ਼ ਵੀ ਹੈ। ਵਿਸ਼ਵਕਰਤਾ ਰੱਬ ਪ੍ਰਕਿਰਤਕ ਤੌਰ ਤੇ ਮਨੁੱਖ-ਮਾਤਰ ਦਾ ਪਿਤਾ ਹੈ। ਮਨੁੱਖ ਦਾ ਕਰਤੱਵ ਹੈ ਕਿ ਉਹ ਆਪਣੇ ਸਿਰਜਣਹਾਰੇ ਅੱਗੇ ਨਿਮਰਤਾ-ਸਹਿਤ ਸਿਰ ਝੁਕਾਵੇ। ਇਹ ਸੋਚਣਾ ਕਿ ਮਨੁੱਖ ਆਪਣੇ ਮਾਨਵੀ-ਅਭਿਆਸ ਰਾਹੀਂ ਦੈਵੀ ਵਸਤ ਪਾ ਸਕਦਾ ਹੈ ਇੱਕ ਭੁਲੇਖਾ ਹੈ ਜਿਹੜਾ ਵਿੱਦਿਅਕ ਪ੍ਰਕਿਰਤੀਵਾਦ ਵੱਲ ਲੈ ਕੇ ਜਾਂਦਾ ਹੈ । ਧਰਮ ਸ਼ਾਸਤਰੀ ਸਿੱਖਿਅਕ, ਸਿੱਖਿਆ ਦਾ ਆਧਾਰ ਸੁਤੰਤਰ ਮਨੁੱਖ ਦੀ ਬਜਾਏ ਦੈਵੀ ਵਿਚਾਰਾਂ ਨੂੰ ਮੰਨਦਾ ਹੈ। ਮਨੁੱਖ ਆਪਣੇ ਅਸਤਿੱਤਵ ਦਾ ਅਨੁਮਾਨ ਖ਼ੁਦ ਲਗਾਉਣ ਤੋਂ ਅਸਮਰਥ ਹੈ । ਧਰਮ ਸ਼ਾਸਤਰੀ ਰੱਬ ਨੂੰ ਸਿੱਖਿਆ ਪ੍ਰਕਿਰਿਆ ਵਿੱਚ ਕੇਵਲ ਅੰਤਰਵਰਤੀ ਮੰਨਣ ਦੀ ਥਾਂ ਉਸਨੂੰ ਪਾਰਗਾਮੀ ਸਮਝ ਕੇ ਪੂਜਦਾ ਹੈ। ਮਨੁੱਖ ਦੀ ਸਿੱਖਿਆ ਦਾ ਮੁੱਖ ਨਿਸ਼ਾਨਾ ਰੱਬੀ ਹੁਕਮ ਦੀ ਪਾਲਣਾ ਕਰਨੀ ਹੈ ਤਾਂ ਜੋ ਸਦੀਵੀ ਜੀਵਨ ਪ੍ਰਾਪਤ ਕੀਤਾ ਜਾ ਸਕੇ ।[69]

ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਧਰਮ-ਸ਼ਾਸਤਰਾਂ ਤੇ ਆਧਾਰਿਤ ਸੀ ਜਿਸਨੇ ਜਿੱਥੇ ਇੱਕ ਦ੍ਰਿਸ਼ਟੀ ਵਿਦਵਾਨ ਪੈਦਾ ਕੀਤੇ ਉਥੇ ਆਮ ਮਨੁੱਖਾਂ ਵਿੱਚ ਸਦਾਚਾਰਕ ਕਦਰਾਂ ਕੀਮਤਾਂ ਵੀ ਉਤਪੰਨ ਕੀਤੀਆਂ ।

1.5. ਸਾਹਿਤ

1.5.1. ਅਰਥ

ਪੁਰਾਤਨ ਭਾਰਤੀ ਦਾਰਸ਼ਨਿਕ ਵਿਚਾਰਧਾਰਾ ਸਾਹਿਤ ਦੇ ਰੂਪ ਵਿੱਚ ਸੰਚਰਿਤ ਹੁੰਦੀ ਆ ਰਹੀ ਹੈ। ਭਾਰਤੀ ਚਿੰਤਨ ਵੀ ਸਾਹਿਤ ਵਜੋਂ ਸੰਗ੍ਰਹਿਤ ਹੈ। ਇਸ ਲਈ ਇਹ ਵਿਚਾਰ ਕਰਨਾ ਅਤਿ ਆਵੱਸ਼ਕ ਹੈ ਕਿ ਕੀ ਸਾਹਿਤ ਦਾਰਸ਼ਨਿਕ ਵਿਚਾਰਾਂ ਨੂੰ ਅਭਿਵਿਅਕਤ ਕਰਨ ਦੇ ਸਮਰੱਥ ਵੀ ਹੈ ਜਾਂ ਇਹ ਕੇਵਲ ਕਾਲਪਨਿਕ ਆਦਰਸ਼ ਮਾਤਰ ਹੈ ? ਉੱਤਮ ਸਾਹਿਤ ਦੀ ਸਿੱਖਿਆ ਵਿਚਾਰਧਾਰਾ ਨੂੰ ਦੇਣ ਬਾਰੇ ਵੀ ਸੰਵਾਦ ਕਰਨਾ ਉਚਿਤ ਹੋਵੇਗਾ ।

'ਸਾਹਿਤ' ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਸਾਹਿਤਯਮ ਦਾ ਪੰਜਾਬੀ ਰੂਪ ਹੈ ਜਿਸ ਦੇ ਕੋਸ਼ਗਤ ਅਰਥ ਹਨ ਸੰਜੋਗ, ਮੇਲ ਤੇ ਸਾਥ । ਅੱਜਕੱਲ੍ਹ ਸਾਹਿਤ ਦਾ ਭਾਵ ਅਜਿਹੀ ਰਚਨਾ ਹੈ ਜਿਸ ਵਿੱਚ ਸੁੰਦਰ ਵਿਚਾਰ ਦਿਲਖਿੱਚਵੇਂ ਢੰਗ ਨਾਲ ਪੇਸ਼ ਕੀਤੇ ਜਾਣ । ਇਸ ਤਰ੍ਹਾਂ ਸਾਹਿਤ ਇੱਕ ਸੂਖਮ ਕਲਾ ਹੈ ਜਿਸਦਾ ਮੁੱਖ ਉਦੇਸ਼ ਸੁਹਜ ਸੁਆਦ ਉਪਜਾਉਣਾ ਤੇ ਇਸ ਰਾਹੀਂ ਇੱਕ ਚੰਗੇਰੇ ਜੀਵਨ ਲਈ ਪ੍ਰੇਰਣਾ ਦੇਣਾ ਹੈ। ਪੁਰਾਤਨ ਸਮੇਂ ਤੋਂ ਸਾਹਿਤ ਦੇ ਤਿੰਨ ਮੁੱਖ ਲੱਛਣ ਮੰਨੇ ਗਏ ਹਨ। ਸਾਹਿਤ ਸੱਚ ਦਾ ਧਾਰਨੀ ਹੋਵੇ, ਜੀਵਨ ਲਈ ਕਲਿਆਣਕਾਰੀ ਹੋਵੇ ਅਤੇ ਸੁੰਦਰਤਾ ਦਾ ਪ੍ਰਕਾਸ਼ ਕਰੇ। ਇਹੀ ਭਾਵ ਸਤਯੰ, ਸ਼ਿਵੰ ਅਤੇ ਸੁੰਦਰੰ ਹਨ।[70] ਮਹਾਨ ਦਾਰਸ਼ਨਿਕ ਅਰਸਤੂ ਸਾਹਿਤ(ਕਾਵਿ) ਨੂੰ ਅਜਿਹੀ ਕਲਾ ਮੰਨਦੇ ਹਨ ਜੋ ਭਾਸ਼ਾ ਦੇ ਮਾਧਿਅਮ ਨਾਲ ਅਨੁਭੂਤੀ ਅਤੇ ਕਲਪਨਾ ਸ਼ਕਤੀ ਦੁਆਰਾ ਮਨੁੱਖੀ ਜੀਵਨ ਦਾ ਪੁਨਰ-ਸਿਰਜਨ ਕਰਦੀ ਹੈ।[71] ਭਾਰਤੀ ਕਾਵਿ ਸ਼ਾਸਤਰ ਦੇ ਮਹਾਂਰਥੀ ਕਾਵਿ-ਪ੍ਰਯੋਜਨ ਨੂੰ ਅਨੁਬੰਧ-ਚਤੁਸ਼ਟਾਯ ਦਾ ਪ੍ਰਮੁੱਖ ਅੰਗ ਮੰਨਦੇ ਹਨ। ਰਿਸ਼ੀ ਭਰਤ ਸਾਹਿਤ ਨੂੰ ਧਰਮਪ੍ਰਵਿਰਤਿਕ ਅਤੇ ਲੋਕ-ਉਦੇਸ਼ਕ ਜਦੋਂ ਕਿ ਰਿਸ਼ੀ ਭਾਮਹ ਇਸਨੂੰ ਪੁਰਸ਼ਾਰਥ-ਚਤੁਸ਼ਟਯ ਅਰਥਾਤ ਧਰਮ, ਅਰਥ, ਕਾਮ ਅਤੇ ਮੋਖ ਦਾ ਸਾਧਨ ਮੰਨਦੇ ਹਨ। ਰੁਦ੍ਰਟ ਅਤੇ ਵਿਸ਼ਵਨਾਥ ਦਾ ਵਿਚਾਰ ਹੈ ਕਿ ਕਾਵਿ ਰਾਹੀਂ ਕਾਮਨਾ-ਜੋਗ ਅਤੇ ਅੰਤਸ਼-ਚਮਤਕਾਰ ਦੀ ਲੱਭਤ ਹੁੰਦੀ ਹੈ ਭਾਵ ਸਾਹਿਤ ਲੋਕ ਅਤੇ ਪਰਲੋਕ ਵਿੱਚ ਜੀਵਨ ਨੂੰ ਸਫਲਤਾ ਅਤੇ ਆਨੰਦ ਬਖਸ਼ਦਾ ਹੈ ।

## 1.5.2. ਸਾਹਿਤ ਅਤੇ ਸਮਾਜ

ਸਾਹਿਤ ਜੀਵਨ ਤੋਂ ਵੱਖ ਨਹੀਂ ਸਗੋਂ ਉਸਦਾ ਹੀ ਪ੍ਰਗਟ ਰੂਪ ਹੈ। ਉਹ ਜੀਵਨ ਦੇ ਮਹਾਂਸਾਗਰ ਵਿੱਚ ਉੱਠੀ ਉੱਚਤਮ ਤਰੰਗ ਹੈ। ਮਾਨਵਜਾਤੀ ਦੇ ਭਾਵਾਂ, ਵਿਚਾਰਾਂ ਅਤੇ ਸੰਕਲਪਾਂ ਦੀ ਆਤਮਕਥਾ ਸਾਹਿਤ ਦੇ ਰੂਪ ਵਿਚ ਫੈਲਦੀ ਹੈ। ਸਾਹਿਤ, ਜੀਵਨ-ਬ੍ਰਿਛ ਦਾ ਮਿੱਠਾ ਫਲ ਹੈ। ਉਹ ਜੀਵਨ ਦਾ ਚਰਮ ਵਿਕਾਸ ਹੈ। ਜੀਵਨ ਦੀਆਂ ਮੂਲ ਪ੍ਰੇਰਨਾਵਾਂ ਹੀ ਸਾਹਿਤ ਦੀਆਂ ਮੂਲ ਪ੍ਰੇਰਕ ਸ਼ਕਤੀਆਂ ਹਨ। ਜਿਹੜੀਆਂ ਬਿਰਤੀਆਂ ਜੀਵਨ ਅਤੇ ਸਭ ਕਿਰਿਆਵਾਂ ਦਾ ਮੂਲ ਸੋਮਾ ਹਨ ਉਹ ਸਾਹਿਤ ਦੀਆਂ ਵੀ ਜਨਮਦਾਤੀਆਂ ਹਨ।[72]

## 1.5.3. ਕਵਿਤਾ

ਸਾਹਿਤ ਦਾ ਉਤਕ੍ਰਿਸ਼ਟ ਰੂਪ ਕਵਿਤਾ ਹੈ ਜੋ ਵਿਚਾਰਾਂ ਦੇ ਭਾਵ ਨੂੰ ਪ੍ਰਗਟ ਕਰਦੀ ਹੈ। ਹਰ ਨਿਸ਼ਚਿਤ ਭਾਵ ਬੌਧਿਕ ਪਰਿਭਾਸ਼ਾ ਜਾਂ ਸੂਤਰ ਵਿੱਚ ਪ੍ਰਗਟ ਹੋ ਸਕਦਾ ਹੈ। ਕਵਿਤਾ ਮਨੁੱਖੀ ਵਿਅਕਤਿਤਵ ਦੇ ਕੇਂਦਰੀ ਚਾਲਕਾਂ ਅਰਥਾਤ ਮਨੋਵੇਗਾਂ ਨੂੰ ਉੱਤੇਜਿਤ ਕਰਦੀ ਹੋਈ ਸੰਪੂਰਨ ਅਤੇ ਗੰਭੀਰ ਜੀਵਨ ਪ੍ਰਦਾਨ ਕਰਦੀ ਹੈ, ਇਹ ਜੀਵਨ ਨੂੰ ਇੱਛਾ-ਸ਼ਕਤੀ ਪ੍ਰਦਾਨ ਕਰਕੇ ਸਾਹਸੀ ਖ਼ਤਰੇ ਸਹੇੜਨ ਲਈ ਉਤਸ਼ਾਹਿਤ ਕਰਦੀ ਹੈ। ਮਹਾਨ ਕਵੀ ਸੂਖਮ ਭਾਵਾਂ ਦੇ ਅਮੁੱਕ ਸਰੋਤ ਹਨ ।[73] ਕਵਿਤਾ ਦਾ ਕਰਤੱਵ ਮਨੁੱਖ ਨੂੰ ਪ੍ਰਾਪਤੀ ਲਈ ਪ੍ਰੇਰਣਾ ਤੇ ਸ਼ਕਤੀ ਦੇਣਾ ਵੀ ਹੈ। ਇਹ ਗੁਣ ਮਨੁੱਖੀ ਮਨੋਭਾਵਾਂ ਨੂੰ ਉਤੇਜਿਤ ਕਰਕੇ ਉਸਦੇ ਕਰਮਾਂ ਨੂੰ ਪ੍ਰਭਾਵਿਤ ਕਰਦੇ ਹਨ। ਕਵਿਤਾ ਦੀ ਤਾਕਤ ਦਾ ਮਾਪ ਇਸਦੀ ਮਨੁੱਖੀ ਅੰਤ੍ਰੀਵ ਭਾਵ ਉੱਚੇ ਹੋਣੇ ਚਾਹੀਦੇ ਹਨ। ਉੱਤਮ ਕਵਿਤਾ ਕਿਸੀ ਬੁੱਧੀਮਾਨ, ਵਿਸ਼ਾਲ ਅਨੁਭਵ ਤੇ ਉੱਚੀ ਕਲਪਨੀ ਵਾਲੇ ਕਵੀ ਦੀ ਰਚਨਾ ਹੋ ਸਕਦੀ ਹੈ ।[74]

ਪਿਛਲੀ ਸਦੀ ਦੇ ਇੱਕ ਵੱਡੇ ਸਾਹਿਤ ਸਮਾਲੋਚਕ ਮੈਥਿਊ ਆਰਨਾਲਡ ਦਾ ਵਿਚਾਰ ਹੈ ਕਿ ਕਾਵਿ-ਸੱਤ ਉਚੇਰੀ ਗੰਭੀਰਤਾ ਤੋਂ ਉਤਪੰਨ ਹੁੰਦਾ ਹੈ। ਇਹ ਗੁਣ ਤਾਂ ਹੀ ਪ੍ਰਕਾਸ਼ਿਤ ਹੁੰਦਾ ਹੈ ਜੇ ਜੀਵਨ ਦੀ ਅੰਦਰਲੀ ਖੋਜ ਕੀਤੀ ਜਾਵੇ, ਜੀਵਨ ਵਿਆਖਿਆ ਕੀਤੀ ਜਾਵੇ ਅਤੇ ਆਪਣੇ ਪ੍ਰਬਲ ਵਿਚਾਰ ਜੀਵਨ ਤੇ ਘਟਾਏ ਜਾਣ । ਅਮਰੀਕਨ ਕਵੀ ਲਾਵਿਲ ਕਹਿੰਦਾ ਹੈ ਕਿ ਜਦੋਂ ਤੀਕ ਕੋਈ ਕਵਿਤਾ ਜੀਵਨ ਦਾ ਕੋਈ ਸੱਚ ਨਾ ਦੱਸੇ, ਆਪਣੇ ਰਚਨਹਾਰੇ ਲਈ ਸਨਮਾਨ ਨਹੀਂ ਲਿਆ ਸਕਦੀ ।

## 1.5.4. ਧਾਰਮਿਕ ਕਾਵਿ

ਧਾਰਮਿਕ ਕਾਵਿ ਦਾ ਪ੍ਰੇਰਨਾ ਸਰੋਤ ਉਹੀ ਹੈ ਜੋ ਧਰਮ ਦਾ ਹੈ। ਜਿਤਨੇ ਵੀ ਪ੍ਰਾਚੀਨ ਗ੍ਰੰਥ ਰਚੇ ਗਏ ਹਨ ਉਹ ਲਗਭਗ ਸਾਰੇ ਹੀ ਧਾਰਮਿਕ ਭਾਵਨਾ ਵਾਲੇ ਹਨ। ਸਾਡੀ ਦੁਨੀਆਂ ਦੇ ਸਾਰੇ ਉੱਤਮ ਸੱਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿੱਚ ਹਨ। ਉਹ ਰਵਾਇਤਾਂ ਲਿਖਤੀ ਸਾਹਿਤ ਨੇ ਥਾਪੀਆਂ ਜਾਂ ਮੌਖਿਕ ਸਾਹਿਤ ਨੇ ।[75] ਆਦਿ ਕਾਲ ਤੋਂ ਵਰਤਮਾਨ ਤੱਕ ਮਨੁੱਖੀ ਜੀਵਨ ਵਿੱਚ 'ਅਨਿਸ਼ਚਿਤਤਾ' ਅਤੇ ਇਸਦੀ ਤੁਲਨਾ ਵਿੱਚ ਮਨੁੱਖੀ 'ਸ਼ਕਤੀਹੀਨਤਾ' ਉਸਦੇ ਪ੍ਰਕਿਰਤਕ ਸੰਗੀ ਚਲੇ ਆ ਰਹੇ ਹਨ। ਧਰਮ ਅਤੇ ਧਾਰਮਿਕ ਕਾਵਿ ਇਨ੍ਹਾਂ ਹਕੀਕਤਾਂ ਦਾ ਸਹਿਜ-ਪ੍ਰਗਟਾਵਾ ਜਾਂ ਇਨ੍ਹਾਂ ਤੋਂ ਛੁਟਕਾਰਾ-ਮੁਕਤ ਹੋਣ ਦਾ ਯਤਨ ਹੀ ਨਹੀਂ ਸਗੋਂ ਇਨ੍ਹਾਂ ਨਾਲ ਭਾਵੁਕ ਅਤੇ ਬੌਧਿਕ ਪੱਧਰ ਤੇ ਨਿਬੜਨ ਦਾ ਸਿਰਜਨਾਤਮਕ ਉੱਦਮ ਵੀ ਹੈ। ਇਹ ਸਰਬਾਰਥ ਪ੍ਰਕਾਸ਼ ਦ੍ਰਿਸ਼ਟੀ ਹੈ। ਅਨਿਸ਼ਚਿਤਤਾ ਅਤੇ ਸ਼ਕਤੀਹੀਨਤਾ ਵਿਚੋਂ ਪੈਦਾ ਹੋਈ ਦੁੱਖ ਭਾਵਨਾ ਨੂੰ ਲੌਕਿਕ ਕਾਵਿ ਰਾਹੀਂ ਵੀ ਪ੍ਰਗਟਾਇਆ ਜਾ ਸਕਦਾ ਹੈ ਪਰੰਤੂ ਧਾਰਮਿਕ ਕਾਵਿ ਵਾਲੀ ਪ੍ਰਕਾਸ਼ ਦ੍ਰਿਸ਼ਟੀ ਲੌਕਿਕ ਕਾਵਿ ਨੂੰ ਪ੍ਰਾਪਤ ਨਹੀਂ ਹੁੰਦੀ। ਇਸ ਪ੍ਰਕਾਸ਼ - ਦ੍ਰਿਸ਼ਟੀ ਦਾ ਕੇਂਦਰ -ਬਿੰਦੂ ਦਿੱਬ ਹੋਂਦ ਹੈ ।[76]

ਇਸ ਪ੍ਰਕਾਰ ਧਾਰਮਿਕ ਕਾਵਿ ਨੇ ਲੌਕਿਕ ਅਨੁਭਵ-ਵਿਧੀ ਨੂੰ ਅਪਣਾ ਕੇ ਹੀ ਪਾਰਲੌਕਿਕ ਸੰਸਾਰ ਦੀ ਵਸਤੂ ਨੂੰ ਲੌਕਿਕ ਸੰਸਾਰ ਤੋਂ ਵਖਰਿਆ ਦਿੱਤਾ ਹੈ। ਅਪਣੱਤ ਅਤੇ ਵਖਰੇਵੇਂ ਦਾ ਇਹ ਦਵੰਦਾਤਮਕ ਰਿਸ਼ਤਾ ਧਰਮ ਅਤੇ ਧਾਰਮਿਕ ਕਾਵਿ ਦੀ ਰੀੜ੍ਹ ਦੀ ਹੱਡੀ ਹੈ । ਵਾਸਤਵ ਵਿੱਚ ਕਾਵਿ ਵਿੱਚ ਬ੍ਰਹਮ ਨਹੀਂ ਸਗੋਂ ਬ੍ਰਹਮ ਦਾ ਅਨੁਭਵ ਹੀ ਪ੍ਰਗਟਾਇਆ ਜਾ ਸਕਦਾ ਹੈ । ਕਾਵਿ ਵਿੱਚ ਵਿਸ਼ੇ ਨੂੰ ਰੂਪ ਗ੍ਰਹਿਣ ਕਰਨਾ ਪੈਂਦਾ ਹੈ ਅਤੇ ਉਸਨੂੰ ਕਿਸੇ ਨਾ ਕਿਸੇ ਭਾਵ ਨਾਲ ਸੰਬੰਧਿਤ ਹੋਣਾ ਪੈਂਦਾ ਹੈ ।[77] ਕਵਿਤਾ ਸਾਡੇ ਭਾਵਾਂ ਦੀ ਤਾਲਾਤਮਕ ਉਕਤੀ ਹੈ। ਤਾਲ ਸਾਡੀ ਆਤਮਾ ਦੀ ਅੰਤਲੀ ਪ੍ਰਕਿਰਤੀ ਦੇ ਅਨੁਕੂਲ ਹੁੰਦੇ ਹਨ। ਇਸ ਲਈ ਸੁਭਾਵਿਕ ਤੌਰ ਤੇ ਕਵਿਤਾ ਸਦਾਚਾਰਕ ਹੈ। ਇਹ ਆਤਮਿਕ ਭਾਵਾਂ ਦੀ ਉਕਤੀ ਹੋਣ ਕਾਰਨ ਆਤਮਾ ਦੀ ਮਹਾਨਤਾ ਤੋਂ ਭਿੰਨ ਨਹੀਂ ਹੋ ਸਕਦੀ । ਉਹ ਕਵਿਤਾ ਜੋ ਜੀਵਨ ਦੇ ਮਹਾਨ ਸੰਬੰਧਾਂ ਤੋਂ ਆਕੀ ਹੋਵੇ, ਅਰੋਚਕ ਹੋ ਜਾਂਦੀ ਹੈ ।

Sri Satguru Jagjit Singh Ji eLibrary NamdhariElibrary@gmail.com

## 1.5.5. ਸਾਹਿਤ ਅਤੇ ਦਰਸ਼ਨ

ਦਰਸ਼ਨ ਨਿਰੋਲ ਬੋਧਿਕ ਗਿਆਨ ਹੈ ਜਿਸ ਵਿੱਚ ਜੀਵਨ ਤੇ ਸੰਸਾਰ ਬਾਰੇ ਭਾਵਰਹਿਤ ਵਾਦ ਵਿਵਾਦ ਅਤੇ ਤਰਕਵਾਦੀ ਵਿਚਾਰ ਹੁੰਦੇ ਹਨ। ਇਸ ਵਿੱਚ ਭਾਵਵਾਚਕ ਪਦਾਂ ਦਾ ਉਪਯੋਗ ਕਰਕੇ ਸਾਮਾਨਯ ਵਿਚਾਰਾਂ ਤੇ ਚਰਚਾ ਹੁੰਦੀ ਹੈ। ਇਸ ਦੀਆਂ ਉਕਤੀਆਂ ਸਪਸ਼ਟ ਅਤੇ ਨਿਰੋਲ ਠੀਕ ਹੁੰਦੀਆਂ ਹਨ। ਇਸਦੇ ਵਿਪਰੀਤ ਸਾਹਿਤ ਅਤੇ ਵਿਸ਼ੇਸ਼ਕਰ ਕਵਿਤਾ ਵਿੱਚ ਭਾਵਨਾਵਾਂ ਦੀ ਕਲਾਤਮਿਕਤਾ ਅਤੇ ਕੋਮਲ ਵਿਚਾਰਾਂ ਦੀ ਪ੍ਰਧਾਨਤਾ ਹੁੰਦੀ ਹੈ। ਦਾਹਵੇ ਅਤੇ ਦਲੀਲਾਂ ਇਸਦਾ ਗੌਣ ਗੁਣ ਹੈ। ਅਨੁਭਵ ਦੀ ਅਭਿਵਿਅੰਜਨਾ ਲਈ ਕਵਿਤਾ ਵਿਚਿੱਤਰ, ਭਾਵਕ ਅਤੇ ਲੈਅਭਰਪੂਰ ਸ਼ਬਦਾਂ ਦੀ ਵਰਤੋਂ ਕਰਦੀ ਹੈ। ਦਰਸ਼ਨ ਅਤੇ ਕਵਿਤਾ ਭਾਵੇਂ ਦੋ ਵਿਭਿੰਨ ਮਨੁੱਖੀ ਚੇਸ਼ਟਾਵਾਂ ਹਨ ਪਰੰਤੂ ਦੋਵਾਂ ਦਾ ਵਿਸ਼ਾ ਮਨੁੱਖ ਅਤੇ ਉਸਦੀ ਆਤਮਾ ਹੈ। ਮਨੁੱਖੀ ਜੀਵਨ ਬੋਧਿਕ ਅਤੇ ਅਬੋਧਿਕ ਵਿਚਾਰਾਂ ਦਾ ਸੁਮੇਲ ਹੈ। ਭਾਵਹੀਨ ਵਿਚਾਰ ਮਨੁੱਖੀ ਅੰਤਹਕਰਣ ਵਿੱਚ ਪ੍ਰਵੇਸ਼ ਨਹੀਂ ਕਰਦੇ ਅਤੇ ਨਾ ਹੀ ਭਾਵਹੀਨ ਗਿਆਨ ਕੋਈ ਯਥਾਰਥਕ ਰੂਪ ਗ੍ਰਹਿਣ ਕਰ ਸਕਦਾ ਹੈ। ਇਸ ਲਈ ਸਾਹਿਤ ਤੋਂ ਬਿਨਾ ਦਰਸ਼ਨ ਅਮੂਰਤ, ਅਨੁਮਾਨਕ ਤੇ ਪਰਾ- ਮਨੁੱਖੀ ਰਹਿ ਜਾਂਦਾ ਹੈ। ਦਰਸ਼ਨ ਦੀ ਕੀਮਤ ਉਸ ਭਾਵ ਦੇ ਬਲ ਨਾਲ ਪੈਂਦੀ ਹੈ ਜੋ ਕੇਵਲ ਸਾਹਿਤ ਹੀ ਉਤਪੰਨ ਕਰ ਸਕਦਾ ਹੈ ।

## 1.6. ਸਿੱਖਿਆ ਦਰਸ਼ਨ ਦਾ ਧਾਰਮਿਕ ਕਾਵਿ

ਮੁੱਢ ਕਦੀਮ ਤੋਂ ਹੀ ਸੋਚਵਾਨ ਮਨੁੱਖ ਆਤਮਾ-ਪਰਮਾਤਮਾ, ਨੈਤਿਕ-ਅਨੈਤਿਕ, ਸੱਤ-ਅਸੱਤ, ਜਨਮ-ਮੌਤ ਅਤੇ ਉਚਿਤ-ਅਣਉਚਿਤ ਦੇ ਰਹੱਸਾਂ ਨੂੰ ਸੁਲਝਾਉਣ ਲਈ ਨਿਰੰਤਰ ਯਤਨਸ਼ੀਲ ਰਹਿ ਕੇ ਆਪਣੇ ਵਿਚਾਰ ਪ੍ਰਗਟ ਕਰਦਾ ਰਿਹਾ ਹੈ। ਇਨ੍ਹਾਂ ਵਿਚਾਰਾਂ ਤੋਂ ਉਜਾਗਰ ਹੋਏ ਭਾਵ ਬਹੁਤ ਪ੍ਰਬਲ ਅਤੇ ਸਦੀਵੀ ਹਨ। ਇਹ ਵਿਚਾਰ ਕਵੀ ਨੂੰ ਪ੍ਰੇਰਦੇ ਹਨ ਜਿਸਦੇ ਫਲਸਰੂਪ ਦਾਰਸ਼ਨਿਕ ਕਵਿਤਾ ਦੇ ਅੰਕੁਰ ਫੁੱਟਦੇ ਹਨ। ਸਾਹਿਤ ਦਾ ਪ੍ਰੇਰਨਾ ਸਰੋਤ ਅਤੇ ਵਿਸ਼-ਵਸਤੂ ਦਰਸ਼ਨ ਹੈ। ਇੱਕ ਸਾਹਿਤਕਾਰ ਦਾਰਸ਼ਨਿਕ ਸੋਚ ਤਾਂ ਹੀ ਅਪਣਾ ਸਕਦਾ ਹੈ ਜੇ ਉਹ ਆਪਣੇ ਅਨੁਭਵ ਦੀ ਤਹਿ ਨੂੰ ਗੰਭੀਰਤਾ ਨਾਲ ਟੁੰਬ ਕੇ ਇਸਦੇ ਸਾਰ ਦਾ ਆਭਾਸ ਭਾਵਾਂ ਤੇ ਕਲਪਣਾ ਦੀ ਬੋਲੀ ਵਿੱਚ ਪ੍ਰਗਟ ਕਰ ਸਕੇ ।[78] ਤਾਤਪਰਜ ਇਹ ਹੈ ਕਿ ਦਾਰਸ਼ਨਿਕ ਵਿਚਾਰ ਇੱਕ ਉੱਚੀ ਅਤੇ ਸਦੈਵੀ ਕਵਿਤਾ ਦੇ ਵਿਸ਼ੇ ਤਾਂ ਬਣ ਸਕਦੇ ਹਨ ਜੇ ਇਸਦਾ ਪ੍ਰਤੀਪਾਦਕ

Sri Satguru Jagjit Singh Ji eLibrary NamdhariElibrary@gmail.com

ਇੱਕ ਦਰਸ਼ਨਵੇਤਾ ਦੇ ਨਾਲ ਨਾਲ ਮਹਾਨ ਕਵੀ ਵੀ ਹੋਵੇ । ਮਹਾਨ ਭਾਰਤੀ ਧਾਰਮਿਕ ਗ੍ਰੰਥਾਂ ਦੇ ਰਚਨਹਾਰਿਆਂ ਵਿੱਚ ਇਹ ਦੋਵੇਂ ਗੁਣ ਭਲੀ ਭਾਂਤ ਮੌਜੂਦ ਸਨ ਜਿਸ ਕਾਰਨ ਇਹ ਮੌਲਿਕ ਰਚਨਾਵਾਂ ਉੱਚ ਦਾਰਸ਼ਨਿਕ ਸਿੱਖਿਆ ਕਾਵਿ ਕਹਿਲਾਉਣ ਦੀਆਂ ਭਲੀ ਭਾਂਤ ਹੱਕਦਾਰ ਹਨ ।

ਯੁਗਾਂ-ਯੁਗਾਂਤਰਾਂ ਤੋਂ ਭਾਰਤ ਵਿੱਚ ਸਿੱਖਿਆ ਦਾ ਅਨੁਸਰਨ ਕੇਵਲ ਆਪਣੇ ਆਪ ਲਈ ਨਹੀਂ ਸਗੋਂ ਧਰਮ ਲਈ ਇਸਦੇ ਇੱਕ ਅੰਗ ਵਜੋਂ ਕੀਤਾ ਜਾਂਦਾ ਰਿਹਾ ਹੈ। ਸਿੱਖਿਆ ਨੂੰ ਮੁਕਤੀ ਜਾਂ ਸਵੈ-ਅਨੁਭੂਤੀ ਦਾ ਸਾਧਨ ਮੰਨਿਆ ਜਾਂਦਾ ਸੀ । ਇਸ ਲਈ ਭਾਰਤ ਵਿਚ ਸਾਹਿਤ ਦੀ ਸਿਰਜਣਾ ਧਰਮ ਨੇ ਹੀ ਕੀਤੀ ।[79] ਵਿਸਤ੍ਰਿਤ ਸੰਵਾਦ ਉਪਰੰਤ ਇਹ ਸਿੱਟਾ ਨਿਕਲਦਾ ਹੈ ਕਿ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਸਾਹਿਤ ਸਾਡੀ ਵਿਚਾਰ ਚਰਚਾ ਨੂੰ ਅੱਗੇ ਤੋਰਨ ਲਈ ਸਰਵੋਤਮ ਅਤੇ ਯਥਾਰਥਕ ਵਿਸ਼ਾ ਹੈ ।

## ਟਿੱਪਣੀਆਂ ਤੇ ਹਵਾਲੇ


1. ਵੇਦ ਮਿੱਤਰਾ (ਡਾ. ) ਐਜੂਕੇਸ਼ਨ ਇਨ ਐਂਸ਼ੇਟ ਇੰਡੀਆ, ਪੰਨਾ- 34.
2. ਵੀ.ਆਰ. ਤਨੇਜਾ (ਡਾ. ) ਐਜੂਕੇਸ਼ਨਲ ਥੋਟ ਐਂਡ ਪਰੈਕਟਿਸ, ਪੰਨਾ- 1.
3. ਗਿਸਬਰਟ ਪਸਕੂਅਲ, ਫੰਡਾਮੈਂਟਲਜ਼ ਆਫ ਸੋਸ਼ਿਆਲੋਜੀ, ਪੰਨਾ- 210.
4. ਹਿਮਾਂਸ਼ੂ ਕਬੀਰ, ਇੰਡੀਅਨ ਫਿਲਾਸਫੀ ਆਫ ਐਜੂਕੇਸ਼ਨ, ਪੰਨਾ- 256.
5. ਏ.ਐਸ. ਅਲਟੇਕਰ, ਐਜੂਕੇਸ਼ਨ ਇੰਨ ਐਂਸ਼ੇਟ ਇੰਡੀਆ, ਪੰਨਾ- 4
6. ਐਸ.ਐ. ਜ਼ਾਫਰ, ਐਜੂਕੇਸ਼ਨ ਇੰਨ ਮੁਸਲਿਮ ਇੰਡੀਆ, ਪੰਨਾ- 1.
7. ਧਰਮਪਾਲ ਸਿੰਗਲ (ਡਾ. ) (ਸੰਪਾ.) ਗੁਰੂ ਰਵਿਦਾਸ ਜੀਵਨ ਤੇ ਵਿਚਾਰਧਾਰਾ, ਪੰਨਾ-55.
8. ਐਚ. ਭੱਟਾਚਾਰੀਆ (ਸੰਪਾ.) ਦ ਕਲਚਰਲ ਹੈਰੀਟੇਜ ਆਫ ਇੰਡੀਆ, ਪੰਨਾ- 410-411
9. ਗੁਰੂ ਅਰਜਨ ਦੇਵ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ.1, ਪੰਨਾ- 356.
10. -ਉਹੀ-, ਮ. 1, ਪੰਨਾ- 465.
11. -ਉਹੀ-, ਮ. 1 ਪ. 13, ਪੰਨਾ- 3.
12. ਕਰਤਾਰ ਸਿੰਘ (ਟੀਕਾਕਾਰ), ਨਿੱਤਨੇਮ ਸਟੀਕ, ਪੰਨਾ- 21.
13. ਆਰ.ਆਰ. ਰਸਕ, ਦ ਡਾਕਟਰਾਇਨਜ਼ ਆਫ ਦਾ ਗਰੇਟ ਐਜੂਕੇਟਰਜ਼, ਪੰਨਾ- 271.
14. ਐਚ. ਐਚ, ਹਰਮਨ, ਸਲੈਕਟਡ ਰੀਡਿੰਗਜ਼ ਇੰਨ ਦਾ ਫਿਲਾਸਫੀ ਆਫ ਐਜੂਕੇਸ਼ਨ, ਪੰਨਾ-237.
15. ਵੀ.ਆਰ. ਤਨੇਜਾ(ਡਾ.) ਐਜੂਕੇਸ਼ਨਲ ਥੋਟ ਐਂਡ ਪਰੈਕਟਿਸ, ਪੰਨਾ- 10.
16. ਏ.ਐਨ.ਵ੍ਹਾਈਟਹੈਡ, ਦ ਏਮਜ਼ ਆਫ ਐਜੂਕੇਸ਼ਨ, ਪੰਨਾ- 13.
17. ਮੈਕਸਿਮ ਗੋਰਕੀ, ਆਨ ਲਿਟਰੇਚਰ, ਪੰਨਾ- 22.
18. ਵਾਲਟਨ ਜੇ., ਵਟ੍ਹ ਟੂ ਮੀਨ ਬਾਈ ਐਜੂਕੇਸ਼ਨ, ਪੰਨਾ- 57-58.
19. ਸੈਰਬ ਪਾਲ, ਏ ਟੈਕਸਟ ਬੁੱਕ ਇੰਨ ਦਾ ਹਿਸਟਰੀ ਆਫ ਐਜੂਕੇਸ਼ਨ, ਪੰਨਾ- 365.
20. ਨੰਨ ਟੀ.ਪੀ.; ਐਜੂਕੇਸ਼ਨ, ਇਟਸ ਡਾਟਾ ਐਂਡ ਫਸਟ ਪ੍ਰਿੰਸੀਪਲਜ਼, ਪੰਨਾ- 56.
21. ਸਵਾਮੀ ਵਿਵੇਕਾਨੰਦ, ਐਜੂਕੇਸ਼ਨ, ਪੰਨਾ- 23.


Sri Satguru Jagjit Singh Ji eLibrary NamdhariElibrary@gmail.com

22. ਕੇ.ਜੀ. ਸੱਯਦੀਨ, ਐਜੂਕੇਸ਼ਨ, ਕਲਚਰ ਐਂਡ ਦਾ ਸੋਸ਼ਲ ਆਰਡਰ, ਪੰਨਾ- 24.

23. ਮੈਰੀਟੇਨ ਜੇ., ਐਜੂਕੇਸ਼ਨ ਐਟ ਦਾ ਕਰਾਸ ਰੋਡਜ਼, ਪੰਨਾ- 10.

24. ਕੇ.ਜੀ. ਸੱਯਦੀਨ, ਫੈਕਟਸ ਆਫ਼ ਇੰਡੀਅਨ ਐਜੂਕੇਸ਼ਨ, ਪੰਨਾ- 109.

25. ਐਨ.ਬੀ. ਸੇਨ (ਸੰਪਾ.) ਗਲੋਰੀਅਸ ਥੌਟਸ ਆਨ ਐਜੂਕੇਸ਼ਨ, ਪੰਨਾ- 25.

26. ਵੀ.ਆਰ.ਤਨੇਜਾ(ਡਾ.) ਐਜੂਕੇਸ਼ਨਲ ਥੌਟ ਐਂਡ ਪਰੈਕਟਿਸ, ਪੰਨਾ- 40.

27. ਇਕਬਾਲ ਨਾਰਾਇਣ ਚੋਪੜਾ, ਭਾਰਤੀ ਦਰਸ਼ਨ, ਪੰਨਾ- 2.

28. ਨਗੇਂਦਰ (ਡਾ.) ਹਰਿਭਜਨ ਸਿੰਘ(ਡਾ.) ਅਨੁ., ਅਰਸਤੂ ਦਾ ਕਾਵਿ ਸ਼ਾਸਤ੍ਰ, ਪੰਨਾ-13 .

29. ਲਾਲਾ ਹਰਦਿਆਲ, ਹਿੰਟਸ ਫ਼ਾਰ ਸੈਲਫ਼ ਕਲਚਰ, ਪੰਨਾ- 81.

30. ਵੀ.ਆਰ. ਤਨੇਜਾ(ਡਾ.) ਐਜੂਕੇਸ਼ਨਲ ਥੌਟ ਐਂਡ ਪਰੈਕਟਿਸ, ਪੰਨਾ- 43.

31. ਆਰ.ਡੀ. ਨਿਰਾਕਾਰੀ(ਡਾ.) ਭਾਰਤੀ ਦਰਸ਼ਨ, ਪੰਨਾ- 12.

32. ਰਾਧਾ ਕ੍ਰਿਸ਼ਨਨ(ਡਾ.) , ਭਾਰਤੀਯ ਦਰਸ਼ਨ, ਭਾਗ-2, ਪੰਨਾ- 16.

33. ਆਰ.ਡੀ. ਨਿਰਾਕਾਰੀ(ਡਾ.), ਭਾਰਤੀ ਦਰਸ਼ਨ, ਪੰਨਾ- 10.

34. ਮਨਮੋਹਨ ਸਹਿਗਲ(ਡਾ.) ,ਗੁਰੂ ਗ੍ਰੰਥ ਸਾਹਿਬ ਸੱਭਿਆਚਾਰਕ ਸਰਵੇਖਣ, ਪੰਨਾ- 338.

35. -ਉਹੀ-, ਪੰਨਾ- 359.

36. ਐਸ.ਪੀ. ਚੌਬੇ(ਡਾ.), ਸੰਮ ਫਾਉਂਡੇਸ਼ਨਜ਼ ਐਂਡ ਗਾਈਡਲਾਈਨਜ਼ ਆਫ਼ ਮਾਡਰਨ ਐਜੂਕੇਸ਼ਨ, ਪੰਨਾ- 6.

37. ਵੀ.ਆਰ.ਤਨੇਜਾ(ਡਾ.) ਐਜੂਕੇਸ਼ਨਲ ਥੌਟ ਐਂਡ ਪਰੈਕਟਿਸ, ਪੰਨਾ- 45.

38. ਜੇਮਜ਼ ਐਸ, ਰਾਸ, ਕੁਲਦੀਪ ਕੌਰ(ਅਨੁ.) ਸਿੱਖਿਆ ਸਿਧਾਂਤ ਦੇ ਮੂਲ ਆਧਾਰ, ਪੰਨਾ-11.

39. -ਉਹੀ-, ਪੰਨਾ- 15.

40. ਜੱਜਜ਼ ਏ.ਵੀ., ਐਜੂਕੇਸ਼ਨ ਐਂਡ ਦਾ ਫਿਲਾਸਫਿਕ ਮਾਈਂਡ, ਪੰਨਾ- 83.

41. ਜੇਮਜ਼ ਐਸ.ਰਾਸ, ਗਰਾਊਂਡ ਵਰਕ ਆਫ਼ ਐਜੂਕੇਸ਼ਨਲ ਥਿਊਰੀ, ਪੰਨਾ- 136.

42. ਜੇਮਜ਼ ਐਸ. ਰਾਸ, ਕੁਲਦੀਪ ਕੌਰ (ਅਨੁ.) ਸਿੱਖਿਆ ਸਿਧਾਂਤ ਦੇ ਮੂਲ ਆਧਾਰ, ਪੰਨਾ-115.

43. ਵੀ.ਆਰ.ਤਨੇਜਾ(ਡਾ.)ਐਜੂਕੇਸ਼ਨਲ ਥੌਟ ਐਂਡ ਪਰੈਕਟਿਸ, ਪੰਨਾ- 77.

Sri Satguru Jagjit Singh Ji eLibrary NamdhariElibrary@gmail.com

44. ਨੰਨ ਟੀ.ਪੀ., ਐਜੂਕੇਸ਼ਨ; ਇਟਸ ਡਾਟਾ ਐਂਡ ਫਸਟ ਪ੍ਰਿੰਸੀਪਲਜ਼, ਪੰਨਾ- 10.

45. ਐਮ.ਵਰਮਾ, ਦਾ ਫਿਲਾਸਫੀ ਆਫ ਇੰਡੀਅਨ ਐਜੂਕੇਸ਼ਨ, ਪੰਨਾ- 149.

46. ਵੀ.ਆਰ. ਤਨੇਜਾ(ਡਾ.) ਐਜੂਕੇਸ਼ਨਲ ਥੋਟ ਐਂਡ ਪਰੈਕਟਿਸ, ਪੰਨਾ- 66.

47. ਵੀ.ਆਰ. ਤਨੇਜਾ(ਡਾ.) ਫਿਲਾਸਫੀ ਆਫ ਐਜੂਕੇਸ਼ਨ, ਪੰਨਾ- 19-20.

48. ਜੇਮਜ਼ ਐਸ.ਰਾਸ, ਕੁਲਦੀਪ ਕੌਰ(ਅਨੁ.) ਸਿੱਖਿਆ ਸਿਧਾਂਤ ਦੇ ਮੂਲ ਆਧਾਰ, ਪੰਨਾ-93.

49. ਗੁਰੂ ਅਰਜਨ ਦੇਵ (ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ- 1245.

50. ਜਾਹਨ ਐਸ. ਬਰੂਬੇਕਰ, ਮਾਡਰਨ ਫਿਲਾਸਫੀਜ਼ ਆਫ ਐਜੂਕੇਸ਼ਨ, ਪੰਨਾ- 1-2.

51. ਮੈਕਸਿਮ ਗੋਰਕੀ, ਆਨ ਲਿਟਰੇਚਰ, ਪੰਨਾ- 66.

52. ਜਾਹਨ ਐਸ. ਬਰੂਬੇਕਰ, ਮਾਡਰਨ ਫਿਲਾਸਫੀਜ਼ ਆਫ ਐਜੂਕੇਸ਼ਨ, ਪੰਨਾ- 191.

53. ਕੰਪਲੀਟ ਵਰਕਸ ਆਫ ਸਵਾਮੀ ਵਿਵੇਕਾਨੰਦ ਵਾਲੀਯੂਮ-2, ਪੰਨਾ- 319.

54. ਜਾਹਨ ਐਸ. ਬਰੂਬੇਕਰ, ਬਖਸ਼ੀਸ਼ ਸਿੰਘ (ਅਨੁ.) ਸਿੱਖਿਆ ਦੇ ਆਧੁਨਿਕ ਦਰਸ਼ਨ, ਪੰਨਾ-298.

55. ਲੈਮੌਂਟ ਕਾਰਲਿਸ, ਦ ਫਿਲਾਸਫੀ ਆਫ ਹਿਊਮੇਨਿਜ਼ਮ, ਪੰਨਾ- 12.

56. ਐਮ. ਵਰਮਾ, ਦਾ ਫਿਲਾਸਫੀ ਆਫ ਇੰਡੀਅਨ ਐਜੂਕੇਸ਼ਨ, ਪੰਨਾ- 122.

57. ਜੇਮਜ਼, ਐਸ.ਰਾਸ, ਕੁਲਦੀਪ ਕੌਰ (ਅਨੁ.) ਸਿੱਖਿਆ ਸਿੱਧਾਂਤ ਦੇ ਮੂਲ ਆਧਾਰ, ਪੰਨਾ-204.

58. ਪੀ.ਵੀ. ਕਾਣੇ, ਅਰਜੁਨ ਚੋਬੇ(ਅਨੁ.) ਧਰਮ ਸ਼ਾਸਤਰ ਕਾ ਇਤਿਹਾਸ-ਭਾਗ-2, ਪੰਨਾ-4.

59. ਜੋਧ ਸਿੰਘ(ਡਾ.), ਸਭੈ ਘਟ ਰਾਮ ਬੋਲੈ, ਪੰਨਾ- 14.

60. ਕਾਲਾ ਸਿੰਘ ਬੇਦੀ(ਡਾ.), ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ-

61. ਜੇ. ਕ੍ਰਿਸ਼ਨਾਮੂਰਤੀ, ਐਜੂਕੇਸ਼ਨ ਐਂਡ ਸਿਗਨੀਫੀਕੈਂਸ ਆਫ ਲਾਈਫ, ਪੰਨਾ- 165.

62. ਜੋਧ ਸਿੰਘ (ਡਾ.) ਸਭੈ ਘਟ ਰਾਮ ਬੋਲੈ, ਪੰਨਾ- 10.

63. ਦਰਸ਼ਨ ਸਿੰਘ (ਡਾ.) ਸਿੱਖ ਕੌਣ ਹੈ ?, ਪੰਨਾ- 8.

64. ਐਸ.ਐਸ. ਕਪੂਰ(ਡਾ.), ਦਾ ਸਿੱਖ ਕਰੀਅਰ ਇੰਟਰਨੈਸ਼ਨਲ ਐਨੂਅਲ ਮੈਗਜ਼ੀਨ, ਪੰਨਾ-13.


Sri Satguru Jagjit Singh Ji eLibrary NamdhariElibrary@gmail.com

65. ਐਮ. ਵਰਮਾ, ਦਾ ਫਿਲਾਸਫੀ ਆਫ ਇੰਡੀਅਨ ਐਜੂਕੇਸ਼ਨ, ਪੰਨਾ- 170.

66. ਆਸਟਿਨ ਈ. ਡ. ਸੂਜ਼ਾ, ਦਾ ਹਿਊਮਨ ਫੈਕਟਰ ਇਨ ਐਜੂਕੇਸ਼ਨ, ਪੰਨਾ- 90.

67. ਜੋਹਨ ਐਸ. ਬਰੂਬੇਕਰ, ਬਖਸ਼ੀਸ਼ ਸਿੰਘ(ਅਨੁ.), ਸਿੱਖਿਆ ਦੇ ਆਧੁਨਿਕ ਦਰਸ਼ਨ, ਪੰਨਾ-287.

68. ਜੇਮਜ਼ ਐਸ. ਰਾਸ, ਕੁਲਦੀਪ ਕੌਰ(ਅਨੁ.) ਸਿੱਖਿਆ ਸਿਧਾਂਤ ਦੇ ਮੂਲ ਆਧਾਰ, ਪੰਨਾ-207.

69. ਜੋਹਨ ਐਸ. ਬਰੂਬੇਕਰ, ਬਖਸ਼ੀਸ਼ ਸਿੰਘ(ਅਨੁ.) ਸਿੱਖਿਆ ਦੇ ਆਧੁਨਿਕ ਦਰਸ਼ਨ, ਪੰਨਾ-298.

70. ਤਾਰਨ ਸਿੰਘ ਜੱਗੀ(ਡਾ.), ਸਾਹਿਤ ਕੋਸ਼, ਪੰਨਾ- 243-44

71. ਨਗੇਂਦ੍ਰ (ਡਾ.), ਹਰਿਭਜਨ ਸਿੰਘ(ਡਾ.) ਅਨੁ. ਅਰਸਤੂ ਦਾ ਕਾਵਿ-ਸ਼ਾਸਤਰ, ਪੰਨਾ-22.

72. ਗੁਲਾਬ ਰਾਏ, ਕੁਲਬੀਰ ਸਿੰਘ ਕਾਂਗ(ਡਾ.) (ਅਨੁ.) ਸਿਧਾਂਤ ਤੇ ਅਧਿਐਨ, ਪੰਨਾ-97.

73. ਲਾਲਾ ਹਰਦਿਆਲ, ਹਿੰਟਸ ਫਾਰ ਸੈਲਫ ਕਲਚਰ, ਪੰਨਾ- 145.

74. ਸੰਤ ਸਿੰਘ ਸੇਖੋਂ, ਸਾਹਿਤਿਆਰਥ, ਪੰਨਾ- 15-16.

75. ਐਫ. ਮੈਕਸਮੂਲਰ, ਤਾਰਨ ਸਿੰਘ (ਅਨੁ.), ਧਰਮ ਦੀ ਉੱਤਪਤੀ ਤੇ ਵਿਕਾਸ, ਪੰਨਾ-3 .

76. ਹਰਿਭਜਨ ਸਿੰਘ (ਡਾ.), ਮੁੱਲ ਤੇ ਮੁਲੰਕਣ, ਪੰਨਾ- 27.

77. ਹਰਿਭਜਨ ਸਿੰਘ(ਡਾ.), ਅਧਿਅਨ ਅਤੇ ਅਧਿਆਪਨ, ਪੰਨਾ- 176.

78. ਰੋਸ਼ਨ ਲਾਲ ਆਹੂਜਾ (ਡਾ.), ਸਾਹਿੱਤ ਸ਼ਾਸਤਰ, ਪੰਨਾ- 175-76.

79. ਆਰ. ਕੇ. ਮੁਖਰਜੀ, ਐਂਸ਼ੈਂਟ ਇੰਡੀਅਨ ਐਜੂਕੇਸ਼ਨ, 21.

Sri Satguru Jagjit Singh Ji eLibrary NamdhariElibrary@gmail.com

## ਅਧਿਆਇ ਦੂਜਾ

## ਭਾਰਤੀ ਸਿੱਖਿਆ ਦਰਸ਼ਨ

Sri Satguru Jagjit Singh Ji eLibrary NamdhariElibrary@gmail.com

## ਭਾਰਤੀ ਸਿੱਖਿਆ ਦਰਸ਼ਨ

ਪਹਿਲੇ ਅਧਿਆਇ ਵਿੱਚ ਦਰਸ਼ਨ ਅਤੇ ਸਿੱਖਿਆ ਵਿਸ਼ਿਆਂ ਬਾਰੇ ਕੀਤੀ ਵਿਸਤ੍ਰਿਤ ਚਰਚਾ ਉਪਰੰਤ ਅਸੀਂ ਇਸ ਨਿਸ਼ਕਰਸ਼ ਤੇ ਪਹੁੰਚ ਚੁੱਕੇ ਹਾਂ ਕਿ ਇਨ੍ਹਾਂ ਦੋਵਾਂ ਵਿਚਕਾਰ ਇੱਕ ਅਤਿ ਨੇੜਲਾ ਅਤੇ ਅਟੁੱਟ ਸੰਬੰਧ ਹੈ। ਇਸ ਲਈ ਭਾਰਤੀ ਸਿੱਖਿਆ ਦਰਸ਼ਨ ਦਾ ਭਰਪੂਰ ਅਤੇ ਆਲੋਚਨਾਤਮਿਕ ਗਿਆਨ ਪ੍ਰਾਪਤ ਕਰਨ ਲਈ ਭਾਰਤੀ ਦਰਸ਼ਨ ਦਾ ਵਿਸਥਾਰਪੂਰਵਕ ਅਧਿਐਨ ਅਤਿ ਆਵਸ਼ਕ ਹੈ ।

### 2.1. ਭਾਰਤੀ ਦਰਸ਼ਨ

#### 2.1.1. ਦਰਸ਼ਨ ਗ੍ਰੰਥ

ਪੁਰਾਤਨਤਮ ਭਾਰਤੀ ਸੰਸਕ੍ਰਿਤੀ ਵਿੱਚ ਜੀਵਨ-ਦ੍ਰਿਸ਼ਟੀ ਅਤੇ ਪਰਤੱਖ ਗਿਆਨ ਵਜੋਂ ਸਵੀਕ੍ਰਿਤ ਵਿਸ਼ੇ "ਦਰਸ਼ਨ" ਨੂੰ ਮਹਾਨ ਭਾਰਤੀ ਚਿੰਤਕਾਂ ਅਤੇ ਰਿਸ਼ੀਆਂ ਮੁਨੀਆਂ ਨੇ ਆਪਣੀ ਅਨੁਭੂਤੀ ਅਤੇ ਵਿਚਾਰਾਂ ਵਿੱਚ ਪ੍ਰਮੁੱਖ ਸਥਾਨ ਦਿੱਤਾ ਹੈ। ਇਸ ਦਰਸ਼ਨ ਦੇ ਬੀਜ ਵੇਦਾਂ ਵਿਚੋਂ ਉਪਲਬਧ ਹੁੰਦੇ ਹਨ। ਵੈਦਿਕ ਸਾਹਿਤ ਚਾਰ ਵੇਦਾਂ- ਰਿਗਵੇਦ, ਯਜੁਰਵੇਦ, ਅਥਰਵਵੇਦ ਅਤੇ ਸਾਮ ਵੇਦ ਦੇ ਦਾਰਸ਼ਨਿਕ ਵਿਚਾਰਾਂ ਨਾਲ ਭਰਪੂਰ ਹੈ। ਇਨ੍ਹਾਂ ਵੇਦਾਂ ਨੂੰ ਅਪੌਰਸ਼ੇਯ( ਪਰਮ ਮਨੁੱਖ ਦੀ ਰਚਨਾ) ਇਨ੍ਹਾਂ ਦੇ ਵਿਸ਼ਾ ਵਸਤੂ, ਮੰਤਰਾਂ ਨੂੰ ਸ਼੍ਰੁਤੀ (ਸੁਣਨਯੋਗ) ਅਤੇ ਰਚਨਹਾਰਿਆਂ ਨੂੰ ਦ੍ਰਸ਼ਟਾ(ਗਿਆਤਾ) ਆਖਿਆ ਜਾਂਦਾ ਹੈ। ਹਰ ਵੇਦ ਦੇ ਚਾਰ ਭਾਗ- ਸੰਹਿਤਾ, ਬ੍ਰਾਹਮਣ, ਆਰਣਿਅਕ ਅਤੇ ਉਪਨਿਸ਼ਦ ਹਨ ਜਿਨ੍ਹਾਂ ਦਾ ਸੰਬੰਧ ਮਨੁੱਖੀ ਜੀਵਨ ਦੇ ਚਾਰ ਆਸ਼ਰਮਾਂ- ਬ੍ਰਹਮਚਰਯ, ਗ੍ਰਿਹਸਥ, ਵਨਪ੍ਰਸਥ ਅਤੇ ਸੰਨਿਆਸ ਨਾਲ ਮੰਨਿਆਂ ਜਾਂਦਾ ਹੈ ।[1] ਪ੍ਰਮੁੱਖ ਬ੍ਰਾਹਮਣ ਗ੍ਰੰਥ ਸਤਪਥ ਬ੍ਰਾਹਮਣ, ਐਤਰੇਯ ਬ੍ਰਾਹਮਣ, ਕੌਸ਼ੀਤਕੀ ਬ੍ਰਾਹਮਣ, ਤੈਤਿਰੀਯ ਬ੍ਰਾਹਮਣ ਗੋਪਥ ਬ੍ਰਾਹਮਣ ਅਤੇ ਜੈਮਿਨੀ ਬ੍ਰਾਹਮਣ ਹਨ ਜਿਨ੍ਹਾਂ ਵਿੱਚ ਪ੍ਰਧਾਨਤਾ ਤਾਂ ਭਾਵੇਂ ਕਰਮਕਾਂਡਾਂ ਦੀ ਹੈ ਪਰੰਤੂ ਉਪਾਸਨਾ ਅਤੇ ਗਿਆਨ ਕਾਂਡ ਵੀ ਸ਼ਾਮਿਲ ਹਨ। ਅਧਿਆਤਮਿਕ ਗਿਆਨ ਅਤੇ ਸਦਾਚਾਰਕ ਮੁੱਲਾਂ ਨਾਲ ਭਰਪੂਰ ਆਰਣਿਅਕ ਗ੍ਰੰਥਾਂ ਵਿਚੋਂ ਮਹੱਤਵਪੂਰਨ ਸ਼ਾਂਖਾਇਨ ਆਰਣਿਅਕ, ਐਤਰੇਯ ਆਰਣਿਅਕ ਅਤੇ ਤੈਤਿਰੀਯ ਆਰਣਿਅਕ ਹਨ । ਉਪਨਿਸ਼ਦਾਂ ਦੀ ਗਿਣਤੀ ਦਾ ਭਾਵੇਂ ਦੋ ਸੌ ਦੇ ਲਗਭਗ ਦੱਸੀ ਜਾਂਦੀ ਹੈ ਪਰੰਤੂ

Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਵਿਚੋਂ ਈਸ਼ ਉਪਨਿਸ਼ਦ, ਕੇਨਉਪਨਿਸ਼ਦ, ਕਠ ਉਪਨਿਸ਼ਦ, ਪ੍ਰਸ਼ਨ ਉਪਨਿਸ਼ਦ, ਮੁੰਡਕ ਉਪਨਿਸ਼ਦ, ਮਾਂਡੂਕਿਯ ਉਪਨਿਸ਼ਦ, ਤੈਤਰਿਯ ਉਪਨਿਸ਼ਦ, ਐਤਰੇਯ ਉਪਨਿਸ਼ਦ, ਛਾਂਦੋਗਿਯ ਉਪਨਿਸ਼ਦ, ਬ੍ਰਿਹਦਾਰਣਿਯਕ ਉਪਨਿਸ਼ਦ ਅਤੇ ਸ਼ਵੇਤਾਸ਼ਵਰ ਉਪਨਿਸ਼ਦ ਹੀ ਮਹੱਤਵਪੂਰਨ ਅਤੇ ਵਿਚਾਰ ਚਰਚਾ ਲਈ ਉਪਲਬਧ ਹਨ ।

2.1.2. ਦਰਸ਼ਨ ਸ਼ਾਖਾਵਾਂ

ਵੇਦਾਂ ਦੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਅਧਿਐਨ ਅਤੇ ਵਿਵੇਚਨ ਦੇ ਫਲਸਰੂਪ ਦਾਰਸ਼ਨਿਕ ਰਿਸ਼ੀ ਦੋ ਸ਼੍ਰੇਣੀਆਂ, ਵੈਦਿਕ ਜਾਂ ਆਸਤਿਕ ਅਤੇ ਅਵੈਦਿਕ ਜਾਂ ਨਾਸਤਿਕ ਵਿੱਚ ਵੰਡੇ ਗਏ। ਆਸਤਿਕ ਦਾ ਭਾਵ ਵੇਦਾਂ ਨੂੰ ਸਵੀਕਾਰ ਕਰਨ ਵਾਲਾ, ਪਰਲੋਕ ਵਿੱਚ ਵਿਸ਼ਵਾਸ ਰੱਖਣ ਵਾਲਾ ਅਤੇ ਅਕਾਲਪੁਰਖ ਦੀ ਸੱਤਾ ਨੂੰ ਸਵੀਕਾਰ ਕਰਨ ਵਾਲਾ ਹੈ ।[2] ਜਦੋਂ ਕਿ ਨਾਸਤਿਕ ਦਾ ਅਰਥ ਵੇਦਾਂ ਅਤੇ ਵਿਸ਼ੇਸ਼ ਕਰਕੇ ਉਨ੍ਹਾਂ ਦੇ ਯੱਗਵਾਦ ਨਾਲ ਜੁੜੀਆਂ ਰੂੜ੍ਹੀਵਾਦੀ ਸੰਸਥਾਵਾਂ ਦਾ ਵਿਰੋਧ ਕਰਨ ਵਾਲੇ ਹਨ ।[3] ਵੈਦਿਕ ਦਰਸ਼ਨ ਦੀਆਂ ਛੇ ਵਿਚਾਰਧਾਰਾਵਾਂ– ਨਿਆਇ, ਵੈਸ਼ੇਸ਼ਿਕ ਸਾਂਖ, ਯੋਗ, ਮੀਮਾਂਸਾ ਅਤੇ ਵੇਦਾਂਤ ਵਰਨਣਯੋਗ ਹਨ ਜਦੋਂ ਕਿ ਅਵੈਦਿਕ ਦਰਸ਼ਨ ਵਿੱਚ ਚਾਰਵਾਕ, ਜੈਨ ਅਤੇ ਬੁੱਧ ਵਿਚਾਰਧਾਰਾਵਾਂ ਪ੍ਰਮੁੱਖ ਹਨ। ਭਾਰਤੀ ਦਰਸ਼ਨ 'ਤੇ ਨਿਖਵੀਂ ਦ੍ਰਿਸ਼ਟੀ ਪਾਉਣ ਤੋਂ ਪੂਰਵ ਜਿਨ੍ਹਾਂ ਨੇ ਦਰਸ਼ਨ ਸ਼ਾਖਾਵਾਂ ਦਾ ਸੰਖੇਪ ਪਰਿਚੈ ਉਪਯੋਗੀ ਹੋਵੇਗਾ ।

2.1.2.1. ਚਾਰਵਾਕ ਦਰਸ਼ਨ

ਰਿਸ਼ੀ ਚਾਰਵਾਕ ਦੁਆਰਾ ਸਥਾਪਿਤ ਇਹ ਦਰਸ਼ਨ ਵੈਦਿਕ ਉਪਦੇਸ਼ਾਂ ਵਿਸ਼ੇਸ਼ ਕਰਕੇ ਕਰਮਕਾਂਡਾਂ ਦਾ ਸਖ਼ਤ ਵਿਰੋਧੀ ਹੈ। ਇਸ ਸ਼੍ਰੇਣੀ ਦੇ ਚਿੰਤਕ ਇਸ ਭੌਤਿਕ ਸੰਸਾਰ ਨੂੰ ਹੀ ਸੱਚ ਮੰਨ ਕੇ ਕਿਸੇ ਪਰਲੋਕ ਦੀ ਕਲਪਣਾ ਨਹੀਂ ਕਰਦੇ। ਇਹ ਬ੍ਰਹਮ, ਆਤਮਾ ਅਤੇ ਪਰਮਾਤਮਾ ਆਦਿ ਸੰਕਲਪਾਂ ਨੂੰ ਝੂਠੇ ਆਖਦੇ ਹੋਏ ਇਸ ਪਦਾਰਥਿਕ ਸੰਸਾਰ ਨੂੰ ਸੰਪੂਰਨ ਰੂਪ ਵਿਚ ਭੋਗਣ ਨੂੰ ਹੀ ਪ੍ਰਾਥਮਿਕਤਾ ਦਿੰਦੇ ਹਨ। ਇਨ੍ਹਾਂ ਨੂੰ ਵਿਤੰਡਾਵਾਦੀ, ਭੌਤਿਕਵਾਦੀ ਅਤੇ ਵਸਤੂਵਾਦੀ ਵੀ ਆਖਿਆ ਜਾਂਦਾ ਹੈ। ਇਸ ਦਰਸ਼ਨ ਨੂੰ ਪਦਾਰਥਿਕ ਵਿਗਿਆਨ ਦਾ ਜਨਮਦਾਤਾ ਮੰਨਿਆ ਜਾ ਸਕਦਾ ਹੈ। ਇਸ ਵਿਚਾਰਧਾਰਾ ਦੀਆਂ ਬਾਹਰਮੁਖੀ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤੀਆਂ ਭਾਵੇਂ ਸ਼ਲਾਘਾਯੋਗ ਹਨ ਪਰੰਤੂ ਅੰਤ੍ਰਿਕ ਮਨੁੱਖੀ ਬਿਰਤੀਆਂ ਅਤੇ ਮਨੋਵੇਗਾਂ ਦੀ ਅਸਥਿਰਤਾ ਨੂੰ ਬਿਆਨ ਕਰਨ ਦੀ ਅਸਮਰੱਥਤਾ ਅਤੇ ਸੀਮਾਬੱਧਤਾ ਕਾਰਨ ਇਹ ਦਰਸ਼ਨ ਗੰਭੀਰ ਭਾਰਤੀ ਚਿੰਤਨ ਵਿੱਚ ਪ੍ਰਮੁੱਖ ਸਥਾਨ ਨਹੀਂ ਬਣਾ ਸਕਿਆ ।

2.1.2.2. ਜੈਨ ਦਰਸ਼ਨ

ਇਹ ਵਿਚਾਰਧਾਰਾ ਵੀ ਅਵੈਦਿਕ ਦਰਸ਼ਨ ਪਰੰਪਰਾ ਨਾਲ ਸੰਬੰਧਿਤ ਹੈ । ਇਸਦੇ ਰਚੇਤਾ ਰਿਸ਼ਭਦੇਵ ਅਤੇ ਵਰਧਮਾਨ ਜਾਂ ਮਹਾਂਵੀਰ (ਚੌਵੀਵਾਂ ਤੀਰਥੰਕਰ) ਸਨ । ਇਹ ਦਾਰਸ਼ਨਿਕ ਵੇਦਾਂ ਦੀ ਨਿੰਦਾ ਜਾਂ ਆਡੰਬਨਾਂ ਕਰਨ ਦੀ ਥਾਂ ਵੈਦਿਕ ਵਿਚਾਰਾਂ ਤੋਂ ਸੁਤੰਤਰ ਵਿਚਾਰਾਂ ਦੇ ਧਾਰਨੀ ਹਨ। ਇਨ੍ਹਾਂ ਦਾ ਇੱਕ ਮਹੱਤਵਪੂਰਨ ਸਿੱਧਾਂਤ ਸਿਆਦਵਾਦ ਹੈ ਜਿਸ ਅਨੁਸਾਰ ਸਾਧਾਰਨ ਮਨੁੱਖੀ ਗਿਆਨ ਦੇ ਆਧਾਰ ਤੇ ਕਿਸੇ ਵੀ ਪਦਾਰਥ ਦਾ ਪੂਰਵ ਗਿਆਨ ਨਹੀਂ ਹੁੰਦਾ । ਉਸਦੀ ਸਚਾਈ ਜਾਂ ਝੂਠ ਦੀ ਸੰਭਾਵਨਾ ਹੀ ਹੋ ਸਕਦੀ ਹੈ। ਕੇਵਲ ਪੁਨਰਜਨਮ ਤੋਂ ਰਹਿਤ 'ਮੁਕਤ ਜੀਵ' ਹੀ ਪੂਰਨ ਗਿਆਨਵਾਨ, ਸ਼ਕਤੀਸ਼ਾਲੀ ਅਤੇ ਗੁਣਵਾਨ ਹੋ ਸਕਦਾ ਹੈ ।[4] ਇਸ ਵਿਚਾਰਧਾਰਾ ਅਨੁਸਾਰ ਸ੍ਰਿਸ਼ਟੀ ਦੇ ਮੂਲ ਤੱਤਾਂ ਨੂੰ ਦੋ ਪ੍ਰਮੁੱਖ ਸ਼੍ਰੇਣੀਆਂ ਵਿਚ ਵਿਭਾਜਿਤ ਕੀਤਾ ਜਾ ਸਕਦਾ ਹੈ। ਵਿਸਥਾਰਭਰਪੂਰ ਤੱਤਾਂ ਨੂੰ ਅਸਤੀਕਾਇ ਆਖਿਆ ਜਾਂਦਾ ਹੈ ਜਿਨ੍ਹਾਂ ਵਿੱਚ ਜੀਵ, ਪੁਦਗਲ, ਆਕਾਸ਼, ਧਰਮ ਅਤੇ ਅਧਰਮ ਸ਼ਾਮਿਲ ਹਨ ਜਦੋਂ ਕਿ ਵਿਸਥਾਰ ਵੰਚਿਤ ਤੱਤ, ਕਾਲ ਨੂੰ ਨਾਸਤੀਕਾਇ ਆਖਦੇ ਹਨ। ਭੌਤਿਕ ਪਦਾਰਥਾਂ ਦੇ ਨਿਰਮਾਤਾ ਪੁਦਗਿਲ ਹਨ ਜਿਨ੍ਹਾਂ ਨੂੰ ਪਰਮਾਣੂ ਵੀ ਮੰਨਿਆ ਜਾ ਸਕਦਾ ਹੈ । ਜੈਨ ਦਰਸ਼ਨ ਉਚਿਤ ਚਰਿੱਤਰ ਲਈ ਪੰਜ ਮਹਾਂਵਰਤਾਂ – ਅਹਿੰਸਾ, ਸੱਚ, ਅਸਤੇਯ ,ਬ੍ਰਹਮਚਰਯ ਅਤੇ ਅਪਰਿਗ੍ਰਹਿ ਨੂੰ ਅਨਿਵਾਰੀ ਸਮਝਦਾ ਹੈ। ਇਸ ਮੱਤ ਦੇ ਅਨੁਯਾਈ ਭਾਵੇਂ ਅਜੇ ਵੀ ਭਾਰਤਵਰਸ਼ ਵਿੱਚ ਵੱਡੀ ਗਿਣਤੀ ਵਿੱਚ ਮੌਜੂਦ ਹਨ। ਪਰੰਤੂ ਇਸ ਵਿਚਾਰਧਾਰਾ ਨੂੰ ਪ੍ਰਤੀਨਿਧ ਭਾਰਤੀ ਦਰਸ਼ਨ ਨਹੀਂ ਆਖਿਆ ਜਾ ਸਕਦਾ ।

2.1.2.3. ਬੁੱਧ ਦਰਸ਼ਨ

ਇਸ ਮੱਤ ਦੇ ਸੰਸਥਾਪਕ ਮਹਾਤਮਾ ਬੁੱਧ ਸ੍ਰਿਸ਼ਟੀ ਦੀ ਰਚਨਾ ਅਤੇ ਵਾਸਤਵਿਕਤਾ ਜਾਣਨ ਲਈ ਆਤਮਾ ਦੇ ਸੱਤ ਜਾਂ ਅਸੱਤ ਬਾਰੇ ਚਰਚਾ ਕਰਨੀ ਆਵੱਸ਼ਕ ਨਹੀਂ ਸਮਝਦੇ । ਉਹ ਇਸ ਭੌਤਿਕ ਸੰਸਾਰ ਨੂੰ ਛਿਣਭੰਗਰ ਮੰਨ ਕੇ ਜੀਵਨ ਦੀਆਂ ਚਾਰ

Sri Satguru Jagjit Singh Ji eLibrary NamdhariElibrary@gmail.com

ਸਚਾਈਆਂ ਨੂੰ ਦੁੱਖ ਸੱਚ, ਸਮੁਦਯ ਸੱਚ, ਨਿਰੋਧ ਸੱਚ ਅਤੇ ਨਿਰੋਧ ਮਾਰਗ ਸੱਚ ਆਖਦੇ ਹਨ। ਉਨ੍ਹਾਂ ਨੇ ਇੱਕ ਸਫ਼ਲ ਅਤੇ ਸੰਪੂਰਨ ਜੀਵਨ ਲਈ ਅਸ਼ਟਾਂਗ ਮਾਰਗ ਦਾ ਉਪਦੇਸ਼ ਦਿੱਤਾ ਜਿਸ ਵਿਚ ਉਚਿਤ ਦ੍ਰਿਸ਼ਟੀ, ਉਚਿਤ ਸੰਕਲਪ, ਉਚਿਤ ਵਚਨ, ਉਚਿਤ ਕਰਮ ਉਚਿਤ ਜੀਵਿਕਾ, ਉਚਿਤ ਮਿਹਨਤ, ਉਚਿਤ ਸਮ੍ਰਿਤੀ ਅਤੇ ਉਚਿਤ ਸਮਾਧੀ ਸ਼ਾਮਿਲ ਕੀਤੇ ਗਏ ।[5] ਇਹ ਦਰਸ਼ਨ ਨੀਤੀ ਪ੍ਰਧਾਨ ਹੈ ਕਿਉਂਕਿ ਇਸ ਵਿਚ ਸਦਾਚਾਰਕ ਕਦਰਾਂ ਕੀਮਤਾਂ ਦੀ ਪਾਲਣਾ ਮਰਯਾਦਾ ਅਨੁਸਾਰ ਕਰਨ ਦੀ ਪ੍ਰਤਿਬੱਧਤਾ ਹੈ। ਬੋਧਿਕ ਦਾਰਸ਼ਨਿਕ ਇੱਕ ਘਟਨਾ ਨੂੰ ਦੂਜੀ ਘਟਨਾ ਦਾ ਪਰਿਣਾਮ ਸਵੀਕਾਰਦੇ ਹਨ। ਇਸ ਲਈ ਜਗਤ-ਪ੍ਰਕ੍ਰਿਆਵਾਂ ਕਾਰਜ-ਕਾਰਜ ਸ੍ਰਿੰਖਲਾ ਦੀਆਂ ਲੜੀਆਂ ਹਨ। ਇਸ ਕਾਰਨ ਬੁੱਧਮੱਤ ਨੂੰ ਸਾਪੇਖਕਾਰਨਤਾਵਾਦ ਵੀ ਆਖਿਆ ਜਾਂਦਾ ਹੈ ।[6] ਇਹ ਮੱਤ ਭਾਰਤ ਤੋਂ ਇਲਾਵਾ ਹੋਰ ਵੀ ਅਨੇਕ ਦੇਸ਼ਾਂ ਵਿਚ ਫੈਲ ਕੇ ਵੈਦਿਕ ਦਰਸ਼ਨ ਵਿਚਾਰਧਾਰਾਵਾਂ ਲਈ ਸਦੀਆਂ ਤੱਕ ਚੁਣੌਤੀ ਬਣਿਆ ਰਿਹਾ । ਮੱਧਕਾਲ ਵਿੱਚ ਹੀ ਇਹ ਵਿਚਾਰਧਾਰਾ ਪਹਿਲਾਂ ਹੀਨਯਾਨ ਤੇ ਮਹਾਯਾਨ ਅਤੇ ਫਿਰ ਅੱਗੇ ਕਈ ਸ਼ਾਖਾਵਾਂ ਵਿਚ ਵਿਭਾਜਤ ਹੋ ਕੇ ਕਰਮਕਾਂਡਾਂ ਦਾ ਸ਼ਿਕਾਰ ਹੋ ਗਈ। ਇਸ ਦਰਸ਼ਨ ਦੇ ਇੱਕਾ-ਦੁੱਕਾ ਸੂਤਰ ਭਾਵੇਂ ਭਾਰਤੀ ਦਰਸ਼ਨ ਵਿਚ ਅਜੇ ਵੀ ਵਿਦਮਾਨ ਹਨ ਪਰੰਤੂ ਜਨਸਾਧਾਰਨ ਦੇ ਅੰਤਿਹਕਰਣ ਵਿੱਚ ਇਹ ਆਪਣਾ ਸਥਾਨ ਗ੍ਰਹਿਣ ਨਹੀਂ ਕਰ ਸਕਿਆ ।

### 2.1.2.4. ਨਿਆਇ ਦਰਸ਼ਨ

ਇਸ ਵੈਦਿਕ ਦਰਸ਼ਨ ਦਾ ਰਚਨਹਾਰਾ ਮਹਾਂਰਿਸ਼ੀ ਗੌਤਮ ਨੂੰ ਮੰਨਿਆ ਜਾਂਦਾ ਹੈ। ਨਿਆਇ ਦਾ ਸ਼ਾਬਦਿਕ ਅਰਥ ਕਿਸੇ ਵਿਸ਼ੇ ਦੇ ਧੁਰ ਅੰਦਰ ਜਾਣਾ ਭਾਵ ਉਸਦੀ ਵਿਸ਼ਲੇਸ਼ਣਾਤਮਿਕ ਸਮੀਖਿਆ ਕਰਨੀ ਹੈ। ਇਸ ਲਈ ਇਸ ਦਰਸ਼ਨ ਨੂੰ ਵਿਗਿਆਨਾਂ ਦਾ ਵਿਗਿਆਨ ਵੀ ਆਖਿਆ ਜਾਂਦਾ ਹੈ ।[7] ਇਸ ਦਰਸ਼ਨ ਦੇ ਸੋਲ੍ਹਾਂ ਮਹੱਤਵਪੂਰਨ ਪਦਾਰਥਾਂ ਵਿੱਚੋਂ ਪ੍ਰਮਾਣ ਗਿਆਨ ਪ੍ਰਾਪਤੀ ਨਾਲ ਸੰਬੰਧਿਤ ਹੈ ਜਿਸਦੇ ਚਾਰ ਪ੍ਰਕਾਰ ਪ੍ਰਤੱਖ ਪ੍ਰਮਾਣ, ਅਨੁਮਾਨ ਪ੍ਰਮਾਣ, ਉਪਮਾਂ ਪ੍ਰਮਾਣ ਅਤੇ ਸ਼ਬਦ ਪ੍ਰਮਾਣ ਹਨ । ਮਨੁੱਖ ਬਹੁਤਾ ਗਿਆਨ ਸ਼ਬਦ ਪ੍ਰਮਾਣ ਦੁਆਰਾ ਹੀ ਗ੍ਰਹਿਣ ਕਰਦਾ ਹੈ। ਪਰੰਤੂ ਕਿਸੇ ਮਹਾਂਪੁਰਸ਼ ਦੇ ਵਾਕ ਹੀ ਸ਼ਬਦ-ਪ੍ਰਮਾਣ ਬਣ ਸਕਦੇ ਹਨ । ਜਿਸ ਸ਼ਬਦ-ਪ੍ਰਮਾਣ ਦੇ ਅਰਥਾਂ ਵਾਲੀ ਵਸਤੂ ਦਿਸਦੀ ਹੈ ਉਸਨੂੰ ਦ੍ਰਿਸ਼ਟਾਰਥ ਜਾਂ ਲੌਕਿਕ ਸ਼ਬਦ ਪ੍ਰਮਾਣ ਅਤੇ ਜਿਸ ਸ਼ਬਦ ਪ੍ਰਮਾਣ ਦਾ ਅਰਥ ਅਦ੍ਰਿਸ਼ਟਮਾਨ ਹੈ ਉਸਨੂੰ

Sri Satguru Jagjit Singh Ji eLibrary NamdhariElibrary@gmail.com

ਅਦ੍ਰਿਸ਼ਟਾਰਥ ਜਾਂ ਅਲੌਕਿਕ ਸ਼ਬਦ ਪ੍ਰਮਾਣ ਆਖਿਆ ਜਾਂਦਾ ਹੈ । ਵੇਦਾਂ ਦੇ ਪਰਮਾਤਮਾ ਬਾਰੇ ਵਿਚਾਰਾਂ ਨੂੰ ਅਦ੍ਰਿਸ਼ਟਾਰਥ ਸ਼ਬਦ-ਪ੍ਰਮਾਣ ਮੰਨਿਆ ਜਾਂਦਾ ਹੈ । ਨਿਆਇ ਦਰਸ਼ਨ ਦਾ ਕਾਰਜ-ਕਾਰਣ ਸਿਧਾਂਤ, ਅਸਤਕਾਰਜਵਾਦ ਇਸ ਚਿੰਤਨ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਦਰਸ਼ਨ ਅਨੁਸਾਰ ਕਾਰਜ ਦੀ ਉਤਪਤੀ ਲਈ ਤਿੰਨ ਪ੍ਰਕਾਰ ਦੇ ਕਾਰਨ– ਸਮਵਾਇ ਕਾਰਨ, ਅਸਮਵਾਇ ਕਾਰਨ ਅਤੇ ਨਿਮਿੱਤ ਕਾਰਨ ਹਨ। ਕਾਰਜ ਸਮੇਂ ਉਪਸਥਿਤ ਕਾਰਨਾਂ ਨੂੰ ਸਮਵਾਇ, ਸਹਾਇਕ ਕਾਰਨਾਂ ਨੂੰ ਅਸਮਵਾਇ ਅਤੇ ਬਾਹਰੋਂ ਕ੍ਰਿਆਸ਼ੀਲ ਕਾਰਨਾਂ ਨੂੰ ਨਿਮਿੱਤ ਕਾਰਨ ਆਖਿਆ ਗਿਆ ਹੈ। ਸ੍ਰਿਸ਼ਟੀ ਦੀ ਰਚਨਾ ਵਿੱਚ ਪਰਮਾਤਮਾ ਇੱਕ ਨਿਮਿੱਤ ਕਾਰਨ ਬਣਦਾ ਹੈ। ਇਹ ਦਰਸ਼ਨ ਕੇਵਲ ਚਿੰਤਨਸ਼ੀਲ ਅਤੇ ਸੰਵਾਦੀ ਬੁੱਧੀਜੀਵੀ ਖੇਤਰਾਂ ਤੱਕ ਹੀ ਸੀਮਿਤ ਰਹਿ ਕੇ ਆਮ ਲੋਕਾਂ ਲਈ ਵਿਵਹਾਰਿਕ ਸਿੱਧ ਨਹੀਂ ਹੋਇਆ। ਇਸ ਪ੍ਰਕਾਰ ਭਾਰਤੀ ਦਰਸ਼ਨ ਦੀ ਮੁੱਖ ਧਾਰਾ ਦਾ ਕ੍ਰਿਆਸ਼ੀਲ ਅੰਸ਼ ਨਹੀਂ ਬਣ ਸਕਿਆ ।

2.1.2.5. <u>ਵੈਸ਼ੇਸ਼ਿਕ ਦਰਸ਼ਨ</u>

ਇਸ ਵੈਦਿਕ ਦਰਸ਼ਨ ਦੇ ਸਥਾਪਕ ਮਹਾਂਰਿਸ਼ੀ ਕਣਾਦ ਅਨੁਸਾਰ ਸਮੂਹ ਸ੍ਰਿਸ਼ਟੀ ਦੇ ਚਾਲਕ ਛੇ ਪਦਾਰਥ; ਦ੍ਰਵ, ਗੁਣ, ਕਰਮ, ਸਾਮਾਨਯ, ਵਿਸ਼ੇਸ਼ ਅਤੇ ਸਮਵਾਇ ਹਨ। ਦ੍ਰਵ ਨੂੰ ਸ੍ਰਿਸ਼ਟੀ ਦਾ ਮੂਲ ਤੱਤ ਅਤੇ ਸਾਰੇ ਪਦਾਰਥਾਂ ਦਾ ਸਮਵਾਇ ਕਾਰਨ ਮੰਨਿਆ ਗਿਆ ਹੈ। ਚਾਰ ਕਾਰਜ ਦ੍ਰਵਾਂ ਪ੍ਰਿਥਵੀ, ਜਲ, ਤੇਜ (ਅਗਨੀ) ਅਤੇ ਵਾਯੂ ਦੇ ਰੂਪ ਨਿੱਤ ਅਤੇ ਅਨਿੱਤ ਹਨ । ਪਰਮਾਣੂਆਂ ਦੇ ਰੂਪ ਵਿੱਚ ਇਨ੍ਹਾਂ ਨੂੰ ਨਿੱਤ ਅਤੇ ਕਾਰਜ ਰੂਪ ਵਿੱਚ ਅਨਿੱਤ ਆਖਿਆ ਜਾਂਦਾ ਹੈ। ਅਨਿੱਤ ਦਾ ਅਰਥ ਪਰਿਵਰਤਨਸ਼ੀਲਤਾ ਹੈ। ਇਨ੍ਹਾਂ ਚਾਰ ਕਾਰਜ ਦ੍ਰਵਾਂ ਦੇ ਸੂਖਮ ਪਰਮਾਣੂਆਂ ਤੋਂ ਸਥੂਲ ਪ੍ਰਿਥਵੀ, ਜਲ, ਅਗਨੀ ਅਤੇ ਵਾਯੂ ਦੀ ਉੱਤਪਤੀ ਹੁੰਦੀ ਹੈ ਜਿਨ੍ਹਾਂ ਤੋਂ ਭੌਤਿਕ ਪਦਾਰਥਕ ਜਗਤ ਹੋਂਦ ਵਿਚ ਆਉਂਦਾ ਹੈ। ਇਹ ਦਰਸ਼ਨ ਵੀ ਆਪਣੀਆਂ ਗੁੰਝਲਦਾਰ ਅਭਿਧਾਰਾਵਾਂ ਕਾਰਣ ਅਮਲੀ ਰੂਪ ਧਾਰਨ ਕਰਕੇ ਸਿੱਖਿਆ ਮਾਧਿਅਮ ਨਹੀਂ ਬਣ ਸਕਿਆ ।

2.1.2.6. <u>ਸਾਂਖ ਦਰਸ਼ਨ</u>

ਸ਼ੰਕਰਾਚਾਰੀਆ ਨੇ ਆਪਣੇ ਗੀਤਾਭਾਸ਼ਯ ਵਿੱਚ ਇਸ ਸ਼ਬਦ ਦਾ ਅਰਥ 'ਸ਼ੁੱਧ ਆਤਮ ਵਿਗਿਆਨ' ਕੀਤਾ ਹੈ। ਇਹ ਪੁਰਾਤਨ ਦਰਸ਼ਨ ਮਹਾਂਰਿਸ਼ੀ ਕਪਿਲ ਦੀ

Sri Satguru Jagjit Singh Ji eLibrary NamdhariElibrary@gmail.com

ਕਿਰਤ ਹੈ। ਇਸ ਵਿੱਚ ਪੱਚੀ ਤੱਤਾਂ ਦੀ ਵਿਆਖਿਆ ਕੀਤੀ ਗਈ ਹੈ ਜਿਨ੍ਹਾਂ ਵਿਚੋਂ ਪ੍ਰਕ੍ਰਿਤੀ ਪ੍ਰਮੁੱਖ ਹੈ । ਜੋ ਤੇਈ ਤੱਤਾਂ ਦਾ ਵਿਕਾਸ ਕਰਦੀ ਹੈ ।[8] ਇਸ ਦਰਸ਼ਨ ਦੇ ਆਚਾਰੀਆਂ ਅਨੁਸਾਰ ਸਾਰਾ ਜਗਤ ਅਚੇਤਨ ਅਤੇ ਚੇਤਨ ਤੱਤਾਂ ਦੇ ਸੰਯੋਗ ਨਾਲ ਬਣਿਆ ਹੈ। ਇਸ ਕਾਰਨ ਇਹ ਦ੍ਵੈਤਵਾਦ ਵੀ ਅਖਵਾਉਂਦਾ ਹੈ। ਸਾਰੇ ਚੇਤਨ ਤੱਤਾਂ ਦੀ ਪ੍ਰਤਿਨਿਧਤਾ ਪੁਰਸ਼ ਅਤੇ ਅਚੇਤਨ ਤੱਤਾਂ ਦੀ ਪ੍ਰਤਿਨਿਧਤਾ ਪ੍ਰਕਿਰਤੀ ਕਰਦੀ ਹੈ। ਸਾਂਖਿਆ ਦਰਸ਼ਨ ਦੇ ਕਾਰਜ-ਕਾਰਣ ਸਿੱਧਾਂਤ ਨੂੰ ਸੱਤਕਾਰਜਵਾਦ ਆਖਿਆ ਜਾਂਦਾ ਹੈ। ਜਿਸ ਅਨੁਸਾਰ ਕਾਰਜ ਦੀ ਅਭਿਵਿਅਕਤੀ ਤੋਂ ਪਹਿਲਾਂ ਕਾਰਣ ਵਿੱਚ ਕਾਰਜ ਦੀ ਹੋਂਦ (ਸੱਤ) ਹੁੰਦੀ ਹੈ। ਇਸ ਪ੍ਰਕਾਰ ਕਾਰਜ ਨੂੰ ਕਾਰਣ ਦਾ ਪਰਿਣਾਮ ਰੂਪ ਮੰਨਿਆਂ ਜਾਂਦਾ ਹੈ । ਸਤਕਾਰਜਵਾਦ ਦਾ ਇਹ ਸਿਧਾਂਤ ਨਿਆਂਇਵਾਦੀਆਂ ਦੇ ਅਸਤਕਾਰਜਵਾਦ ਤੋਂ ਅਧਿਕ ਤਰਕਭਰਪੂਰ ਅਤੇ ਵਿਗਿਆਨਕ ਹੈ। ਭੌਤਿਕ ਜਗਤ ਦੀ ਉੱਤਪਤੀ ਨੂੰ ਬਿਆਨ ਕਰਦਾ ਇਸਦਾ 'ਵਿਕਾਸਵਾਦ ਸਿਧਾਂਤ' ਪੁਰਾਤਨ ਭਾਰਤੀ ਚਿੰਤਕਾਂ ਦੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਜਾਗਰ ਕਰਦਾ ਹੈ। ਭਾਰਤੀ ਦਰਸ਼ਨ ਦੇ ਪ੍ਰਮੁੱਖ ਪ੍ਰਵਕਤਾ ,ਸ਼ੰਕਰਾਚਾਰੀਆਂ ਦੀਆਂ ਤਰਕਵਾਦੀ ਦਲੀਲਾਂ ਅੱਗੇ ਇਹ ਦਰਸ਼ਨ ਵੀ ਟਿਕ ਨਹੀਂ ਸਕਿਆ । ਜਿਸ ਕਾਰਨ ਆਪਣੀ ਵਿਵਹਾਰਕਤਾ ਗੁਆ ਬੈਠਾ ।

### 2.1.2.7. ਯੋਗ ਦਰਸ਼ਨ

ਇਹ ਅਜਿਹਾ ਵੈਦਿਕ ਦਰਸ਼ਨ ਹੈ ਜਿਹੜਾ ਮਨੁੱਖੀ ਜੀਵਨ ਦਾ ਵਿਕਾਸ ਕਰਦਿਆਂ ਉਸਦੀ ਅੰਤ੍ਰਿਕ ਦੈਵੀ ਸ਼ਕਤੀ ਨੂੰ ਪ੍ਰਗਟ ਕਰਨ ਦਾ ਸਾਧਨ ਪ੍ਰਸਤੁਤ ਕਰਦਾ ਹੈ । ਮਹਾਂਰਿਸ਼ੀ ਪਤੰਜਲੀ ਨੇ ਯੋਗ ਦਰਸ਼ਨ ਦੇ ਸੂਤਰ ਲਿਖੇ ਹਨ ਜੋ ਵੇਦਾਂ, ਉਪਨਿਸ਼ਦਾਂ, ਪੁਰਾਣਾਂ ਅਤੇ ਮਹਾਂਭਾਰਤ ਤੇ ਆਧਾਰਿਤ ਹਨ। ਤੱਤ ਰੂਪ ਵਿਚ ਇਹ ਇੱਕ ਆਤਮ-ਵਿਜੈ ਦੀ ਪ੍ਰਕ੍ਰਿਆ ਹੈ ਜਿਸਨੂੰ ਉਪਨਿਸ਼ਦਾਂ ਵਿੱਚ ਉਪਾਸਨਾ ਆਖਿਆ ਗਿਆ ਹੈ ।[9] ਇਸ ਯੋਗ ਨਾਲ ਦੇਹ ਨੂੰ ਸਾਧਿਆ ਜਾਂਦਾ ਹੈ, ਪ੍ਰਾਣਾਂ ਤੇ ਨਿਯੰਤ੍ਰਣ ਕੀਤਾ ਜਾਂਦਾ ਹੈ, ਮਨ ਵਿੱਚ ਚੇਤਨਾ ਦਾ ਵਿਕਾਸ ਕੀਤਾ ਜਾਂਦਾ ਹੈ, ਆਤਮਸ਼ਕਤੀ ਨੂੰ ਵਧਾਉਣ ਦਾ ਯਤਨ ਕੀਤਾ ਜਾਂਦਾ ਹੈ, ਇੰਦਰੀਆਂ ਦੇ ਭੋਗਾਂ ਦਾ ਤਿਆਗ ਕੀਤਾ ਜਾਂਦਾ ਹੈ ਅਤੇ ਚਿੱਤ ਵਿੱਚ ਆਤਮਜੋਤੀ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ।[10] ਇਸਦੇ ਯੋਗ-ਸੂਤਰਾਂ ਵਿਚ ਯੋਗ ਦੇ ਅੱਠ ਸਾਧਨਾਂ ਦਾ ਵਿਵਰਣ ਮਿਲਦਾ ਹੈ ਜਿਨਾਂ ਨੂੰ ਅਸ਼ਟਾਂਗ ਆਖਿਆ ਜਾਂਦਾ ਹੈ। ਇਸ ਦੇ ਅੰਗ ਹਨ ਯਮ, ਨਿਯਮ, ਆਸਨ ,

ਪ੍ਰਾਣਾਯਾਮ, ਪ੍ਰਤਿਆਹਾਰ, ਧਾਰਣਾ, ਧਿਆਨ ਅਤੇ ਸਮਾਧੀ । ਯਮ ਦੇ ਪੰਜ ਮਹਾਂਵਰਤ; ਅਹਿੰਸਾ, ਸੱਚ, ਅਸਤੇਯ ਬ੍ਰਹਮਚਰਯ ਅਤੇ ਅਪਰਿਗ੍ਰਹਿ ਹਨ । ਪੰਜ ਨਿਯਮ ਸ਼ੋਚ ਸੰਤੋਖ, ਤਪ, ਸਵਾਧਿਆਇ ਅਤੇ ਈਸ਼ਵਰ ਪ੍ਰਣਿਧਾਨ ਹਨ। ਯੋਗ ਦੇ ਤੀਜੇ ਅੰਗ ਵਿਚ ਪਦਮ ਆਸਨ, ਵੀਰ ਆਸਨ, ਭਦ੍ਰਆਸਨ, ਸਵਸਤਿਕ ਆਸਨ ਅਤੇ ਦੰਡ-ਆਸਨ ਪੰਜ ਵਿਧੀਆਂ ਦੱਸੀਆਂ ਗਈਆਂ ਹਨ। ਸਵਾਸਾਂ ਦੀ ਗਤੀ ਨੂੰ ਨਿਯੰਤ੍ਰਿਤ ਕਰਨ ਦੀ ਪ੍ਰਕ੍ਰਿਆ ਨੂੰ ਪ੍ਰਾਣਾਯਾਮ ਆਖਿਆ ਗਿਆ ਹੈ। ਇਸਦੇ ਤਿੰਨ ਭੇਦ ਰੇਚਕ, ਪੂਰਕ ਅਤੇ ਕੁੰਭਕ ਹਨ । ਇੰਦਰੀਆਂ ਦੀ ਨਿਯੰਤ੍ਰਣ ਵਿਧੀ ਦਾ ਨਾਂ ਪ੍ਰਤਿਆਹਾਰ ਹੈ। ਚਿੱਤ ਬਿਰਤੀਆਂ ਨੂੰ ਨਾਭੀ ਚੱਕਰ, ਹਿਰਦੇ ਕਮਲ, ਮਸਤਕ, ਜੋਤੀ, ਨੱਕ ਦੇ ਅਗਲੇ ਭਾਗ, ਜੀਭ ਦੇ ਅਗਲੇ ਭਾਗ ਅਤੇ ਕਿਸੀ ਹੋਰ ਬਾਹਰਲੇ ਸਥਾਨ ਤੇ ਟਿਕਾਉਣ ਦੀ ਕ੍ਰਿਆ ਨੂੰ ਧਾਰਨ ਕਿਹਾ ਜਾਂਦਾ ਹੈ। ਧਾਰਨਾ ਦੇ ਸਥਾਨ ਤੇ ਚਿੱਤਬਿਰਤੀਆਂ ਦੀ ਇਕਾਂਤਤਾ ਅਥਵਾ ਇਕਰੂਪਤਾ ਦਾ ਨਾਂ ਧਿਆਨ ਹੈ। ਧਿਆਨ ਦੀ ਅਵਸਥਾ ਵਿੱਚ ਜਦੋਂ ਯੋਗੀ ਧਿਆਤਾ, ਧੇਯ ਅਤੇ ਧਿਆਨ ਦੇ ਭੇਦ ਨੂੰ ਭੁੱਲ ਕੇ ਆਪਣੇ ਸਰੂਪ ਦੇ ਬੋਧ ਤੋਂ ਵੀ ਨਿਰਲੈਪ ਹੋ ਜਾਂਦਾ ਹੈ । ਤਾਂ ਸਮਾਧੀ ਲੱਗ ਜਾਂਦੀ ਹੈ। ਇਸ ਦਰਸ਼ਨ ਦਾ ਉਪਦੇਸ਼ ਹੈ ਕਿ ਬ੍ਰਹਮ ਦੀ ਪ੍ਰਾਪਤੀ ਲਈ ਸਾਧਕ ਨੂੰ ਤੀਰਥਯਾਤਰਾ, ਵਰਤਨੇਮ, ਜਪ-ਤਪ ਜਾਂ ਕਿਸੀ ਹੋਰ ਪ੍ਰਕਾਰ ਦੇ ਧਾਰਮਿਕ ਰੀਤੀ ਰਿਵਾਜ ਕਰਨ ਦੀ ਲੋੜ ਨਹੀਂ ਕਿਉਂਕਿ ਉਹ ਬ੍ਰਹਮ ਪਰਮ ਸ਼ਿਵਾ ਅਤੇ ਅਨਿਰਵਚਨੀ ਹੈ। ਉਸਦਾ ਅਲੌਕਿਕ ਸਰੂਪ ਤਾਂ ਇਸ ਮਨ ਰੂਪੀ ਦਰਪਣ ਵਿੱਚ ਪ੍ਰਤਿਬਿੰਬਤ ਹੋ ਰਿਹਾ ਹੈ । ਜ਼ਰੂਰਤ ਤਾਂ ਯੋਗ ਅਭਿਆਸ ਨਾਲ ਇਸ ਮਨ ਰੂਪੀ ਦਰਪਣ ਦੀ ਸਾਫ ਕਰਨ ਦੀ ਹੈ।[11] ਇਹ ਇੱਕ ਪ੍ਰਯੋਗੀ ਦਰਸ਼ਨ ਹੈ ਜਿਸ ਦੀਆਂ ਵਿਧੀਆਂ ਨੂੰ ਮਾਨਸਿਕ ਇਕਾਗਰਤਾ ਲਈ ਹਰ ਰਿਸ਼ੀ, ਮੁਨੀ, ਉਪਾਸ਼ਕ ਅਤੇ ਗੰਭੀਰ ਚਿੰਤਕ ਦੁਆਰਾ ਉਪਯੋਗ ਵਿੱਚ ਲਿਆਇਆ ਜਾਂਦਾ ਸੀ। ਅਸ਼ਟਾਂਗ ਦੇ ਅੰਗਾਂ ਦਾ ਜ਼ਿਕਰ ਭਾਰਤੀ ਸਿੱਖਿਆ ਦਰਸ਼ਨ ਵਿੱਚ ਆਮ ਮਿਲਦਾ ਹੈ । ਆਧੁਨਿਕ ਸਿੱਖਿਆ ਪੱਧਤੀ ਵਿੱਚ ਵੀ ਇਸਦਾ ਯੋਗਦਾਨ ਮਹੱਤਵਪੂਰਨ ਅਤੇ ਸਾਰਥਕ ਹੈ ।

2.1.2.8. ਮੀਮਾਂਸਾ ਦਰਸ਼ਨ

ਮਹਾਂਰਿਸ਼ੀ ਜੈਮਿਨੀ ਦੁਆਰਾ ਰਚਿਤ ਇਸ ਦਰਸ਼ਨ ਦਾ ਮੁੱਖ ਉਦੇਸ਼ ਵੇਦਾਂ ਵਿੱਚ ਦਿੱਤੇ ਕਰਮਕਾਂਡਾਂ ਦਾ ਵਿਸ਼ਲੇਸ਼ਣ ਕਰਨਾ ਅਤੇ ਸ਼ਰੁਤੀਆਂ ਵਿਚ ਆਈਆਂ ਵਿਰੋਧਤਾਵਾਂ ਨੂੰ ਸੁਲਝਾਉਣਾ ਹੈ। ਇਸ ਦਰਸ਼ਨ ਵਿੱਚ ਧਰਮ-ਕਰਮ ਯੱਗਾਂ, ਯੱਗ-ਅਨੁਸ਼ਠਾਨਾਂ, ਕਰਮਾਂ ਦੇ ਫਲ ਵੈਦਿਕ ਉਪਦੇਸ਼ਾਂ, ਦੇਵੀ-ਦੇਵਤਿਆਂ, ਪ੍ਰਕਿਰਤੀ ਅਤੇ ਵਿਧੀਆਂ ਦਾ ਵਿਸਥਾਰ ਪੂਰਵਕ ਵਰਨਣ ਹੈ। ਮੀਮਾਂਸਕ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਧਰਮ ਦਾ ਕਰਮ ਨਾਲ ਸਿੱਧਾ

Sri Satguru Jagjit Singh Ji eLibrary NamdhariElibrary@gmail.com

ਸੰਬੰਧ ਹੈ। ਉਨ੍ਹਾਂ ਨੇ ਚਾਰ ਪ੍ਰਕਾਰ ਦੇ ਕਰਮ ਮੰਨੇ ਹਨ ਜਿਨ੍ਹਾਂ ਨੂੰ ਕਾਮਯ ਕਰਮ, ਪ੍ਰਤਿਸ਼ੱਧ ਕਰਮ, ਨਿਮਿੱਤ ਕਰਮ ਅਤੇ ਨਿੱਤਕਰਮ ਆਖਿਆ ਜਾਂਦਾ ਹੈ। ਸਵਰਗ-ਪ੍ਰਾਪਤੀ ਲਈ ਕੀਤੇ ਕਰਮਾਂ ਨੂੰ ਕਾਮਯ-ਕਰਮ ,ਨਿਸ਼ੇਧ ਕਰਮਾਂ ਨੂੰ ਪ੍ਰਤਿਸ਼ੱਧ ਕਰਮ, ਪਦਾਰਥਕ ਲੋਚਨਾਵਾਂ ਅਧੀਨ ਕੀਤੇ ਕਾਰਜਾਂ ਨੂੰ ਨਿਮਿੱਤ ਕਰਮ ਅਤੇ ਰੋਜ਼ਾਨਾ ਜੀਵਨ ਦੇ ਆਮ ਕਾਰਜਾਂ ਨੂੰ ਨਿੱਤ ਕਰਮ ਮੰਨਿਆ ਗਿਆ ਹੈ।[12] ਡਾ. ਰਾਧਾ ਕ੍ਰਿਸ਼ਨਨ ਮੀਮਾਂਸਾ ਦਰਸ਼ਨ ਨੂੰ ਦਾਰਸ਼ਨਿਕ ਪੱਖ ਤੋਂ ਅਸੰਤੋਸ਼ਜਨਕ ਅਤੇ ਅਧੂਰਾ ਮੰਨਦੇ ਹਨ ਕਿਉਂਕਿ ਇਸ ਦਰਸ਼ਨ ਦੇ ਆਚਾਰੀਆਂ ਨੇ ਪਰਮਾਰਥ, ਆਤਮਾ ਅਤੇ ਪ੍ਰਕਿਰਤੀ ਜਗਤ ਨਾਲ ਇਨ੍ਹਾਂ ਦੇ ਸੰਬੰਧਾਂ ਵਰਗੀਆਂ ਸਮੱਸਿਆਵਾਂ ਨਾਲ ਆਪਣਾ ਕੋਈ ਵਾਸਤਾ ਨਹੀਂ ਰੱਖਿਆ। ਉਨ੍ਹਾਂ ਅਨੁਸਾਰ ਇਸ ਦਰਸ਼ਨ ਦਾ ਨੀਤੀਸ਼ਾਸਤਰ ਵੀ ਬਿਲਕੁਲ ਯੰਤ੍ਰਿਕ ਅਤੇ ਧਰਮ ਦੀ ਵਿਵੇਚਨਾ ਤਰੁਟੀਪੂਰਣ ਹੈ ।[13]

2.1.2.9. ਵੇਦਾਂਤ ਦਰਸ਼ਨ

ਸਾਰੀ ਭਾਰਤੀ ਦਾਰਸਨਿਕ ਪਰੰਪਰਾ ਵਿੱਚ ਇਸ ਵੈਦਿਕ ਦਰਸ਼ਨ ਨੂੰ ਸਰਵੋਤਮ, ਸਰਵਸ੍ਰੇਸ਼ਟ ਅਤੇ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ । ਕਿਉਂਕਿ ਇਹ ਭਾਰਤ ਦੀ ਅਧਿਆਤਮ ਵਿੱਦਿਆ ਦਾ ਮੂਲ ਆਧਾਰ ਹੈ ।[14] ਆਧੁਨਿਕ ਕਾਲ ਵਿੱਚ ਵੀ ਹਿੰਦੂ ਵਿਚਾਰਵਾਨਾਂ ਦੇ ਜਗਤ ਵਿਸ਼ੇ ਬਾਰੇ ਦ੍ਰਿਸ਼ਟੀਕੋਣ ਦਾ ਨਿਰਣਾ ਕਰਨ ਵਿੱਚ ਵੇਦਾਂਤ ਦਾ ਕਿਸੇ ਨਾ ਕਿਸੇ ਰੂਪ ਵਿਚ ਪ੍ਰਮੁੱਖ ਯੋਗਦਾਨ ਹੈ। 'ਵੇਦਾਂਤ' ਸ਼ਬਦ ਦਾ ਸ਼ਾਬਿਕ ਅਰਥ ਹੈ "ਵੇਦ ਦਾ ਅੰਤ" ਭਾਵ ਉਹ ਸਿਧਾਂਤ ਜੋ ਵੇਦਾਂ ਦੇ ਅੰਤਿਮ ਅਧਿਆਇ ਵਿਚ ਪ੍ਰਤਿਪਾਦਤ ਕੀਤੇ ਗਏ ਹਨ । ਇਹ ਹੀ ਉਪਨਿਸ਼ਦ ਹਨ । ਉਪਨਿਸ਼ਦਾਂ ਦੇ ਵਿਚਾਰ ਵੀ ਉਹ ਹੀ ਹਨ ਜੋ ਵੇਦਾਂ ਦੇ ਅੰਤਿਮ ਲਕਸ਼ ਅਥਵਾ ਵੇਦਾਂ ਦਾ ਸਾਰ ਹੈ ।[15] ਇਸ ਦਰਸ਼ਨ ਦੇ ਪਿਤਾਮਾ ਮਹਾਂਰਿਸ਼ੀ ਬਾਦਰਾ-ਇਣ ਹਨ ਜਿਨ੍ਹਾਂ ਨੂੰ ਵਿਆਸ, ਵੇਦ ਵਿਆਸ ਅਤੇ ਕ੍ਰਿਸ਼ਨ ਦਵੈਪਾਇਨ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ। ਵੇਦਾਂਤ ਦੇ ਤਿੰਨ ਪ੍ਰਮੁੱਖ ਵਿਆਖਿਆਕਾਰਾਂ ਸ਼ੰਕਰ, ਰਾਮਾਨੁਜ ਅਤੇ ਮਾਧਵ ਸਨ ਜਿਨ੍ਹਾਂ ਵਿੱਚੋਂ ਸ਼ੰਕਰ ਸਭ ਤੋਂ ਕੱਟੜ ਅਦਵੈਤਵਾਦੀ ਸਨ ।[16] ਅਦ੍ਵੈਤ ਸ਼ਬਦ ਆਤਮਾ ਅਤੇ ਜੀਵਾਤਮਾ ਨੂੰ ਭਿੰਨ ਭਿੰਨ ਰੂਪ ਸਵੀਕਾਰ ਕਰਨ ਵਾਲੇ ਦ੍ਵੈਤਵਾਦੀ ਦਰਸ਼ਨ ਦੇ ਦ੍ਵੈਤ ਸ਼ਬਦ ਦਾ ਨਿਖੇਤਾਤਮਿਕ ਹੈ। ਇਸ ਦਰਸ਼ਨ ਵਿੱਚ ਵੇਦਾਂ ਦੇ ਏਕੰਸਤ[17] ਅਤੇ ਉਪਨਿਸ਼ਦਾਂ ਦੇ ਏਕੰਏਵ– ਅਦ੍ਵਿਤੀਯੰ ਸਤ੍[18] ਦੇ ਆਧਾਰ ਤੇ ਅਦ੍ਵੈਤ ਬ੍ਰਹਮ ਦੀ ਸੱਤਾ ਨੂੰ ਸਵੀਕਾਰ ਕੀਤਾ ਜਿਸਨੂੰ ਆਤਮਾ, ਸੱਤ, ਪ੍ਰਾਣ ਅਤੇ ਕਾਲ ਆਦਿ ਅਨੇਕ ਨਾਂ ਦਿੱਤੇ ਗਏ ਹਨ ।

Sri Satguru Jagjit Singh Ji eLibrary NamdhariElibrary@gmail.com

ਸ਼ੰਕਰਾਚਾਰੀਆ ਨੇ ਉਪਨਿਸ਼ਦਾਂ ਦੇ ਗੰਭੀਰ ਅਧਿਐਨ ..ਦੇ ਆਧਾਰ ਤੇ ਦੂਜੇ ਦਰਸ਼ਨਾਂ ਦੇ ਸੰਕਲਪਾਂ ਨੂੰ ਤਰਕ ਸਹਿਤ ਰੱਦ ਕਰਕੇ ਵਿਚਾਰ ਪ੍ਰਸਤੁਤ ਕੀਤਾ ਕਿ ਕੇਵਲ ਬ੍ਰਹਮ ਹੀ ਯਥਾਰਥ ਸੱਤਾ ਹੈ ਕਿਉਂਕਿ ਇਹ ਪ੍ਰਤੀਤਿਰੂਪ ਦੈਸ਼ਿਕ, ਭੌਤਿਕ ਅਤੇ ਚੇਤਨਾ ਜਗਤ ਸਭ ਤੋਂ ਭਿੰਨ ਹੈ।[19] ਅਦ੍ਵੈਤਵਾਦ ਵਿੱਚ ਬ੍ਰਹਮ ਅਤੇ ਆਤਮਾ ਦੀ ਅਭਿੰਨਤਾ ਦਾ ਪ੍ਰਤਿਪਾਦਨ ਕੀਤਾ ਗਿਆ ਹੈ। ਅਦ੍ਵੈਤਵਾਦੀ ਭੌਤਿਕ ਜਗਤ ਨੂੰ ਅਨਿਰਵਚਨੀਯ ਆਖਦੇ ਹਨ। ਇਸ ਦਰਸ਼ਨ ਵਿੱਚ ਬ੍ਰਹਮ ਆਤਮਾ, ਜੀਵਾਤਮਾ, ਸ੍ਰਿਸ਼ਟੀ, ਭੌਤਿਕ ਜਗਤ, ਮਾਇਆ, ਮੁਕਤੀ ਅਤੇ ਜੀਵਨ ਮਨੋਰਥ ਜਿਹੇ ਗੁੰਝਲਦਾਰ ਦਾਰਸ਼ਨਿਕ ਸੰਕਲਪਾਂ ਨੂੰ ਅਤਿ ਸਪਸ਼ਟਤਾ ਨਾਲ ਦਲੀਲਾਂ ਸਹਿਤ ਬਿਆਨ ਕੀਤਾ ਗਿਆ ਹੈ। ਜੀਵਨ-ਮੁਕਤੀ ਅਤੇ ਵਿਦੇਹ ਮੁਕਤੀ ਦੇ ਸਾਧਨਾਂ ਦਾ ਸਫ਼ਲਤਾਪੂਰਵਕ ਵਿਸ਼ਲੇਸ਼ਣ ਕੀਤਾ ਗਿਆ ਹੈ। ਜਿਸਨੂੰ ਸਮਝ ਕੇ ਅਤੇ ਅਪਣਾ ਕੇ ਜਗਿਆਸੂ ਅਤੇ ਸਾਧਕ ਆਪਣੇ ਜੀਵਨ ਦੇ ਪਰਮ ਉਦੇਸ਼ ਨੂੰ ਸਾਕਾਰ ਕਰ ਸਕਦਾ ਹੈ।[20] ਇਸ ਦਰਸ਼ਨ ਨੂੰ ਭਾਰਤੀ ਦਰਸ਼ਨ ਦਾ ਮੁੱਖ ਧੁਰਾ ਆਖਿਆ ਜਾ ਸਕਦਾ ਹੈ।

ਵੇਦਾਂਤ ਦੇ ਇੱਕ ਹੋਰ ਵਿਆਖਿਆਕਾਰ ਰਾਮਾਨੁਜ ਨੇ ਸ਼ੰਕਰਾਚਾਰੀਆ ਨਾਲੋਂ ਵਿਚਾਰਾਂ ਦੀ ਕੁਝ ਭਿੰਨਤਾ ਦੇ ਆਧਾਰ ਤੇ ਵਿਸ਼ਿਸ਼ਟਾਦ੍ਵੈਤਵਾਦ ਸਿਧਾਂਤ ਪ੍ਰਸਤੁਤ ਕੀਤਾ। ਇਸ ਵਿਚਾਰਧਾਰਾ ਦੀਆਂ ਬਹੁਤੀਆਂ ਮੱਦਾਂ ਤਾਂ ਅਦ੍ਵੈਤਵਾਦ ਨਾਲ ਮੇਲ ਖਾਂਦੀਆਂ ਹਨ ਪਰੰਤੂ ਕੁਝ ਵਿਲੱਖਣਤਾਵਾਂ ਅਤੇ ਭਿੰਨਤਾਵਾਂ ਸਪੱਸ਼ਟ ਉੱਘੜਵੀਆਂ ਹਨ। ਸ਼ੰਕਰਾਚਾਰੀਆ ਪ੍ਰਕਿਰਤੀ ਨੂੰ ਮਾਇਆ ਦਾ ਅਤੇ ਜੀਵ ਨੂੰ ਬ੍ਰਹਮ ਦਾ ਰੂਪ ਮੰਨਦੇ ਹਨ ਜਦੋਂ ਕਿ ਰਾਮਾਨੁਜ ਪ੍ਰਕਿਰਤੀ ਅਤੇ ਜੀਵ ਦੀ ਹੋਂਦ ਬ੍ਰਹਮ ਦੇ ਅੰਦਰ ਹੀ ਵੱਖਰੀ ਵੱਖਰੀ ਸਵੀਕਾਰ ਕਰਦੇ ਹਨ। ਉਹ ਈਸ਼ਵਰ, ਜੀਵ ਅਤੇ ਪ੍ਰਕਿਰਤੀ ਨੂੰ ਬ੍ਰਹਮ ਦਾ ਸਵੈਗਤ ਭੇਦ ਆਖਦੇ ਹਨ। ਇਸ ਤਰ੍ਹਾਂ ਰਾਮਾਨੁਜ ਚਿੱਤ (ਜੀਵ) ਅਚਿੱਤ(ਪ੍ਰਕਿਰਤੀ) ਅਤੇ ਈਸ਼ਵਰ ਤਿੰਨਾਂ ਤੱਤਾਂ ਦੇ ਸੰਯੁਕਤ ਰੂਪ ਬ੍ਰਹਮ ਨੂੰ ਵਿਸ਼ਿਸ਼ਟਦ੍ਵੈਤ ਤੱਤ ਮੰਨਦੇ ਹਨ।[21] ਆਚਾਰੀਆ ਰਾਮਾਨੁਜ ਵੈਸ਼ਣਵ ਮੱਤ ਅਨੁਸਾਰ ਈਸ਼ਵਰ ਨੂੰ ਹਰਿ, ਵਿਸ਼ਨੂ, ਵਾਸੁਦੇਵ ਅਤੇ ਨਾਰਾਇਣ ਆਖਕੇ ਇਸਨੂੰ ਜਗਤ ਨਿਰਮਾਤਾ ਅਤੇ ਉਪਾਦਾਨ ਕਾਰਨ ਸਵੀਕਾਰ ਕਰਦੇ ਹਨ। ਉਹ ਈਸ਼ਵਰ ਦੀਆਂ ਮੂਰਤੀਆਂ ਨੂੰ ਅਰਚਾ, ਵਿਸ਼ਨੂ ਅਵਤਾਰਾਂ ਨੂੰ ਵਿਭਵ ਵਿਸ਼ਨੂ ਦੇ ਚਾਰ ਰੂਪਾਂ ਵਾਸੁਦੇਵ, ਸੰਕਰਸ਼ਣ, ਪ੍ਰਦਿਉਮਨ ਅਤੇ ਅਨਿਰੁੱਧ ਨੂੰ ਵਿਊਹ, ਸੰਪੂਰਨ ਛੇ ਗੁਣਾਂ ਵਾਲੇ ਸਰੂਪ ਨੂੰ ਸੂਖਮ ਅਤੇ ਸਮੂਹ ਸ੍ਰਿਸ਼ਟੀ ਕਿਰਿਆਵਾਂ ਦੇ ਨਿਯੰਤ੍ਰਿਕ ਰੂਪ ਨੂੰ ਅੰਤਰਯਾਮੀ ਆਖਦੇ ਹਨ। ਵਿਸ਼ਿਸ਼ਟਦ੍ਵੈਤਵਾਦ ਦੀ ਸਰਵੋਚ ਵਿਸ਼ੇਸ਼ਤਾ ਇਹ ਹੈ ਕਿ ਇਹ ਈਸ਼ਵਰ ਦੀ ਪੁਰਸ਼ਵਾਦੀ ਧਾਰਨਾ

Sri Satguru Jagjit Singh Ji eLibrary NamdhariElibrary@gmail.com

ਨੂੰ ਬ੍ਰਹਮਵਾਦੀ ਦਰਸ਼ਨ ਨਾਲ ਸੰਯੁਕਤ ਕਰ ਦਿੰਦਾ ਹੈ। ਪ੍ਰਾਚੀਨ ਕਾਲ ਤੋਂ ਚਲੀਆਂ ਆ ਰਹੀਆਂ ਏ ਵਿਚਾਰਧਾਰਾਵਾਂ ਇੱਕ ਦੂਜੀ ਵਿਚ ਮਿਲ ਜਾਂਦੀਆਂ ਹਨ । ਸੁਸੰਸਕ੍ਰਿਤ ਅਤੇ ਸਾਧਾਰਨ ਲੋਕਾਂ ਵਿੱਚ ਇਸਦੀ ਲੋਕਪ੍ਰਿਯਤਾ ਅਧਿਕਾਂਸ ਇਸ ਕਾਰਣ ਹੀ ਹੈ ।[22] ਮੱਧਕਾਲੀਨ ਭਾਰਤੀ ਸਾਹਿਤ ਦੀ ਦਾਰਸ਼ਨਿਕ ਵਿਚਾਰਧਾਰਾ ਨੂੰ ਇਸ ਦਰਸ਼ਨ ਨੇ ਸਭ ਤੋਂ ਅਧਿਕ ਪ੍ਰਭਾਵਿਤ ਕੀਤਾ ਹੈ ।

## 2.1.3. ਪ੍ਰਮੁੱਖ ਦਰਸ਼ਨਾਂ ਦੇ ਲੱਛਣ

ਇਨ੍ਹਾਂ ਸਾਰੇ ਦਰਸ਼ਨਾਂ ਵਿੱਚ ਪ੍ਰਮੁੱਖ ਤੌਰ ਤੇ ਪਰਾਭੌਤਿਕੀ, ਗਿਆਨ ਮੀਮਾਂਸਾ, ਯੋਗ ਸਾਧਨਾਂ ਅਤੇ ਕਰਮ ਸਾਧਨਾਂ ਦੀਆਂ ਵਿਸ਼ੇਸ਼ ਧਾਰਨਾਵਾਂ ਤੇ ਚਰਚਾ ਕੀਤੀ ਗਈ ਹੈ । ਭਾਰਤੀ ਦਰਸ਼ਨ ਬਾਰੇ ਕਿਸੇ ਉਪਯੁਕਤ ਨਿਰਣੇ ਤੇ ਪੁੱਜਣ ਲਈ ਇਨ੍ਹਾਂ ਵਿਭਿੰਨ ਦਰਸ਼ਨ ਸਾਖਾਵਾਂ ਦੇ ਬ੍ਰਹਮ, ਆਤਮਾ, ਮਾਇਆ, ਪ੍ਰਕਿਰਤੀ ਅਤੇ ਮੁਕਤੀ ਆਦਿ ਬਹਿਸਯੋਗ ਵਿਸ਼ਿਆਂ ਬਾਰੇ ਧਾਰਨਾਵਾਂ ਦੀ ਜਾਣਕਾਰੀ ਪ੍ਰਾਪਤ ਕਰਨੀ ਅਨਿਵਾਰੀ ਹੈ ।

### 2.1.3.1. ਬ੍ਰਹਮ ਤੇ ਪਰਮਾਤਮਾ

ਇਸ ਵਿਅਕਤ, ਦ੍ਰਿਸ਼ਟੀਮਾਨ ਅਤੇ ਭੌਤਿਕ ਸੰਸਾਰ ਦੇ ਰਚਨਹਾਰੇ, ਪਾਲਣਹਾਰੇ ਅਤੇ ਮੁਕਤੀਦਾਤੇ ਭਾਵ ਮੂਲ ਤੱਤ ਨੂੰ ਪਰਿਭਾਸ਼ਿਤ ਕਰਨਾ ਸਾਰੇ ਭਾਰਤੀ ਚਿੰਤਕਾਂ ਦਾ ਪ੍ਰਮੁੱਖ ਲਕਸ਼ ਰਿਹਾ ਹੈ। ਚਾਰਵਾਕ ਦਰਸ਼ਨ ਧਾਰਾ ਦੇ ਸਮਰਥਕ ਭੂਤ-ਤੱਤ ਜਾਂ ਪਦਾਰਥ ਨੂੰ ਹੀ ਸ੍ਰਿਸ਼ਟੀ ਦਾ ਮੂਲ ਤੱਤ ਮੰਨਦੇ ਹਨ। ਚਾਰ ਮੂਲ ਭੌਤਿਕ ਤੱਤਾਂ ਪ੍ਰਿਥਵੀ, ਜਲ, ਅਗਨੀ ਅਤੇ ਵਾਯੂ ਦੇ ਸੰਯੋਗ ਨਾਲ ਹੀ ਸਾਰੇ ਸੰਸਾਰਿਕ ਪਦਾਰਥ ਉਪਜਦੇ ਹਨ । ਉਨ੍ਹਾਂ ਦੀ ਧਾਰਨਾ ਹੈ ਕਿ ਮਨੁੱਖੀ ਅਨੁਭਵ ਅਤੇ ਪ੍ਰਤੱਖ ਪ੍ਰਮਾਣ ਦੇ ਆਧਾਰ ਤੇ ਜਗਤ-ਕਰਤਾ ਪਰਮਾਤਮਾ ਦੀ ਹੋਂਦ ਸਿੱਧ ਨਹੀਂ ਹੁੰਦੀ । ਇਸ ਲਈ ਇਹ ਦਰਸ਼ਨ ਬ੍ਰਹਮ, ਆਤਮਾ ਅਤੇ ਈਸ਼ਵਰ ਦੇ ਅਸਤਿਤਵ ਨੂੰ ਪ੍ਰਵਾਨ ਨਹੀਂ ਕਰਦਾ । ਜੈਨ ਆਚਾਰੀਆ ਵੀ ਈਸ਼ਵਰ ਦੀ ਸੁਤੰਤਰ ਹੋਂਦ ਨੂੰ ਤਾਂ ਨਹੀਂ ਮੰਨਦੇ ਪਰੰਤੂ ਉਨ੍ਹਾਂ ਦਾ ਵਿਚਾਰ ਹੈ ਕਿ ਜਿਹੜਾ ਜੀਵ ਸਿੱਧ(ਮੁਕਤ) ਹੋ

ਜਾਂਦਾ ਹੈ ਉਸ ਵਿੱਚ ਸਰਵੱਗਤਾ ਜਿਹੇ ਈਸ਼ਵਰੀ ਗੁਣ ਆ ਜਾਂਦੇ ਹਨ। ਬੋਧੀ ਦਾਰਸ਼ਨਿਕ ਆਤਮਾ-ਪਰਮਾਤਮਾ ਦੇ ਵਾਦ-ਵਿਵਾਦ ਵਿੱਚ ਪਏ ਬਿਨਾ ਹੀ ਵਿਗਿਆਨ ਨੂੰ ਸਰਬਗਿਆਤਾ, ਗਿਆਨੀ ਅਤੇ ਪ੍ਰਕਾਸ਼ਕ ਆਖ ਕੇ ਉਸਨੂੰ ਹੀ ਸ੍ਰਿਸ਼ਟੀ ਦਾ ਸਿਰਜਣਹਾਰਾ ਮੰਨਦੇ ਹਨ । ਕੁਝ ਵਿਦਵਾਨ ਬੋਧ ਦਰਸ਼ਨ ਦੇ ਸ਼ੂਨਯ ਨੂੰ ਵੀ ਬ੍ਰਹਮ ਦਾ ਰੂਪ ਮੰਨਦੇ ਹਨ। ਨਿਆਇਵਾਦੀ ਦਾਰਸ਼ਨਿਕ ਈਸ਼ਵਰ ਨੂੰ ਆਤਮਾ ਤੋਂ ਵੱਖਰਾ ਦ੍ਰਵ ਨਹੀਂ ਮੰਨਦੇ। ਈਸ਼ਵਰ ਆਪਣੇ ਸਰੂਪ ਦੇ ਆਧਾਰ ਤੇ ਨਿੱਤ, ਸਰਵੱਗ, ਸਰਵਵਿਆਪਕ, ਸਰਬਸ਼ਕਤੀਮਾਨ ਅਤੇ ਜਗਤ ਰਚਨਹਾਰਾ ਹੈ। ਇਹ ਅਤੀਂਦਰੀ ਅਤੇ ਰੂਪਰਹਿਤ ਹੋਣ ਕਾਰਨ ਪ੍ਰਤੱਖ ਪ੍ਰਮਾਣ ਦੁਆਰਾ ਅਨੁਭਵ ਨਹੀਂ ਹੁੰਦਾ ਪਰੰਤੂ ਗੈਰ ਮਨੁੱਖੀ ਪ੍ਰਾਕਿਰਤਕ ਪਦਾਰਥਾਂ ਦੇ ਕਰਤਾ ਵਜੋਂ ਅਨੁਮਾਨ ਪ੍ਰਮਾਣ ਨਾਲ ਗਿਆਤ ਹੁੰਦਾ ਹੈ । ਵੈਸ਼ੇਸ਼ਿਕ ਦਰਸ਼ਨ ਵਿੱਚ ਸ੍ਰਿਸ਼ਟੀ ਦੇ ਛੇ ਪ੍ਰਮੁੱਖ ਤੱਤਾਂ ਵਿੱਚੋਂ ਦ੍ਰਵ ਨੂੰ ਹੀ ਉੱਤਪਤੀ ਦਾ ਮੂਲ-ਤੱਤ ਅਤੇ ਸਾਰੇ ਪਦਾਰਥਾਂ ਦਾ ਸਮਵਾਇ ਕਾਰਨ ਮੰਨਿਆ ਜਾਂਦਾ ਹੈ। ਦ੍ਵੈਤਵਾਦੀ ਸਾਰੇ ਜਗਤ ਨੂੰ ਦੋ ਮੂਲ ਤੱਤਾਂ ਪੁਰਸ਼ ਅਤੇ ਪ੍ਰਕਿਰਤੀ ਤੋਂ ਬਣਿਆ ਆਖਦੇ ਹਨ। ਇਨ੍ਹਾਂ ਦੋਵੇਂ ਤੱਤਾਂ ਦੇ ਸੰਯੋਗ ਨਾਲ ਜਗਤ ਦੀ ਰਚਨਾ ਅਤੇ ਇਨ੍ਹਾਂ ਦੇ ਵਿਵੇਕ ਨਾਲ ਜੀਵ-ਮੁਕਤੀ ਹੁੰਦੀ ਹੈ। ਇਹ ਪੁਰਸ਼ ਵੇਦਾਂ ਅਤੇ ਉਪਨਿਸ਼ਦਾਂ ਵਾਲਾ ਪੁਰਸ਼ੋਤੱਮ ਨਹੀਂ। ਇਹ ਨਿੱਤ, ਸ਼ੁੱਧ, ਬੁੱਧ ਅਤੇ ਮੁਕਤ ਸੁਭਾਅ ਵਾਲਾ ਹੈ । ਇਹ ਆਪ ਹੀ ਗਿਆਨ ਸਰੂਪ ਅਤੇ ਚੇਤਨ ਹੈ ਪਰੰਤੂ ਜਗਤ ਉਤਪਤੀ ਤੋਂ ਇਹ ਨਿਰਲੇਪ ਹੈ। ਯੋਗਦਾਰਸ਼ਨਿਕ ਈਸ਼ਵਰ ਨੂੰ ਜਗਤ ਕਰਤਾ ਤਾਂ ਨਹੀਂ ਮੰਨਦੇ ਪਰੰਤੂ ਇੱਕ ਵਿਸ਼ੇਸ਼ ਪੁਰਸ਼ ਸਵੀਕਾਰ ਕਰਦੇ ਹਨ। ਜਿਹੜਾ ਕਲੇਸ਼, ਕਰਮ, ਕਰਮਫਲ ਅਤੇ ਉਨ੍ਹਾਂ ਦੀਆਂ ਵਾਸਨਾਵਾਂ ਤੋਂ ਮੁਕਤ ਹੈ। ਮੀਮਾਂਸਾ ਆਚਾਰੀਆ ਈਸ਼ਵਰ ਦੀ ਹੋਂਦ ਨੂੰ ਸਵੀਕਾਰ ਨਹੀਂ ਕਰਦੇ ਕੇਵਲ ਵੈਦਿਕ ਦੇਵਤਿਆਂ ਨੂੰ ਹੀ ਪ੍ਰਵਾਨ ਕਰਦੇ ਹਨ। ਅਦ੍ਵੈਤਵਾਦੀ ਦਾਰਸ਼ਨਿਕਾਂ ਨੇ ਬ੍ਰਹਮ ਅਤੇ ਪਰਮਾਤਮਾ ਦੀ ਕਲਪਣਾ ਵੇਦਾਂ ਅਨੁਸਾਰ ਕੀਤੀ ਹੈ। ਉਹ ਰਿਗਵੇਦ[23] ਦੇ 'ਏਕੰਸਤ" ਤੇ "ਦੇਵਤਿਆਂ ਦਾ ਮਹਾਨ ਪ੍ਰਾਣ ਦਾਤਾ ਇੱਕ ਹੀ" ਅਥਰਵੇਦ[24] ਵਿੱਚ ਅੰਕਿਤ ਧਰਤੀ, ਦੇਵਲੋਕ ਤੇ ਆਕਾਸ਼ ਦੇ ਰਚਨਹਾਰੇ ਅਤੇ ਆਤਮਾ, ਆਕਾਸ਼, ਧੀਰ, ਅਮ੍ਰਿਤ, ਸ੍ਵਯੰਭੂ, ਅਨੰਦ ਭਰਪੂਰ, ਸੰਪੂਰਨ, ਅਜਰ ਤੇ ਯੁਵਾ ਆਤਮਾ ਅਤੇ ਯਜੁਰਵੇਦ[25] ਦੇ ਬ੍ਰਹਮਾ, ਸਵਿਤਾ, ਵਰੁਣ, ਇੰਦਰ, ਰੁਦ੍ਰ ਉਹੀ ਅਗਨੀ ,ਸੂਰਜ ਵਾਯੂ, ਚੰਦਰਮਾ, ਜਲ ਤੇ ਪ੍ਰਜਾਪਤੀ ਦੇ ਸੰਕਲਪਾਂ ਅਨੁਸਾਰ ਹੀ ਬ੍ਰਹਮ ਨੂੰ ਸਰਬਸਮਰੱਥ, ਸਰਬ ਗਿਆਤਾ ਅਤੇ ਸਰਬਵਿਆਪਕ ਮੰਨਦੇ ਹਨ। ਛਾਂਦੋਗਿਆ ਉਪਨਿਸ਼ਦ[26] ਵਿੱਚ ਸਭ ਕੁਝ ਨੂੰ ਬ੍ਰਹਮ ਅਤੇ ਮੁੰਡਕ ਉਪਨਿਸ਼ਦ[27] ਵਿੱਚ ਵਿਸ਼ਵ ਨੂੰ ਬ੍ਰਹਮ, ਆਖਿਆ ਗਿਆ ਹੈ । ਕੇਨ ਉਪਨਿਸ਼ਦ ਵਿੱਚ ਬ੍ਰਹਮ ਨੂੰ ਅੱਖਾਂ ਜਿਸਨੂੰ ਵੇਖ ਨਹੀਂ ਸਕਦੀਆਂ ਪਰ ਅੱਖਾਂ ਜਿਸ ਦੁਆਰਾ ਵੇਖਦੀਆਂ ਹਨ, ਮਨ ਜਿਸਦਾ ਮਨਨ ਨਹੀਂ ਕਰ ਸਕਦਾ

Sri Satguru Jagjit Singh Ji eLibrary NamdhariElibrary@gmail.com

ਪਰ ਮਨ ਜਿਸ ਦੁਆਰਾ ਮਨਨ ਕਰਦਾ ਹੈ, ਆਖ ਕੇ ਅੰਤਰਸ਼ਕਤੀ ਵਜੋਂ ਸਵੀਕਾਰ ਕੀਤਾ ਗਿਆ ਹੈ। ਸ਼ਵੇਤਾਸ਼ਵਰ ਉਪਨਿਸ਼ਦ ਵਿੱਚ ਬ੍ਰਹਮ ਨੂੰ ਨਿਸ਼ਕਲ, ਨਿਸ਼ਕ੍ਰਿਯ, ਨਿਰਵੱਦਿਯ ਨਿਰੰਜਣ ਕਿਹਾ ਗਿਆ ਹੈ। ਕਠੋਪਨਿਸ਼ਦ[28] ਅਨੁਸਾਰ " ਉੱਥੇ ਨਾ ਸੂਰਜ ਪ੍ਰਕਾਸ਼ਿਤ ਹੁੰਦਾ ਹੈ ਨਾ ਚੰਦਰਮਾ , ਨਾ ਤਾਰਾਗਣ, ਨਾ ਬਿਜਲੀਆਂ । ਉਸ ਪ੍ਰਕਾਸ਼ਮਾਨ ਆਤਮਾ ਤੋਂ ਹੀ ਇਹ ਸਭ ਪ੍ਰਕਾਸ਼ਿਤ ਹੁੰਦੇ ਹਨ । ਗੀਤਾ ਅਨੁਸਾਰ ਉਹ ਈਸ਼ਵਰ ਪਾਣੀ ਵਿੱਚ ਰਸ ਵਾਂਗ, ਸੂਰਜ ਅਤੇ ਚੰਦਰਮਾ ਵਿੱਚ ਪ੍ਰਕਾਸ਼ ਵਾਂਗ, ਵੇਦਾਂ ਵਿੱਚ ਓਂਕਾਰ ਵਾਂਗ, ਪੁਰਸ਼ਾਂ ਵਿੱਚ ਪੁਰਸ਼ਾਰਥ ਵਾਂਗ ਅਤੇ ਜੀਵਾਂ ਵਿੱਚ ਜੀਵਨ ਵਾਂਗ ਵਿਦਮਾਨ ਹੈ । ਉਹ ਹੀ ਸਮੂਹ ਪ੍ਰਾਣੀਆਂ ਦਾ ਬੀਜ ਬੁੱਧੀਮਾਨਾਂ ਦੀ ਬੁੱਧੀ, ਤੇਜੱਸਵੀਆਂ ਦਾ ਤੇਜ ਅਤੇ ਬਲਵਾਨਾਂ ਦਾ ਬਲ ਹੈ ।[29]

ਅਦ੍ਵੈਤਵਾਦ ਦੇ ਵਿਆਖਿਆਕਾਰ ਸ਼ੰਕਰਾਚਾਰੀਆ ਬ੍ਰਹਮ .ਨੂੰ ਸੱਤ, ਚਿੱਤ ਅਤੇ ਆਨੰਦ ਦਾ ਸੁਮੇਲ ਸੱਚਿਦਾਨੰਦ ਆਖਦੇ ਹਨ। ਸੱਤ ਦਾ ਅਰਥ ਸੱਤਾ ਅਤੇ ਚਿੱਤ ਦਾ ਭਾਵ ਚੇਤਨਾ ਹੈ। ਇਸ ਲਈ ਬ੍ਰਹਮ ਸਰਬਸ਼ਕਤੀਮਾਨ, ਚੇਤਨ ਅਤੇ ਸ਼ੁੱਧ ਆਨੰਦ ਹੈ। ਬ੍ਰਹਮ ਹੀ ਜਗਤ ਦਾ ਉਪਾਦਾਨ ਅਤੇ ਨਿਮਿੱਤ ਕਾਰਨ ਹੈ ।[30] ਅਦ੍ਵੈਤਵਾਦ ਵਿਚ ਬ੍ਰਹਮ ਦੇ ਦੋ ਰੂਪ ਪਰਬ੍ਰਹਮ(ਸਗੁਣ) ਅਤੇ ਅਪਰਬ੍ਰਹਮ(ਨਿਰਗੁਣ) ਮੰਨੇ ਜਾਂਦੇ ਹਨ। ਨਾਮ ਰੂਪ, ਵਿਕਾਰ, ਭੇਦ ਤੇ ਉਪਾਧੀਧਾਰਕ ਸਗੁਣ ਬ੍ਰਹਮ ਉਪਾਸਨਾ ਤੇ ਭਗਤੀ ਦਾ ਵਿਸ਼ਾ ਹੈ ਅਤੇ ਨਿਰਗੁਣ ਦੇ ਅਧੀਨ ਹੈ। ਇਹ ਰੂਪ ,ਮਾਇਆ ਤੇ ਜਗਤ ਨਾਲ ਸੰਬੰਧਿਤ ਹੈ ਅਤੇ ਜਗਤ ਦੀ ਅਣਹੋਂਦ ਵਿੱਚ ਨਿਰਗੁਣ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ। ਈਸ਼ਵਰ ਕਰਤਾ ਅਤੇ ਵਿਧਾਤਾ ਇਸ ਸਗੁਣ ਦੇ ਨਾਂ ਹਨ। ਨਿਰਗੁਣ ਬ੍ਰਹਮ ਗਿਆਨਯੋਗ ਦਾ ਵਿਸ਼ਾ ਹੈ। ਇਹ ਕਿਸੇ ਦੇ ਵੀ ਅਧੀਨ ਨਹੀਂ ਅਤੇ ਮਾਇਆ ਆਦਿ ਉਪਾਧੀਆਂ ਤੋਂ ਪਰੇ ਹੈ। ਇਨ੍ਹਾਂ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਸਮਾਂ ਅਤੇ ਸਥਾਨ ਮਾਨਸਿਕ ਰਚਨਾਵਾਂ ਹਨ। ਇਹ ਮਾਨਸਿਕ ਪ੍ਰਖੇਪਣ ਹਨ ਜੋ ਸੁਪਨਿਆਂ ਵਾਂਗ ਕਲਪਿਤ ਹਨ। ਕਾਲਰਹਿਤ ਅਤੇ ਸਥਾਨ ਰਹਿਤ ਬ੍ਰਹਮ ਹੀ ਕੇਵਲ ਵਾਸਤਵਿਕ ਹੈ।[31] ਅਸੀਮ ਪਰਮਾਨੰਦ ਅਤੇ ਪਰਮਾਨੰਦ ਅਸੀਮ ਹੈ। ਸੀਮਿਤ ਵਿਚ ਪਰਮਾਨੰਦ ਨਹੀਂ ਹੈ।[32] ਸਾਡੇ ਗਿਆਨ ਅਤੇ ਅਧਿਕਤਰ ਅਗਿਆਤ ਸੰਸਾਰ ਤੋਂ ਵੀ ਉੱਪਰ ਜੋ ਸੱਤਾ ਨਿਖਲ ਜਗਤ ਦਾ ਨਿਯਮਨ ਅਤੇ ਸੰਚਾਲਨ ਕਰਦੀ ਹੈ ਉਹ ਅਣੋਰਣੀਯਾਨ ਅਤੇ ਮਹਤੋ ਮਹੀਯਾਨ ਸੱਤਾ ਹੈ। ਉਹ ਸੂਖਮਤਮ ਅਤੇ ਵਿਸ਼ਾਲਤਮ ਹੈ।[33] ਇਸ ਪ੍ਰਕਾਰ ਅਦ੍ਵੈਤਵਾਦ ਵਿੱਚ ਬ੍ਰਹਮ ਨੂੰ ਸਰਬਰੂਪ ਸਰਵੱਗ ਸਰਬਗਿਆਤਾ ਅਤੇ ਨਾਮ ਰੂਪ ਤੇ ਅੰਨ (ਪਦਾਰਥ) ਦਾ ਉਤਪਾਦਕ ਮੰਨਿਆ ਜਾਂਦਾ ਹੈ । ਵਿਸ਼ਿਸ਼ਟਦ੍ਵੈਤਵਾਦੀ ਰਾਮਾਨੁਜ ਦਾ ਈਸ਼ਵਰ ਵਾਸੁਦੇਵ ਹੈ ਜੋ ਸੂਖਮ ,ਵਿਊਹ ਅਤੇ ਵਿਭਵ

Sri Satguru Jagjit Singh Ji eLibrary NamdhariElibrary@gmail.com

ਭੇਦ ਵਾਲਾ ਹੈ ।[34] ਇਹ ਵਾਸੁਦੇਵ ਪ੍ਰਕਿਰਤੀ ਦੇ ਗੁਣਾਂ ਤੋਂ ਪਰੇ, ਸਮੂਹ ਦੈਵੀ ਗੁਣਾਂ ਦਾ ਖ਼ਜ਼ਾਨਾ, ਅਨੰਤ ਗਿਆਨ ਭਰਪੂਰ ਅਤੇ ਆਨੰਦਸਰੂਪ ਵਾਲਾ ਹੈ। ਇਹ ਸਾਰੀ ਸ੍ਰਿਸ਼ਟੀ ਦਾ ਕਰਤਾ, ਜਗਤਆਧਾਰ ਅਤੇ ਵਿਨਾਸ਼ਕਾਰੀ ਵੀ ਹੈ। ਇਹ ਈਸ਼ਵਰ ਸਗੁਣ ਅਤੇ ਸਵਿਸ਼ੇਸ਼ ਹੈ । ਈਸ਼ਵਰ ਆਪਣੀ ਇੱਛਾ ਅਨੁਸਾਰ ਹੀ ਕੇਵਲ ਲੀਲ੍ਹਾ ਵਜੋਂ ਜਗਤ ਦੀ ਸਿਰਜਣਾ ਕਰਦਾ ਹੈ। ਸੰਸਾਰ ਦੀ ਰਚਨਾ ਉਪਰੰਤ ਇਹ ਬ੍ਰਹਮ ਕਾਰਜ ਅਵਸਥਾ ਵਿੱਚ ਪਰਵਰਤਿਤ ਹੋ ਜਾਂਦਾ ਹੈ। ਰਾਮਾਨੁਜ ਦਾ ਵਿਚਾਰ ਹੈ ਕਿ ਜੀਵ ਅਤੇ ਈਸ਼ਵਰ ਇੱਕ ਨਹੀਂ ਹਨ। ਇਨ੍ਹਾਂ ਵਿੱਚ ਭਿੰਨਤਾ ਹੈ। ਜੀਵ ਬ੍ਰਹਮ ਦਾ ਅੰਸ਼ ਹੈ। ਇਹ ਸੰਪੂਰਨ ਇਕਾਈ ਵਿਚੋਂ ਕੱਟਿਆ ਭਾਗ ਵੀ ਨਹੀਂ ਹੋ ਸਕਦਾ ਕਿਉਂਕਿ ਬ੍ਰਹਮ ਅਖੰਡ ਹੈ।[35] ਰਾਮਾਨੁਜ ਨੇ ਵੇਦਾਂ ਦੇ ਵਿਸ਼ਨੂੰ ਨੂੰ ਵੀ ਆਪਣੇ ਬ੍ਰਹਮ ਦਾ ਆਧਾਰ ਬਣਾਇਆ ਹੈ ।

ਭਾਰਤੀ ਚਿੰਤਨ ਦੀ ਮੁੱਖ ਧਾਰਾ ਵਿੱਚ ਅਦ੍ਵੈਤਵਾਦ ਅਤੇ ਵਿਸ਼ਸ਼ਟਦ੍ਵੈਤਵਾਦ ਦੁਆਰਾ ਪਰਿਭਾਸ਼ਿਤ ਪਰਮਸ਼ਕਤੀਮਾਨ ਬ੍ਰਹਮ ਨੂੰ ਹੀ ਸ੍ਰਿਸ਼ਟੀ ਦਾ ਮੂਲ ਤੱਤ ਪ੍ਰਵਾਨ ਕੀਤਾ ਗਿਆ ਹੈ ।

### 2.1.3.2. ਆਤਮਾ

ਭਾਰਤੀ ਦਰਸ਼ਨ ਦਾ ਬਹੁਤਾ ਜ਼ੋਰ ਆਤਮਾ-ਪਰਮਾਤਮਾ ਨੂੰ ਪਰਿਭਾਸ਼ਿਤ ਅਤੇ ਗਿਆਨ ਕਰਨ ਤੇ ਲੱਗਦਾ ਰਿਹਾ ਹੈ । ਅਵੈਦਿਕ ਚਾਰਵਾਕ ਦਰਸ਼ਨ ਦੇ ਆਚਾਰੀਆਂ ਦਾ ਦ੍ਰਿਸ਼ਟੀਕੋਣ ਹੈ ਕਿ ਮਨੁੱਖੀ ਸਰੀਰ ਹੀ ਚੇਤਨਾ ਅਤੇ ਆਤਮਾ ਹੈ । ਪ੍ਰਾਣ-ਗਤੀ, ਚੇਤਨਾ ਅਤੇ ਸਮ੍ਰਿਤੀ ਆਤਮਾ ਦੇ ਗੁਣ ਹਨ ਜੋ ਕਿ ਮਨੁੱਖੀ ਸਰੀਰ ਵਿੱਚ ਹੀ ਸਾਕਾਰ ਹੁੰਦੇ ਹਨ । ਇਸ ਲਈ ਭੌਤਿਕ ਸਰੀਰ ਤੋਂ ਬਿਨਾ ਆਤਮਾ ਦਾ ਕੋਈ ਅਸਤਿੱਤਵ ਨਹੀਂ ਹੋ ਸਕਦਾ । ਜੈਨ ਦਰਸ਼ਨ ਵਿੱਚ ਆਤਮਾ ਨੂੰ ਜੀਵ ਆਖਿਆ ਜਾਂਦਾ ਹੈ। ਤੱਤ ਦ੍ਰਿਸ਼ਟੀ ਦੇ ਆਧਾਰ ਤੇ ਤਾਂ ਜੀਵ, ਇੰਦਰੀਆਂ ਦਾ ਵਿਸ਼ਾ ਨਹੀਂ ਹੈ ਪਰੰਤੂ ਆਪਣੀ ਚੇਤਨਤਾ ਕਾਰਨ ਵਿਚਾਰ ਦਾ ਵਿਸ਼ਾ ਬਣ ਜਾਂਦਾ ਹੈ। ਆਤਮਾ ਸਰੀਰਾਂ ਵਿਚ ਸਥਾਨਾਂਤ੍ਰਿਤ ਹੁੰਦੀ ਰਹਿੰਦੀ ਹੈ । ਆਤਮਾ ਦੀ ਹੋਂਦ ਦਾ ਗਿਆਨ ਕੇਵਲ ਸਰੀਰਕ ਕ੍ਰਿਆਵਾਂ ਦੁਆਰਾ ਹੀ ਪ੍ਰਗਟ ਹੁੰਦਾ ਹੈ। ਸਰੀਰ ਦੇ ਨਸ਼ਟ ਹੋਣ ਨਾਲ ਹੀ ਇਹ ਆਤਮਾ ਅਦ੍ਰਿਸ਼ਟ ਅਤੇ ਲੋਪ ਹੋ ਜਾਂਦੀ ਹੈ । ਬੁੱਧ ਦਰਸ਼ਨ ਭਾਵੇਂ ਆਤਮਾ ਬਾਰੇ ਪ੍ਰਤੱਖ ਤੌਰ ਤੇ ਕੋਈ ਜ਼ਿਕਰ ਨਹੀਂ ਕਰਦਾ ਪਰੰਤੂ ਇਸਦੇ ਸ਼ੁਧ ਅਤੇ

ਵਿਗਿਆਨ ਤੇ ਸੰਕਲਪ ਆਤਮਾ ਦੇ ਅਰਥਾਂ ਦੇ ਅਧਿਕ ਨਿਕਟ ਪ੍ਰਤੀਤ ਹੁੰਦੇ ਹਨ। ਨਿਆਇ ਦਾਰਸ਼ਨਿਕ ਆਤਮਾ ਨੂੰ ਬੁੱਧੀ ਜਾਂ ਗਿਆਨ ਦਾ ਅਧਿਸ਼ਠਾਨ ਮੰਨਦੇ ਹਨ। ਇਹ ਹਰ ਸਰੀਰ ਵਿੱਚ ਵੱਖਰੀ ਵੱਖਰੀ ਹੈ। ਇਹ ਆਤਮਾ ਨਿੱਤ ਅਤੇ ਅਮਰ ਹੈ ਕਿਉਂਕਿ ਜਨਮ-ਮਰਨ ਦਾ ਸੰਬੰਧ ਸਰੀਰਾਂ ਨਾਲ ਹੁੰਦਾ ਹੈ। ਸਰੀਰਾਂ ਵਿੱਚ ਭਿੰਨ ਭਿੰਨ ਹੋਣ ਦੇ ਬਾਵਜੂਦ ਆਤਮਾ ਵਿਆਪਕ ਹੈ। ਇਸ ਵਿਚਾਰਧਾਰਾ ਵਿੱਚ ਆਤਮਾ ਦੇ ਦੋ ਭੇਦ— ਜੀਵਾਤਮਾ ਅਤੇ ਪਰਮਾਤਮਾ ਮੰਨੇ ਗਏ ਹਨ। ਵੈਸ਼ੇਸ਼ਿਕ ਦਰਸ਼ਨ ਵਿਚ ਆਤਮਾ ਨੂੰ ਦ੍ਰਵ ਅਤੇ ਚੇਤਨ ਤੱਤ ਆਖਿਆ ਗਿਆ ਹੈ। ਜਿਸਦੇ ਸਾਰਾਂ ਗੁਣਾਂ ਪ੍ਰਾਣ, ਅਪਾਨ, ਨਿਮੇਸ਼, ਉਨਮੇਸ਼, ਜੀਵਨ, ਮਨੋਗਤੀ, ਇੰਦਰੀਆਂ ਦੇ ਵਿਕਾਰ, ਸੁਖ, ਦੁਖ, ਇੱਛਾ, ਈਰਖਾ ਅਤੇ ਪ੍ਰਯਤਨ ਨੂੰ ਸਾਧਕ ਕਿਹਾ ਗਿਆ ਹੈ। ਦ੍ਵੈਤਵਾਦ ਵਿੱਚ ਸ਼ੁੱਧ ਚੇਤਨ ਅਤੇ ਸ਼ੁੱਧ ਸੱਤਾ ਪ੍ਰਾਪਤ ਪੁਰਸ਼ ਤੱਤ ਨੂੰ ਨਿਰਗੁਣ ਆਤਮਾ ਦਾ ਨਾਂ ਦਿੱਤਾ ਗਿਆ ਹੈ। ਮੀਮਾਂਸਾ ਵਿਚਾਰਵਾਨ ਆਤਮਾ ਨੂੰ ਸਰੀਰ ਇੰਦਰੀਆਂ ਅਤੇ ਬੁੱਧੀ ਤੋਂ ਭਿੰਨ ਮੰਨਦੇ ਹਨ। ਬੁੱਧੀ ਦੀ ਅਣਹੋਂਦ ਵਿੱਚ ਅਤੇ ਇੰਦਰੀਆਂ ਦੇ ਨਸ਼ਟ ਹੋ ਜਾਣ ਤੇ ਵੀ ਆਤਮਾ ਕਾਇਮ ਰਹਿੰਦੀ ਹੈ।[36] ਵੇਦਾਂ ਅਤੇ ਉਪਨਿਸ਼ਦਾਂ ਤੇ ਆਧਾਰਿਤ ਅਦ੍ਵੈਤਵਾਦ ਅਨੁਸਾਰ ਆਤਮਾ ਗਿਆਨ-ਸਰੂਪ, ਚੇਤਨ ਸਰੂਪ ਸਰਬਗਿਆਤਾ ਅਤੇ ਚੇਤਨ ਤੱਤ ਹੈ। ਆਤਮਾ ਨੂੰ ਸ਼ਤਪਥ ਬ੍ਰਾਹਮਣ[37] ਸੱਗਾ ਦਾ ਪ੍ਰਜਾਪਤੀ, ਸਭ ਕੁਝ ਅਗਨੀ ·ਅਤੇ ਅਵਿਨਾਸ਼ੀ; ਐਤਰੇਯ ਬ੍ਰਾਹਮਣ ਵਿੱਚ 'ਸਭ ਕੁਝ' ਕੋਸ਼ੀਤਕੀ ਬ੍ਰਾਹਮਣ ਵਿੱਚ 'ਯਜਮਾਨ' ਅਤੇ ਐਤਰੇਯ ਆਰਣਿਅਕ[38] ਵਿੱਚ 'ਬ੍ਰਹਮ' ਕਿਹਾ ਗਿਆ ਹੈ। ਆਤਮਾ ਨੂੰ ਜੋਤ-ਸਰੂਪ, ਸਰਬ ਆਧਾਰ, ਅੰਤਰਯਾਮੀ, ਅੰਮ੍ਰਿਤ-ਸਰੂਪ, ਅਜਰ, ਅਮਰ, ਵਿਸ਼ਵਪੁਰਸ਼, ਅਤੀਂਦਰੀ, ਸਰਬਵਿਆਪਕ, ਸਰਬਕਾਰਕ, ਬ੍ਰਹਮਰੂਪ, ਈਸ਼ਵਰ, ਉੱਤਮਪੁਰਸ਼, ਸਰਵੱਗ ਅਤੇ ਅਨੰਦ ਰੂਪ ਵੀ ਆਖਿਆ ਗਿਆ ਹੈ। ਗੀਤਾ ਵਿਚ ਆਤਮਾ ਨੂੰ ਨਾਕੱਟਣਯੋਗ, ਨਾਸਮਝਣਯੋਗ, ਨਿੱਤ, ਸਰਬਵਿਆਪਕ, ਸਥਿਰ, ਅਚਲ, ਸਨਾਤਕ, ਅਵਿਅਕਤ, ਅਚਿੰਤਯ ਅਤੇ ਅਵਿਕਾਰੀ ਨਾਵਾਂ ਨਾਲ ਪੁਕਾਰਿਆ ਗਿਆ ਹੈ। ਸਰੀਰ ਵਿੱਚ ਬਿਰਾਜਮਾਨ ਰਹਿਣ ਦੇ ਬਾਵਜੂਦ ਇਹ ਪ੍ਰਕਿਰਤੀ ਤੋਂ ਭਿੰਨ ਹੈ। ਇਹ ਆਤਮਾ ਆਰੰਭ ਰਹਿਤ ਅੰਤਰਹਿਤ, ਅਵਿਨਾਸ਼ੀ ਅਤੇ ਬੰਧਨ ਮੁਕਤ ਹੈ।[39] ਅਦ੍ਵੈਤਵਾਦੀ ਸ਼ੰਕਰਾਚਾਰੀਆ ਆਤਮਾ ਅਤੇ ਬ੍ਰਹਮ ਨੂੰ ਅਭਿੰਨ ਮੰਨਦੇ ਹੋਏ ਇਸਦੇ ਆਭਾਸੀ ਭੇਦ ਨੂੰ ਓਪਾਧਿਰ ਆਖਦੇ ਹਨ।[40] ਇਹ ਆਚਾਰੀਆ ਵਿਸ਼ਵ ਵਿੱਚ ਆਤਮ ਅਤੇ ਅਨਾਤਮ ਦੋ ਪ੍ਰਕਾਰ ਦੇ ਪਦਾਰਥ ਮੰਨਦੇ ਹਨ। ਆਤਮ ਪਦਾਰਥ ਸੱਚ ਹਨ ਜਦੋਂ ਕਿ ਅਨਾਤਮ ਪਦਾਰਥ ਮਾਇਆ ਦੀ ਰਚਨਾ ਹਨ। ਉਹ ਆਤਮਾ ਨੂੰ ਬ੍ਰਹਮ-ਰੂਪ, ਪਰਮਾਤਮਾ ਦਾ ਪ੍ਰਤੀਕ, ਸਮੂਹ ਦੈਵੀ ਅਤੇ ਅਦੈਵੀ ਪਦਾਰਥਾਂ ਦਾ ਅਪਾਦਾਨ ਅਤੇ ਨਿਮਿੱਤ ਕਾਰਨ ਮੰਨਦੇ ਹਨ। ਆਤਮਾ ਵਿਕਾਰ ਰਹਿਤ ਹੈ ਪਰੰਤੂ ਮਾਇਆ ਕਾਰਨ ਦੁੱਖ ਅਤੇ

ਸੁੱਖ ਦਾ ਅਨੁਭਵ ਕਰਨ ਲਗਦੀ ਹੈ। ਵਿਸ਼ਿਸ਼ਟਦ੍ਵੈਤਵਾਦੀ ਰਾਮਾਨੁਜ, ਚੇਤਨ ਜੀਵ ਨੂੰ ਬ੍ਰਹਮ ਦਾ ਸਵੈਗਤ ਭੇਦ ਮੰਨਦੇ ਹੋਏ ਉਸਨੂੰ ਸਰੀਰ, ਇੰਦਰੀਆਂ ਅਤੇ ਮਨ ਤੋਂ ਵੱਖਰਾ ਸਮਝਦੇ ਹਨ । ਇਹ ਚਿੱਤ ਨਿਰਵਿਕਾਰ, ਗਿਆਨ ਦਾ ਆਧਾਰ, ਅਣੂ ਪਰਿਮਾਣਾ ਵਾਲਾ ਅਤੇ ਪੂਰੀ ਤਰ੍ਹਾਂ ਈਸ਼ਵਰ ਦੇ ਅਧੀਨ ਹੈ। ਜੀਵ ਅਤੇ ਬ੍ਰਹਮ ਦਾ ਅੰਸ਼-ਅੰਸ਼ੀ ਦਾ ਰਿਸ਼ਤਾ ਹੈ । ਇਹ ਜੀਵਨ ਜਨਮ ਅਤੇ ਮਰਨ ਤੋਂ ਰਹਿਤ ਹੈ। ਅਦ੍ਵੈਤਵਾਦ ਅਤੇ ਵਿਸ਼ਿਸ਼ਟਦ੍ਵੈਤਵਾਦ ਦੇ ਆਤਮਾ ਬਾਰੇ ਵਿਚਾਰਾਂ ਨੂੰ ਹੀ ਆਮ ਤੌਰ ਤੇ ਭਾਰਤੀ ਦਰਸ਼ਨ ਵਿੱਚ ਸਵੀਕ੍ਰਿਤੀ ਮਿਲੀ ਹੈ ।

## 2.1.3.3. ਭੌਤਿਕ ਜਗਤ ਜਾਂ ਸ੍ਰਿਸ਼ਟੀ

ਦ੍ਰਿਸ਼ਟਮਾਨ ਅਤੇ ਮਨੁੱਖੀ ਅਨੁਭਵ ਸਾਕਾਰ ਪਦਾਰਥਕ ਵਸਤੂਆਂ ਸਮੇਤ ਮਨੁੱਖ ਸ੍ਰਿਸ਼ਟੀ ਦੇ ਅੰਗ ਹਨ । ਮਨੁੱਖ ਆਪਣੀ ਅਤੇ ਪ੍ਰਕਿਰਤਕ ਰਚਨਾਵਾਂ ਦੀ ਵਾਸਤਵਿਕਤਾ ਨੂੰ ਜਾਨਣ ਲਈ ਸਦੈਵ ਉਤਸੁਕ ਅਤੇ ਕ੍ਰਿਆਸ਼ੀਲ ਰਿਹਾ ਹੈ। ਭਾਰਤੀ ਦਰਸ਼ਨਾਂ ਲਈ ਇਹ ਇੱਕ ਪ੍ਰਮੁੱਖ ਵਿਸ਼ਾ ਰਿਹਾ ਹੈ। ਚਾਰਵਾਕ ਦਰਸ਼ਨ ਭੌਤਿਕ ਜਗਤ ਨੂੰ ਚਾਰ ਮੂਲ ਪਦਾਰਥਕ ਤੱਤਾਂ ਦੇ ਸੰਯੋਗ ਨਾਲ ਬਣਿਆ ਮੰਨ ਕੇ ਇਸਨੂੰ ਸੱਤ ਅਤੇ ਵਾਸਤਵਿਕ ਆਖਦਾ ਹੈ। ਇਨ੍ਹਾਂ ਤੱਤਾਂ ਦੀ ਆਪਣੀ ਸੱਤਾ ਹੈ। ਇਹ ਕਿਸੇ ਹੋਰ ਪਾਰਅਨੁਭਵੀ ਅਤੇ ਅਵਿਅਕਤ ਤੱਤ ਬ੍ਰਹਮ, ਆਤਮਾ ਜਾਂ ਈਸ਼ਵਰ ਤੇ ਨਿਰਭਰ ਨਹੀਂ ਹਨ । ਜੈਨ ਦਰਸ਼ਨ ਅਨੁਸਾਰ ਇਸ ਜਗਤ ਵਿੱਚ ਮਨਸਹਿਤ ਅਤੇ ਮਨਰਹਿਤ ਦੋ ਪ੍ਰਕਾਰ ਦੇ ਜੀਵ ਹਨ। ਸਿੱਖਿਆ ,ਕ੍ਰਿਆ ਅਤੇ ਬੋਲਣ ਸ਼ਕਤੀ ਰੱਖਣ ਵਾਲੇ ਜੀਵਾਂ ਨੂੰ ਮਨਸਹਿਤ ਅਤੇ ਇਨ੍ਹਾਂ ਗੁਣਾਂ ਤੋਂ ਵੰਚਿਤ ਜੀਵਾਂ ਨੂੰ ਮਨਰਹਿਤ ਆਖਿਆ ਜਾਂਦਾ ਹੈ। ਇੰਦਰੀਆਂ ਵਾਲੇ ਮਨਰਹਿਤ ਜੀਵਾਂ ਨੂੰ ਜੰਗਮ ਅਤੇ ਕੇਵਲ ਸਪਰਸ਼ ਧਾਰਕ ਜੀਵਾਂ ਪ੍ਰਿਥਵੀ, ਜਲ, ਰਾਰਮੀ, ਵਾਯੂ ਤੇ ਬਨਸਪਤੀ ਨੂੰ ਸਥਾਵਰ ਕਿਹਾ ਜਾਂਦਾ ਹੈ । ਕਰਮਾਂ ਅਨੁਸਾਰ ਤਿੰਨ ਪ੍ਰਕਾਰ ਦੇ ਜੀਵ ਮੰਨੇ ਗਏ ਹਨ । ਕਰਮਾਂ ਦੇ ਮੋਹ ਵਿੱਚ ਫਸ ਕੇ ਕਾਰਜ ਕਰਨ ਵਾਲੇ ਜੀਵਾਂ ਨੂੰ ਸਕਰਮਾਂ, ਉਚਿਤ ਗਿਆਨ ਪ੍ਰਾਪਤ ਕਰਕੇ ਕਰਮ ਕਰਨ ਵਾਲਿਆਂ ਨੂੰ ਸਤਕਰਮਾਂ ਅਤੇ ਕਰਮਫਲਾਂ ਤੋਂ ਮੁਕਤ ਜੀਵਾਂ ਨੂੰ ਨਿਸ਼ਕਰਮਾ ਆਖਿਆ ਗਿਆ ਹੈ। ਬੁੱਧ ਦਰਸ਼ਨ ਦਾ ਸ਼ੂਨਯਵਾਦ ਸਿੱਧਾਂਤ ਸੰਸਾਰ ਦੇ ਹਰ ਪਦਾਰਥ ਨੂੰ ਪਰਿਵਰਤਨਸ਼ੀਲ, ਅਸਥਾਈ ਅਤੇ ਆਭਾਸੀ ਮੰਨਦੇ ਹਨ। ਇਨ੍ਹਾਂ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਸੰਸਾਰ ਦਾ ਕੋਈ ਵੀ ਪਦਾਰਥ ਨਾਸ਼ਵਾਨ

Sri Satguru Jagjit Singh Ji eLibrary NamdhariElibrary@gmail.com

ਨਹੀਂ ਹੈ, ਪਰ ਕਾਲ ਦੀ ਨਿਰੰਤਰ ਪਰਿਵਰਤਨਸ਼ੀਲਤਾ ਕਾਰਨ ਉਸਦੇ ਰੂਪ ਵਿੱਚ ਹਮੇਸ਼ਾ ਰੂਪਾਂਤਰਨ ਹੁੰਦਾ ਰਹਿੰਦਾ ਹੈ। ਕਿਸੇ ਪਦਾਰਥ ਦੀ ਸਮਾਪਤੀ ਤੋਂ ਪਹਿਲਾਂ ਹੀ ਦੂਜੇ ਰੂਪ ਵਿਚ ਉਤਪੰਨ ਹੋ ਜਾਣਾ ਪ੍ਰਤੀਤਯ-ਸਮੁੱਤਵਾਦ ਹੈ ।[41] ਬੁੱਧ ਚਿੰਤਕ ਪਦਾਰਥਾਂ ਦੀ ਉਤਪਤੀ ਨੂੰ ਬਿਨਾਂ ਕਿਸੇ ਨਿਸ਼ਚਿਤ ਕਾਰਨ ਤੋਂ ਆਪਣੇ ਆਪ ਹੀ ਮੰਨਦੇ ਹਨ। ਇਹ ਭਰਮਰੂਪੀ ਜਗਤ ਸਾਂਵ੍ਰਿਤਿਕ ਜਾਂ ਵਿਵਹਾਰਕ ਸੱਚ ਹੀ ਹੈ। ਪਦਾਰਥਾਂ ਦੇ ਸਰੋਤ ਨੂੰ ਸ਼ੂਨਯ ਕਿਹਾ ਗਿਆ ਹੈ। ਵਿਗਿਆਨਵਾਦੀ ਬੁੱਧ ਚਿੰਤਕਾਂ ਦਾ ਵਿਚਾਰ ਹੈ ਕਿ ਸਾਰਾ ਜਗਤ ਵਿਗਿਆਨ ਦਾ ਹੀ ਪ੍ਰਤਿਭਾਸ ਜਾਂ ਆਭਾਸੀ ਰੂਪ ਹੈ। ਵਸਤੂ ਦੀ ਆਪਣੀ ਕੋਈ ਸੱਤਾ ਨਹੀਂ ਹੈ। ਸਗੋਂ ਇਨ੍ਹਾਂ ਦੇ ਗਿਆਨ ਦਾ ਆਧਾਰ ਵਿਅਕਤੀ ਦੀ ਆਪਣੀ ਵਿਚਾਰਧਾਰਾ ਹੀ ਹੈ। ਨਿਆਇ ਦਰਸ਼ਨ ਵਿਚ ਜੀਵਾਤਮਾ ਨੂੰ ਆਤਮਾ ਦਾ ਇੱਕ ਭੇਦ ਮੰਨਿਆ ਗਿਆ ਹੈ । ਜੀਵਾਤਮਾ ਇੰਦਰੀਆਂ ਅਤੇ ਮਨ ਦੀ ਸੁਆਮੀ ਹੈ। ਇਹ ਸ਼ੁਧ ਸੱਤਾ ਹੈ ਜਿਸਦੇ ਵਿਸ਼ੇਸ਼ ਗੁਣ ਚੇਤਨਤਾ ਅਤੇ ਗਿਆਨ ਹਨ। ਸ਼ਰੀਰਕ ਚੇਤਨਤਾ ਜੀਵਾਤਮਾ ਦੀ ਚੇਤਨਤਾ ਹੈ। ਜੀਵ ਦੁਆਰਾ ਸਰੀਰ ਨੂੰ ਛੱਡ ਦੇਣ ਉਪਰੰਤ ਸਰੀਰ ਅਚੇਤਨ ਹੋ ਜਾਂਦਾ ਹੈ। ਜੀਵਾਤਮਾ ਨੂੰ ਹੀ ਮਨੁੱਖੀ ਅਹੰਕਾਰ ਅਤੇ ਹਉਮੈ ਦਾ ਆਧਾਰ ਮੰਨਿਆ ਜਾਂਦਾ ਹੈ। ਵੈਸ਼ੇਸ਼ਿਕ ਦਰਸ਼ਨ ਵਿੱਚ ਪ੍ਰਿਥਵੀ, ਜਲ, ਅਗਨੀ ਅਤੇ ਵਾਯੂ ਨੂੰ ਭੌਤਿਕ ਜਗਤ ਦੇ ਦ੍ਰਵ ਅਥਵਾ ਤੱਤ ਆਖਿਆ ਗਿਆ ਹੈ। ਇਹ ਦ੍ਰਵ ਆਪਣੇ ਸੂਖਮ ਪਰਮਾਣੂਆਂ ਦੇ ਅਨੁਕ੍ਰਮਿਕ ਸੰਯੋਗ-ਨਾਲ ਦੁਅਣੁਕ, ਤ੍ਰਿਅਣੁਕ ਅਤੇ ਫਿਰ ਬਹੁਣਕ ਬਣਨ ਉਪਰੰਤ ਦ੍ਰਿਸ਼ਟਮਾਨ ਮਹਾਂਆਕਾਰ ਸਥੂਲ ਰੂਪ ਗ੍ਰਹਿਣ ਕਰ ਲੈਂਦੇ ਹਨ। ਸੰਸਾਰ ਦੇ ਵਿਨਾਸ਼ ਸਮੇਂ ਇਸ ਦੇ ਵਿਪਰੀਤ ਕ੍ਰਿਰਿਆ ਵਾਪਰਦੀ ਹੈ । ਇਸ ਤਰ੍ਹਾਂ ਵੈਸ਼ੇਸ਼ਿਕ ਦਰਸ਼ਨ ਵਿੱਚ ਪਰਮਾਣੂਆਂ ਨੂੰ ਭੌਤਿਕ ਜਗਤ ਦਾ ਰਚਨਾ-ਪਦਾਰਥ ਮੰਨਿਆ ਗਿਆ ਹੈ। ਸਾਂਖ ਦਾਰਸ਼ਨਿਕਾਂ ਦਾ ਮੱਤ ਹੈ ਕਿ ਪ੍ਰਕਿਰਤੀ ਜਗਤ ਦੀ ਰਚਨਾ ਦਾ ਮੂਲ ਉਪਾਦਾਨ ਭੌਤਿਕ ਕਾਰਨ ਹੈ। ਪ੍ਰਕਿਰਤੀ ਸੱਤ, ਅਕ੍ਰਿਆਸ਼ੀਲ, ਅਚੇਤਨ, ਅਕਾਰਣ, ਸੁਤੰਤਰ ਅਵਿਅਕਤ, ਵਿਵੇਕਹੀਣ ਅਨੁਭਵ ਰਹਿਤ ਨਿੱਤ ਆਤਮ ਨਿਰਭਰ ਅਤੇ ਅੰਗ ਰਹਿਤ ਹੈ। ਜਗਤ ਜੋ ਕਿ ਹੇਤੂਵਾਨ, ਅਨਿੱਤ ਕ੍ਰਿਆਸ਼ੀਲ, ਅੰਗਾਂ ਵਾਲਾ, ਆਸ਼੍ਰਿਤ, ਪਰਤੰਤਰ ਵਿਅਕਤ ਅਤੇ ਅਨੁਭਵਸ਼ੀਲ ਹੈ ਇਸਦਾ ਕਾਰਜ ਹੈ। ਪ੍ਰਕਿਰਤੀ ਤ੍ਰੈਗੁਣੀ ਭਾਵ ਸੱਤਵ, ਰਜਸ ਅਤੇ ਤਮਸ ਗੁਣਾਂ ਦਾ ਸੰਯੁਕਤ ਰੂਪ ਹੈ। ਜਗਤ ਦੀ ਰਚਨਾ ਤੋਂ ਪੂਰਣ ਇਹ ਤਿੰਨੇ ਗੁਣ ਬਰਾਬਰ ਪਰੰਤੂ ਵੱਖਰੇ ਵੱਖਰੇ ਰਹਿਣ ਕਰਕੇ ਸ਼ੁੱਧ ਕਾਰਨ ਦੀ ਅਵਸਥਾ ਵਿੱਚ ਰਹਿੰਦੇ ਹਨ। ਇਨ੍ਹਾਂ ਗੁਣਾਂ ਦੀ ਮਾਤਰਾ ਵਿੱਚ ਅਸੰਤੁਲਨ ਦੇ ਫਲਸਰੂਪ ਭੌਤਿਕ ਜਗਤ ਹੋਂਦ ਵਿਚ ਆਉਂਦਾ ਹੈ । ਪ੍ਰਕਿਰਤੀ ਦੇ ਤ੍ਰੈਗੁਣੀ ਬੰਧਨਾਂ ਕਾਰਨ ਹੀ ਜੀਵ ਵਿੱਚ ਪ੍ਰਵਿਰਤੀਆਂ ਤੇ ਵਿਸ਼ੈਵਿਕਾਰਾਂ ਦਾ ਜਨਮ ਹੁੰਦਾ ਹੈ ਅਤੇ ਉਹ ਦੁੱਖ ਸੁੱਖ ਦਾ ਅਨੁਭਵ ਕਰਦਾ ਹੈ ।[42] ਮੀਮਾਂਸਾ ਦਾਰਸ਼ਨਿਕ ਭੌਤਿਕ ਜਗਤ

Sri Satguru Jagjit Singh Ji eLibrary NamdhariElibrary@gmail.com

ਹੋਂਦ ਵਿਚ ਆਉਂਦਾ ਹੈ। ਪ੍ਰਕਿਰਤੀ ਦੇ ਤ੍ਰੈਗੁਣੀ ਬੰਧਨਾਂ ਕਾਰਨ ਹੀ ਜੀਵ ਵਿਚ ਪ੍ਰਵਿਰਤੀਆਂ ਤੇ ਵਿਸ਼ੇ ਵਿਕਾਰਾਂ ਦਾ ਜਨਮ ਹੁੰਦਾ ਹੈ ਅਤੇ ਉਹ ਦੁੱਖ ਸੁੱਖ ਦਾ ਅਨੁਭਵ ਕਰਦਾ ਹੈ ।[42] ਮੀਮਾਂਸਾ ਦਾਰਸ਼ਨਿਕ ਭੌਤਿਕ ਜਗਤ ਨੂੰ ਵਾਸਤਵਿਕ ਅਤੇ ਸੁਤੰਤਰ ਸਚਾਈ ਮੰਨ ਕੇ ਇਸਦੇ ਆਰੰਭ ਨੂੰ ਵਿਵੇਕ ਦਾ ਅਭਾਵ ਆਖਦੇ ਹਨ। ਗੀਤਾ ਵਿੱਚ ਭੌਤਿਕ ਜਗਤ ਨੂੰ ਪ੍ਰਕਿਰਤੀ ਤੋਂ ਉਤਪੰਨ ਹੋਇਆ ਮੰਨਿਆ ਗਿਆ ਹੈ ।[43] ਪ੍ਰਕਿਰਤੀ ਦੇ ਦੋ ਭੇਦ ਅਪਰਾਂਪ੍ਰਕਿਰਤੀ ਅਤੇ ਪਰਾਂਪ੍ਰਕਿਰਤੀ ਹਨ ਜੋ ਕਿ ਭੌਤਿਕ ਅਤੇ ਚੇਤਨ ਦੋਵੇਂ ਤੱਤਾਂ ਨਾਲ ਸੰਬੰਧਿਤ ਹਨ। ਭੂਮੀ, ਜਲ, ਅਗਨੀ, ਵਾਯੂ, ਆਕਾਸ਼ ,ਮਨ, ਬੁੱਧੀ ਅਤੇ ਅਹੰਕਾਰ ਅਪਰਾਂਪ੍ਰਕਿਰਤੀ ਦੇ ਅੰਗ ਹਨ ਜਦੋਂ ਕਿ ਜੀਵ ਨਾਲ ਯੁਕਤ ਹੋ ਕੇ ਸਾਰੇ ਜਗਤ ਨੂੰ ਧਾਰਨ ਕਰਨ ਵਾਲੀ ਪਰਾਂਪ੍ਰਕਿਰਤੀ ਹੈ । ਬ੍ਰਹਮਾ ਦਾ ਇੱਕ ਦਿਨ ਜਾਂ ਕਲਪ ਇੱਕ ਹਜ਼ਾਰ ਮਹਾਂਯੁੱਗ ਦਾ ਹੁੰਦਾ ਹੈ । ਦਿਨ ਸ਼ੁਰੂ ਹੋਣ ਵੇਲੇ ਜਗਤ-ਉਤਪਤੀ ਹੁੰਦੀ ਹੈ ਅਤੇ ਰਾਤ ਪੈਣ ਤੇ ਸਾਰੇ ਵਿਅਕਤ ਤੱਤ ਸਿਮਟ ਕੇ ਅਵਿਅਕਤ ਤੱਤ ਵਿੱਚ ਸਮਾ ਜਾਂਦੇ ਹਨ ।[44] ਪ੍ਰਕਿਰਤੀ ਆਪਣੇ ਤਿੰਨ ਗੁਣਾਂ ਸੱਤਵ, ਰਜਸ ਅਤੇ ਤਮਸ ਨਾਲ ਜੀਵਾਂ ਨੂੰ ਬੰਨ੍ਹ ਕੇ ਵਿਭਿੰਨ ਸੁਭਾਅ ਵਾਲੇ ਜੀਵ ਬਣਾਉਂਦੀ ਹੈ। ਸੱਤਵ ਗੁਣ ਤੋਂ ਗਿਆਨ, ਰਜਸ ਤੋਂ ਕਰਮ ਅਤੇ ਤਮਸ ਤੋਂ ਲੋਭ, ਮੋਹ ,ਅਹੰਕਾਰ, ਕਾਮ ਅਤੇ ਕ੍ਰੋਧ ਜਿਹੇ ਵਿਕਾਰ ਉਪਜਦੇ ਹਨ। ਜਦੋਂ ਆਤਮਾ ਵਿਅਕਤੀਗਤ ਸਰੀਰਾਂ ਵਿੱਚ ਪ੍ਰਵੇਸ਼ ਕਰਕੇ ਸੂਖਮ ਸਰੀਰ ਧਾਰਨ ਕਰਦੀ ਹੈ ਤਾਂ ਉਹ ਜੀਵ ਅਖਵਾਉਂਦੀ ਹੈ । ਜਦੋਂ ਤੱਕ ਇਹ ਸੂਖਮ ਸਰੀਰ ਕਾਇਮ ਰਹਿੰਦਾ ਹੈ , ਇਹ ਜੀਵ ਆਪਣੇ ਕਰਮਾਂ ਅਨੁਸਾਰ ਜਨਮ ਮਰਨ ਦੇ ਚੱਕਰ ਵਿੱਚ ਪੈ ਕੇ ਕਸ਼ਟ ਭੋਗਦਾ ਹੈ। ਅਵਿੱਦਿਆ ਦੇ ਨਸ਼ਟ ਹੋ ਜਾਣ ਤੇ ਇਹ ਜੀਵ ਚੱਕਰ ਵਿਚੋਂ ਸੁਤੰਤਰ ਹੋ ਕੇ ਬ੍ਰਹਮ ਵਿੱਚ ਲੀਨ ਹੋ ਜਾਂਦਾ ਹੈ। ਸ਼ੰਕਰਾਚਾਰੀਆਂ ਨੇ ਉਪਨਿਸ਼ਦਾਂ ਦੀ ਪਰੰਪਰਾ ਦਾ ਅਨੁਵਰਤਨ ਕਰਦਿਆਂ ਭੌਤਿਕ ਜਗਤ ਨੂੰ ਮਾਇਆ ਦਾ ਪਰਪੰਚ ਆਖ ਕੇ ਮਿੱਥਿਆ ਪਰੰਤੂ ਪਦਾਰਥਕ ਵਸਤੂਆਂ ਦੇ ਪਰਿਣਾਮ ਅਤੇ ਅਨੁਭਵ ਨੂੰ ਸੁਪਨੇ ਵਰਗਾ ਸੱਚ ਮੰਨਿਆਂ। ਉਨ੍ਹਾਂ ਅਨੁਸਾਰ ਜਗਤ, ਸੱਤ ਅਤੇ ਅਸੱਤ ਦਾ ਸੰਯੁਕਤ ਰੂਪ ਅਨਿਰਵਚਨੀਯ ਹੈ। ਇਹ ਸੰਸਾਰ ਪਰਮਾਰਥ ਦ੍ਰਿਸ਼ਟੀ ਵਿਚ ਝੂਠ ਹੁੰਦਾ ਹੋਇਆ ਵੀ ਅਵਿੱਦਿਆ ਕਾਰਨ ਸੱਚ ਹੈ। ਮਾਇਆ ਦਾ ਦ੍ਰਿਸ਼ਟਮਾਨ ਜਗਤ ਕੇਵਲ ਅਨੁਭਵ ਸਿੱਧ ਸਵੈ ਲਈ ਹੀ ਸਾਪੇਖਿਕ ਵਾਸਤਵਿਕਤਾ ਭਾਵ ਵਿਵਹਾਰਿਕ ਸੱਤਾ ਹੈ । ਇਹ ਵਾਸਤਵਿਕ ਸਵੈ ਲਈ ਨਿਰਪੇਖ ਨਹੀਂ ਭਾਵ ਇਸਦੀ ਪਰਮਾਰਥਿਕ ਸੱਤਾ ਨਹੀਂ ਹੈ ।[45]

ਵਿਸ਼ਿਸ਼ਟਦ੍ਵੈਤਵਾਦੀ ਰਾਮਾਨੁਜ ਵੀ ਇਸ ਜਗਤ ਨੂੰ ਈਸ਼ਵਰ ਦੀ ਲੀਲ੍ਹਾ ਅਤੇ ਅਭਿਵਿਅਕਤੀ ਸਮਝਦੇ ਹਨ। ਉਹ ਈਸ਼ਵਰ ਨੂੰ ਜਗਤ ਦਾ ਨਮਿੱਤ ਅਤੇ ਉਪਾਦਾਨ

ਕਾਰਨ ਮੰਨਦੇ ਹਨ। ਪਰੰਤੂ ਇਸ ਜਗਤ ਨੂੰ ਬ੍ਰਹਮ ਦਾ ਸਰੀਰ ਆਖ ਕੇ ਇਸਨੂੰ ਪੂਰਨ ਸੱਚ ਵਜੋਂ ਸਵੀਕਾਰਦੇ ਹਨ। ਉਹ ਜਗਤ ਨੂੰ ਬ੍ਰਹਮ ਦਾ ਅੰਗ, ਅਚਿੱਤ ਅੰਸ਼ ਜਾਂ ਪ੍ਰਕਿਰਤੀ ਦੀ ਅਭਿਵਿਅਕਤੀ ਮੰਨਦੇ ਹਨ । " ਇਹ ਚਿੱਤ, ਅਚਿੱਤ ਅਤੇ ਈਸ਼ਵਰ ਭੇਦ ਵਾਲੇ ਬ੍ਰਹਮ ਦਾ ਕਾਰਜ ਰੂਪ ਹੈ। ਪਰਲੈ ਦੀ ਅਵਸਥਾ ਵਿੱਚ ਇਹ ਭੌਤਿਕ ਜਗਤ ਬ੍ਰਹਮ ਦਾ ਕਾਰਣ ਰੂਪ ਭਾਵ ਸੂਖਮ ਰੂਪ ਬਣ ਜਾਂਦਾ ਹੈ ਪਰੰਤੂ, ਕਾਰਣ ਅਤੇ ਕਾਰਜ ਵਿੱਚ ਤੱਤ ਇੱਕ ਹੀ ਹੈ । ਬ੍ਰਹਮ ਦੇ ਅਚਿੱਤ ਤੱਤ ਦੇ ਤਿੰਨ ਪ੍ਰਕਾਰ ਸ਼ੁੱਧਤਵ, ਮਿਸ਼ਰਤਸੱਤਵ ਅਤੇ ਸੱਤਵਰਹਿਤ ਮੰਨੇ ਗਏ ਹਨ। ਮਿਸ਼ਰਤ ਸੱਤਵ ਵਿੱਚ ਰਜੋਗੁਣ ਅਤੇ ਤਮੋਗੁਣ ਸੰਯੁਕਤ ਹੁੰਦੇ ਹਨ। ਇਹ ਸਾਰੇ ਭੌਤਿਕ ਜਗਤ ਦਾ ਉਪਾਦਾਨ ਕਾਰਨ ਬਣਦਾ ਹੈ। ਕੋਈ ਵੀ ਜੀਵ ਸਰੀਰ ਰਹਿਤ ਨਹੀਂ ਹੋ ਸਕਦਾ । ਇਸ ਦਰਸ਼ਨ ਵਿੱਚ ਦੁਨਿਆਵੀ ਪਦਾਰਥਾਂ ਦੇ ਤਿੰਨ ਰੂਪ ਦੱਸੇ ਗਏ ਹਨ । ਭੋਗ-ਯੋਗ ਪਦਾਰਥ ਭੋਗ ਦਾ ਵਿਸ਼ਾ ਹਨ ਜਦੋਂ ਕਿ ਭੋਗ ਸਾਧਨ ਦਾ ਸੰਬੰਧ ਇੰਦਰੀਆਂ ਨਾਲ ਹੈ ਅਤੇ ਭੋਗ ਆਇਤਨ ਸਰੀਰ ਹੈ। ਪ੍ਰਕਿਰਤੀ ਦਾ ਅਚਿੱਤ ਤੱਤ ਇਨ੍ਹਾਂ ਤਿੰਨਾਂ ਰੂਪਾਂ ਵਿੱਚ ਪਰਵਰ-ਤਿਤ ਹੋ ਕੇ ਸੰਸਾਰ ਦੀ ਰਚਨਾ ਕਰਦਾ ਹੈ। ਸ਼ੰਕਰਾਚਾਰੀਆ ਨੇ ਅਵੈਦਿਕ ਅਤੇ ਹੋਰ ਦਰਸ਼ਨ ਸ਼ਾਖਾਵਾਂ ਦੇ ਵਿਚਾਰਾਂ ਨੂੰ ਪੂਰਨ ਅਤੇ ਅੰਸ਼ਕ ਤੌਰ ਤੇ ਨਕਾਰ ਕੇ ਅਦ੍ਵੈਤਵਾਦੀ ਵਿਚਾਰਾਂ ਨੂੰ ਭਾਰਤੀ ਦਰਸ਼ਨ ਦੇ ਮੁੱਖ ਵਿਆਖਿਆਕਾਰ ਵਜੋਂ ਪਰਮਾਣਿਤ ਕਰ ਦਿੱਤਾ ।

### 2.1.3.4. ਮਨੁੱਖੀ ਜੀਵਨ ਲਕਸ਼ ਅਤੇ ਇਸਦੇ ਪ੍ਰਾਪਤੀ ਸਾਧਨ

ਹਰ ਦਰਸ਼ਨ ਮਨੁੱਖੀ ਜੀਵਨ ਦਾ ਕੋਈ ਨਾ ਕੋਈ ਉਦੇਸ਼ ਅਤੇ ਨਿਸ਼ਾਨਾ ਨਿਰਧਾਰਿਤ ਕਰਦਾ ਹੈ ਜਿਸਦੀ ਪ੍ਰਾਪਤੀ ਲਈ ਮਨੁੱਖ ਨੂੰ ਪ੍ਰੇਰਿਤ ਅਤੇ ਉਤਸ਼ਾਹਿਤ ਕੀਤਾ ਜਾਂਦਾ ਹੈ। ਭਾਰਤੀ ਦਰਸ਼ਨ ਵੀ ਕੇਵਲ ਵਿਚਾਰਾਤਮਿਕ ਨਾਂ ਹੋ ਕੇ ਉਪਦੇਸ਼ਾਤਮਕ ਹਨ ਜੋ ਪਰਮ ਗਿਆਨ ਗ੍ਰਹਿਣ ਕਰਕੇ ਪਰਮ ਪੁਰਸ਼ਾਰਥ ਜਾਂ ਜੀਵਨ-ਮੁਕਤੀ ਦੀ ਸਿੱਖਿਆ ਦਿੰਦੇ ਹਨ। ਚਾਰਵਾਕ ਦਰਸ਼ਨ ਜੀਵਨ ਵਿੱਚ ਲੌਕਿਕ ਸੁਖ ਪ੍ਰਾਪਤ ਕਰਨ ਨੂੰ ਹੀ ਉਦੇਸ਼ ਸਮਝਦੇ ਹਨ। ਉਹ ਅਰਥ ਅਤੇ ਕਾਮ ਨੂੰ ਜੀਵਨ ਪੁਰਸ਼ਾਰਥ ਮੰਨਦੇ ਹਨ। ਇਸ ਪ੍ਰਕਾਰ ਵਰਤਮਾਨ ਜੀਵਨ ਨੂੰ ਖੁਸ਼ਹਾਲ ਅਤੇ ਅਨੰਦਮਈ ਬਣਾਉਣਾ ਹੀ ਪਰਮ ਜੀਵਨ ਲਕਸ਼ ਹੈ । ਜੈਨ ਦਰਸ਼ਨ ਅਨੁਸਾਰ ਮੋਕਸ਼ ਜਾਂ ਮੁਕਤੀ ਹੀ ਮਨੁੱਖੀ ਜੀਵਨ ਦਾ ਮਨੋਰਥ ਹੈ । ਇਹ ਉਦੇਸ਼ ਤਿੰਨ ਰਤਨਾਂ ਵਾਲੇ ਮੋਕਸ਼ ਮਾਰਗ ਤੇ ਚੱਲ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ । ਪਹਿਲਾ ਰਤਨ ਉਚਿਤ ਦਰਸ਼ਨ ਹੈ ਜਿਸਦਾ ਭਾਵ ਜੈਨ ਦਰਸ਼ਨ ਦੁਆਰਾ ਸੁਝਾਈਆਂ ਵਿਧੀਆਂ

Sri Satguru Jagjit Singh Ji eLibrary NamdhariElibrary@gmail.com

ਵਿੱਚ ਦ੍ਰਿੜ ਵਿਸ਼ਵਾਸ ਅਤੇ ਸ਼ਰਧਾ ਹੈ । ਦੂਜਾ ਉਚਿਤ ਗਿਆਨ ਹੈ ਜੋ ਕਿ ਜੈਨ ਦਾਰਸ਼ਨਿਕਾਂ ਵਲੋਂ ਪ੍ਰਦਾਨ ਕੀਤਾ ਜਾਂਦਾ ਹੈ। ਪ੍ਰੱਖ ਗਿਆਨ ਦੀਆਂ ਅਵੱਸਥਾਵਾਂ ਅਵਧੀ ਗਿਆਨ, ਮਨਪਰਯਾਇ ਗਿਆਨ ਅਤੇ ਕੇਵਲ ਗਿਆਨ ਹਨ । ਕੇਵਲ ਗਿਆਨ ਧਾਰਕ ਪੁਰਸ਼ਸਿੱਧ ਅਖਵਾਉਂਦਾ ਹੈ । ਉਸਦੇ ਕਰਮਾਂ ਦੇ ਸਾਰੇ ਆਵਰਣ ਨਾਸ਼ ਹੋ ਜਾਣ ਨਾਲ ਉਹ ਸ਼ੁਧਤਾ ਦੀ ਅਵਸਥਾ ਨੂੰ ਪ੍ਰਾਪਤ ਕਰਕੇ ਸਰਵੱਗ ਹੋ ਜਾਂਦਾ ਹੈ। ਤੀਜੇ ਰਤਨ ਉਚਿਤ ਚਰਿੱਤਰ ਦਾ ਧਾਰਨੀ ਮਨੁੱਖ ਅਹਿੰਸਾ, ਸੱਚ, ਅਸਤੇਯ, ਬ੍ਰਹਮਚਰਯ ਅਤੇ ਅਪਰਿਗ੍ਰਹਿ ਵਿੱਚ ਵਿਸ਼ਵਾਸ ਰਖਦਾ ਹੈ । ਇਸ ਤਰ੍ਹਾਂ ਉਚਿਤ ਦਰਸ਼ਨ, ਉਚਿਤ ਗਿਆਨ ਅਤੇ ਉਚਿਤ ਚਰਿੱਤਰ ਗ੍ਰਹਿਣ ਕਰਕੇ ਜੀਵ ਦੇ ਸਮੂਹ ਕਰਮ-ਅਵਰਣ ਹੌਲੀ ਹੌਲੀ ਨਸ਼ਟ ਹੋ ਜਾਂਦੇ ਹਨ। ਅਜਿਹਾ ਜੀਵ ਸਿੱਧ ਹੋ ਕੇ ਮੁਕਤ ਹੋ ਜਾਂਦਾ ਹੈ। ਉਹ ਈਸ਼ਵਰ ਜਾਂ ਪਰਮਾਤਮਾ ਬਣ ਜਾਂਦਾ ਹੈ, ਇਹ ਹੀ ਮਨੁੱਖੀ ਜੀਵਨ ਦਾ ਉਦੇਸ਼ ਹੈ । ਬੁੱਧ ਮੱਤ ਵਿੱਚ ਇਸ ਜਗਤ ਨੂੰ, ਦੁੱਖਾਂ ਦਾ ਘਰ ਆਖਿਆ ਗਿਆ ਹੈ । ਇਸ ਦੁੱਖ ਦੇ ਅਵਿੱਦਿਆ, ਸੰਸਕਾਰ ਤੇ ਜਰਾਮਰਨ ਸਮੇਤ ਬਾਰਾਂ ਕਾਰਨ ਹਨ। ਕਾਰਨ ਤੋਂ ਕਾਰਜ ਵੱਲ ਨੂੰ ਚੱਲਦਿਆਂ ਅਵਿੱਦਿਆ ਦਾ ਨਾਸ਼ ਹੋਣ ਨਾਲ ਸਾਰੀ ਕਾਰਨ-ਕਾਰਜ ਲੜੀ ਟੁੱਟ ਜਾਂਦੀ ਹੈ ਜਿਸਦੇ ਫਲਸਰੂਪ ਦੁੱਖਾਂ ਦਾ ਨਾਸ਼ ਹੋ ਜਾਂਦਾ ਹੈ ਅਤੇ ਮੋਕਸ਼ ਅਰਥਾਤ ਨਿਰਵਾਣ ਪ੍ਰਾਪਤ ਹੋ ਜਾਂਦਾ ਹੈ। ਨਿਆਇ ਦਾਰਸ਼ਨਿਕਾਂ ਦਾ ਮੱਤ ਹੈ ਕਿ ਜੀਵ ਜੋ ਵੀ ਕਰਮ ਕਰਦਾ ਹੈ ਉਸਦਾ ਫਲ ਉਸਨੂੰ ਭੋਗਣਾ ਹੀ ਪੈਂਦਾ ਹੈ। ਸ਼ੁੱਭ ਕਰਮਾਂ ਦਾ ਫਲ ਪੁੰਨ ਅਤੇ ਅਸ਼ੁੱਭ ਕਰਮਾਂ ਦਾ ਫਲ ਪਾਪ ਹੁੰਦਾ ਹੈ । ਪਾਪ ਅਤੇ ਪੁੰਨ ਅਨੁਸਾਰ ਹੀ ਜਵੀਾਤਮਾ, ਜਨਮ-ਮਰਨ ਦੇ ਚੱਕਰ ਵਿੱਚ ਉਦੋਂ ਤੱਕ ਘੁੰਮਦੀ ਰਹਿੰਦੀ ਹੈ ਜਦੋਂ ਤੱ ਕ ਉਸਨੂੰ ਮੁਕਤੀ ਪ੍ਰਾਪਤ ਨਹੀਂ ਹੋ ਜਾਂਦੀ। ਬਾਰੇ ਕਰਮਾਂ ਦੇ ਫ਼ਲਾਂ ਤੋਂ ਪਰਮਾਤਮਾ ਦੀ ਭਗਤੀ ਕਰਕੇ ਹੀ ਮੁਕਤੀ ਮਿਲ ਸਕਦੀ ਹੈ । ਇਸ ਪ੍ਰਕਾਰ ਸ਼ੁਭ ਕਰਮ ਕਰਨੇ ਅਤੇ ਪਰਮਾਤਮਾ ਦੀ ਮਿਹਰ ਹਾਸਲ ਕਰਨੀ ਹੀ ਜੀਵਨ-ਉਦੇਸ਼ ਹੈ। ਵੈਸ਼ੇਸ਼ਿਕ ਮੱਤ ਅਨੁਸਾਰ ਮੁਕਤੀ ਦਾ ਸਾਧਨ ਅਧਿਆਤਮਕ ਅਤੇ ਭੌਤਿਕ ਪਦਾਰਥਾਂ ਦਾ ਤੱਤ-ਗਿਆਨ ਹੈ ਜੋ ਕਿ ਦ੍ਰਵ ਆਦਿ ਛੇ ਪਦਾਰਥਾਂ ਦੇ ਸਮਾਨ ਅਤੇ ਅਸਮਾਨ ਧਰਮਾਂ ਦੇ ਗਿਆਨ ਨਾਲ ਪ੍ਰਾਪਤ ਹੁੰਦਾ ਹੈ। ਸਾਂਖ ਵਿਚਾਰਕ ਅਧਿਆਤਮਿਕ ,ਅਧਿਦੈਵਿਕ ਅਤੇ ਆਧਿਭੌਤਿਕ ਤਿੰਨ ਪ੍ਰਕਾਰ ਦੇ ਦੁੱਖ ਦੱਸਦੇ ਹਨ। ਸਰੀਰਕ ਅਤੇ ਮਾਨਸਿਕ ਦੁੱਖਾਂ ਨੂੰ ਆਧਿਆਤਮਕ, ਪ੍ਰਾਕਿਰਤਿਕ ਦੁੱਖਾਂ ਨੂੰ ਅਧਿਦੈਵਿਕ ਅਤੇ ਦੂਜੇ ਜੀਵਾਂ ਨੂੰ ਦਿੱਤੇ ਦੁਖਾਂ ਨੂੰ ਆਧਿਭੌਤਿਕ ਆਖਿਆ ਗਿਆ ਹੈ। ਇਨ੍ਹਾਂ ਦੁੱਖਾਂ ਨੂੰ ਦੂਰ ਕਰਨਾ ਹੀ ਜੀਵਨ-ਉਦੇਸ਼ ਹੈ। ਪ੍ਰਕਿਰਤੀ ਅਤੇ ਪੁਰਸ਼ ਦੇ ਵਿਵੇਕ-ਗਿਆਨ

ਨਾਲ ਹੀ ਦੁੱਖਾਂ ਦਾ ਨਿਵਾਰਨ ਹੋ ਸਕਦਾ ਹੈ। ਇਸ ਅਵਸਥਾ ਨੂੰ ਕੈਵੱਲਿਆ ਜਾਂ ਮੁਕਤੀ ਆਖਿਆ ਜਾਂਦਾ ਹੈ, ਯੋਗ ਦਾਰਸ਼ਨਿਕਾਂ ਦਾ ਵਿਚਾਰ ਹੈ ਕਿ ਆਤਮਾ ਦਾ ਬੀਜ ਤਾਂ ਸਾਡੇ ਸਾਰਿਆਂ ਦੇ ਅੰਦਰ ਵਿਦਮਾਨ ਹੈ ਪਰੰਤੂ ਸਾਡੀ ਚੇਤਨਤਾ ਹੋਰ ਦੁਨਿਆਵੀ ਕਾਰਜਾਂ ਵਿੱਚ ਰੁੱਝੀ ਹੋਣ ਕਰਕੇ ਇਸਨੂੰ ਗ੍ਰਹਿਣ ਨਹੀਂ ਕਰ ਸਕਦੀ। ਇਸ ਚੇਤਨਤਾ ਨੂੰ ਉਚਿਤ ਦਿਸ਼ਾ ਵਿੱਚ ਸੇਧਿਤ ਕਰਨ ਲਈ ਕਠੋਰ ਪਰਿਸ਼੍ਰਮ ਅਤੇ ਅਨੁਸ਼ਾਸਨ ਵਿਚੋਂ ਲੰਘਣਾ ਪੈਂਦਾ ਹੈ ।[46]

ਇਸ ਕਾਰਜ ਨੂੰ ਕਰਮਾਂ ਵਿੱਚ ਸ਼ੁੱਧਤਾ ਲਿਆ ਕੇ, ਇੰਦਰੀਆਂ ਨੂੰ ਨਿਯੰਤ੍ਰਿਤ ਕਰਕੇ, ਪਰਮਾਤਮਾ ਨੂੰ ਸਮਰਪਿਤ ਹੋ ਕੇ, ਸਾਹ ਪ੍ਰਕਿਰਿਆ ਰਾਹੀਂ ਪ੍ਰਾਣਾਂ ਅਤੇ ਮਨ ਨੂੰ ਵਸ ਵਿੱਚ ਕਰਕੇ ਅਤੇ ਚਿੱਤ ਬਿਰਤੀਆਂ ਨੂੰ ਇਕਾਗਰ ਕਰਕੇ ਕੀਤਾ ਜਾ ਸਕਦਾ ਹੈ। ਇਸ ਲਈ ਯੋਗ ਦਰਸ਼ਨ ਵਿੱਚ ਅਸ਼ਟਾਂਗ-ਵਿਧੀ ਦੱਸੀ ਗਈ ਹੈ । ਇਸਦੀ ਅੰਤਮ ਅਵਸਥਾ ਸਮਾਧੀ ਹੈ ਜਿਸ ਵਿੱਚ ਮਨੁੱਖ ਨੂੰ ਪਰਮਾਤਮਾ ਅਤੇ ਬ੍ਰਹਮ ਦੇ ਦਰਸ਼ਨ ਹੋ ਜਾਂਦੇ ਹਨ। ਇਹ ਹੀ ਮਨੁੱਖੀ ਜੀਵਨ ਦਾ ਮਨੋਰਥ ਹੈ । ਮੀਮਾਂਸਿਕ ਵਿਚਾਰਕ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਪਾਉਣਾ ਹੀ ਜੀਵਨ ਲਕਸ਼ ਮੰਨਦੇ ਹਨ। ਇਹ ਉਦੇਸ਼ ਨਿਸ਼ਕਾਮ ਭਾਵਨਾ ਨਾਲ ਯੱਗ ਆਦਿ ਵੈਦਿਕ ਕਰਮ ਕਾਂਡ ਕਰਨ ਨਾਲ ਸਾਕਾਰ ਕੀਤਾ ਜਾ ਸਕਦਾ ਹੈ। ਗੀਤਾ ਦਾ ਉਪਦੇਸ਼ ਹੈ ਕਿ ਇਸ ਜਗਤ ਤੋਂ ਮੁਕਤੀ ਪਾਉਣਾ ਹੀ ਵਿਅਕਤੀ ਦਾ ਧਰਮ ਹੈ। ਇਹ ਮੁਕਤੀ ਕਰਮਯੋਗ, ਜਨੰ ਯੋਗ ਅਤੇ ਭਗਤੀਯੋਗ ਦੁਆਰਾ ਹੀ ਸੰਭਵ ਹੈ। ਉੱਤਮ ਪੁਰਸ਼ ਉਹ ਹੈ ਜੋ ਫਲ ਦੀ ਕਾਮਨਾ ਕੀਤੇ ਬਗੈਰ ਨਿਸ਼ਕਾਮ ਕਾਰਜ ਕਰੇ। ਇੱਛਾ-ਰਹਿਤ ਕਰਮ ਹੀ ਮਨੁੱਖ ਨੂੰ ਮੁਕਤੀ ਦੇ ਮਾਰਗ ਤੇ ਪਾਉਂਦੇ ਹਨ। ਅਜਿਹਾ ਕਰਕੇ ਮਨੁੱਖ ਜਨਮ-ਮਰਨ ਦੇ ਚੱਕਰ ਵਿਚੋਂ ਨਿਕਲ ਜਾਂਦਾ ਹੈ ਜੋ ਕਿ ਜੀਵਨ-ਲਕਸ਼ ਹੈ। ਵੈਦਿਕ ਅਤੇ ਉਪਨਿਸ਼ਦਿਕ ਵਿਚਾਰਧਾਰਾ ਦੇ ਅਨੁਕੂਲ ਹੀ ਸ਼ੰਕਰਾਚਾਰੀਆ ਜੀਵ ਨੂੰ ਬ੍ਰਹਮ ਦਾ ਸਰੂਪ ਸਮਝਦੇ ਹਨ। ਇਨ੍ਹਾਂ ਦਾ ਆਭਾਸੀ ਵੱਖਰਾਪਣ ਮਾਇਆ ਜਾਂ ਅਵਿੱਦਿਆ ਕਾਰਨ ਹੈ। ਮਾਇਆ ਦੀਆਂ ਆਵਰਣ ਅਤੇ ਵਿਕਸ਼ੇਪ ਸ਼ਕਤੀਆਂ ਬ੍ਰਹਮ ਦੇ ਸਰੂਪ ਨੂੰ ਢਕ ਕੇ ਜੀਵ ਦੇ ਆਭਾਸੀ ਰੂਪ ਨੂੰ ਵਾਸਤਵ ਬਣਾ ਕੇ ਪੇਸ਼ ਕਰਦੀਆਂ ਹਨ। ਜੀਵ ਭਟਕ ਕੇ ਆਪਣੇ ਆਭਾਸੀ ਰੂਪ ਨੂੰ ਆਪਣਾ ਵਾਸਤਵਿਕ ਰੂਪ ਸਮਝਣ ਲਗਦਾ ਹੈ। ਆਤਮਾ ਆਪਣੇ ਨਿੱਤ, ਸ਼ੁੱਧ ਅਤੇ ਮੁਕਤ ਸੁਭਾਅ ਤੋਂ ਪਥਵਿਚਲਤ ਹੋ ਕੇ ਸਰੀਰ, ਇੰਦਰੀਆਂ, ਪ੍ਰਾਣ, ਮਨ ਅਤੇ

ਸ਼ੁੱਧੀ ਰਾਹੀਂ ਦੁਨਿਆਵੀ ਸੁਖ- ਦੁਖ ਅਨੁਭਵ ਕਰਨ ਲਗਦੀ ਹੈ। ਜਦੋਂ ਤਕ ਇਹ ਅਵਿਦਿਆ ਖ਼ਤਮ ਨਹੀਂ ਹੁੰਦੀ ਉਦੋਂ ਤੱਕ ਜੀਵਾਤਮਾ ਕਰਮਾਂ ਦੇ ਫਲ ਭੋਗਦੀ ਹੋਈ ਜਨਮ-ਮਰਨ ਦੇ ਚੱਕਰ ਵਿਚ ਫਸੀ ਰਹਿੰਦੀ ਹੈ। ਆਤਮ-ਵਿੱਦਿਆ ਜਾਂ ਬ੍ਰਹਮ-ਗਿਆਨ ਦੀ ਜੋਤੀ ਨਾਲ ਜੀਵ ਦੇ ਜਨਮ ਜਨਮਾਤਰਾਂ ਦੀ ਅਵਿੱਦਿਆ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ। ਜੀਵ ਆਪਣੇ ਪਰਮਾਰਥ ਰੂਪ ਵਿੱਚ ਬ੍ਰਹਮ ਦੀ ਸੱਤਾ ਦਾ ਅਨੁਭਵ ਕਰਦਾ ਹੋਇਆ ਉਸ ਵਿੱਚ ਹੀ ਲੀਨ ਹੋ ਜਾਂਦਾ ਹੈ। ਇਹ ਹੀ ਜੀਵਨ -ਲਖਸ਼ ਹੈ। ਰਾਮਾਨੁਜ ਜੀਵ ਦੀ ਬ੍ਰਹਮ ਨਾਲ ਸਮਤਾ ਗ੍ਰਹਿਣ ਕਰਨ ਨੂੰ ਜੀਵਨ ਲਖਸ਼ ਆਖਦੇ ਹਨ। ਜੀਵ, ਈਸ਼ਵਰ ਦੀ ਮਿਹਰ ਸਦਕਾ ਹੀ ਮਾਇਆ ਜਾਂ ਪ੍ਰਕਿਰਤੀ ਦੇ ਬੰਧਨਾਂ ਤੋਂ ਮੁਕਤੀ ਪਾ ਸਕਦਾ ਹੈ। ਵੇਦਾਂ ਵਿੱਚ ਦੱਸੇ ਯੱਗ ਆਦਿ ਦੈਵੀ ਕਰਮਾਂ ਨਾਲ ਚਿੱਤ ਦੀ ਸ਼ੁੱਧੀ ਹੁੰਦੀ ਹੈ ਜਿਸ ਨਾਲ ਬ੍ਰਹਮ ਦੀ ਜਗਿਆਸਾ ਉਤਪੰਨ ਹੁੰਦੀ ਹੈ ਅਤੇ ਚਿੱਤ ਵਿੱਚ ਭਗਤੀ-ਭਾਵਨਾ ਪ੍ਰਗਟ ਹੁੰਦੀ ਹੈ। ਬ੍ਰਹਮ ਦੀ ਪ੍ਰਾਪਤੀ ਨਿਸ਼ਕਾਮ ਭਗਤੀ ਨਾਲ ਹੁੰਦੀ ਹੈ। ਮੁਕਤ ਜੀਵ ਦੀ ਸੁਤੰਤਰਤਾ ਸੀਮਿਤ ਹੁੰਦੀ ਹੈ ਕਿਉਂਕਿ ਉਹ ਸਰਬਵਿਆਪਕ ਅਤੇ ਸਰਬ ਸ਼ਕਤੀਮਾਨ ਈਸ਼ਵਰ ਨਾਲ ਏਕੋਭਾਵ ਅਤੇ ਇੱਕਰੂਪਤਾ ਪ੍ਰਾਪਤ ਨਹੀਂ ਕਰ ਸਕਦਾ।

ਵਿਭਿੰਨ ਦਰਸ਼ਨ ਸ਼ਾਖਾਵਾਂ ਦੇ ਵਿਸ਼ਲੇਸ਼ਣ ਉਪਰੰਤ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਅਨੁਸਾਰ ਮਨੁੱਖੀ ਜੀਵਨ ਦਾ ਮੁੱਖ ਲਖਸ਼ ਮੁਕਤੀ ਪ੍ਰਾਪਤ ਕਰਨਾ ਹੈ।

### 2.1.1 ਭਾਰਤੀ ਦਰਸ਼ਨ ਦੀ ਵਿਹਾਰਕਤਾ

ਭਾਰਤ ਵਿੱਚ ਦਰਸ਼ਨ ਦਾ ਉਦਭਵ ਸੰਸਾਰਕ ਜੀਵਨ ਦੀਆਂ ਨੈਤਿਕ ਅਤੇ ਭੌਤਿਕ ਬੁਰਾਈਆਂ ਨੂੰ ਦੂਰ ਕਰਨ ਦੀ ਵਿਹਾਰਕ ਆਵੱਸ਼ਕਤਾ ਵਿਚੋਂ ਹੋਇਆ। ਪ੍ਰਾਚੀਨ ਭਾਰਤੀ ਚਿੰਤਕ ਨੂੰ ਅਧਿਕਤਮ ਚਿੰਤਾ ਇਨ੍ਹਾਂ ਵਿਅਕਤੀਗਤ ਅਤੇ ਸਮਾਜਿਕ ਬੁਰਾਈਆਂ ਦੀ ਸਮੱਸਿਆ ਦੇ ਸਮਾਧਾਨ ਲਈ ਵਿਧੀਆਂ ਤਲਾਸ਼ ਕਰਨਾ ਸੀ। ਸਾਰੇ ਤੰਤ੍ਰਾਂ(ਵਿਚਾਰਵਿਧੀਆਂ) ਵਿੱਚ ਮੋਕਸ਼ ਜਾਂ ਮੁਕਤੀ ਉਸ ਅਵਸਥਾ ਦਾ ਨਾਂ ਹੈ ਜਿਸ ਵਿੱਚ ਇਹ ਸਮਾਧਾਨ ਇਕ ਜਾਂ ਦੂਜੇ ਅਰਥ ਵਿੱਚ ਹੋ ਜਾਂਦਾ ਹੈ। ਇਸ ਪ੍ਰਕਾਰ ਭਾਰਤੀ ਚਿੰਤਨ ਦਾ ਮੁੱਖ ਲਖਸ਼ ਜੀਵਨ ਦੇ ਕਲੇਸ਼ਾਂ ਨੂੰ ਦੂਰ ਕਰਨ ਦਾ ਉਪਾਅ ਢੂੰਡਣਾ ਸੀ।[47]

ਭਾਰਤੀਆਂ ਦੀ ਮਾਨਸਿਕਤਾ ਵਿੱਚ ਮਾਤਲੋਕ ਅਤੇ ਵਰਤਮਾਨ ਜੀਵਨ ਵਿਚ ਨੈਸੀ ਆਦਰਸ਼ ਪ੍ਰਾਪਤ ਕਰ ਲੈਣ ਦੀ ਅਭਿਲਾਸ਼ਾ ਵੀ ਨਿਰੰਤਰ ਬਣੀ ਰਹੀ ਹੈ। ਜਿਨ੍ਹਾਂ ਸੰਪਰਦਾਇਆਂ ਵਿੱਚ ਇਹ ਵਿਚਾਰ ਆਰੰਭ ਵਿੱਚ ਨਹੀਂ ਸੀ ਉਹ ਵੀ ਜਨਦੇ ਹੀ

T 1814



ਮੁਕਤੀ ਦੇ ਆਦਰਸ਼ ਨੂੰ ਇਸ ਜੀਵਨ ਵਿੱਚ ਪ੍ਰਾਪਤ ਹੋ ਸਕਣ ਵਾਲਾ ਮੰਨਣ ਲਗ ਪਏ । ਜਿਸ ਆਦਰਸ਼ ਨੂੰ ਜੀਵਨ-ਮੁਕਤੀ ਆਖਿਆ ਗਿਆ ਹੈ । ਇਹ ਆਦਰਸ਼ ਜੀਵਨ ਨੂੰ ਇਕ ਨਵੀਨ ਧਮਸੂਰ ਅਰਥ ਪ੍ਰਦਾਨ ਕਰਦਾ ਹੈ। ਕਠੋਪਨਿਸ਼ਦ ਵਿੱਚ ਉਪਦੇਸ਼ ਹੈ ਕਿ ਜਦੋਂ ਹਿਰਦੇ ਦੀਆਂ ਸਮੂਹ ਕਾਮਨਾਵਾਂ ਦਾ ਅੰਤ ਹੋ ਜਾਂਦਾ ਹੈ ਤਾਂ ਮਨੁੱਖ ਅਮਰ ਹੋ ਜਾਂਦਾ ਹੈ। ਉਹ ਇਸ ਲੋਕ ਵਿਚ ਹੀ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਲਕਸ਼ ਦੀ ਪੂਰਤੀ ਲਈ ਇੱਕ ਨਿਯਮਿਤ ਆਚਰਣ ਵਾਲੇ ਉਪਯੁਕਤ ਸਾਧਨਾਕ੍ਰਮ ਦੀ ਵਿਵਸਥਾ ਕਰਨੀ ਅਨਿਵਾਰੀ ਹੈ ਤਾਂ ਹੀ ਕੋਈ ਦਰਸ਼ਨ ਕੇਵਲ ਇੱਕ ਵਿਚਾਰ-ਪ੍ਰਣਾਲੀ ਮਾਤਰ ਨਾਂ ਰਹਿ ਕੇ ਇੱਕ ਜੀਵਨ-ਪ੍ਰਣਾਲੀ ਬਣਦਾ ਹੈ। ਜੈਨ ਦਰਸ਼ਨ ਵਿੱਚ ਜੀਵਨ ਨੂੰ ਗਿਆਨ ਲਈ ਦੇ ਵਿਚਾਰ ਨੂੰ ਅਪ੍ਰਵਾਨ ਕਰਕੇ ਗਿਆਨ ਨੂੰ ਜੀਵਨ ਲਈ ਮੰਨਿਆ ਗਿਆ ਹੈ ।

ਮੁਕਤੀ ਦਾ ਅਧਿਆਤਮਕ ਅਰਥ ਜੀਵਾਤਮਾ ਦਾ ਪਾਪ ਅਥਵਾ ਭੁੱਲਾਂ ਤੋਂ ਛੁਟਕਾਰਾ ਪਾ ਕੇ ਆਪਣੇ ਸ਼ੁੱਧ ਸਰੂਪ ਨੂੰ ਪਛਾਣਨਾ ਹੈ। ਇਸ ਪ੍ਰਕਾਰ ਸਾਰੇ ਦਰਸ਼ਨਾਂ ਦਾ ਉੱਤਮ ਲਕਸ਼ ਪੂਰਨ ਮਨੁੱਖੀ ਮਾਨਸਿਕ ਸੰਤੁਲਨ ਦੀ ਸਥਾਪਨਾ ਜੀਵਨ ਦੀਆਂ ਵਿਸ਼ੇਸ਼ਤਾਵਾਂ ਅਨਿਸ਼ਚਿਤਤਾਵਾਂ, ਦੁੱਖਾਂ ਅਤੇ ਕਲੇਸ਼ਾਂ ਦਾ ਨਿਵਾਰਨ, ਪੁਨਰ ਜਨਮ ਦੇ ਡਰ ਤੋਂ ਛੁਟਕਾਰਾ ਅਤੇ ਸਦੀਵੀ ਮਾਨਸਿਕ ਸ਼ਾਂਤੀ ਦੀ ਪ੍ਰਾਪਤੀ ਹੈ । ਇਹ ਹੀ ਜੀਵਨ-ਮੁਕਤੀ ਹੈ ਜਿਸਨੂੰ ਸਾਰੇ ਸੰਪਰਦਾਇਆਂ ਨੇ ਸਵੀਕਾਰ ਕੀਤਾ ਹੈ ।[48]

ਨਿਆਇੰ ਦਰਸ਼ਨ ਸੋਲ੍ਹਾਂ ਪਦਾਰਥਾਂ ਦੇ ਤੱਤ ਗਿਆਨ ਨੂੰ, ਵੈਸ਼ੇਸ਼ਿਕ ਦਰਸ਼ਨ ਧਰਮ ਤੋਂ ਉਤਪੰਨ ਛੇ ਪਦਾਰਥਾਂ ਦੇ ਤੱਤ ਗਿਆਨ ਨੂੰ, ਸਾਂਖਿਯ ਦਰਸ਼ਨ ਤਿੰਨ ਪ੍ਰਕਾਰ ਦੇ ਦੁੱਖਾਂ ਦੀ ਨਵਿਰਤੀ ਨੂੰ, ਯੋਗ ਦਰਸ਼ਨ ਯੋਗੀ ਦੀ ਆਪਣੇ ਸਰੂਪ ਵਿਚ ਸਥਿਤੀ ਨੂੰ ਮੀਮਾਂਸਾ ਦਰਸ਼ਨ ਧਰਮ ਦੀ ਜਗਿਆਸਾ ਨੂੰ ਅਤੇ ਵੇਦਾਂਤ ਦਰਸ਼ਨ ਬ੍ਰਹਮ ਗਿਆਨ ਨੂੰ ਮੁਕਤੀ ਸਾਧਨ ਪ੍ਰਵਾਨ ਕਰਦਾ ਹੈ। ਭਾਵ ਇਹ ਹੈ ਕਿ ਇਨ੍ਹਾਂ ਸਾਰੇ ਦਰਸ਼ਨਾਂ ਦਾ ਮੁੱਖ ਉਦੇਸ਼ ਮਨੁੱਖੀ ਜੀਵਨ ਨੂੰ ਉਸਦੇ ਸਮੂਹ ਦੁੱਖਾਂ ਤੋਂ ਮੁਕਤ ਕਰਨਾ ਹੈ। ਵਾਸਤਵ ਵਿਚ ਮੋਕਸ਼ ਇਕ ਆਨੰਦ ਦੀ ਅਵਸਥਾ ਹੈ ਜੋ ਸਾਰੇ ਕਲੇਸ਼ਾਂ ਦੇ ਸਰੋਤ ,ਦ੍ਵੈਤ ਭਾਵ ਤੋਂ ਉਪਰ ਹੈ। ਇਹ ਉਹ ਅਵਸਥਾ ਨਹੀਂ ਜੋ ਮੌਤ ਉਪਰੰਤ ਹੀ ਧਾਰਨ ਕੀਤੀ ਜਾ ਸਕੇ ਬਲਕਿ ਇਸਦੀ ਪ੍ਰਾਪਤੀ ਵਰਤਮਾਨ ਜੀਵਨ ਵਿਚ ਹੀ ਸੰਭਵ ਹੈ ਪਰੰਤੂ ਇਸ ਲਈ ਮਨੁੱਖ ਨੂੰ ਯੋਗ ਉਪਰਾਲੇ ਕਰਨੇ ਅਨਿਵਾਰੀ ਹਨ ।[49]

P.U. LIBRARY CHANDIGARH 542429

Sri Satguru Jagjit Singh Ji eLibrary NamdhariElibrary@gmail.com

ਮੁਕਤੀ ਦੀ ਕਲਪਣਾ ਬਾਰੇ ਕੁਝ ਮਹੱਤਵਹੀਣ ਮੱਤਭੇਦ ਹੁੰਦੇ ਹੋਏ ਵੀ ਵਿਭਿੰਨ ਭਾਰਤੀ ਦਰਸ਼ਨ ਸ਼ਾਸਤਰੀ ਇਸ ਸੰਦਰਭ ਵਿੱਚ ਇੱਕਮੱਤ ਹਨ ਕਿ ਬ੍ਰਹਮ ਤੋਂ ਭਿੰਨ ਜਾਂ ਅਭਿੰਨ ਆਤਮਾ ਦਾ ਗਿਆਨ ਕਰਵਾਉਣਾ ਹੀ ਦਰਸ਼ਨ ਦਾ ਲਕਸ਼ ਹੈ ।[50] ਉਪਨਿਸ਼ਦਾਂ ਵਿੱਚ ਪਰਮਾਤਮਾ ਤੇ ਸਖਸ਼ੀ ਈਸ਼ਵਰ ਵਿਚਕਾਰ ਅਤੇ ਨਿੱਤ ਦੇ ਪਰਮਸੱਚ ਤੇ ਨਾਸ਼ਵਾਨ ਮਨੁੱਖ ਦੇ ਅਕਸ਼ੀ ਸੱਚ ਵਿਚਕਾਰ ਅੰਤਰ ਸਪਸ਼ਟ ਕੀਤਾ ਗਿਆ ਹੈ। ਇਨ੍ਹਾਂ ਅਨੁਸਾਰ ਮਨੁੱਖੀ ਅਧਿਆਤਮਕ ਵਿਕਾਸ ਦਾ ਅਰਥ ਜੀਵਨ ਨੂੰ ਭੌਤਿਕ ਪੱਧਰ ਤੋਂ ਰੂਹਾਨੀ ਪੱਧਰ ਵੱਲ ਲੈ ਕੇ ਜਾਣਾ ਹੈ । ਇਨ੍ਹਾਂ ਉਪਦੇਸ਼ਾਂ ਵਿੱਚ ਰੂਹਾਨੀ ਜੀਵਨ ਬਤੀਤ ਕਰਨ ਦੀਆਂ ਵਿਧੀਆਂ ਵੀ ਦੱਸੀਆਂ ਗਈਆਂ ਹਨ ਜੋ ਕਿ ਪਰਿਵਰਤਨਸ਼ੀਲ ਅਤੇ ਅਨੁਕੂਲਣਯੋਗ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਭਾਰਤੀ ਵਿਚਾਰਧਾਰਾ ਕੱਟੜ ਨਾ ਹੋ ਕੇ ਲਚਕੀਲੀ ਉਦਾਰ ਅਤੇ ਸਹਿਨਸ਼ੀਲ ਹੈ।[51] ਭਾਰਤੀ ਦਰਸ਼ਨ ਦੀਆਂ ਮੁੱਖ ਵਿਸ਼ੇਸ਼ਤਾਈਆਂ ਵਿੱਚ ਵਿਹਾਰਕ ਅਧਿਆਤਮਿਕ ਸ਼ਾਂਤੀ ਲਈ ਸਾਧਨਾਂ ਦਾ ਨਿਰਧਾਰਣ ਕਰਮ-ਸਿਧਾਂਤ ਦੀ ਵਿਗਿਆਨਕ ਅਤੇ ਵਿਹਾਰਕ ਵਿਆਖਿਆ, ਸੰਸਾਰਕ ਬੰਧਨਾਂ ਵਿੱਚ ਅਵਿੱਦਿਆ ਦੀ ਭੂਮਿਕਾ ਨੂੰ ਸਪੱਸ਼ਟ ਕਰਨਾ ਅਤੇ ਨੈਤਿਕਤਾ ਦੇ ਮਾਰਗ ਤੇ ਮਨੁੱਖ ਦਾ ਪੱਥ ਪ੍ਰਦਰਸ਼ਨ ਸ਼ਾਮਿਲ ਹਨ ।[52]

ਗੀਤਾ ਦਾ ਕਰਮ ਸਿੱਧਾਂਤ ਵੀ ਹੋਣੀਵਾਦ ਦਾ ਉਤਪਾਤੀ ਨਾ ਹੋ ਕੇ ਮਨੁੱਖ ਨੂੰ ਉਸਦੇ ਕੰਮਾਂ ਲਈ ਜ਼ਿੰਮੇਦਾਰ ਠਹਿਰਾਉਂਦਾ ਹੈ ਇਸ ਪ੍ਰਕਾਰ ਨੈਤਿਕ ਸੰਸਾਰ ਵਿੱਚ ਕਾਰਨਤਾ ਦੇ ਸਿਧਾਂਤ ਨੂੰ ਪ੍ਰਵੇਸ਼ ਕਰਦਾ ਹੈ, ਭਾਰਤੀ ਦਰਸ਼ਨ ਦੇ ਵਿਹਾਰਕ ਹੋਣ ਦਾ ਇੱਕ ਪ੍ਰਮਾਣ ਇਹ ਵੀ ਹੈ ਕਿ ਭਾਵੇਂ ਵਿਭਿੰਨ ਦਰਸ਼ਨ ਪ੍ਰਣਾਲੀਆਂ ਵੱਖ-ਵੱਖ ਕਾਰਜ ਖੇਤਰਾਂ ਵਿੱਚ ਅਲੱਗ ਅਲੱਗ ਸਮੇਂ ਵਿਕਸਿਤ ਹੋਈਆਂ ਫਿਰ ਵੀ ਉਹ ਕਈ ਸਦੀਆਂ ਤੱਕ ਇਕੱਠੀਆਂ ਹੀ ਪ੍ਰਫੁਲਿਤ ਹੋਈਆਂ। ਹਰ ਵਿਚਾਰਧਾਰਾ ਜਿਉਂ ਹੀ ਹੋਂਦ ਵਿੱਚ ਆਈ ਉਸਨੂੰ ਦਰਸ਼ਨ ਸਵੀਕਾਰ ਕਰਨ ਵਾਲੇ ਪੈਰੋਕਾਰਾਂ ਨੇ ਉਸਨੂੰ ਇੱਕ ਜੀਵਨ-ਦਰਸ਼ਨ ਦੇ ਰੂਪ ਵਿੱਚ ਗ੍ਰਹਿਣ ਕਰ ਲਿਆ ।[53]

ਪ੍ਰਸਿੱਧ ਵਿਦਵਾਨ ਮੈਕਸਮੂਲਰ ਭਾਰਤੀ ਦਰਸ਼ਨ ਬਾਰੇ ਲਿਖਦੇ ਹਨ ਕਿ " ਭਾਰਤ ਵਿੱਚ ਤੱਤ-ਚਿੰਤਨ ਕੇਵਲ ਗਿਆਨ ਦੀ ਪ੍ਰਾਪਤੀ ਲਈ ਹੀ ਨਹੀਂ ਬਲਕਿ ਉਸ ਪਰਮ ਉਦੇਸ਼ ਦੀ ਪੂਰਤੀ ਲਈ ਕੀਤਾ ਜਾਂਦਾ ਹੈ ਜਿਸਨੂੰ ਮਨੁੱਖ ਇਸ ਲੋਕ ਵਿੱਚ ਹੀ ਸਾਕਾਰ ਕਰ ਸਕਦਾ ਹੈ।[54] ਭਾਰਤੀ ਚਿੰਤਕ ਆਰੀਆਂ ਨੂੰ ਆਸ਼ਰਮਾਂ ਦੀ ਵਿਵਸਥਾ ਅਨੁਸਾਰ ਜੀਵਨ ਬਤੀਤ ਕਰਨ ਲਈ ਉਪਦੇਸ਼ ਦਿੰਦੇ ਹੋਏ ਵਨਪ੍ਰਸਥੀ ਜਾਂ ਸੰਨਿਆਸੀ ਬਣਕੇ ਸੰਸਾਰ ਤੋਂ ਵਿਰੱਕਤ ਹੋਣ ਤੋਂ ਪਹਿਲਾਂ ਬ੍ਰਹਮਚਾਰੀ ਬਣ ਕੇ ਵੇਦਾਂ ਦਾ ਅਧਿਐਨ ਕਰਨ ਅਤੇ ਗ੍ਰਹਿਸਥੀ

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਸਕ ਕੇ ਸੰਤਾਨ ਉਤਪਤੀ ਕਰਨ, ਸ਼ੱਕ ਕਰਨ ਅਤੇ ਬ੍ਰਾਹਮਣਾਂ ਦੀ ਸੇਵਾ ਕਰਨਾ ਅਨਿਵਾਰੀ ਸਮਝਦੇ ਹਨ ।[55] ਸੰਪੂਰਨ ਭਾਰਤੀ ਵਿਚਾਰਧਾਰਾ ਵਿੱਚ ਦੋ ਗੱਲਾਂ ਸਾਂਝੀਆਂ ਹਨ। ਮੁਕਤੀ ਦੇ ਸਰਵੋਚ ਆਦਰਸ਼ ਦਾ ਅਨੁਸਰਨ ਅਤੇ ਉਸਦੀ ਸਾਧਨਾ ਵਿੱਚ ਵਿਆਪਤ ਵੈਰਾਗ ਦੀ ਭਾਵਨਾ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਭਾਰਤੀਆਂ ਲਈ ਦਰਸ਼ਨ ਨਾ ਤਾਂ ਕੇਵਲ ਬੌਧਿਕ ਚਿੰਤਨ ਅਤੇ ਨਾ ਹੀ ਨਿਰੋਲ ਨੈਤਿਕਤਾ ਹੈ ਬਲਕਿ ਇਨ੍ਹਾਂ ਦੋਵਾਂ ਨੂੰ ਸਮਵਿਸ਼ਟ ਕਰਦੀ ਅਤੇ ਇਨ੍ਹਾਂ ਤੋਂ ਸ੍ਰੇਸ਼ਟ ਕੁਝ ਹੋਰ ਹੈ। ਅਰਥਾਤ ਭਾਰਤੀ ਦਰਸ਼ਨ ਦਾ ਲਕਸ਼ ਤਰਕਸ਼ਾਸਤਰ ਅਤੇ ਨੀਤੀ-ਸ਼ਾਸਤਰ ਤੋਂ ਪ੍ਰਾਪਤ ਕੀਤੇ ਜਾ ਸਕਣ ਵਾਲੇ ਸਿੱਟਿਆਂ ਤੋਂ ਵੀ ਅਧਿਕ ਹੈ।

ਜੋ ਦਰਸ਼ਨ ਜੀਵਾਤਮਾ ਦੀ ਪਰਮਾਰਥਿਕ ਸੱਤਾ ਨੂੰ ਮੰਨਦੇ ਹੋਏ ਸੰਪੂਰਨ ਆਤਮਸਮਿਮਤਾ ਨੂੰ ਆਵੱਸ਼ਕ ਸਮਝਦੇ ਹਨ ਉਹ ਸਾਧਕ ਨੂੰ ਆਪਣੇ ਅਧਿਕਾਰਾਂ ਦੀ ਅਵਹੇਲਨਾ ਕਰਕੇ ਕਰਤੱਵ-ਪਾਲਣ ਨੂੰ ਪ੍ਰਮੁੱਖਤਾ ਦੇਣ ਦਾ ਉਪਦੇਸ਼ ਕਰਦੇ ਹਨ। ਇਸ ਪ੍ਰਕਾਰ ਵਿਅਕਤੀ ਸਵਾਰਥ ਰਹਿਤ ਹੋ ਕੇ ਸਮਾਜ ਕਲਿਆਣ ਵੱਲ ਰੁਚਿਤ ਹੋ ਜਾਂਦਾ ਹੈ। ਭਾਰਤੀ ਦ੍ਰਿਸ਼ਟੀਕੋਣ ਵਿਅਕਤੀ ਦੇ ਕਰਤਵ ਨੂੰ ਮਨੁੱਖੀ ਸਮਾਜ ਤੱਕ ਹੀ ਸੀਮਿਤ ਨਾ ਕਰਕੇ ਸੰਪੂਰਨ ਚੇਤਨ ਸ੍ਰਿਸ਼ਟੀ ਤੱਕ ਫੈਲਿਆ ਤੱਕਦਾ ਹੈ। ਨੈਤਿਕ ਕਰਮ ਦਾ ਇਹ ਵਿਸਥਾਰ ਭਾਰਤੀ ਨੀਤੀ ਸ਼ਾਸਤਰ ਦੀ ਅੰਤਰਾਤਮਾ ਦੇ ਅਨੁਰੂਪ ਹੈ ਜਿਸਦਾ ਆਦਰਸ਼ ਅਧਿਕਾਰਾਂ ਦੀ ਮੰਗ ਦੀ ਬਜਾਇ ਕਰਤੱਵਾਂ ਪੂਰੀ ਕਰਨਾ ਹੈ। ਜਿਨ੍ਹਾਂ ਜੀਵਾਂ ਅੰਦਰ ਨੈਤਿਕ ਚੇਤਨਾ ਦਾ ਅਭਾਵ ਹੈ ਉਨ੍ਹਾਂ ਦਾ ਭਾਵੇਂ ਕੋਈ ਕਰਤੱਵ ਨਾ ਵੀ ਹੋਵੇ ਪਰੰਤੂ ਇਸਦਾ ਭਾਵ ਇਹ ਤਾਂ ਨਹੀਂ ਕਿ ਉਨ੍ਹਾਂ ਪ੍ਰਤੀ ਮਨੁੱਖ ਦਾ ਵੀ ਕੋਈ ਕਰਤੱਵ ਨਹੀਂ। ਸਾਰੇ ਪ੍ਰਾਣੀਆਂ ਲਈ ਮਿੱਤਰਤਾ ਦੀ ਭਾਵਨਾ, ਅਹਿੰਸਾ ਦੇ ਸਿਧਾਂਤ ਦੇ ਅਨੁਕੂਲ ਹੈ। ਭਾਰਤੀ ਚਿੰਤਨ ਉਸ ਸਰਬਵਿਆਪਕ ਦਾ ਅਧਿਕ ਸਤਿਕਾਰ ਕਰਦਾ ਹੈ ਜਿਸ ਵਿੱਚ ਸਾਰੇ ਜੀਵ ਸਮਾਏ ਹੋਏ ਹਨ। ਇਸ ਪੱਖੋਂ ਭਾਰਤੀ ਦ੍ਰਿਸ਼ਟੀਕੋਣ ਸਮਾਜਵਾਦੀ ਨੈਤਿਕਤਾ ਤੋਂ ਵੀ ਉੱਪਰ ਹੈ ਜੋ ਮਨੁੱਖ ਨੂੰ ਮਾਨਵਤਾਪੱਖੀ ਤਾਂ ਬਣਾ ਸਕਦੀ ਹੈ ਪਰੰਤੂ ਉਸਨੂੰ ਬਾਕੀ ਸ੍ਰਿਸ਼ਟੀ ਤੋਂ ਅੱਡਰਾ ਰਖਦੀ ਹੈ। ਪ੍ਰਸਿੱਧ ਦਾਰਸ਼ਨਿਕ ਵਿਆਖਿਆਕਾਰ ਮੈਕਸਮੂਲਰ ਦਾ ਭਾਰਤੀ ਦਰਸ਼ਨ ਬਾਰੇ ਨਿਸ਼ਕਰਸ਼ ਹੈ ਕਿ," ਵੈਦਿਕ ਦਰਸ਼ਨਾਂ ਦੀ ਪਰਸਪਰ ਭਿੰਨਤਾ ਦੀ ਪਿੱਠਭੂਮੀ ਵਿੱਚ ਇੱਕ ਅਜਿਹਾ ਗਿਆਨ-ਭੰਡਾਰ ਹੈ ਜਿਸਨੂੰ ਅਸੀਂ ਰਾਸ਼ਟਰੀ ਅਥਵਾ ਸਰਬ ਪ੍ਰਵਾਣਿਤ ਦਰਸ਼ਨ ਕਹਿ ਸਕਦੇ ਹਾਂ। ਇਸਦੀ ਤੁਲਨਾ ਵਿਸ਼ਾਲ ਮਾਨਸਰੋਵਰ ਨਾਲ ਕਰ ਸਕਦੇ ਹਾਂ । ਇਹ ਵਿਚਾਰਧਾਰਾ ਭਾਵੇਂ ਅਤਿ ਪ੍ਰਾਚੀਨ ਹੈ ਪਰੰਤੂ ਇਸ ਵਿੱਚੋਂ ਹਰ ਇਕ ਵਿਚਾਰਕ ਆਪਣੇ ਉਪਯੋਗ ਲਈ ਲੋੜੀਂਦੀ ਸਮੱਗਰੀ ਪ੍ਰਾਪਤ ਕਰ ਸਕਦਾ ਹੈ।"[56]

ਮੈਕਸਮੂੱਲਰ ਨੇ ਇੰਡੀਅਨ ਸਿਵਲ ਸਰਵਿਸ ਦੇ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਆਖਿਆ ਸੀ, " ਜੇ ਮੈਨੂੰ ਕੋਈ ਪੁੱਛੇ ਕਿ ਆਪਣੇ ਅੰਤ੍ਰਿਕ ਜੀਵਨ ਨੂੰ ਅਧਿਕ ਸੰਪੂਰਨ ਵਿਸ਼ਾਲ ਵਿਆਪਕ ਅਤੇ ਮਾਨਵਵਾਦੀ ਬਣਾਉਣ ਲਈ ਸੇਧ ਕਿੱਥੋਂ ਮਿਲੇਗੀ ਤਾਂ ਮੈਂ ਭਾਰਤ ਵੱਲ ਹੀ ਸੰਕੇਤ ਕਰਾਂਗਾ ।"[57]

ਦਰਸ਼ਨ ਦਾ ਵਿਹਾਰਕ ਪੱਖ ਸਿੱਖਿਆ ਅਖਵਾਉਂਦਾ ਹੈ। ਇਸ ਦੀ ਉਪਯੋਗਤਾ ਅਤੇ ਸਾਰਥਕਤਾ ਸਿੱਖਿਆ ਦੀ ਕਸਵੱਟੀ ਤੇ ਹੀ ਪਰਖੀ ਜਾਂਦੀ ਹੈ। ਇਸ ਲਈ ਭਾਰਤੀ ਦਰਸ਼ਨ ਦੀ ਉਚਿਤਤਾ ਦੀ ਜਾਂਚ ਕਰਨ ਲਈ ਇਸ ਦੁਆਰਾ ਰਚੇ ਅਤੇ ਪ੍ਰਚਾਰੇ ਸਿੱਖਿਆ ਦਰਸ਼ਨ ਦਾ ਅਧਿਐਨ ਕਰਨਾ ਅਨਿਵਾਰੀ ਹੈ ।

## 2.2. ਭਾਰਤੀ ਸਿੱਖਿਆ ਦਰਸ਼ਨ

### 2.2.1. ਕਾਲਵੰਡ

ਭਾਰਤੀ ਸਿੱਖਿਆ ਦੇ ਪਰਮ ਅਤੇ ਦੀਰਘਕਾਲੀਨ ਉਦੇਸ਼ਾਂ ਦੀ ਭਾਵਨਾ ਸਮਾਨ ਰਹਿਣ ਦੇ ਬਾਵਜੂਦ ਇਸਦੇ ਤਤਕਾਲੀਨ ਅਤੇ ਅਲਪਕਾਲੀਨ ਪ੍ਰਯੋਜਨਾਂ ਤੇ ਵਿਸ਼ਸ਼ਤਾਈਆਂ ਵਿੱਚ ਰਾਜਨੀਤਿਕ ਤੇ ਸਮਾਜਿਕ ਉਥਲ-ਪੁਥਲ ਕਾਰਨ ਨਿਰੰਤਰ ਪਰਿਵਰਤਨ ਆਉਂਦੇ ਰਹੇ ਹਨ। ਇਸ ਲਈ ਸਿੱਖਿਆ ਪ੍ਰਕਿਰਿਆ ਦੀ ਉਚਿਤ ਸੰਦਰਭ ਵਿੱਚ ਸਮੀਖਿਆ ਕਰਨ ਲਈ ਇਸਦੀ ਕਾਲਵੰਡ ਕਰਨੀ ਉਪਯੋਗੀ ਹੋਵੇਗੀ। ਪ੍ਰਸਿੱਧ ਸਿੱਖਿਆ ਸ਼ਾਸਤਰੀ ਅਲਟੇਕਰ 1000 ਈ. ਪੂ. ਤੱਕ ਦੇ ਸਮੇਂ ਨੂੰ ਵੈਦਿਕ ਕਾਲ, 200 ਈ. ਪੂ. ਤੱਕ ਉਪਨਿਸ਼ਦ ਕਾਲ, 500 ਈ. ਤੱਕ ਧਰਮਸ਼ਾਸਤਰ ਕਾਲ ਅਤੇ 1200 ਈ. ਤੱਕ ਦੇ ਸਮੇਂ ਨੂੰ ਪੌਰਾਣਿਕ ਕਾਲ ਆਖਦੇ ਹਨ ।[58] ਜਦੋਂ ਕਿ ਬੋਕਿਲ ਦਾ ਵਿਚਾਰ ਹੈ ਕਿ 3000 ਈ. ਪੂ. ਤੱਕ ਵੈਦਿਕ ਕਾਲ, 1000 ਈ. ਪੂ. ਤੱਕ ਮਹਾਂਕਾਵਿ , 1 ਈ. ਤੱਕ ਤਰਕਵਾਦੀ ਕਾਲ ਅਤੇ 1000 ਈ. ਤੱਕ ਪੌਰਾਣਿਕ ਕਾਲ ਸੀ।[59]

ਇਤਿਹਾਸ ਲੇਖਕ ਦੱਤ ਵੈਦਿਕ ਕਾਲ ਨੂੰ 1400 ਈ. ਪੂ. ਤੱਕ ਮਹਾਂਕਾਵਿ ਕਾਲ 1000 ਈ. ਪੂ. ਤੱਕ, 320 ਈ. ਪੂ. ਤੱਕ ਤਰਕਵਾਦੀ ਕਾਲ ,500 ਈ. ਤੱਕ ਦੇ ਸਮੇਂ ਨੂੰ ਬੋਧਿਕ ਕਾਲ ਅਤੇ 1000 ਈ. ਤੱਕ ਪੌਰਾਣਿਕ ਕਾਲ ਮੰਨਦੇ ਹਨ ।[60] ਇਕ ਹੋਰ ਸਿੱਖਿਆ ਇਤਿਹਾਸਕਾਰ 200 ਈ. ਪੂ. ਤੱਕ ਦੇ ਸਮੇਂ ਨੂੰ ਵੈਦਿਕ ਕਾਲ ,

650 ਈ. ਤੱਕ ਬ੍ਰਾਹਮਨਿਕ ਅਥਵਾ ਬੋਧਿਕ ਕਾਲ ਅਤੇ 1700 ਈ. ਤੱਕ ਮੁਸਲਿਮ ਕਾਲ ਕਹਿੰਦੇ ਹਨ ।[61] ਭਾਵੇਂ ਸਾਰੇ ਇਤਿਹਾਸਕਾਰ ਇੱਕਮਤ ਨਹੀਂ ਹਨ ਪਰੰਤੂ ਸਾਡੇ ਅਧਿਐਨ ਲਈ ਉਨ੍ਹਾਂ ਦੇ ਵਿਚਾਰਾਂ ਦਾ ਅੰਤਰ ਅਧਿਕ ਗੰਭੀਰ ਵੀ ਨਹੀਂ ਹੈ। ਇਸ ਲਈ ਅਲਟੇਕਰ ਦੀ ਕਾਲਵੰਡ ਨੂੰ ਆਪਣੀ ਚਰਚਾ ਦਾ ਆਧਾਰ ਬਣਾ ਕੇ ਅਸੀਂ ਕੋਈ ਉਕਾਈ ਨਹੀਂ ਕਰ ਰਹੇ ਹੋਵਾਂਗੇ । ਵੈਦਿਕ ਸਿੱਖਿਆ ਦੇ ਨਾਲ ਨਾਲ ਅਵੈਦਿਕ ਬੁੱਧ ਸਿੱਖਿਆ ਦਰਸ਼ਨ ਵੀ ਇੱਕ ਮਹੱਤਵਪੂਰਨ ਸਿੱਖਿਆ ਕਾਰਜ ਕਰਦਾ ਰਿਹਾ ਹੈ। ਭਾਰਤੀ ਸਿੱਖਿਆ ਦਰਸ਼ਨ ਦੀ ਸੰਪੂਰਨ ਜਾਣਕਾਰੀ ਲਈ ਇਸ ਸਿੱਖਿਆ ਪੱਧਤੀ ਦਾ ਵਰਣਨ ਵੀ ਅਤਿ ਆਵੱਸ਼ਕ ਹੈ ।

2.2.1.1. <u>ਵੈਦਿਕ ਕਾਲ (1000 ਈ. ਪੂ ਤੱਕ )</u>

ਇਸ ਕਾਲ ਵਿੱਚ ਲੋਕਾਂ ਨੂੰ ਸਿੱਖਿਆ ਦਾ ਮਹੱਤਵ ਸਮਝਾਉਣ ਲਈ ਅਨੁਭਵ ਕਰਵਾਇਆ ਜਾਂਦਾ ਸੀ ਕਿ ਦੇਵਤੇ ਕੇਵਲ ਸਮਝਦਾਰ ਅਤੇ ਪੜ੍ਹੇ ਲਿਖੇ ਵਿਅਕਤੀਆਂ ਦੇ ਹੀ ਦੋਸਤ ਬਣਦੇ ਹਨ। ਵਿਦਵਾਨ ਕੇਵਲ ਵੇਦਮੰਤਰਾਂ ਦੇ ਉਚਾਰਨ ਕਰਨ ਵਾਲੇ ਨੂੰ ਨਹੀਂ ਸਗੋਂ ਉਨ੍ਹਾਂ ਨੂੰ ਸਮਝ ਕੇ ਵਿਆਖਿਆ ਕਰ ਸਕਣ ਵਾਲੇ ਆਖਦੇ ਸਨ। ਇਸ ਕਾਲ ਵਿੱਚ ਹਰ ਮਾਂ ਬਾਪ ਆਪਣੇ ਬੱਚੇ ਨੂੰ ਸਿੱਖਿਆ ਗ੍ਰਹਿਣ ਕਰਵਾਉਣੀ ਆਪਣਾ ਪਾਵਨ ਕਰਤੱਵ ਸਮਝਦਾ ਸੀ। ਇਸ ਖੇਤਰ ਵਿੱਚ ਲੜਕਿਆਂ ਅਤੇ ਲੜਕੀਆਂ ਵਿੱਚ ਕੋਈਂ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਇਹ ਕਰਤੱਵ ਆਮ ਤੌਰ ਤੇ ਮਾਂ-ਬਾਪ ਆਪ ਵੀ ਨਿਭਾਉਂਦੇ ਸਨ, ਇਸ ਕਾਰਨ ਕਾਫ਼ੀ ਸਮੇਂ ਤੱਕ ਕਿਸੇ ਵਿਵਸਥਿਤ ਸੰਸਥਾ ਅਤੇ ਪੇਸ਼ਾਵਰ ਅਧਿਆਪਕ ਦੀ ਆਵੱਸ਼ਕਤਾ ਮਹਿਸੂਸ ਨਹੀਂ ਕੀਤੀ ਗਈ। ਸਾਹਿਤ ਮੁੱਖ ਤੌਰ ਤੇ ਧਾਰਮਿਕ ਕਾਵਿ ਸੀ। ਲੋਕ ਸੁਤੰਤਰ ਖੁਲ੍ਹੇ ਅਤੇ ਪੜਚੋਲੀ ਸੁਭਾ ਵਾਲੇ ਸਨ। ਮਨੁੱਖ ਦੀਆਂ ਸੰਵਾਦੀ-ਸ਼ਕਤੀਆਂ ਦੇ ਉਚਿਤ ਵਿਕਾਸ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਇਸ ਸਿੱਖਿਆ ਨੇ ਪ੍ਰਤਿਭਾਵਾਨ ਵਕਤਿਆਂ ਦੇ ਨਾਲ ਨਾਲ ਕ੍ਰਿਆਸ਼ੀਲ ਤੇ ਸਫਲ ਮਨੁੱਖ ਵੀ ਪੈਦਾ ਕੀਤੇ। ਆਰੰਭਿਕ ਵੈਦਿਕ ਕਾਲ ਵਿੱਚ ਮੁੱਖ ਤੌਰ ਤੇ ਵੈਦਿਕ ਸ਼ਲੋਕਾਂ, ਗਾਥਾਵਾਂ, ਦੰਦ ਕਥਾਵਾਂ ਅਤੇ ਜੋਤਿਸ਼ ਦੀ ਪੜ੍ਹਾਈ ਕਰਵਾਈ ਜਾਂਦੀ ਸੀ ਜਦੋਂ ਕਿ ਉੱਤਰ-ਵੈਦਿਕ ਕਾਲ ਵਿਚ ਚਾਰ ਵੇਦ, ਜੋਤਿਸ਼, ਰੇਖਾ ਗਣਿਤ, ਪਿੰਗਲ, ਵਿਆਕਰਣ ਅਤੇ ਨਿਰੁਕਤੀ ਜਿਹੇ ਵਿਸ਼ੇ ਪਾਠਕਰਮ ਵਿੱਚ ਸ਼ਾਮਿਲ ਸਨ।[62] ਉੱਤਰ-ਵੈਦਿਕ ਕਾਲ ਵਿੱਚ ਸਿੱਖਿਆ ਦਾ ਮਨੋਰਥ ਵਿਅਕਤੀ ਦੇ ਜੀਵਨ ਨੂੰ ਚਰਮ ਸੀਮਾ ਤੱਕ ਉਚਿਆਉਣਾ ਅਤੇ ਵਿਸ਼ਾਲ ਕਰਨਾ ਸੀ ਤਾਂ ਜੋ ਉਹ ਸਰਬਵਿਆਪਕ ਆਤਮਿਕ ਕਿਰਿਆਸ਼ੀਲਤਾ ਦਾ ਸਜੀਵੀ ਅੰਗ ਬਣ ਕੇ

ਆਪਣੀ ਵਾਸਤਵਿਕ ਹੋਂਦ ਨੂੰ ਅਨੁਭਵ ਕਰ ਸਕੇ।[63] ਸਮੁੱਚੇ ਤੌਰ ਤੇ ਵੈਦਿਕ ਸਿੱਖਿਆ ਦੇ ਪ੍ਰਯੋਜਨਾਂ ਵਿੱਚ ਸੰਤ੍ਰਿਕ ਮਨੁੱਖੀ ਸਮਰੱਥਾਵਾਂ ਦਾ ਵਿਕਾਸ, ਸਰਬਪੱਖੀ ਵਿਅਕਤਿਤਵ-ਉਸਾਰੀ, ਆਚਰਨ-ਸ਼ੁੱਧਤਾ, ਸਰਵੋਚ ਸੱਚ ਦੀ ਸਾਕਾਰਤਾ, ਸਮਾਜਿਕ ਨਿਪੁੰਨਤਾ ਤੇ ਕੁਸ਼ਲਤਾ, ਸੁਚਾਰੂ ਸੂੱਧੀ ਦਾ ਵਿਕਾਸ ਅਤੇ ਆਤਮ-ਨਿਰਭਰਤਾ ਲਈ ਕਿੱਤਿਆਂ ਦੀ ਸਿਖਲਾਈ ਸ਼ਾਮਿਲ ਸਨ।[64]

2.2.1.2 <u>ਉਪਨਿਸ਼ਦ ਕਾਲ (200 ਈ. ਪੂ ਤੱਕ)</u>

ਇਸ ਕਾਲ ਨੂੰ ਭਾਰਤੀ ਸੱਭਿਆਚਾਰ, ਸਾਹਿਤ, ਕਲਾ ਅਤੇ ਮੌਲਿਕ ਦਾਰਸ਼ਨਿਕ ਵਿਚਾਰਾਂ ਦਾ ਸੁਨਹਿਰੀ ਸਮਾਂ ਆਖਿਆ ਜਾ ਸਕਦਾ ਹੈ । ਭਾਰਤੀ ਸਿੱਖਿਆ ਸਾਹਿਤ ਵਿੱਚ ਉਪਲਬਧ ਸ੍ਰੇਸ਼ਟ ਰਚਨਾਵਾਂ ਇਸ ਯੁੱਗ ਦੇ ਵਿਦਵਾਨਾਂ ਦੀ ਦੇਣ ਹੈ । ਇਸ ਸਮੇਂ ਵਿੱਚ ਤੱਤ-ਮੀਮਾਂਸਾ ਨੇ ਅਚੰਭਾਜਨਕ ਪ੍ਰਗਤੀ ਕੀਤੀ। ਭਾਰਤੀ ਦਰਸ਼ਨ ਦੀਆਂ ਸਾਰੀਆਂ ਸਾਖਾਵਾਂ ਦਾ ਆਰੰਭ ਹੋਇਆ ਅਤੇ ਭਾਸ਼ਾ ਵਿਗਿਆਨ ਤੇ ਵਿਆਕਰਣ ਪੂਰਨ ਰੂਪ ਵਿੱਚ ਵਿਕਸਿਤ ਹੋਏ । ਰਾਜਨੀਤਿਕ ਵਿਚਾਰਾਂ ਵਿਚ ਕਲਪਨਾ-ਸ਼ਕਤੀ , ਮੌਲਿਕਤਾ ਅਤੇ ਸਾਰਥਿਕਤਾ ਦਾ ਜਨਮ ਹੋਇਆ। ਖਗੋਲ ਵਿਗਿਆਨ, ਤਰਕਸ਼ਾਸਤਰ, ਜੋਤਿਸ਼ , ਗਣਿਤ, ਦਰਸ਼ਨ, ਚਿਕੱਤਸਾ, ਵਿਆਕਰਣ, ਜੋੜਤੋੜ, ਖਾਣਖੋਦਣੇ ਦਾ ਕੰਮ, ਧਾਤ ਵਿਗਿਆਨ, ਬੁੱਤਸਾਜੀ ਅਤੇ ਇਮਾਰਤਸਾਜੀ ਗਿਆਨ ਕਲਾ ਨੇ ਸਿੱਖਰਾਂ ਛੂਹੀਆਂ। ਵਿਦਿਆਰਥੀਆਂ ਨੂੰ ਵੈਦਿਕ ਸਾਹਿਤ /ਪਦਪਾਠ, ਕ੍ਰਮ ਪਾ, ਜਤਪਾਠ ਅਤੇ ਘਨਪਾਠ ਵਿਧੀਆਂ ਦੁਆਰਾ ਮੌਖਿਕ ਕੰਠ ਕਰਵਾਇਆ ਜਾਂਦਾ ਸੀ । ਸਨਾਤਨੀ ਅਤੇ ਵਿਭਿੰਨ ਮਤਾਂ ਦੇ ਧਰਮ ਸ਼ਾਸਤਰਾਂ ਦੀ ਰਚਨਾ ਹੋਈ। ਇਸ ਸਮੇਂ ਸੰਸਕ੍ਰਿਤ ਭਾਸ਼ਾ ਦੀ ਪੂਰੀ ਚੜ੍ਹਤ ਸੀ। ਪ੍ਰਾਚੀਨ ਭਾਰਤ ਦਾ ਵਿਖਿਆਤ ਸਿੱਖਿਆ ਕੇਂਦਰ, ਤਕਸ਼ਿਲਾ ਯੂਨੀਵਰਸਿਟੀ 700 ਈ. ਪੂ. ਤੱਕ ਕਾਫੀ ਪ੍ਰਸਿੱਧੀ ਪ੍ਰਾਪਤ ਕਰ ਚੁੱਕਾ ਸੀ। ਪਿਲਾਨੀ ਦੀ ਵਿਆਕਰਣ ਮਨੂ ਦੀ ਕਾਨੂੰਨ ਪੁਸਤਕ ਅਤੇ ਅਮਰ ਦੀ ਡਿਕਸ਼ਨਰੀ ਇਸ ਕਾਲ ਵਿੱਚ ਹੀ ਲਿਖੀਆਂ ਗਈਆਂ। ਕਾਵਿ-ਉਚਾਰਨ, ਦੁਹਰਾਉ, ਵਿਵੇਚਨ, ਪ੍ਰਵਚਨ, ਸਪਸ਼ਟੀਕਰਨ, ਵਿਸ਼ਲੇਸ਼ਣ , ਵਾਦ ਵਿਵਾਦ ਅਤੇ ਵਾਰਤਾਲਾਪ ਵਰਗੀਆਂ ਮਹੱਤਵਪੂਰਨ ਸਿੱਖਿਆ ਵਿਧੀਆਂ ਅਧਿਕ ਪ੍ਰਚੱਲਤ ਸਨ ।

ਇਸ ਕਾਲ ਵਿੱਚ ਅਜੇ ਤੱਕ ਆਮ ਲੋਕਾਂ ਨੂੰ ਲਿਖਣ, ਪੜ੍ਹਨ ਅਤੇ ਗਣਿਤ ਦੀ ਲੋੜ ਮਹਿਸੂਸ ਨਹੀਂ ਸੀ ਹੋਈ ਕਿਉਂਕਿ ਉਹ ਧਾਰਮਿਕ ਵਿਦਵਾਨਾਂ ਦੀਆਂ ਕਥਾਵਾਂ ਤੇ ਕੀਰਤਨਾਂ ਤੋਂ ਵੇਦਾਂ ਦੇ ਸ਼ੁਭ ਵਿਚਾਰ ਗ੍ਰਹਿਣ ਕਰ ਲੈਂਦਾ ਸੀ। ਆਰੀਆ ਲੋਕਾਂ ਲਈ ਉਪਾਨਿਆਨ ਦੀ

Sri Satguru Jagjit Singh Ji eLibrary NamdhariElibrary@gmail.com

ਰਸਮ ਲਾਜ਼ਮੀ ਕਰ ਦਿੱਤੀ ਗਈ ਸੀ। ਇਸ ਲਈ ਨਿਯਮਤ ਸਿੱਖਿਆ ਸੰਸਥਾਵਾਂ ਅਤੇ ਅਧਿਆਪਕਾਂ ਦੀ ਆਵੱਸ਼ਕਤਾ ਮਹਿਸੂਸ ਕੀਤੀ ਜਾਣ ਲੱਗੀ ਸੀ। ਇਸ ਕਾਲ ਵਿੱਚ ਸ਼ੂਦਰਾਂ ਅਤੇ ਇਸਤ੍ਰੀਆਂ ਦੀ ਸਿੱਖਿਆ ਤੇ ਕੋਈ ਪ੍ਰਤਿਬੱਧ ਨਹੀਂ ਸੀ। ਯੱਗ ਕਰਦੇ ਸਮੇਂ ਪੁਰਸ਼ ਨਾਲ ਇਸਤ੍ਰੀ ਦਾ ਬੈਠਣਾ ਅਨਿਵਾਰੀ ਸੀ। ਇਸ ਲਈ ਸਦਾਚਾਰਕ ਮੁੱਲਾਂ ਨੂੰ, ਵਿਕਸਿਤ ਕਰਨ, ਵਿਅੱਕਤਿਤਵ ਨੂੰ ਉਚਿਆਉਣ, ਗਿਆਨਸੀਮਾਵਾਂ ਦਾ ਵਿਸਤਾਰ ਕਰਨ ਅਤੇ ਸੱਭਿਆਚਾਰ ਤੇ ਵਿਰਸੇ ਨੂੰ ਸੁਰੱਖਿਅਤ ਰੱਖਣ ਵਿੱਚ ਸਿੱਖਿਆ ਵਿਵਸਥਾ ਪੂਰਨ ਤੌਰ ਤੇ ਸਫਲ ਰਹੀ। ਇਸ ਕਾਰਨ ਸਮਾਜਿਕ ਖੁਸ਼ਹਾਲੀ ਅਤੇ ਕੁਸ਼ਲਤਾ ਵਿੱਚ ਪ੍ਰਗਤੀ ਹੋਈ ।[65]

2.2.1.3. ਧਰਮਸ਼ਾਸਤਰ ਕਾਲ (500 ਈ. ਤੱਕ)

ਇਸ ਕਾਲ ਨੂੰ ਸਮੀਖਿਆ, ਚਿੰਤਨ ਅਤੇ ਵਿਸ਼ੇਸ਼ੱਗਤਾ ਦਾ ਯੁੱਗ ਆਖਿਆ ਜਾ ਸਕਦਾ ਹੈ। ਇਸ ਕਾਲ ਵਿੱਚ ਸਾਂਖ, ਯੋਗ, ਨਿਆਇ, ਵਿਸ਼ੇਸ਼ਕ, ਵੇਦਾਂਤ ਦਰਸ਼ਨ ਅਤੇ ਮਹਾਂਯਾਨ ਵਿਕਸਿਤ ਹੋਏ। ਧਾਰਮਿਕ ਸਾਹਿਤ ਦਾ ਅਧਿਕਤਰ ਭਾਗ ਸੂਤਰਾਂ ਵਿੱਚ ਕ੍ਰਮਬੱਧ ਕਰ ਦਿੱਤਾ ਗਿਆ। ਲੋਕ ਉਦਾਰ, ਸੁਤੰਤਰ ਅਤੇ ਪੜਚੋਲੀ ਸੁਭਾ ਦੇ ਧਾਰਨੀ ਸਨ। ਬੁੱਧ ਦਰਸ਼ਨ ਅਤੇ ਜੈਨ ਦਰਸ਼ਨ ਨੂੰ ਹਿੰਦੂ ਵਿਦਵਾਨ ਵੀ ਪੜ੍ਹਦੇ ਸਨ ਜਦੋਂ ਕਿ ਹਿੰਦੂਆਂ ਦੇ ਸਿੱਧਾਂਤਵਾਦਾਂ ਅਤੇ ਧਰਮਸ਼ਾਸਤਰਾਂ ਦਾ ਵਿਸ਼ਲੇਸ਼ਣ ਤੇ ਅਧਿਐਨ ਬੋਧੀ ਅਤੇ ਜੈਨੀ ਚਿੰਤਕ ਵੀ ਕਰਦੇ ਸਨ । ਇਸ ਸਮੇਂ ਵਿੱਚ ਸ਼ੂਦਰਾਂ ਅਤੇ ਇਸਤ੍ਰੀਆਂ ਲਈ ਉਪਨਿਆਨ ਦੀ ਰਸਮ ਹਟਾ ਦਿੱਤੀ ਗਈ ਜਿਸ ਕਾਰਨ ਇਨ੍ਹਾਂ ਵਰਗਾਂ ਦੀ ਸਿੱਖਿਆ ਤੇ ਪ੍ਰਤਿਕੂਲ ਪ੍ਰਭਾਵ ਪਿਆ। ਇਨ੍ਹਾਂ ਨੂੰ ਵੈਦਿਕ ਮੰਤਰ ਪੜ੍ਹਨ ਅਤੇ ਵੈਦਿਕ ਕਰਮਕਾਂਡਾਂ ਵਿੱਚ ਭਾਗ ਲੈਣ ਤੋਂ ਵਰਜ ਦਿੱਤਾ ਗਿਆ। ਇਸ ਪ੍ਰਕਾਰ ਸਿੱਖਿਆ ਨੂੰ ਚੋਣਵੇਂ ਲੋਕਾਂ ਤੱਕ ਸੀਮਿਤ ਕਰ ਦਿੱਤਾ ਗਿਆ । ਇਸ ਕਾਲ ਵਿੱਚ ਤਰਕ, ਦਰਸ਼ਨ, ਖਗੋਲ ਵਿਗਿਆਨ ਅਤੇ ਗਣਿਤ ਦੀ ਵਿਸ਼ੇਸ਼ੱਗਤਾ ਤੇ ਬਹੁਤ ਅਧਿਕ ਜ਼ੋਰ ਦਿੱਤਾ ਜਾਣ ਲੱਗਾ ਜਿਸਦੇ ਫਲਸਰੂਪ ਵਿਸਤ੍ਰਿਤ ਆਮ ਸਿੱਖਿਆ ਵਿੱਚ ਘਾਟ ਆਉਣ ਲਗ ਪਈ। ਕੁਝ ਊਣਤਾਈਆਂ ਦੇ ਬਾਵਜੂਦ ਸਿੱਖਿਆ ਵਿਵਸਥਾ ਸਮਾਜਿਕ ਸੁਯੋਗਤਾ ਅਤੇ ਖੁਸ਼ਹਾਲੀ ਨੂੰ ਪ੍ਰਫੁਲਤ ਕਰਦੀ ਰਹੀ। ਇਸ ਸਿੱਖਿਆ ਪ੍ਰਣਾਲੀ ਨੇ ਸੱਭਿਆਚਾਰਕ ਵਿਰਸੇ ਨੂੰ ਸੁਰੱਖਿਅਤ ਰੱਖਣ ਅਤੇ ਇਸਦਾ ਸੰਚਾਰ ਕਰਨ ਵਿੱਚ ਪੂਰਨ ਸਫ਼ਲਤਾ ਹਾਸਲ ਕੀਤੀ ।

### 2.2.1.4. ਪੌਰਾਣਿਕ ਕਾਲ (1200 ਈ. ਤੱਕ)

ਇਸ ਕਾਲ ਵਿੱਚ ਵੀ ਭਾਰਤ ਸਿੱਖਿਆ ਦਾ ਅੰਤਰਰਾਸ਼ਟਰੀ ਕੇਂਦਰ ਬਣਿਆ ਰਿਹਾ। ਭਾਰਤੀ ਅਧਿਆਪਕਾਂ ਦੀ ਵਿਲੱਖਣ ਸਮੀਖਿਅਕ ਤੇ ਟੀਕਾਕਾਰੀ ਸਮਰੱਥਾ ਤੋਂ ਵਿਦੇਸ਼ੀ ਵਿਦਿਆਰਥੀ ਅਤਿ ਪ੍ਰਭਾਵਿਤ ਸਨ। ਇਸ ਸਮੇਂ ਦੌਰਾਨ ਮੰਦਰ ਉੱਚ-ਸਿੱਖਿਆ ਕੇਂਦਰਾਂ ਦੀ ਸਥਾਪਨਾ ਆਰੰਭ ਹੋ ਗਈ ਸੀ। ਉੱਚ ਸਿੱਖਿਆ ਤਾਂ ਭਾਵੇਂ ਪ੍ਰਫੁਲਤ ਹੁੰਦੀ ਰਹੀ ਪਰੰਤੂ ਆਮ ਲੋਕਾਂ ਦੀ ਸਿੱਖਿਆ ਵਿਚ ਅਧੋਗਤੀ ਆਉਣ ਲੱਗ ਪਈ । ਸ਼ੂਦਰਾਂ ਅਤੇ ਇਸਤ੍ਰੀਆਂ ਦੇ ਨਾਲ-ਨਾਲ ਖੱਤਰੀਆਂ ਤੇ ਵੈਸ਼ਯਾਂ ਲਈ ਵੀ ਉਪਾਨਯਾਨ ਦੀ ਰਸਮ ਖਤਮ ਕਰ ਦਿੱਤੀ ਗਈ। ਇਸ ਲਈ ਸਿੱਖਿਆ ਦਾ ਘੇਰਾ ਹੋਰ ਵੀ ਸੰਕੁਚਿਤ ਹੋ ਗਿਆ । ਸਿੱਖਿਆ ਦੇ ਸੀਮਿਤ ਹੋਣ ਦਾ ਇੱਕ ਹੋਰ ਕਾਰਨ ਇਸਦਾ ਮਾਧਿਅਮ ਦਾ ਸੰਸਕ੍ਰਿਤ ਹੋਣਾ ਵੀ ਸੀ। ਇਹ ਭਾਸ਼ਾ ਬਹੁਗਿਣਤੀ ਦੀ ਨਹੀਂ ਸੀ। ਲੋਕਾਂ ਨੂੰ ਉਨ੍ਹਾਂ ਦੀ ਆਮ ਭਾਸ਼ਾ ਵਿੱਚ ਸਿੱਖਿਆ ਦੇਣ ਦੇ ਮੰਤਵ ਨਾਲ ਸਥਾਨਕ ਭਾਸ਼ਾਵਾਂ ਦੇ ਸਾਹਿਤ ਨੂੰ ਵਿਕਸਿਤ ਕਰਨ ਦੇ ਕੋਈ ਗੰਭੀਰ ਉਪਰਾਲੇ ਨਹੀਂ ਕੀਤੇ ਗਏ। ਪੁਰਾਤਨ ਸਾਹਿਤ ਦਾ ਸੰਰਕਸ਼ਣ ਹੀ ਸਿੱਖਿਆ ਦਾ ਸਿਰਕੱਢਵਾਂ ਮਨੋਰਥ ਸੀ । ਇਸਨੂੰ ਹੋਰ ਅਮੀਰ ਅਤੇ ਵਿਸ਼ਾਲ ਕਰਨ ਦੇ ਯਤਨ ਨਿਗੂਣੇ ਸਨ। ਇਸ ਪ੍ਰਕਾਰ ਵਿਦਵਤਾ ਦੀ ਡੂੰਘਾਈ ਨੂੰ ਅੱਖੋਂ ਪਰੋਖੇ ਕੀਤਾ ਗਿਆ। ਅਕਸਰ ਥੋਥਲੇ ਅਤੇ ਅਨੈਤਿਕ ਵਿਵਾਦਕਰਤਾ ਹੀ ਮਹਾਨ ਵਿਦਵਾਨਾਂ ਵਜੋਂ ਉਭਰਨ ਲੱਗੇ। ਇਸ ਸਭ ਦੇ ਫਲਸਰੂਪ ਸਿੱਖਿਆ ਖੇਤਰ ਵਿਚ ਨਿਘਾਰ ਆਉਣਾ ਆਰੰਭ ਹੋ ਗਿਆ ।

### 2.2.1.5. ਬੁੱਧ ਸਿੱਖਿਆ

ਭਾਰਤੀ ਸਿੱਖਿਆ ਦਰਸ਼ਨ ਵਿੱਚ ਬੋਧੀ ਸਿੱਖਿਆ ਦੀ ਭੂਮਿਕਾ ਅਤੇ ਯੋਗਦਾਨ ਅਤਿ ਮਹੱਤਵਪੂਰਨ ਰਿਹਾ ਹੈ। ਮਹਾਤਮਾ ਬੁੱਧ ਦਾ ਮੱਤ ਸੀ ਕਿ ਕੇਵਲ ਗਿਆਨ ਅਤੇ ਵਿਦਵਤਾ ਹੀ ਮਨੁੱਖ ਦੇ ਸੰਤਾਪ ਤੇ ਅਗਿਆਨਤਾ ਦੇ ਭਾਰ ਨੂੰ ਹਟਾ ਸਕਦੀ ਹੈ। ਆਰੰਭ ਵਿੱਚ ਬੁੱਧ ਧਰਮ ਦਾ ਉਦੇਸ਼ ਲੋਕਾਂ ਨੂੰ ਕਿਸੇ ਪ੍ਰਕਾਰ ਦੀ ਧਾਰਮਿਕ ਸਿੱਖਿਆ ਦੇਣਾ ਨਹੀਂ ਸੀ ।ਪਰੰਤੂ ਸਮਾਂ ਪਾ ਕੇ ਬੁੱਧ ਵਿਹਾਰ ਮੱਲੋਮੱਲੀ ਸਿੱਖਿਆ ਸੰਸਥਾਵਾਂ ਵਿਚ ਬਦਲ ਗਏ।[66]

Sri Satguru Jagjit Singh Ji eLibrary NamdhariElibrary@gmail.com

ਵਾਸਤਵ ਵਿੱਚ ਬੁੱਧਵਾਦ ਬ੍ਰਾਹਮਣਵਾਦ ਦੇ ਇੱਕ ਪੜਾਅ ਵਜੋਂ ਹੀ ਉਭਰਿਆ। ਲਗਭਗ 600 ਈ. ਪੂ. ਤੋਂ ਹੀ ਵੇਦਾਂ ਅਤੇ ਉਪਨਿਸ਼ਦਾਂ ਦੀ ਸਿੱਖਿਆ ਵਿੱਚ ਕਰਮਕਾਂਡਾਂ, ਜਾਤੀ ਵਿਤਕਰਿਆਂ ਅਤੇ ਖੋਖਲੇ ਬ੍ਰਾਹਮਣਵਾਦ ਨੇ ਉਤਪੰਨ ਹੋਣਾ ਆਰੰਭ ਦਿੱਤਾ । ਇਸ ਕਾਰਨ ਸਮਾਜ ਵਿੱਚ ਸਦਾਚਾਰਕ ਅਤੇ ਮਾਨਵੀ ਕੀਮਤਾਂ ਦਾ ਪਤਨ ਹੋਣ ਲੱਗਾ । ਸ਼ੂਦਰਾਂ ਅਤੇ ਦਸਤਕਾਰਾਂ ਨੂੰ ਦੁਰਕਾਰਿਆ ਜਾਣ ਲੱਗਾ । ਇਸ ਲਈ ਜਿੱਥੋਂ ਤੱਕ ਸਮਾਨਯ ਸਿੱਖਿਆ ਦੇ ਸਿਧਾਂਤਵਾਦ ਅਤੇ ਵਿਹਾਰ ਦਾ ਸੰਬੰਧ ਹੈ ਹਿੰਦੂ ਅਤੇ ਬੁੱਧ ਸਿੱਖਿਆ ਵਿੱਚ ਕੋਈ ਅੰਤਰ ਨਹੀਂ ਸੀ । ਮਹਾਤਮਾ ਬੁੱਧ ਆਪਣੇ ਆਪ ਨੂੰ ਨਵਪ੍ਰਵਰਤਕ ਨਹੀਂ ਸਗੋਂ ਪੁਰਾਤਨ ਮਾਰਗ ਭਾਵ ਉਪਨਿਸ਼ਦਾਂ ਦੀ ਸਿੱਖਿਆ ਦਾ ਵਿਆਖਿਆਕਾਰ ਅਤੇ ਵਾਰਸ ਹੀ ਅਖਵਾਉਂਦੇ ਹਨ ।[67] ਇਸ ਪ੍ਰਕਾਰ ਬੁੱਧਵਾਦ ਅਤੇ ਬ੍ਰਾਹਮਣਵਾਦੀ ਸਿੱਖਿਆ ਪੂਰਨ ਇਕਸਾਰਤਾ ਨਾਲ ਸਮਾਨਾਂਤਰ ਚੱਲਦੇ ਰਹੇ ਹਨ। ਬੁੱਧਵਾਦ ਦੇ ਧਰਮ ਸਿੱਧਾਂਤਾਂ ਦੇ ਬੀਜ ਬ੍ਰਾਹਮਣਵਾਦੀ ਚਿੰਤਨ ਵਿੱਚ ਮੌਜੂਦ ਸਨ ਅਤੇ ਬ੍ਰਾਹਮਣਵਾਦੀ ਸਮਾਜਕ ਪ੍ਰਣਾਲੀ ਵਿੱਚ ਬੁੱਧ ਸਿਧਾਂਤਾਂ ਦਾ ਆਧਾਰ ਉਪਲਬਧ ਸੀ। ਆਰੰਭ ਵਿੱਚ ਬੁੱਧ ਸਿੱਖਿਆ ਨੇ ਆਪਣੇ ਆਪ ਨੂੰ ਕੇਵਲ ਨਵਧਰਮੀ ਸਿਖਾਂਦਰੂਆਂ ਤੇ ਭਿਖਸ਼ੂਆਂ ਤੱਕ ਹੀ ਸੀਮਿਤ ਰੱਖਿਆ। ਕੁਝ ਸਮੇਂ ਬਾਅਦ ਬੁੱਧ ਸਿੱਖਿਆ ਸ਼ਾਸਤਰੀਆਂ ਨੇ ਅਨੁਭਵ ਕੀਤਾ ਕਿ ਬੁੱਧ ਦੇ ਪਵਿੱਤਰ ਵਿਚਾਰਾਂ ਦਾ ਪ੍ਰਸਾਰ ਕਰਨ ਲਈ ਜਨਸਾਧਾਰਨ ਦੀ ਸਹਾਨੁਭੂਤੀ ਅਨਿਵਾਰੀ ਹੈ ਜੋ ਕਿ ਸਿੱਖਿਆ ਦੁਆਰਾ ਹੀ ਸੰਭਵ ਸੀ। ਇਸ ਲਈ ਆਮ ਲੋਕਾਂ ਲਈ ਬੁੱਧ ਸਿੱਖਿਆ ਦੇ ਦਰਵਾਜ਼ੇ ਖੋਲ੍ਹ ਦਿੱਤੇ ਗਏ ।

ਇਸ ਕਾਲ ਵਿੱਚ ਹੀ ਵਲਭੀ, ਨਾਲੰਦਾ ਅਤੇ ਵਿਕਰਮਸ਼ਿਲਾ ਬੁੱਧ ਕਾਲਜ ਸਥਾਪਤ ਕੀਤੇ ਗਏ। ਉੱਚ-ਸਿੱਖਿਆ ਕੇਂਦਰਾਂ ਦਾ ਸੰਚਾਲਨ ਭਾਵੇਂ ਭਿਕਸ਼ੂਆਂ ਦੁਆਰਾ ਕੀਤਾ ਜਾਂਦਾ ਸੀ ਪਰੰਤੂ ਵਿਹਾਰ ਵਿੱਚ ਇਹ ਨਾ ਤਾਂ ਸੰਪਰਦਾਇਕ ਸਨ ਅਤੇ ਨਾ ਹੀ ਬੁੱਧ ਧਾਰਮਿਕ ਸਨ । ਨਿਰਸੰਦੇਹ ਬੁੱਧ ਦਰਸ਼ਨ ਇਸ ਸਿੱਖਿਆ ਵਿੱਚ ਕੇਂਦਰੀ ਭੂਮਿਕਾ ਨਿਭਾਉਂਦਾ ਸੀ ਪਰੰਤੂ ਵੈਦਿਕ ਅਤੇ ਜੈਨੀ ਦਰਸ਼ਨਾਂ ਦੇ ਅਧਿਐਨ ਨੂੰ ਵੀ ਘੱਟ ਮਹੱਤਤਾ ਨਹੀਂ ਸੀ ਦਿੱਤੀ ਜਾਂਦੀ । ਪੁਰਾਤਨ ਇਤਿਹਾਸਕ ਦਸਤਾਵੇਜ਼ ਸਾਕਸ਼ੀ ਹਨ ਕਿ ਭਾਰਤ ਵਿੱਚ ਚੀਨੀ ਯਾਤਰੀ ਯੂਆਨ ਚਵਾਂਗ ਦਾ ਕਰੀਬ ਅੱਧਾ ਸਮਾਂ ਬੁੱਧ ਮਠਾਂ ਵਿੱਚ ਹਿੰਦੂ ਧਰਮ ਤੇ ਦਰਸ਼ਨ ਦਾ ਅਧਿਐਨ ਕਰਦਿਆਂ ਬੀਤਿਆ ਸੀ। ਵਿਵਸਥਿਤ ਜਨਤਕ ਸਿੱਖਿਆ ਸੰਸਥਾਵਾਂ ਬੁੱਧ ਸਿੱਖਿਆ ਦੀ ਹੀ ਦੇਣ ਹੈ ।

Sri Satguru Jagjit Singh Ji eLibrary NamdhariElibrary@gmail.com

ਇਸਦੀ ਅੰਤਰਰਾਸ਼ਟਰ-ਪੱਧਰੀ ਉੱਚ-ਸਿੱਖਿਆ ਨੇ ਸਦੂਰ ਕੋਰੀਆ, ਚੀਨ, ਤਿੱਬਤ ਅਤੇ ਜਾਵਾ ਵਰਗੇ ਦੇਸ਼ਾਂ ਤੋਂ ਵਿਦਿਆਰਥੀਆਂ ਨੂੰ ਆਕਰਸ਼ਿਤ ਕੀਤਾ । ਭਾਰਤ ਵਿੱਚੋਂ ਗੁਆਚ ਚੁੱਕੇ ਮਹੱਤਵ-ਪੂਰਨ ਪੁਰਾਤਨ ਭਾਰਤੀ ਗ੍ਰੰਥਾਂ ਦੇ ਚੀਨੀ ਭਾਸ਼ਾਈ ਅਨੁਵਾਦ ਬੁੱਧ ਵਿਦਵਾਨਾਂ ਦੀ ਘਾਲਣਾ ਸਦਕਾ ਹੀ ਉਪਲਬਧ ਹੋ ਸਕੇ। ਬੁੱਧ ਸਿੱਖਿਆ ਨੇ ਤੁਲਨਾਤਮਿਕ ਅਧਿਐਨ ਨੂੰ ਆਰੰਭ ਅਤੇ ਉਤਸਾਹਿਤ ਕਰਕੇ ਹਿੰਦੂ ਤਰਕਵਾਦ ਤੇ ਦਰਸ਼ਨ ਦੇ ਵਿਕਾਸ ਵਿੱਚ ਸਹਾਇਤਾ ਕੀਤੀ । ਆਰੰਭ ਵਿੱਚ ਬੁੱਧ ਸਿੱਖਿਆ ਸ਼ਾਸਤਰੀਆਂ ਨੇ ਮਾਤ ਭਾਸ਼ਾ ਵਿੱਚ ਸਿੱਖਿਆ ਪ੍ਰਦਾਨ ਕਰਨ ਦੀ ਪ੍ਰੋੜ੍ਹਤਾ ਕੀਤੀ ਪਰੰਤੂ ਬਾਅਦ ਵਿੱਚ ਉਹ ਵੀ ਸੰਸਕ੍ਰਿਤ ਦੇ ਪ੍ਰਭਾਵ ਤੋਂ ਬਚ ਨਹੀਂ ਸਕੇ ।

ਬੁੱਧ ਸਿੱਖਿਆ ਦੇ ਮੁੱਖ ਮਨੋਰਥ ਮਨੁੱਖੀ ਵਿਅੱਕਤਿਤਵ ਦਾ ਸਰਬਾਂਗੀ ਵਿਕਾਸ, ਸਮਾਜਕ ਖੁਸ਼ਹਾਲੀ ਲਈ ਵਿਵਸਾਇਕ ਸਿਖਲਾਈ, ਰਾਸ਼ਟਰੀ ਸੱਭਿਆਚਾਰ ਦਾ ਪਸਾਰ ਅਤੇ ਮੁਕਤੀ ਲਈ ਨਿਰਵਾਣ ਪ੍ਰਾਪਤੀ ਸਨ ।[68] ਇਸ ਲਈ ਬੁੱਧ ਸਿੱਖਿਆ ਨਾ ਕੇਵਲ ਮਾਨਸਿਕ ਬੌਧਿਕ ਅਤੇ ਆਤਮਿਕ ਸ਼ਕਤੀਆਂ ਨੂੰ ਪ੍ਰਬਲ ਕਰਦੀ ਸੀ ਸਗੋਂ ਮਨੁੱਖ ਦੀਆਂ ਸੰਸਾਰਿਕ ਆਵੱਸ਼-ਕਤਾਵਾਂ ਦੀ ਪੂਰਤੀ ਲਈ ਵਿਵਸਾਇਕ ਕਲਾਵਾਂ ਨੂੰ ਵੀ ਵਿਕਸਿਤ ਕਰਦੀ ਸੀ। ਇਸ ਪ੍ਰਕਾਰ ਇਹ ਇਕ ਸੰਤੁਲਿਤ ਅਤੇ ਸੰਪੂਰਨ ਸਿੱਖਿਆ ਸੀ ।

### 2.2.2. ਪਰਮ ਸਿੱਖਿਆ ਲਕਸ਼

ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਨੂੰ ਭਾਰਤੀ ਦਰਸ਼ਨ ਦੇ ਤੱਤ ਮੀਮਾਂਸਾ, ਗਿਆਨ ਸ਼ਾਸਤਰ ਅਤੇ ਨੈਤਿਕ ਸ਼ਾਸਤਰ ਦੁਆਰਾ ਨਿਰਧਾਰਿਤ ਜੀਵਨ-ਜਾਚ ਅਤੇ ਜੀਵਨ-ਮੁੱਲਾਂ ਦੇ ਸੰਦਰਭ ਵਿੱਚ ਹੀ ਵਿਚਾਰਨਾ ਉਚਿਤ ਹੋਵੇਗਾ । ਇਸ ਜੀਵਨ-ਜਾਚ ਵਿੱਚ ਮੌਤ ਨੂੰ ਵੀ ਜੀਵਨ ਵਿੱਚ ਸੰਮਿਲਤ ਕਰਕੇ ਪੂਰਨ ਸੱਚ ਦੀ ਸੰਰਚਨਾ ਕੀਤੀ ਜਾਂਦੀ ਹੈ। ਇਹ ਮੌਤ ਹੀ ਜੀਵਨ ਨੂੰ ਸਮਦਰਸ਼ੀ ਅਤੇ ਸੰਤੁਲਿਤ ਦ੍ਰਿਸ਼ਟੀਕੋਣ ਪ੍ਰਦਾਨ ਕਰਦੀ ਹੈ। ਇਸ ਵਿੱਚ ਜੀਵਨ ਦੀਆਂ ਰੂਹਾਨੀ, ਨੈਤਿਕ ਅਤੇ ਅਨਾਸ਼ਵਾਨ ਕੀਮਤਾਂ ਨੂੰ ਪੂਰਨ ਸਫ਼ਲਤਾ ਨਾਲ ਪਰਿਭਾਸ਼ਿਤ ਕਰਕੇ ਉਨ੍ਹਾਂ ਨੂੰ ਭੌਤਿਕ, ਅਨੈਤਿਕ ਅਤੇ ਨਾਸ਼ਵਾਨ ਮੁੱਲਾਂ ਤੋਂ ਪੂਰੀ ਦ੍ਰਿੜ੍ਹਤਾ ਨਾਲ ਨਿਖੇੜਿਆ ਜਾਂਦਾ ਹੈ। ਭਾਰਤੀ ਵਿਚਾਰਧਾਰਾ ਵਿੱਚ ਮੌਤ ਦੀ ਸਚਾਈ ਅਤੇ ਇਸਦੇ ਡਰ ਦੀ ਸਮੱਸਿਆ ਨੂੰ ਸੁਲਝਾਉਣ ਤੇ ਵਿਸ਼ੇਸ਼ ਜ਼ੋਰ ਹੈ। ਮਨੁੱਖ ਆਪਣੇ ਜੀਵਨ ਅਤੇ ਅੰਤ ਦੀ ਸੰਪੂਰਨ ਵਿਵਸਥਾ ਨੂੰ ਸਮਝੇ ਬਗੈਰ ਨਾ ਤਾਂ ਜੀਵਨ ਨੂੰ ਗੰਭੀਰਤਾ ਨਾਲ ਲੈ ਸਕਦਾ ਹੈ ਅਤੇ ਨਾ ਹੀ ਕੋਈ ਜੀਵਨ ਜਾਚ ਨਿਰਧਾਰਿਤ ਕਰਨ ਵਿੱਚ ਦਿਲਚਸਪੀ ਲੈਂਦਾ ਹੈ। ਭਾਰਤੀ ਦਰਸ਼ਨ ਜੀਵਨ

Sri Satguru Jagjit Singh Ji eLibrary NamdhariElibrary@gmail.com

ਪ੍ਰਾਣ ਪ੍ਰਕਿਰਿਆ ਨੂੰ ਸੰਪੂਰਨ ਜੀਵਨ ਦੇ ਸੰਦਰਭ ਵਿੱਚ ਵੇਖਦਿਆਂ ਆਤਮਿਕ ਡੂੰਘਾਈਆਂ ਤੱਕ ਚਿੰਤਨ (ਸਮਾਧੀ) ਦੁਆਰਾ ਪੁੱਜ ਕੇ ਬੋਧ-ਪ੍ਰਕਿਰਿਆ ਨਾਲ ਆਤਮਿਕ ਆਦਰਸ਼ ਨੂੰ ਸਾਕਾਰ ਕਰਦਾ ਹੈ। ਇਸ ਲਈ ਮਨੁੱਖ ਆਪਣੇ ਜੀਵਨ ਦੀਆਂ ਮੂਲ ਸਚਾਈਆਂ ਦੀ ਤਲਾਸ਼ ਸਵੈਂ ਦਾ ਵਿਕਾਸ ਕਰਕੇ ਕਰਦਾ ਹੈ। ਭਾਰਤੀ ਦਰਸ਼ਨ ਦਾ ਵਿਸ਼ਵਾਸ਼ ਹੈ ਕਿ ਮੌਤ ਭੌਤਿਕ ਸਰੀਰ ਦਾ ਅੰਤ ਕਰਦੀ ਹੈ ਨਾ ਕਿ ਆਤਮਾ ਦਾ । ਇਸ ਲਈ ਵਿਨਾਸ਼ ਅਤੇ ਵਿਘਟਨ ਤੋਂ ਬਚਣ ਲਈ ਵਿਅਕਤੀ ਨੂੰ ਸਰਬਵਿਆਪਕ ਬ੍ਰਹਮ ਵਿੱਚ ਅਭੇਦ ਹੋ ਜਾਣਾ ਚਾਹੀਦਾ ਹੈ। ਸਿੱਖਿਆ ਇਹ ਕਾਰਜ ਚਿੱਤ-ਬ੍ਰਿਤੀ-ਨਿਰੋਧ ਭਾਵ ਮਨ ਨੂੰ ਪਦਾਰਥਕ ਸੰਸਾਰ ਵਿਚ ਉਲਝਾਉਣ ਵਾਲੀਆਂ ਕਿਰਿਆਵਾਂ ਦਾ ਨਿਯੰਤ੍ਰਣ ਕਰਕੇ ਕਰਦੀ ਹੈ ।[69]

ਭਾਰਤੀ ਕਰਮ ਸਿਧਾਂਤ ਨੇ ਨਾ ਕੇਵਲ ਆਤਮਾ ਸਗੋਂ ਮਨੁੱਖੀ ਕਿਰਿਆਵਾਂ ਨੂੰ ਵੀ ਅਵਿਨਾਸ਼ੀ ਪ੍ਰਵਾਨ ਕੀਤਾ ਹੈ । ਇਹ ਵਿਸ਼ਵਾਸ਼ ਇਸ ਕਲਪਨਾ ਤੇ ਆਧਾਰਿਤ ਹੈ ਕਿ ਹਰ ਨੇਕ ਅਤੇ ਬੁਰੇ ਕੰਮ ਦਾ ਫਲ ਮਿਲਦਾ ਹੈ । ਇਸ ਫਲ ਨੂੰ ਭੁਗਤਣ ਲਈ ਮਨੁੱਖ ਜਨਮ-ਮਰਨ ਦੇ ਚੱਕਰ ਵਿਚ ਪਿਆ ਰਹਿੰਦਾ ਹੈ। ਇਸ ਪ੍ਰਕਾਰ ਆਤਮਾ ਅਤੇ ਮਨੁੱਖੀ ਅਨੁਭੂਤੀ ਨੂੰ ਚੱਕਰੀ ਮੰਨਿਆ ਗਿਆ ਹੈ । ਭਾਰਤੀ ਦਾਰਸ਼ਨਿਕਾਂ ਨੂੰ ਸਭ ਤੋਂ ਵੱਧ ਚਿੰਤਾ ਮਨੁੱਖੀ ਜੀਵਨ ਦੀਆਂ ਬੁਰਾਈਆਂ ਤੋਂ ਉਤਪੰਨ ਕਸ਼ਟਾਂ ਅਤੇ ਇਨ੍ਹਾਂ ਦੇ ਨਿਵਾਰਨ ਦੀ ਸੀ । ਉਹ ਬੁਰਾਈ ਨੂੰ ਅੰਤਿਮ ਸੱਚ ਪ੍ਰਵਾਨ ਨਹੀਂ ਕਰਦੇ । ਇਸ ਲਈ ਉਨ੍ਹਾਂ ਨੇ ਬੁਰਾਈ ਨੂੰ ਮਨੁੱਖੀ ਅਨੁਭਵਾਂ ਦੇ ਚੱਕਰਾਂ ਦਾ ਅੰਗ ਬਣਾ ਕੇ ਇੱਕ ਪੜਾਅ ਵਜੋਂ ਪੇਸ਼ ਕੀਤਾ ਜਿਸਨੂੰ ਅਵਿਨਾਸ਼ੀ ਪਰਮਾਤਮਾ ਦੀ ਅਨੁਭੂਤੀ ਨਾਲ ਹੀ ਪਾਰ ਕੀਤਾ ਜਾ ਸਕਦਾ ਹੈ । ਸਿੱਖਿਆ ਉਹ ਸਾਧਨ ਹੈ ਜਿਸ ਰਾਹੀਂ ਦਿੱਖ ਅਨੁਭਵਾਂ ਤੋਂ ਉੱਪਰ ਉੱਠ ਕੇ ਸੱਚ, ਸੁੰਦਰਤਾ ਅਤੇ ਨੇਕੀ ਦੇ ਸਾਕਾਰ ਪਰਮਾਤਮਾ ਨੂੰ ਮਿਲਿਆ ਜਾ ਸਕਦਾ ਹੈ ।

ਉਪਨਿਸ਼ਦ ਵਿਚਾਰਧਾਰਾ ਮਨੁੱਖੀ ਆਤਮਾ ਨੂੰ ਪੰਜ ਕੋਸ਼ਾਂ (ਕਵਚਾਂ)—ਅਨੰਦ-ਮਾਇਆ ਕੋਸ਼, ਵਿਜੀਮਾਇਆ ਕੋਸ਼, ਮੰਮਾਇਆ ਕੋਸ਼, ਪ੍ਰਾਣਮਾਇਆ ਕੋਸ਼ ਅਤੇ ਅੰਮਾਇਆ ਕੋਸ਼ ਵਿੱਚ ਢਕੀ ਹੋਈ ਮੰਨਦੀ ਹੈ। ਆਮ ਸੰਸਾਰਕ ਜੀਵਨ ਦੀਆਂ ਗਤੀਵਿਧੀਆਂ ਇਨ੍ਹਾਂ ਕੋਸ਼ਾਂ ਵਿਚਕਾਰ ਅਸਥਾਈ ਦੀਵਾਰਾਂ ਖੜ੍ਹੀਆਂ ਕਰ ਦਿੰਦੀਆਂ ਹਨ ਜਿਸ ਕਾਰਨ ਇੱਕ ਸਮੇਂ ਤੇ ਇੱਕ ਹੀ ਕੋਸ਼ ਕਿਰਿਆਸ਼ੀਲ ਰਹਿੰਦਾ ਹੈ। ਸੱਚੀ ਸਿੱਖਿਆ ਮਨੁੱਖ ਨੂੰ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦੇ ਕੇ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰ ਦਿੰਦੀ ਹੈ ਜਿਸ ਨਾਲ ਮਨੁੱਖੀ ਆਤਮਾ ਬੰਧਨ-

Sri Satguru Jagjit Singh Ji eLibrary NamdhariElibrary@gmail.com

ਮੁਕਤ ਹੋ ਕੇ ਜਨਮ-ਮਰਨ ਦੇ ਚੱਕਰ ਤੋਂ ਛੁਟਕਾਰਾ ਪ੍ਰਾਪਤ ਕਰ ਲੈਂਦੀ ਹੈ । ਇਸ ਲਈ ਭਾਰਤੀ ਸਿੱਖਿਆ ਦਰਸ਼ਨ ਦਾ ਲਕਸ਼ ਮਨੁੱਖ ਨੂੰ ਜਨਮ-ਮਰਨ ਦੇ ਚੱਕਰ ਤੋਂ ਮੁਕਤੀ ਦਿਵਾ ਕੇ ਉਸਦਾ ਪਰਮਾਤਮਾ ਨਾਲ ਸੰਬੰਧ ਸਥਾਪਤ ਕਰਨਾ ਹੈ ।[70]

ਮਨੁੱਖ ਵਿਅਕਤਿੱਤਵ ਦਾ ਸੰਪੂਰਨ ਵਿਕਾਸ ਵੀ ਭਾਰਤੀ ਸਿੱਖਿਆ ਦਰਸ਼ਨ ਦਾ ਪਰਮ ਲਕਸ਼ ਸੀ। ਇਸ ਵਿੱਚ ਵਿਅਕਤਿੱਤਵ ਨੂੰ ਪਰਤਦਾਰ ਦੀ ਬਜਾਇ ਅਟੁੱਟ ਕ੍ਰਮਿਕ ਮੰਨਿਆ ਗਿਆ ਹੈ। ਪੁਰਾਤਨ ਭਾਰਤੀ ਸਿੱਖਿਆ ਦਾ ਸਰੋਕਾਰ ਵਸਤੂ ਨਾਲੋਂ ਇਸਦੇ ਵਿਸ਼ੇ ਅਤੇ ਬਾਹਰੀ ਨਾਲੋਂ ਅੰਤ੍ਰਿਕ ਸੰਸਾਰ ਨਾਲ ਅਧਿਕ ਰਿਹਾ ਹੈ। ਇਹ ਵਸਤੂ ਦੀ ਸੰਪੂਰਨਤਾ ਦਾ ਗਿਆਨ ਉਸਦੇ ਅੰਸ਼ਾਂ ਦੇ ਖੰਡਿਤ ਵਿਵਰਨ ਦੀ ਬਜਾਇ ਸਮੁੱਚੇ ਜੀਵਨ ਅਤੇ ਗਿਆਨ ਸਰੋਤ ਦੇ ਪ੍ਰੇਖ ਅਧਿਐਨ ਤੋਂ ਪ੍ਰਾਪਤ ਕਰਨ ਦਾ ਸਮਰਥਕ ਹੈ । ਇਸ ਲਈ ਕੇਵਲ ਬਾਹਰਮੁਖੀ ਗਿਆਨ ਪ੍ਰਾਪਤ ਕਰਨ ਨੂੰ ਹੀ ਸਿੱਖਿਆ ਦਾ ਲਕਸ਼ ਨਹੀਂ ਮੰਨਿਆ ਜਾਂਦਾ । ਭਾਰਤੀ ਦਰਸ਼ਨ ਮਨੁੱਖੀ ਗਿਆਨ ਇੰਦਰੀਆਂ ਨੂੰ ਬ੍ਰਹਿਮੰਡ ਦਾ ਸੰਪੂਰਨ ਬੋਧ ਕਰਾਉਣ ਦੇ ਸਮਰੱਥ ਨਹੀਂ ਮੰਨਦਾ ਕਿਉਂਕਿ ਜੀਵਨ ਕੇਵਲ ਦਿਮਾਗੀ ਚੇਤਨਵਾਦ ਤੇ ਹੀ ਨਿਰਭਰ ਨਹੀਂ ਹੈ। ਇਸ ਲਈ ਸਿੱਖਿਆ ਦਾ ਮੁੱਖ ਮੰਤਵ ਦਿਮਾਗ ਅਤੇ ਬਾਹਰੀ ਸਰੀਰਕ ਗਿਆਨ ਇੰਦਰੀਆਂ ਦੇ ਨਾਲ ਨਾਲ ਗਿਆਨ ਦੇ ਹੋਰ ਸਾਧਨਾਂ ਦੀ ਤਲਾਸ਼ ਕਰਨਾ ਹੈ। ਇਹ ਸਿੱਖਿਆ ਮਨ ਨੂੰ ਅਰਥਹੀਨ ਪਦਾਰਥਕ ਗਿਆਨ ਨਾਲ ਭਰਨ ਦੀ ਬਜਾਇ ਇਸਨੂੰ ਗਿਆਨ ਦੇ ਮਾਧਿਅਮ ਵਜੋਂ ਸਿੱਖਿਅਤ ਕਰਨ ਅਤੇ ਮਾਨਸਿਕ ਵਿਵਸਥਾ ਦਾ ਸੰਪੂਰਨ ਰੂਪਾਂਤਰਨ ਕਰਨ ਦੀ ਇੱਛੁਕ ਹੈ ।[71]

ਵੈਦਿਕ ਸਿੱਖਿਆ ਦਾ ਉਦੇਸ਼ ਵਿਦਿਆਰਥੀਆਂ ਦੀਆਂ ਅਵਿਅਕਤ ਸ਼ਕਤੀਆਂ ਦਾ ਪ੍ਰਗਟਾਵਾ ਕਰਨਾ ਸੀ। ਸਾਰਾ ਮਨੁੱਖੀ ਜੀਵਨ ਸਿੱਖਿਆ ਲਈ ਹੈ। ਜੀਵਾਤਮਾ ਦਾ ਸੁਭਾਵਿਕ ਗੁਣ ਗਿਆਨ ਹੈ ਜਿਸਦਾ ਵਿਕਾਸ ਕੇਵਲ ਸਿੱਖਿਆ ਦੁਆਰਾ ਹੀ ਸੰਭਵ ਹੈ। ਮਨੁੱਖੀ- ਬੁੱਧੀ ਦਾ ਸੰਬੰਧ ਸਮਝ ਨਾਲ ਅਤੇ ਗਿਆਨ ਇੰਦਰੀਆਂ ਦਾ ਨਾਤਾ ਗਿਆਨ-ਪ੍ਰਾਪਤੀ ਨਾਲ ਹੈ । ਜਦੋਂ ਤੱਕ ਸਰੀਰ ਅਤੇ ਆਤਮਾ ਦਾ ਸੰਬੰਧ ਕਾਇਮ ਹੈ ਇਹ ਦੋਵੇਂ ਪ੍ਰਕਿਰਿਆਵਾਂ ਨਿਰੰਤਰ ਸਜੀਵ ਰਹਿਣੀਆਂ ਆਵੱਸ਼ਕ ਹਨ ।[72] ਇਸ ਪ੍ਰਕਾਰ ਭਾਰਤੀ ਸਿੱਖਿਆ ਰੂਹਾਨੀ ਅਤੇ ਦੁਨਿਆਵੀ ਸਿੱਖਿਆ ਦਾ ਸੁਮੇਲ ਹੈ ।

Sri Satguru Jagjit Singh Ji eLibrary NamdhariElibrary@gmail.com

2.2.3. ਸਿੱਖਿਆ ਭੇਦ

ਉਪਨਿਸ਼ਦਾਂ ਵਿੱਚ ਸਾਰੀ ਸਿੱਖਿਆ ਨੂੰ ਦੋ ਪ੍ਰਮੁੱਖ ਸ਼੍ਰੇਣੀਆਂ – ਪਰਾ ਵਿੱਦਿਆ ਅਤੇ ਅਪਰਾਵਿੱਦਿਆ ਵਿੱਚ ਵੰਡਿਆ ਗਿਆ ਹੈ। ਪਰਾ-ਵਿੱਦਿਆ ਪਰਮ ਦਾ ਗਿਆਨ ਹੈ ਜਿਸਨੂੰ ਬ੍ਰਹਮ-ਗਿਆਨ ਵੀ ਆਖਿਆ ਜਾਂਦਾ ਹੈ। ਇਸਦੀ ਪ੍ਰਾਪਤੀ ਕਿਸੇ ਅਨੁਭਵੀ, ਗੁਰੂ ਤੋਂ ਹੀ ਹੋ ਸਕਦੀ ਹੈ। ਇਸਦੀ ਵਿਧੀ ਵਿੱਚ ਕਰਮਵਾਰ ਰਹੱਸ ਜਾਨਣਾ, ਮਨਨ ਕਰਨਾ ਅਤੇ ਨਿਧਿਆਸਨ ਭਾਵ ਅਭਿਆਸ ਕਰਨਾ ਸ਼ਾਮਿਲ ਹਨ। ਮੁੰਡਕੋਪਨਿਸ਼ਦ ਵਿੱਚ ਪਰਾਵਿੱਦਿਆ ਅਤੇ ਅਪਰਾਵਿੱਦਿਆ ਦਾ ਅੰਤਰ ਸਪਸ਼ਟ ਕੀਤਾ ਗਿਆ ਹੈ :–

> ਤਤ੍ਰਾਪਰਾ ਰਿਗਵੇਦੋ ਯਜੁਰਵੇਦ ਸਾਮਵੇਦੋਅਥਰਵੇਦ ਸ਼ਿਕਸ਼ਾ ਕਲਪੋ ਵਯਾਕਰਣੰ।
> ਨਿਰੁਕਤੰ ਛੰਦੋ ਜਯੋਤਿਸ਼ਮਿਤਿ ਅਥ ਪਰਾ ਯਯਾ ਤਦਕਸ਼ਰਮਧਿਗਮਯਤੇ।।5।।

ਭਾਵ ਪਰਾਵਿੱਦਿਆ ਦੁਆਰਾ ਅਬਿਨਾਸ਼ੀ ਪਰਮਾਤਮਾ ਤੱਤ ਰਾਹੀਂ ਜਾਣਿਆ ਜਾਂਦਾ ਹੈ, ਅਪਰਾ ਵਿੱਦਿਆ ਵਿੱਚ ਚਾਰੋਂ ਵੇਦ, ਸਿੱਖਿਆ, ਕਲਪ ਵਿਆਕਰਣ, ਨਿਰੁਕਤ, ਛੰਦ ਅਤੇ ਜਯੋਤਿਸ਼ ਸਾਰੇ ਸ਼ਾਮਲ ਹਨ।[73] ਈਸ਼ੋਪਨਿਸ਼ਦ ਅਨੁਸਾਰ ਭਾਵੇਂ ਪਾਰ ਵਿੱਦਿਆ ਹੀ ਪਰਮ ਹੈ ਪਰੰਤੂ ਆਤਮ-ਅਨੁਭੂਤੀ ਲਈ ਦੋਵੇਂ ਪ੍ਰਕਾਰ ਦੀ ਸਿੱਖਿਆ ਅਨਿਵਾਰੀ ਹੈ। ਦੋਵਾਂ ਦਾ ਗਿਆਤਾ ਮਨੁੱਖ ਮੌਤ ਤੇ ਜਿੱਤ ਪ੍ਰਾਪਤ ਕਰ ਸਕਦਾ ਹੈ। ਅਪਾਰ ਵਿੱਦਿਆ ਨਾਲ ਉਹ ਆਪਣੇ ਦੁਨਿਆਵੀ ਜੀਵਨ ਨੂੰ ਸੰਤੁਲਿਤ ਰਖਦਾ ਹੈ ਜਦੋਂ ਕਿ ਪਾਰਵਿੱਦਿਆ ਉਸਨੂੰ ਸਦੀਵਤਾ ਬਖਸ਼ਦੀ ਹੈ।[74] ਵਾਸਤਵ ਵਿੱਚ ਪਾਰਵਿੱਦਿਆ, ਸੱਚੀ ਅਪਾਰਵਿੱਦਿਆ ਦੇ ਮਾਧਿਅਮ ਰਾਹੀਂ ਹੀ ਸੰਭਵ ਹੋ ਸਕਦੀ ਹੈ। ਅਰਥਾਤ ਸਰਬਸ੍ਰੇਸ਼ਟ ਅਪਾਰਵਿੱਦਿਆ ਦੀ ਅੰਤਿਮ ਮੰਜ਼ਿਲ ਪਾਰਵਿੱਦਿਆ ਹੈ ।

ਅਪਾਰ ਵਿੱਦਿਆ ਜੋ ਕਿ ਸੰਸਾਰਕ ਵਿਸ਼ਿਆਂ ਦਾ ਗਿਆਨ ਕਰਵਾਉਂਦੀ ਹੈ ਵਿਭਿੰਨ ਭਾਗਾਂ ਵਿਚ ਵੰਡੀ ਹੋਈ ਸੀ। ਇਸ ਵਿੱਚ ਚਾਰਵੇਦ, ਛੇ ਵੇਦਾਂਗ (ਉਚਾਰਣ, ਕਰਮਕਾਂਡ ਵਿਧੀ, ਵਿਆਕਰਣ, ਨਿਰੁਕਤ, ਛੰਦ, ਜੋਤਿਸ਼) ਦਸ ਗ੍ਰੰਥ (ਇੱਕ ਵੇਦ ਉਸਦਾ ਬ੍ਰਾਹਮਣ, ਆਰਣਕ, ਨਿਘਾਤੂ ਅਤੇ ਛੇ ਅੰਗ), ਚੌਦਾਂ ਵਿਦਿਆਵਾਂ (ਚਾਰ ਵੇਦ, ਛੇ ਛਾਦਾਂਗ, ਧਰਮਸ਼ਾਸਤਰ, ਪੁਰਾਣ, ਮੀਮਾਂਸਾ ਅਤੇ ਤਰਕ) ਅਠਾਰਾਂ ਕਲਾਵਾਂ(ਸੰਗੀਤ, ਨਾਚ, ਚਿੱਤਰਕਾਰੀ, ਗਣਿਤ, ਯੰਤਰ ਵਿਗਿਆਨ, ਬੁੱਤਸਾਜ਼ੀ, ਖੇਤੀਬਾੜੀ, ਪਸ਼ੂਪਾਲਣ,

Sri Satguru Jagjit Singh Ji eLibrary NamdhariElibrary@gmail.com

ਵਣਜ, ਡਾਕਟਰੀ, ਕਾਨੂੰਨ, ਪ੍ਰਬੰਧਕੀ ਸਿਖਲਾਈ, ਮਿਲਟਰੀ ਸਿਖਲਾਈ, ਜਾਦੂਗਰੀ ਆਦਿ ) ਅਤੇ ਇਸਤ੍ਰੀਆਂ ਲਈ ਘਰੇਲੂ ਕੰਮਾਂ, ਮਨੋਰੰਜਨ, ਸਜਾਵਟ ਅਤੇ ਸੰਗੀਤ ਆਦਿ ਦੀਆਂ ਚੌਹਟ ਕਲਾਵਾਂ ਸ਼ਾਮਲ ਸਨ ।

## 2.2.4. ਪ੍ਰਯੋਜਨ ਅਤੇ ਵਿਸ਼ੇਸ਼ਤਾਈਆਂ

ਪੁਰਾਤਨ ਸਿੱਖਿਆ ਦੇ ਸਿਧਾਂਤਾਂ ਅਤੇ ਪਰਿਕਲਪਨਾਵਾਂ ਦਾ ਸੰਗਠਿਤ ਅਤੇ ਵਿਸਤ੍ਰਿਤ ਵਰਣਨ ਕਿਸੇ ਵੀ ਪੁਰਾਤਨ ਗ੍ਰੰਥ ਵਿੱਚੋਂ ਉਪਲਬਧ ਨਹੀਂ ਹੁੰਦਾ । ਇਨ੍ਹਾਂ ਦਾ ਸੰਕਲਨ ਬਹੁਭਾਂਤੀ ਅਤੇ ਬਿਖਰੇ ਸਰੋਤਾਂ ਤੋਂ ਇਕੱਤਰ ਕੀਤੇ ਸਿੱਖਿਆ ਪ੍ਰਚਲਨ ਤੋਂ ਕਰਨਾ ਪੈਂਦਾ ਹੈ। ਇਸਦਾ ਇੱਕ ਵਿਸ਼ਵਾਸ਼ ਯੋਗ ਸਰੋਤ ਅਥਰਵ ਵੇਦ ਜਾਂ ਭ੍ਰਿਗੂ ਅਤੇ ਅੰਗੀਰਸ਼ ਅਧਿਆਪਕਾਂ ਦਾ ਵੇਦ ਜਾਪਦਾ ਹੈ। ਇਸ ਗ੍ਰੰਥ ਦੇ ਚਾਲੀ ਤੋਂ ਵੱਧ ਸ਼ਲੋਕ ਵਿਦਿਆਰਥੀ ਜੀਵਨ ਵਿੱਚ ਪ੍ਰਵੇਸ਼ ਕਰਨ ਤੇ ਇਸ ਨੂੰ ਸੰਪਨ ਕਰਨ ਸਮੇਂ ਦੀਆਂ ਰਸਮਾਂ, ਪਵਿੱਤਰ ਵਿਦਿਆਰਥੀ ਜੀਵਨ ਦੀ ਰੂਪਰੇਖਾ ਅਤੇ ਸਿੱਖਿਆ ਦੀ ਮਹੱਤਤਾ ਨਾਲ ਸੰਬੰਧਿਤ ਹਨ ।[75] ਪੁਰਾਤਨ ਭਾਰਤੀ ਸਿੱਖਿਆ ਦੇ ਨਿਯਮ ਅਤੇ ਸਿਧਾਂਤ ਰਿਸ਼ੀ ਗੋਤਮ ਦੀ ਰਚਨਾ ਧਰਮਸੂਤਰ ਵਿੱਚ ਵੀ ਲਿਖੇ ਮਿਲਦੇ ਹਨ ਜਿਸਦਾ ਰਚਨਾ ਕਾਲ 500 ਈ. ਪੂ. ਮੰਨਿਆ ਜਾਂਦਾ ਹੈ । ਕੁਝ ਹੋਰ ਸਮ੍ਰਿਤੀਆਂ ਅਤੇ ਧਰਮ ਗ੍ਰੰਥਾਂ ਵਿਚੋਂ ਵੀ ਸਿੱਖਿਆ ਪ੍ਰਯੋਜਨਾਂ ਦੀ ਜਾਣਕਾਰੀ ਮਿਲਦੀ ਹੈ ।

### 2.2.4.1. ਪਵਿੱਤਰਤਾ ਤੇ ਪੁਰਸ਼ਾਰਥ

ਪੁਰਾਤਨ ਸਮੇਂ ਵਿੱਚ ਵਿਦਿਆਰਥੀ ਆਸ਼ਰਮਾਂ ਵਿੱਚ ਸਿੱਖਿਆ ਪ੍ਰਾਪਤ ਕਰਦੇ ਸਨ ਜਿੱਥੋਂ ਦਾ ਸਾਰਾ ਵਾਤਾਵਰਨ ਹੀ ਉਨ੍ਹਾਂ ਵਿੱਚ ਰੂਹਾਨੀ ਸੰਸਾਰ ਦੀ ਵਾਸਤਵਿਕਤਾ ਨੂੰ ਉਜਾਗਰ ਕਰਨ ਵਾਲਾ ਸੀ। ਉਸਨੂੰ ਇਹ ਅਹਿਸਾਸ ਕਰਵਾਇਆ ਜਾਂਦਾ ਸੀ ਕਿ ਉਸਦਾ ਸਰੀਰ ਭਾਵੇਂ ਪ੍ਰਕਿਰਤੀ ਦੀ ਉਪਜ ਹੈ ਪਰੰਤੂ ਉਸਦਾ ਮਨ, ਬੁੱਧੀ ਅਤੇ ਆਤਮਾ ਰੂਹਾਨੀ ਸੰਸਾਰ ਨਾਲ ਸੰਬੰਧਤ ਹਨ। ਵਿਦਿਆਰਥੀ ਆਪਣੇ ਆਚਾਰ ਅਤੇ ਆਚਰਣ ਨੂੰ ਇਨ੍ਹਾਂ ਨਿਯਮਾਂ ਅਨੁਸਾਰ ਹੀ ਢਾਲਦਾ ਅਤੇ ਨਿਰਧਾਰਤ ਕਰਦਾ ਸੀ। ਇਸ ਦਾ ਭਾਵ ਪਰਮਾਤਮਾ ਦੀ ਤਲਾਸ਼ ਵਿੱਚ

Sri Satguru Jagjit Singh Ji eLibrary NamdhariElibrary@gmail.com

ਸੰਸਾਰ ਨੂੰ ਤਿਆਗ ਕੇ ਰਮਤਾ ਬਣਨਾ ਕਦਾਚਿਤ ਨਹੀਂ ਸੀ। ਵੈਦਿਕ ਵਿਦਿਆਰਥੀਆਂ ਦੀ ਮਾਤਰ ਨਿਗੂਣੀ ਗਿਣਤੀ ਹੀ ਬ੍ਰਹਮਚਾਰੀ ਬਣ ਕੇ ਗ੍ਰਿਹਸਥ ਦਾ ਤਿਆਗ ਕਰਦੇ ਸਨ । ਬਹੁਗਿਣਤੀ ਸਿੱਖਿਆ ਗ੍ਰਹਿਣ ਕਰਕੇ ਸਮਾਜ ਦੇ ਲਾਭਕਾਰੀ ਅਤੇ ਉਪਯੋਗੀ ਸਦੱਸ ਬਣਦੇ ਸਨ ।

### 2.2.4.2.: ਆਚਰਨ- ਉਸਾਰੀ

ਭਾਰਤੀ ਸਿੱਖਿਆ ਦਾ ਮਨੋਰਥ ਮਨੁੱਖੀ ਵਿਚਾਰਾਂ ਅਤੇ ਸੰਕਲਪਾਂ ਨੂੰ ਜੀਵਨ ਆਦਰਸ਼ਾਂ ਦੇ ਅਨੁਕੂਲ ਢਾਲ ਕੇ ਉਨ੍ਹਾਂ ਨੂੰ ਸਮਾਜਿਕ ਨੈਤਿਕਤਾ ਵੱਲ ਪਰਵਰਤਿਤ ਕਰਨਾ ਸੀ। ਇਸ ਵਿੱਚ ਪਰਮਾਤਮਾ, ਅਧਿਆਪਕਾਂ, ਬਜ਼ੁਰਗਾਂ ਤੇ ਸਮੂਹ ਜੀਵਾਂ ਦਾ ਸਤਿਕਾਰ ਅਤੇ ਮਨੁੱਖੀ ਸੇਵਾ ਦੀ ਭਾਵਨਾ ਨੂੰ ਪ੍ਰੋਤਸਾਹਿਤ ਕੀਤਾ ਜਾਂਦਾ ਸੀ। ਭਾਰਤੀ ਸਿੱਖਿਆ ਸ਼ਾਸਤਰੀਆਂ ਦਾ ਵਿਚਾਰ ਸੀ ਕਿ ਨਿਰੋਲ ਬੌਧਿਕ ਪ੍ਰਾਪਤੀਆਂ ਨਾਲੋਂ ਉਚਿਤ ਸਦਾਚਾਰਕ ਅਤੇ ਨੈਤਿਕ ਭਾਵਨਾ ਦੀ ਉਸਾਰੀ ਅਧਿਕ ਉਪਯੋਗੀ ਹੈ। ਵੇਦਾਂ ਵਿੱਚ ਆਚਾਰ, ਵਿਚਾਰਾਂ ਅਤੇ ਆਦਤਾਂ ਪੱਖੋਂ ਅਪਵਿੱਤਰ ਪਰੰਤੂ ਬੌਧਿਕ ਤੌਰ ਤੇ ਨਿਪੁੰਨ ਵਿਅਕਤੀ ਨਾਲੋਂ ਉੱਚ ਆਚਰਨ ਵਾਲੇ ਅਲਪ ਗਿਆਨੀ ਨੂੰ ਤਰਜੀਹ ਦਿੱਤੀ ਗਈ ਹੈ। ਮਨੂ ਅਨੁਸਾਰ ਆਚਰਨ ਉਸਾਰੀ ਪਵਿੱਤਰ ਭਾਵਨਾ ਤੋਂ ਵਿਹੂਣਾ ਬੌਧਿਕ ਵਿਕਾਸ ਅਤੇ ਅਮਲ ਰਹਿਤ ਧਾਰਮਿਕ ਵਿਚਾਰ ਪੈਦਾ ਕਰਨ ਵਾਲੀ ਸਿੱਖਿਆ ਵਿਅਰਥ ਹੈ ।[76]

ਮਹਾਂਭਾਰਤ ਦੇ ਉਪਦੇਸ਼ " ਧਰਮ ਹੇ ਯੇ ਵਰਧਯਤੇ ਸ ਪੰਡਿਤਹ[77] ਦਾ ਭਾਵ ਹੈ ਕਿ ਉਹ ਹੀ ਵਿਦਵਾਨ ਹੈ ਜੋ ਸੱਤਵਾਦੀ ਹੈ। ਪੁਰਾਤਨ ਭਾਰਤੀ ਸਿੱਖਿਆ ਸ਼ਾਸਤਰੀ ਵਿਦਿਆਰਥੀਆਂ ਵਿੱਚ ਸਦਾਚਾਰਕ ਮੁੱਲਾਂ ਨੂੰ ਵਿਕਸਿਤ ਕਰਨ ਲਈ ਬ੍ਰਹਮਚਾਰੀ ਸਦਗੁਣਾਂ ਦੀ ਮਹੱਤਤਾ ਅਧਿਕਤਮ ਜ਼ੋਰ ਦਿੰਦੇ ਸਨ ।[78] ਇਸ ਲਈ ਇਹ ਸਿੱਖਿਆ ਸਦਾਚਾਰ ਪ੍ਰਤੀ ਸਤਿਕਾਰ ਦੀ ਭਾਵਨਾ ਦੇ ਵਿਕਾਸ, ਮਾਨਵੀ ਨੇਕ ਭਾਵਨਾ ਦੀ ਪ੍ਰਫੁਲਤਾ ਅਤੇ ਮਾਨਸਿਕ ਨਿਸੰਤ੍ਰਣ ਨੂੰ ਪ੍ਰਬਲ ਕਰਨ ਨੂੰ ਪਹਿਲ ਦਿੰਦੀ ਸੀ ਤਾਂ ਜੋ ਮਨੁੱਖ ਆਪਣੇ ਆਤਮਿਕ ਪ੍ਰਕਾਸ਼ ਦੇ ਸਰੋਤ ਨੂੰ ਭਾਲ ਸਕੇ । ਨਿਤੀਸਾਤਕ ਅਨੁਸਾਰ ਇੱਕ ਬ੍ਰਾਹਮਣ ਵੀ ਉਦੋਂ ਤੱਕ ਸ਼ੂਦਰ ਹੀ ਰਹਿੰਦਾ ਹੈ ਜਦੋਂ ਤੱਕ ਉਹ ਉਚਿਤ ਸਿੱਖਿਆ ਗ੍ਰਹਿਣ ਕਰਕੇ ਆਪਣੇ ਸੁਭਾਂ ਨੂੰ

Sri Satguru Jagjit Singh Ji eLibrary NamdhariElibrary@gmail.com

ਨਹੀਂ ਨਿਖਾਰਦਾ ਅਤੇ ਆਪਣੇ ਆਪ ਨੂੰ ਸੱਭਿਅਕ ਨਹੀਂ ਬਣਾਉਂਦਾ । ਸੱਚੀ ਸਿੱਖਿਆ ਮਨੁੱਖ ਦੇ ਸਦਾਚਾਰਕ ਤਾਣੇ ਬਾਣੇ ਨੂੰ ਬਲਵਾਨ ਕਰਕੇ ਉਸਨੂੰ ਕਾਮਨਾਵਾਂ ਅਤੇ ਪੱਖਪਾਤ ਦੇ ਰਾਹ-ਭਟਕਾਊ ਤੁਫ਼ਾਨਾਂ ਤੋਂ ਬਚਾਉਂਦੀ ਹੈ ।[79]

2.2.4.3. ਵਿਅੱਕਤਿਤਵ ਦਾ ਵਿਕਾਸ

ਉਪਨਿਸ਼ਦਾਂ ਦੀ ਸਿੱਖਿਆ ਆਰੰਭ ਕਰਨ ਸਮੇਂ ਪ੍ਰਾਰਥਨਾ ਕੀਤੀ ਜਾਂਦੀ ਸੀ ਕਿ " ਹੇ ਪ੍ਰਭੂ ! ਮੇਰੇ ਕਾਰਜ ਅੰਗਾਂ, ਆਵਾਜ਼, ਇੰਦਰੀ, ਪ੍ਰਾਣ, ਅੱਖਾਂ, ਕੰਨ, ਸ਼ਕਤੀ ਤੇ ਹੋਰ ਸਾਰੀਆਂ ਇੰਦਰੀਆਂ ਦੀ ਪਰਵਰਿਸ਼ ਕਰਨੀ ਅਤੇ ਇਨ੍ਹਾਂ ਵਿੱਚ ਸੰਪੂਰਨਤਾ ਲਿਆਉਣੀ। ਇਹ ਸਾਰੇ ਅਨੰਤ (ਪਰਮਾਤਮਾ) ਦੀ ਅਨੁਭੂਤੀ ਦੇ ਸਾਧਨ ਹਨ। ਮੈਂ ਉਸ ਪਰਮ ਮਨੁੱਖ ਨੂੰ ਕਦੇ ਨਾ ਭੁੱਲਾਂ ਅਤੇ ਉਹ ਸਰਬਸਮਰੱਥ ਮੈਨੂੰ ਨਾ ਵਿਸਾਰੇ । ਮੈਂ ਉਹ ਸਦਗੁਣ ਧਾਰਨ ਕਰ ਲਵਾਂ ਜਿਹੜੇ ਉਪਨਿਸ਼ਦਕ ਅਧਿਐਨ ਨੂੰ ਸਮਰਪਿਤ ਵਿਅਕਤੀ ਵਿਚ ਹੋ ਸਕਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਸਿੱਖਿਆ ਵਿੱਚ ਇਕਸੁਰ ਅਤੇ ਸੰਗਠਿਤ ਵਿਅੱਕਤਿਤਵ ਦੇ ਵਿਕਾਸ ਤੇ ਜ਼ੋਰ ਸੀ। ਇਹ ਨਕਸ਼ ਆਤਮ ਸਨਮਾਨ, ਸਵੈਵਿਸ਼ਵਾਸ ਆਤਮ ਨਿਰਭਰਤਾ, ਸਵੈਸੰਜਮ ਅਤੇ ਵਿਸ਼ਲੇਸ਼ਣਾਤਮਕ ਤੇ ਨਿਰਣਾਤਮਕ ਸ਼ਕਤੀਆਂ ਦੇ ਪ੍ਰਤਿਪਾਦਨ ਨਾਲ ਹੀ ਸਾਕਾਰ ਕੀਤਾ ਜਾ ਸਕਦਾ ਸੀ। ਸਿੱਖਿਆ ਗ੍ਰਹਿਣ ਕਰਦੇ ਸਮੇਂ ਵਿਦਿਆਰਥੀ ਇੱਕ ਸੰਪੂਰਨ ਤੇ ਪਵਿੱਤਰ ਜੀਵਨ ਬਤੀਤ ਕਰਦਾ ਸੀ ਤਾਂ ਜੋ ਗ੍ਰਹਿਸਥ ਸਮੇਂ ਉਹ ਕੁਸ਼ਲ ਤੇ ਸਵਸਥ ਸਿੱਧ ਹੋ ਸਕੇ। ਵਿਅੱਕਤਿਤਵ ਦੀ ਉਸਾਰੀ ਲਈ ਸਵੈਨਿਯੰਤ੍ਰਣ ਤੇ ਅਧਿਕ ਬਲ ਸੀ। ਭਾਰਤੀ ਦਰਸ਼ਨ ਵਿੱਚ ਵਰਣਿਤ ਆਯੂ ਦੇ ਚਾਰ ਆਸ਼ਰਮ ਅਰਥਾਤ ਬ੍ਰਹਮਚਾਰ, ਗ੍ਰਹਿਸਥ, ਵਨਪ੍ਰਸਥ ਅਤੇ ਸੰਨਿਆਸ ਦਾ ਸੰਕਲਪ ਵੀ ਮਨੁੱਖ ਦੇ ਪੂਰਨ ਵਿਅਕਤਿਤਵ ਦੇ ਵਿਕਾਸ ਲਈ ਆਵੱਸ਼ਕ ਸਨ। ਬ੍ਰਹਮਚਾਰ ਵਿੱਚ ਜੀਵਨ ਦੀ ਤਿਆਰੀ ਲਈ ਸਿੱਖਿਆ ਗ੍ਰਹਿਣ ਕਰਨੀ, ਗ੍ਰਹਿਸਥ ਵਿੱਚ ਸਮਾਜਿਕ ਸਦੱਸ ਵਜੋਂ ਸੰਸਾਰਕ ਕਾਰਜ ਕਰਦਿਆਂ ਸੰਤਾਨ ਉਤਪਤੀ ਕਰਨੀ, ਵਨਪ੍ਰਸਥ ਦੌਰਾਨ ਸਮਾਜਿਕ ਜ਼ਿੰਮੇਵਾਰੀਆਂ ਤੋਂ ਸੁਤੰਤਰ ਹੋ ਕੇ ਚਿੰਤਨ ਕਰਨਾ ਅਤੇ ਸੰਨਿਆਸ ਆਸ਼ਰਮ ਵਿੱਚ ਪਰਮ ਮੁਕਤੀ ਲਈ ਵੈਰਾਗੀ ਬਣਕੇ ਭਗਤੀ ਕਰਨਾ ਇੱਕ ਵਿਵਸਥਿਤ ਜੀਵਨ-ਜਾਚ ਸੀ। ਵਿਸ਼ੇਸ਼ ਗੱਲ ਇਹ ਸੀ ਕਿ ਸਵਸਥ ਕਦਰਾਂ ਕੀਮਤਾਂ ਨੂੰ ਗ੍ਰਹਿਣ ਕਰਕੇ ਸਮਾਜਿਕ ਜੀਵਨ ਬਤੀਤ ਕਰਕੇ ਅਤੇ ਇੱਕ ਅਨੁਭਵੀ ਬਜ਼ੁਰਗ ਵਜੋਂ ਆਪਣਾ ਕਰਤਵ ਨਿਭਾਉਣ ਉਪਰੰਤ ਹੀ ਵਿਅਕਤੀ ਨੂੰ ਪਰਮ ਉਦੇਸ਼ ਦੀ ਸਾਧਨਾ ਲਈ ਸੰਸਾਰ ਤਿਆਗਣ ਦਾ ਉਪਦੇਸ਼ ਸੀ ।

### 2.2.4.4. ਸਮਾਜਿਕ ਕਰਤੱਵਾਂ ਤੇ ਬਲ

ਚਾਣਕਯ ਦਾ ਕਥਨ ਹੈ, "ਪ੍ਰਥਮੇ ਨ ਅਰਜਿਤਾ ਵਿੱਦਿਯਾ, ਦ੍ਵਿਤਿਯ ਨ ਅਰਜਿਤ ਧਨੰ, ਤ੍ਰਿਤਿਯ ਨ ਅਰਜਿਤ ਧਰਮੰ, ਚੁਤੁਰਥੇ ਕਿਮ ਕ੍ਰਿਸ਼ਟੀ ।" ਅਰਥਾਤ ਜੋ ਬ੍ਰਹਮਚਾਰ ਦੌਰਾਨ ਸਿੱਖਿਆ ਗ੍ਰਹਿਣ ਨਹੀਂ ਕੀਤੀ, ਗ੍ਰਹਿਸਥ ਸਮੇਂ ਧਨ ਨਹੀਂ ਕਮਾਇਆ, ਵਾਨਪ੍ਰਸਥ ਆਸ਼੍ਰਮ ਵਿੱਚ ਸਦਗੁਣ ਗ੍ਰਹਿਣ ਨਹੀਂ ਕੀਤੇ ਤਾਂ ਸੰਨਿਆਸੀ ਜੀਵਨ ਕਾਲ ਵਿੱਚ ਵਿਅਕਤੀ ਕੀ ਕਰ ਸਕਣ ਦੇ ਸਮਰੱਥ ਹੋਵੇਗਾ ?[80] ਇਸ ਭਾਰਤੀ ਦਰਸ਼ਨ ਵਿੱਚ ਜੀਵਨ ਦਾ ਲਕਸ਼ ਅਰਥ ਭਾਵ ਧਨ-ਗ੍ਰਹਿਣ, ਕਾਮ ਭਾਵ, ਇੱਛਾਵਾਂ ਦਾ ਭੋਗ, ਧਰਮ ਭਾਵ ਸਦਾਚਾਰਕ ਗੁਣਾਂ ਦੀ ਪ੍ਰਾਪਤੀ ਅਤੇ ਮੋਕਸ਼ ਭਾਵ ਗਿਆਨ ਤੇ ਪਰਮ ਆਨੰਦ ਦੀ ਅਨੁਭੂਤੀ ਹੈ । ਸਮਾਜਿਕ ਕਰਤਵਾਂ ਦੀ ਪਾਲਣਾ ਨੂੰ ਮਨੁੱਖ ਤੇ ਤਿੰਨ ਕਰਜ਼ਿਆਂ ਦੀ ਪਰਿਕਲਪਣਾ ਰਾਹੀਂ ਵੀ ਉਜਾਗਰ ਕੀਤਾ ਗਿਆ ਹੈ। ਦੇਵਤਿਆਂ ਦੇ ਕਰਜ਼ੇ ਨੂੰ ਬਲਿਦਾਨਾਂ ਤੇ ਪ੍ਰਭੂ-ਭਗਤੀ ਦੁਆਰਾ, ਰਿਸ਼ੀਆਂ ਦੇ ਕਰਜ਼ੇ ਨੂੰ ਰੂਹਾਨੀ ਗਿਆਨ ਪ੍ਰਾਪਤੀ ਤੇ ਇਸਦੇ ਪਾਸਾਰ ਨਾਲ ਅਤੇ ਪੂਰਵਜਾਂ ਦੇ ਕਰਜ਼ੇ ਨੂੰ ਸੰਤਾਨ ਪੈਦਾ ਕਰਕੇ ਮਨੁੱਖੀ ਨਸਲ ਨੂੰ ਚਾਲੂ ਰੱਖਣ ਨਾਲ ਅਦਾ ਕੀਤਾ ਜਾ ਸਕਦਾ ਹੈ । ਪੁਰਾਤਨ ਸਿੱਖਿਆ ਮਨੁੱਖ ਨੂੰ ਇਹ ਕਰਜ਼ੇ ਉਤਾਰਨ ਲਈ ਪ੍ਰੇਰਿਤ ਅਤੇ ਤਿਆਰ ਕਰਦੀ ਸੀ। ਸਿੱਖਿਆ ਆਸ਼ਰਮ ਵਿੱਚ ਆਪਣੀ ਪੜ੍ਹਾਈ ਪੂਰੀ ਕਰਨ ਸਮੇਂ ਦੀਖਿਆਂਤ ਸਮਾਰੋਹ, ਸਮਵਰਤਨ ਤੇ ਵਿਦਿਆਰਥੀਆਂ ਨੂੰ ਪ੍ਰਤਿੱਗਿਆ ਕਰਵਾਈ ਜਾਂਦੀ ਸੀ ਕਿ " ਸੱਚ ਬੋਲੋ । ਆਪਣੇ ਕਰਤੱਵ ਦੀ ਪਾਲਣਾ ਕਰੋ। ਆਪਣੇ ਮਾਤਾ-ਪਿਤਾ, ਅਧਿਆਪਕਾਂ ਅਤੇ ਮਹਿਮਾਨਾਂ ਨੂੰ ਦੇਵਤਿਆਂ ਵਾਂਗ ਸਮਝੋ। ਦੋਸ਼ ਰਹਿਤ ਕਾਰਜ ਕਰੋ। ਜੋ ਵੀ ਦਾਨ ਦਿੱਤਾ ਜਾਵੇ ਉਹ ਸ਼ਰਧਾ, ਪ੍ਰਸੰਨਤਾ, ਨਿਮਰਤਾ ਅਤੇ ਦਇਆ ਭਾਵ ਨਾਲ ਅਰਪਣ ਕੀਤਾ ਜਾਵੇ - - - ।

### 2.2.4.5. ਸਮਾਜਿਕ ਖੁਸ਼ਹਾਲੀ ਲਈ ਉਪਰਾਲੇ

ਪੁਰਾਤਨ ਭਾਰਤੀ ਸਿੱਖਿਆ ਵਿਚ ਵਿਅੱਕਤਿਤਵ ਦੇ ਵਿਕਾਸ ਦਾ ਮਨੋਰਥ ਸਮਾਜਿਕ ਕਲਿਆਣ ਸੀ। ਇਹ ਉਦੇਸ਼ ਯੁਵਕਾਂ ਨੂੰ ਵਿਭਿੰਨ ਪ੍ਰਕਾਰ ਦੇ ਕਿੱਤਿਆਂ ਦੀ ਸਿਖਲਾਈ ਦੇ ਕੇ ਪ੍ਰਾਪਤ ਕੀਤਾ ਜਾਂਦਾ ਸੀ। ਇਹ ਕਿੱਤੇ ਭਾਵੇਂ ਪਿਤਾ-ਪੁਰਖੀ ਸਨ ਪਰੰਤੂ ਇਨਾਂ ਦੀ ਚੋਣ ਵਿੱਚ ਲਚਕੀਲਾਪਨ ਅਤੇ ਢਿੱਲ ਸੀ। ਸਿੱਖਿਆ ਸ਼ਾਸਤਰੀਆਂ ਦੀ ਧਾਰਨਾ ਸੀ ਕਿ ਜੇ ਇੱਕ ਤੋਤਾ ਕੁਝ ਸ਼ਬਦ ਸਿੱਖ ਕੇ ਆਪਣਾ ਭੋਜਨ ਆਪ ਗ੍ਰਹਿਣ ਕਰਨ ਦੇ ਯੋਗ ਹੋ ਜਾਂਦਾ ਹੈ ਤਾਂ ਇੱਕ ਮਨੁੱਖ ਸੱਚੀ ਸਿੱਖਿਆ ਗ੍ਰਹਿਣ ਕਰਕੇ ਆਪਣੀ ਜੀਵਿਕਾ ਕਮਾਉਣ

Sri Satguru Jagjit Singh Ji eLibrary NamdhariElibrary@gmail.com

ਦੇ ਯੋਗ ਕਿਉਂ ਨਾ ਹੋਵੇ ।[81] ਗੀਤਾ ਦਾ ਉਪਦੇਸ਼ ਵੀ ਮਨੁੱਖ ਨੂੰ ਕਾਰਜ-ਫਲ ਦੀ ਇੱਛਾ ਬਗੈਰ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਦਿੰਦਾ ਹੈ । ਨਿਰਸੰਦੇਹ ਇਹ ਮਾਨਸਿਕਤਾ ਸਮਾਜ ਵਿੱਚ ਸਿਹਤਮੰਦ ਅਤੇ ਉਸਾਰੂ ਕੀਮਤਾਂ ਨੂੰ ਜਨਮ ਦਿੰਦੀ ਹੈ। ਵੈਦਿਕ ਕਾਲ ਵਿੱਚ ਵਿਦਿਆਰਥੀਆਂ ਨੂੰ ਭਿੱਖਿਆ ਮੰਗ ਕੇ ਭੋਜਨ ਸੇਵਨ ਕਰਨ ਦੀ ਪਰੰਪਰਾ ਵੀ ਲੋਕਾਂ ਅਤੇ ਵਿਦਿਆਰਥੀਆਂ ਵਿਚਾਰ ਕੜੀ ਨੂੰ ਮਜ਼ਬੂਤ ਕਰਦੀ ਸੀ । ਇਸ ਪ੍ਰਕਾਰ ਪੁਰਾਤਨ ਭਾਰਤੀ ਸਿੱਖਿਆ ਅਜਿਹੀ ਸਮਾਜਿਕ ਪ੍ਰਕਿਰਿਆ ਸੀ ਜਿਸ ਵਿੱਚ ਵਿਅਕਤੀਆਂ ਵਿਚਕਾਰ ਪਰਸਪਰ ਸੰਪਰਧਤਾ ਦੀ ਬਜਾਇ ਸਹਿਯੋਗ ਤੇ ਜ਼ੋਰ ਦਿੱਤਾ ਜਾਂਦਾ ਸੀ ।

ਸਮਾਜਿਕ ਸੁਵਿਧਾਵਾਂ ਲਈ ਵਿਵਸਾਇਕ ਸਿੱਖਿਆ ਵੱਲ ਵੀ ਪੂਰਾ ਧਿਆਨ ਦਿੱਤਾ ਜਾਂਦਾ ਸੀ। ਉਪਲਬਧ ਦਸਤਾਵੇਜ਼ਾਂ ਅਨੁਸਾਰ ਚੌਥੀ ਸਦੀ ਈ.ਪੂ. ਵਿੱਚ ਆਯੁਰਵੈਦਿਕ ਭਾਰਤੀ ਸਿੱਖਿਆ ਪੂਰਨ ਤੌਰ ਤੇ ਵਿਕਸਿਤ ਸੀ। ਵੈਦਿਕ ਕਾਲ ਵਿੱਚ ਸੈਨਿਕ ਸਿੱਖਿਆ ਵਿਆਪਕ ਅਤੇ ਲੋਕਪ੍ਰਿਯ ਸੀ ।

## 2.2.4.6 ਸਰਬਵਿਆਪਕਤਾ

ਪੁਰਾਤਨ ਭਾਰਤੀ ਸਿੱਖਿਆ ਵਿੱਚ ਵਿਦਵਾਨ ਪੁਰਸ਼ਾਂ ਲਈ ਇਹ ਅਨਿਵਾਰੀ ਸੀ ਕਿ ਉਹ ਅਭਿਲਾਖੀ ਵਿਅਕਤੀਆਂ ਨੂੰ ਲਾਜ਼ਮੀ ਤੌਰ ਤੇ ਮੁਫ਼ਤ ਵਿੱਦਿਆ ਪ੍ਰਦਾਨ ਕਰੇ ਨਹੀਂ ਤਾਂ ਉਸਨੂੰ ਸ਼ਾਸਤ੍ਰੀ ਪੱਦ ਤੋਂ ਵੰਚਿਤ ਕਰ ਦਿੱਤਾ ਜਾਂਦਾ ਸੀ। ਉਪਨਿਆਨ ਦੀ ਰਸਮ ਤੋਂ ਬਾਅਦ ਹੀ ਇੱਕ ਬੱਚਾ "ਜਾਨਵਰ" ਤੋਂ " ਆਤਮਾ" ਬਣਿਆ ਮੰਨਿਆ ਜਾਂਦਾ ਸੀ । ਉਸ ਨੂੰ ਦਵਿੱਜ ਭਾਵ " ਦੋਬਾਰਾ ਜਨਮਿਆ" ਆਖਿਆ ਜਾਂਦਾ ਸੀ। ਯਜੁਰਵੇਦ ਵਿੱਚ ਅੰਕਿਤ ਹੈ ਕਿ " ਕਿਉਂਕਿ ਮੈਂ ਇਹ ਸ਼ਬਦ (ਚਾਰ ਵੇਦ) ਦੇ ਦਿੱਤਾ ਹੈ ਜੋ ਕਿ ਬ੍ਰਾਹਮਣਾਂ, ਖੱਤਰੀਆਂ ਵੈਸ਼ਯਾਂ, ਸ਼ੂਦਰਾਂ, ਇਸਤ੍ਰੀਆਂ, ਨੌਕਰਾਂ ਅਤੇ ਨਿਮਨਤਮ ਸਭ ਲਈ ਹੈ , ਤੁਹਾਨੂੰ ਸਭ ਨੂੰ, ਵੇਦ ਪੜ੍ਹਨੇ ਅਤੇ ਪਰਚਾਰਨੇ ਚਾਹੀਦੇ ਹਨ ।[82] ਸੁਭਾਸ਼ਿਤਾ ਗ੍ਰੰਥ ਦੇ ਸ਼ਲੋਕ ਮਾਤਾ ਸ਼ੱਤਰੂ ਪਿਤਾ ਵੈਰੀ ਬਾਲੋ ਯੇਨ ਨ ਪਾਠਿਤਯ " ਦਾ ਭਾਵ ਹੈ ਕਿ ਆਪਣੇ ਬੱਚੇ ਨੂੰ ਸਿੱਖਿਆ ਤੋਂ ਵੰਚਿਤ ਰੱਖਣ ਵਾਲੇ ਮਾਤਾ-ਪਿਤਾ ਉਸਦੇ ਸਭ ਤੋਂ ਵੱਡੇ ਦੁਸ਼ਮਣ ਹਨ ।

Sri Satguru Jagjit Singh Ji eLibrary NamdhariElibrary@gmail.com

2.2.4.7. ਉਪਯੋਗਤਾ ਅਤੇ ਵਿਹਾਰਕਤਾ

ਪੁਰਾਤਨ ਭਾਰਤੀ ਸਿੱਖਿਆ ਦਾ ਕੇਂਦਰੀ ਲਕਸ਼ ਆਤਮ-ਪ੍ਰਕਾਸ਼ ਹੋਣ ਕਾਰਨ ਕਿਤਾਬੀ ਗਿਆਨ ਨੂੰ ਸਿੱਖਿਆ ਦਾ ਸਮਾਨਾਰਥੀ ਨਹੀਂ ਸੀ ਸਮਝਿਆ ਜਾਂਦਾ । ਇੱਕ ਮਨੁੱਖ ਗਿਆਨ ਦੀਆਂ ਵਿਭਿੰਨ ਸ਼ਾਖਾਵਾਂ ਦਾ ਗਿਆਤਾ ਹੋਣ ਤੇ ਵੀ ਅਸਿੱਖਿਅਤ ਸਮਝਿਆ ਜਾਂਦਾ ਸੀ ਜੇ ਉਸ ਵਿੱਚ ਅੰਤਰ ਦ੍ਰਿਸ਼ਟੀ ਨਹੀਂ ਸੀ ਆਈ । ਬ੍ਰਿਹਦ੍ਰਯਾਨਕ ਅਨੁਸਾਰ, " ਉੱਚਤਮ ਗਿਆਨ ਦੇ ਅਭਿਲਾਖੀ ਨੂੰ ਪੁਸਤਕਾਂ ਦੇ ਗਿਆਨ ਪਿੱਛੇ ਨਹੀਂ ਭੱਜਣਾ ਚਾਹੀਦਾ ਕਿਉਂਕਿ ਇਹ ਤਾਂ ਕੇਵਲ ਜੀਭ ਦੀ ਥਕਾਵਟ ਮਾਤਰ ਹਨ ।"[83] ਮਹਾਨ ਵਿਦਵਾਨ ਰਿਸ਼ੀ ਨਾਰਦ ਨੇ ਸਾਰੇ ਵੇਦਾਂ ਤੇ ਹੋਰ ਵਿਦਿਆਵਾਂ ਦਾ ਅਧਿਐਨ ਕਰਨ ਉਪਰੰਤ ਆਪਣੇ ਗੁਰੂ ਸ਼ਾਂਤਾ ਕੁਮਾਰ ਨੂੰ ਬੇਨਤੀ ਕੀਤੀ ਕਿ ਇੰਨਾ ਗਿਆਨ ਪ੍ਰਾਪਤ ਕਰਨ ਦੇ ਬਾਵਜੂਦ ਉਹ ਅਜੇ ਵੀ ਗਮ ਅਤੇ ਦੁਬਿਧਾ ਨਾਲ ਪਰੇਸ਼ਾਨ ਹੈ। ਗੁਰੂ ਦਾ ਉੱਤਰ ਸੀ ਕਿ ਜੋ ਕੁਝ ਵੀ ਉਸਨੇ ਪੜ੍ਹਿਆ ਹੈ ਉਹ ਕੇਵਲ ਸ਼ਬਦ ਹੀ ਸਨ।[84]

ਜਿਸਦਾ ਅਰਥ ਹੈ ਕਿ ਸ਼ਬਦਾਂ ਨੂੰ ਅਮਲੀ ਜਾਮਾ ਪਹਿਨਾਏ ਬਗੈਰ ਮਾਨਸਿਕ ਸ਼ਾਂਤੀ ਪ੍ਰਾਪਤ ਨਹੀਂ ਹੋ ਸਕਦੀ। ਇਸ ਲਈ ਕਾਰਜਯੁਕਤ ਮਨੁੱਖ ਹੀ ਵਾਸਤਵਿਕ ਵਿਦਵਾਨ ਹੈ। ਸ਼ਾਸਤਰਾਂ ਦਾ ਉਪਦੇਸ਼ ਹੈ :-

ਸ਼ਾਸਤਰਾਣਯਧੀਤਸਾਂਪਿ ਭਵੰਤਿ ਮੂਰਖਾ ਚਸਤੁ ਕ੍ਰਿਆਵਾਂਪੁਰਸ਼ਯ ਸ ਏਵ ।
ਸੁਚਿੰਤਿਤੰ ਚੌਸ਼ਧਮਾਤੁਰਾਣਰ ਨ ਨਾਮਮਾਤ੍ਰੇਣ ਕਰੋਸਯਰੋਗਮ ।[85]

ਆਚਾਰੀਆ ਮਨੂ ਦਾ ਕਥਨ ਹੈ ਕਿ ਅਗਿਆਨੀ (ਅਜ਼ੰ) ਨਾਲੋਂ ਗ੍ਰੰਥੀ, ਗ੍ਰੰਥੀ ਨਾਲੋਂ ਧਾਰਕ(ਧਾਰੀ) ਧਾਰਕ ਨਾਲੋਂ ਗਿਆਨੀ (ਜਨੰਨੀ) ਅਤੇ ਗਿਆਨੀ ਨਾਲੋਂ ਵਿਅਵਸਾਇੀ (ਉਪਯੋਗੀ)ਸ੍ਰੇਸ਼ਟ ਹੁੰਦਾ ਹੈ ।[86]

2.2.4.8. ਮਨੋਵਿਗਿਆਨਕ

ਭਾਰਤੀ ਦਰਸ਼ਨ ਮਨੁੱਖ ਨੂੰ ਅੰਤਿਮ ਰੂਪ ਵਿੱਚ ਬ੍ਰਹਮ ਦਾ ਪ੍ਰਗਟਾ ਆਖਦਾ ਹੈ। ਇਸ ਲਈ ਮਨੁੱਖੀ ਵਿਅੱਕਤਿਤਵ ਦੇ ਵਿਕਾਸ-ਪੜਾਅ ਹਨ ਜਿਨ੍ਹਾਂ ਦੇ ਅਨੁਕੂਲ ਸਿੱਖਿਆ ਪ੍ਰਦਾਨ ਕਰਨੀ ਹੀ ਉਪਯੋਗੀ ਹੋ ਸਕਦੀ ਹੈ। ਸਿੱਖਿਆ ਦੀ ਉਚਿਤਤਾ ਭਾਵ ਅਧਿਕਾਰ ਭੇਦ ਦਾ

Sri Satguru Jagjit Singh Ji eLibrary NamdhariElibrary@gmail.com

ਨਿਰਣਾ ਮਨੁੱਖ ਦੇ ਸੰਸਕਾਰਾਂ ਤੋਂ ਹੁੰਦਾ ਹੈ। ਇਹ ਸੰਸਕਾਰ ਅੰਤ੍ਰਿਕ ਮਾਨਵੀ ਮਨੋਵਿਰਤੀਆਂ, ਪ੍ਰਵਿਰਤੀਆਂ ਅਤੇ ਰੁਝਾਨ ਹੀ ਹਨ। ਕਰਮ ਸਿਧਾਂਤ ਅਨੁਸਾਰ ਮਨੁੱਖ ਆਪਣੀ ਕਿਸਮਤ ਦਾ ਨਿਰੋਲ ਆਪ ਨਿਰਮਾਤਾ ਨਹੀਂ ਹੈ। ਜਿਨ੍ਹਾਂ ਸ਼ਕਤੀਆਂ ਅਤੇ ਸਮਰੱਥਾਵਾਂ ਨੂੰ ਲੈ ਕੇ ਉਹ ਜਨਮ ਲੈਂਦਾ ਹੈ ਉਹ ਮਨੁੱਖ ਦੇ ਜੀਵਨ ਦੀਆਂ ਸੰਭਾਵਨਾਵਾਂ ਅਤੇ ਕਿਰਿਆਵਾਂ ਨੂੰ ਕਾਫੀ ਹੱਦ ਤੱਕ ਪਰਿਭਾਸ਼ਿਤ ਕਰਦੀਆਂ ਹਨ। ਇਸ ਲਈ ਮਨੁੱਖ ਦੀ ਸਿੱਖਿਆ ਵਿੱਚ ਉਸਦੇ ਪਾਲਣ-ਪੋਸ਼ਣ ਨਾਲੋਂ ਉਸਦੀਆਂ ਜਮਾਂਦਰੂ ਸ਼ਕਤੀਆਂ ਦਾ ਅਧਿਕ ਯੋਗਦਾਨ ਹੈ । ਇਸ ਲਈ ਪੁਰਾਤਨ ਸਿੱਖਿਆ ਵਿੱਚ ਵਿਸ਼ਿਆਂ ਦੀ ਚੋਣ ਮਨੁੱਖ ਦੀ ਜਮਾਂਦਰੂ ਦਿਲਚਸਪੀ ਅਤੇ ਸਮਰਥਾ ਅਨੁਸਾਰ ਕੀਤੀ ਜਾਂਦੀ ਸੀ ।

ਆਧੁਨਿਕ ਮਨੋਵਿਗਿਆਨੀਆਂ ਦਾ ਇਹ ਵੀ ਮੱਤ ਹੈ ਕਿ ਸਰੀਰਕ ਅੰਗਾਂ , ਇੰਦਰੀਆਂ, ਬੁੱਧੀ, ਇੱਛਾ-ਸ਼ਕਤੀ ਅਤੇ ਮਨੋਕਾਮਨਾਵਾਂ ਦੇ ਨਿਯੰਤ੍ਰਣ ਬਗੈਰ ਗਿਆਨ ਦੀ ਪ੍ਰਾਪਤੀ ਸੰਭਵ ਨਹੀਂ। ਇਸ ਧਾਰਨਾ ਦੇ ਅਨੁਕੂਲ ਹੀ ਪੁਰਾਤਨ ਭਾਰਤੀ ਸਿੱਖਿਆ ਪ੍ਰਕਿਰਿਆ ਵਿੱਚ ਅੰਤਿਮ ਲਕਸ਼ ਤੇ ਪੁੱਜਣ ਲਈ ਪ੍ਰਣੈ, ਮਨੈ, ਵਿਜੈ ਅਤੇ ਅਨੰਦ ਦੀਆਂ ਕ੍ਰਮਬੱਧ ਅਵਸਥਾਵਾਂ ਤੇ ਬਲ ਦਿੱਤਾ ਜਾਂਦਾ ਸੀ। ਆਸ਼ਰਮਾਂ ਵਿੱਚ ਸ਼੍ਰਵਨ, ਮਨਨ ਅਤੇ ਨਿਧੀਧਿਆਸਨ ਤਿੰਨ ਵਿਧੀਆਂ ਦਾ ਉਪਯੋਗ ਕੀਤਾ ਜਾਂਦਾ ਸੀ। ਮਾਨਸਿਕ ਇਕਾਗਰਤਾ ਅਤੇ ਸੰਪੂਰਨਤਾ ਲਈ ਅਸ਼ਟਯੋਗਾਂਗ ਵਿਧੀ ਦੀ ਵਰਤੋਂ ਸਰਬਵਿਆਪੀ ਅਤੇ ਸਰਬਪ੍ਰਵਾਨਿਤ ਸੀ। ਇਸਤੋਂ ਸਿੱਖਿਆ ਪੱਧਤੀ ਵਿੱਚ ਨਿਰੰਤਰਤਾ ਅਤੇ ਕ੍ਰਮਬੰਦੀ ਦੀ ਪ੍ਰੋੜ੍ਹਤਾ ਹੁੰਦੀ ਹੈ ।

### 2.2.4.9. ਸੱਭਿਆਚਾਰ ਦਾ ਸੁਰੱਖਿਅਣ ਤੇ ਸੰਚਾਰ

ਸਿੱਖਿਆ ਮਨੁੱਖੀ ਸੱਭਿਆਚਾਰ ਦੀ ਸੰਭਾਲ ਅਤੇ ਸੰਚਾਰ ਦਾ ਵੀ ਪ੍ਰਮੁੱਖ ਸਾਧਨ ਹੈ। ਅਜਿਹਾ ਕਰਕੇ ਸਿੱਖਿਆ ਸਮਾਜ ਦੇ ਅਨੁਭਵੀ ਬਜ਼ੁਰਗਾਂ ਦੇ ਵਿਚਾਰਾਂ ਨੂੰ ਉਪਯੁਕਤ ਢੰਗ ਨਾਲ ਸੁਰੱਖਿਅਤ ਕਰਕੇ ਨਵੀਂ ਪੀੜ੍ਹੀ ਨੂੰ ਸੌਂਪ ਦਿੰਦੀ ਹੈ। ਸਾਰੇ ਨਿਪੁੰਨ ਕਿੱਤਾਕਾਰ ਆਪਣੇ ਬੱਚਿਆਂ ਨੂੰ ਪੇਸ਼ਾਵਰ ਸਿਖਲਾਈ ਪ੍ਰਦਾਨ ਕਰਦੇ ਸਨ। ਵੈਦਿਕ ਸ਼ਲੋਕਾਂ ਨੂੰ ਜ਼ਬਾਨੀ ਯਾਦ ਕੀਤਾ ਜਾਂਦਾ ਸੀ। ਪੁਰਾਤਨ ਭਾਰਤੀ ਵਿਚਾਰਧਾਰਾ ਦੇ ਆਲੋਚਕ ਵੀ ਇਸ ਗੱਲ ਨਾਲ ਸਹਿਮਤ ਹਨ ਕਿ ਭਾਰਤੀ ਸਿੱਖਿਆ ਆਪਣੇ ਵਿਰਸੇ ਅਤੇ ਸਾਹਿਤ ਨੂੰ ਸੁਰੱਖਿਅਤ ਰੱਖਣ ਅਤੇ ਇਸਦਾ ਸੰਚਾਰ ਕਰਨ ਵਿੱਚ ਪੂਰਨ ਸਫਲ ਰਹੀ ਹੈ । ਬਰਮਾ, ਥਾਈਲੈਂਡ,

Sri Satguru Jagjit Singh Ji eLibrary NamdhariElibrary@gmail.com

ਚੀਨ, ਜਾਪਾਨ, ਤਿੱਬਤ ਆਦਿ ਦੇਸ਼ਾਂ ਵਿੱਚ ਭਾਰਤੀ ਸੱਭਿਆਚਾਰ ਨੂੰ ਫੈਲਾਉਣ ਦੀ ਸਫ਼ਲਤਾ ਸਿੱਖਿਅਤ ਨੌਜਵਾਨਾਂ ਅਤੇ ਪਰਕਰਮੀਆਂ ਵਿੱਚ ਆਪਣੇ ਸੱਭਿਆਚਾਰ ਪ੍ਰਤੀ ਸਨੇਹ ਅਤੇ ਸਤਿਕਾਰ ਦੀ ਭਾਵਨਾ ਨਾਲ ਹੀ ਮਿਲ ਸਕੀ ।

2.2.5. ਪ੍ਰਾਪਤੀਆਂ

ਪੁਰਾਤਨ ਭਾਰਤੀ ਸਿੱਖਿਆ ਪੱਧਤੀ ਜੋ ਕਿ ਭਾਰਤੀ ਦਰਸ਼ਨ ਤੇ ਆਧਾਰਿਤ ਸੀ ਆਪਣੇ ਨਿਰਧਾਰਿਤ ਲਕਸ਼ਾਂ ਦੀ ਪੂਰਤੀ ਵਿੱਚ ਅਧਿਕ ਹੱਦ ਤਕ ਸਫਲ ਰਹੀ । ਇਸ ਸਫਲਤਾ ਤੋਂ ਭਾਰਤੀ ਵੈਦਾਂਤਿਕ ਦਰਸ਼ਨ ਦੀ ਵਿਹਾਰਕਤਾ ਸਪੱਸ਼ਟ ਤੌਰ ਤੇ ਸਿੱਧ ਹੋ ਜਾਂਦੀ ਹੈ । ਭਾਰਤੀ ਉੱਚ ਨੈਤਿਕ ਜੀਵਨ ਮੁੱਲਾਂ ਵਿੱਚ ਕਿੰਨੇ ਪਰਪੱਕ ਅਤੇ ਆਸਥੀ ਸਨ ਇਸਦਾ ਅਨੁਮਾਨ 300 ਈ.ਪੂ. ਵਿੱਚ ਭਾਰਤ ਆਏ ਯਾਤਰੀ ਮੈਗਸਥਨੀਜ਼ ਦੇ ਇਸ ਕਥਨ ਤੋਂ ਲਗ ਜਾਂਦਾ ਹੈ। " ਭਾਰਤੀ ਕਦੇ ਵੀ ਝੂਠ ਬੋਲਣ ਲਈ ਦੋਸ਼ੀ ਨਹੀਂ ਪਾਏ ਗਏ । ਉਹ ਸੱਚ ਅਤੇ ਸਦਗੁਣਾਂ ਨੂੰ ਉੱਚ ਪ੍ਰਾਥਮਿਕਤਾ ਦਿੰਦੇ ਹਨ। - - - ਉਹ ਮੁਕੱਦਮੇਬਾਜ ਨਹੀਂ। ਜਦੋਂ ਕੋਈ ਪੈਸਾ ਜਮ੍ਹਾਂ ਕਰਵਾਇਆ ਜਾਂਦਾ ਹੈ ਤਾਂ ਗਵਾਹਾਂ ਅਤੇ ਮੋਹਰਾਂ ਦੀ ਲੋੜ ਨਹੀਂ ਸਮਝੀ ਜਾਂਦੀ ਕੇਵਲ ਵਿਸ਼ਵਾਸ਼ ਤੇ ਹੀ ਕੰਮ ਹੁੰਦੇ ਹਨ। ਉਨ੍ਹਾਂ ਦੇ ਘਰ ਆਮ ਤੌਰ ਤੇ ਬਿਨਾਂ ਰਖਵਾਲੀ ਦੇ ਹੀ ਰਹਿੰਦੇ ਹਨ।"[87]

ਸੱਤਵੀਂ ਸਦੀ ਦੇ ਭਾਰਤ ਵਾਸੀਆਂ ਬਾਰੇ ਯੂਆਨ ਚਵਾਂਗ ਦਾ ਕਹਿਣਾ ਹੈ ਕਿ " ਭਾਰਤੀ ਕਾਹਲੇ ਅਤੇ ਦੁਚਿੱਤੀ ਸੁਭਾ ਵਾਲੇ ਪਰੰਤੂ ਸ਼ੁੱਧ ਆਚਰਨਿਕ ਸਿਧਾਂਤਾਂ ਦੇ ਧਾਰਨੀ ਹਨ। ਉਹ ਕਿਸੇ ਵੀ ਚੀਜ਼ ਨੂੰ ਗਲਤ ਢੰਗ ਨਾਲ ਨਹੀਂ ਲੈਂਦੇ। ਉਹ ਧੋਖਾ ਨਹੀਂ ਕਰਦੇ ਅਤੇ ਆਪਣੇ ਵਾਅਦੇ ਦੇ ਪੱਕੇ ਹਨ ।"[88] ਦਸਵੀਂ ਸਦੀ ਦੇ ਭਾਰਤੀਆਂ ਨੂੰ ਅਲਅਦਰੀਸੀ[89] "ਇਨਸਾਫ਼ ਪਸੰਦ" ਅਤੇ ਮਾਰਕੋਪੋਲੋ [90] "ਵਧੀਆ ਵਪਾਰੀ ਅਤੇ ਸੱਚ ਦੇ ਪੁਜਾਰੀ" ਆਖਦੇ ਹਨ । ਵਿਦੇਸ਼ੀ ਸਮਕਾਲੀ ਅਤੇ ਨਿਰਪੱਖ ਨਿਰਣਾਇਕਾਂ ਦੀਆਂ ਉਕਤ ਟਿੱਪਣੀਆਂ ਭਾਰਤੀ ਸਿੱਖਿਆ ਦਰਸ਼ਨ ਦੀ ਉਪਜ ਨੂੰ ਸਰਬਸ੍ਰੇਸ਼ਟ ਪ੍ਰਵਾਨ ਕਰਨ ਲਈ ਪ੍ਰਯਾਪਤ ਹਨ ।

2.2.6. ਸੀਮਾਵਾਂ ਤੇ ਊਣਤਾਈਆਂ

ਕਿਸੇ ਵੀ ਵਿਹਾਰਕ ਸਿੱਖਿਆ ਦਰਸ਼ਨ ਨੂੰ ਪੂਰਨ ਅਤੇ ਦੋਸ਼ ਰਹਿਤ ਨਹੀਂ

Sri Satguru Jagjit Singh Ji eLibrary NamdhariElibrary@gmail.com

ਆਖਿਆ ਜਾ ਸਕਦਾ । ਇਸ ਲਈ ਭਾਰਤੀ ਸਿੱਖਿਆ ਦਰਸ਼ਨ ਵਿੱਚ ਵੀ ਊਣਤਾਈਆਂ ਸਨ ਜੋ ਕਿ ਸਮਕਾਲੀ ਪ੍ਰਸਥਿਤੀਆਂ ਦੇ ਅਨੁਕੂਲ ਸੁਭਾਵਿਕ ਸਨ ਜਾਂ ਲੰਬੀ ਆਯੂ ਕਾਰਨ ਉਸ ਦੇ ਮੂਲ ਸਿੱਧਾਂਤਾਂ ਅਤੇ ਲਕਸ਼ਾਂ ਵਿੱਚ ਆਏ ਰੂੜ੍ਹੀਵਾਦ ਤੇ ਗਿਰਾਵਟ ਦਾ ਸਿੱਟਾ ਸਨ ।

ਸਾਮਿਅਕ ਮੰਗ ਅਨੁਸਾਰ ਪੁਰਾਤਨ ਭਾਰਤੀ ਸਿੱਖਿਆ ਦਾ ਅਧਿਕ ਜ਼ੋਰ ਆਪਣੇ ਸੱਭਿਆਚਾਰਕ ਧਾਰਮਿਕ ਵਿਰਸੇ ਦੇ ਸੁਰੱਖਿਅਣ ਅਤੇ ਉਸਦੇ ਸ਼ੁੱਧ ਰੂਪ ਨੂੰ ਅਗਲੀਆਂ ਪੀੜ੍ਹੀਆਂ ਤੱਕ ਸੰਚਾਰ ਕਰਨ ਤੇ ਸੀ। ਇਸ ਲਈ ਧਾਰਮਿਕ ਸਿੱਖਿਆ, ਦਰਸ਼ਨ ਕਰਮਕਾਂਡਾਂ ਅਤੇ ਪਵਿੱਤਰ ਨਿਯਮਾਂ ਦੀ ਪੜ੍ਹਾਈ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ ਜਿਸਦੇ ਫਲਸਰੂਪ ਧਰਮ ਨਿਰਪੇਖ ਅਤੇ ਪਦਾਰਥ ਵਿਗਿਆਨਕ ਵਿਸ਼ਿਆਂ ਦੀ ਪੜ੍ਹਾਈ ਨੂੰ ਨੁਕਸਾਨ ਪੁੱਜਿਆ । ਵੈਦਿਕ ਸਾਹਿਤ ਦੀ ਸ਼ੁੱਧਤਾ ਕਾਇਮ ਰੱਖਣ ਦੀ ਯੋਜਨਾ ਅਧੀਨ ਹੀ ਇਸਤ੍ਰੀਆਂ, ਸ਼ੂਦਰਾਂ ਅਤੇ ਵੈਸ਼ਯਾਂ ਨੂੰ ਸਿੱਖਿਆ ਗ੍ਰਹਿਣ ਕਰਨ ਤੇ ਪ੍ਰਤਿਬੰਧ ਲਗਾ ਦਿੱਤਾ ਗਿਆ ਜੋ ਕਿ ਸਿੱਖਿਆ ਦੀ ਵਿਆਪਕਤਾ ਲਈ ਘਾਤਕ ਸਿੱਧ ਹੋਇਆ ।[91]

ਉੱਚ ਸਿੱਖਿਆ ਦਾ ਮਾਧਿਅਮ ਸੰਸਕ੍ਰਿਤ ਹੋਣ ਕਾਰਨ, ਇਸ ਭਾਸ਼ਾ ਨੂੰ ਸਮਝਣ ਤੋਂ ਅਸਮਰੱਥ ਆਮ ਲੋਕ ਸਿੱਖਿਆ ਤੋਂ ਵਾਂਝੇ ਰਹਿੰਦੇ ਸਨ। ਇਸ ਸਿੱਖਿਆ ਵਿੱਚ ਵਿਸ਼ਾਲਤਾ ਅਤੇ ਵਿਆਪਕਤਾ ਦੀ ਵੀ ਘਾਟ ਸੀ। ਆਰੰਭਿਕ ਕਾਲ ਵਿੱਚ ਆਸਤਿਕ ਦਰਸ਼ਨ ਪੱਧਤੀਆਂ ਦੇ ਨਾਲ ਨਾਲ ਨਾਸਤਿਕ ਦਰਸ਼ਨ ਵਿਚਾਰਧਾਰਾਵਾਂ ਵੀ ਪੂਰੀ ਸੁਤੰਤਰਤਾ ਨਾਲ ਪ੍ਰਫੁਲਤ ਹੁੰਦੀਆਂ ਰਹੀਆਂ ਪਰੰਤੂ 600 ਈ. ਪੂ ਦੇ ਲਗਭਗ ਵੈਦਿਕ ਉਪਦੇਸ਼ਾਂ ਨੂੰ ਵਿਧੀ-ਵਿਧਾਨਾਂ ਵਿੱਚ ਸੂਤਰਬੰਧ ਕਰਨ ਦੇ ਫਲਸਰੂਪ ਹੋਂਦ ਵਿੱਚ ਆਏ ਪੁਰਾਣਾਂ ਅਤੇ ਸਮ੍ਰਿਤੀਆਂ ਨੇ ਧਾਰਮਿਕ ਅਸਹਿਨਸ਼ੀਲਤਾ ਦੀ ਨੀਂਹ ਰੱਖ ਦਿੱਤੀ । ਸਮੇਂ ਦੇ ਬੀਤਣ ਨਾਲ ਇਨ੍ਹਾਂ ਨੀਤੀ ਗ੍ਰੰਥਾਂ ਦਾ ਸਤਿਕਾਰ ਵੀ ਵੇਦਾਂ ਸਮਾਨ ਹੋਣ ਲੱਗਾ । ਇਨ੍ਹਾਂ ਵਿੱਚ ਅੰਕਿਤ ਮਨੁੱਖੀ ਨਿਯਮਾਂ ਅਤੇ ਵਿਧਾਨਾਂ ਨੂੰ ਪਰਮਸੱਚ, ਪਵਿੱਤਰ ਅਤੇ ਈਸ਼ਵਰੀ ਸੰਦੇਸ਼ ਆਖ ਕੇ ਇਨ੍ਹਾਂ ਦੀ ਵਿਰੋਧਤਾ ਕਰਨ ਵਾਲੇ ਵਿਚਾਰਾਂ ਨੂੰ ਕੂੜ ਆਖਿਆ ਜਾਣ ਲੱਗਾ । ਹਰ ਵਿਚਾਰਧਾਰਾ ਦੀ ਸਚਾਈ ਜਾਂ ਝੂਠੇਪਣ ਨੂੰ ਇਨ੍ਹਾਂ ਗ੍ਰੰਥਾਂ ਵਿੱਚ ਦਰਜ ਆਦੇਸ਼ਾਂ ਦੇ ਆਧਾਰ ਤੇ ਪਰਖਿਆ ਜਾਣ ਲੱਗਾ । ਇਸ ਕਾਰਨ ਸਿੱਖਿਆ ਚਿੰਤਨ ਵਿੱਚ ਮੌਲਿਕ ਵਿਚਾਰਾਂ ਦੀ ਅਭਿਵਿਅਕਤੀ ਲਗਭਗ ਅਸੰਭਵ ਹੋ ਹੋ ਗਈ। ਸ਼ੰਕਰਾਚਾਰੀਆ ਅਤੇ ਰਾਮਾਨੁਜ ਨੂੰ ਆਪਣੇ ਵਿਚਾਰਾਂ ਦੀ ਵੈਦਿਕ ਅਨੁਕੂਲਤਾ ਨੂੰ

ਸ਼ੁੱਧ ਕਰਨ ਲਈ ਅਣਆਵੱਸ਼ਕ ਸ਼ਕਤੀ ਲਗਾਉਣੀ ਪਈ ਜਦੋਂ ਕਿ ਆਰੀਆ ਭੱਟ, ਬ੍ਰਹਮਗੁਪਤ ਅਤੇ ਭਾਸਕਰਾਚਾਰੀਆਂ ਜਿਹੇ ਵਿਗਿਆਨੀਆਂ ਨੂੰ ਸੱਚ ਬੋਲਣ ਤੋਂ ਗੁਰੇਜ਼ ਹੀ ਕਰਨਾ ਪਿਆ ।

ਨੌਵੀਂ ਈਸਵੀ ਦੇ ਆਰੰਭ ਤੱਕ ਲਗਭਗ 2000 ਵਰਸ਼ ਦੀ ਸਿਰਜਣਾਤਮਕ ਕ੍ਰਿਰਿਆ ਉਪਰੰਤ ਸਾਹਿਤਕ ਵਿਰਾਸਤ ਇੰਨੀ ਅਮੀਰ ਅਤੇ ਸੰਤ੍ਰਿਪਤ ਹੋ ਗਈ ਸੀ ਕਿ ਵਿਦਵਾਨਾਂ ਅਤੇ ਬੁੱਧੀਜੀਵੀਆਂ ਦੀ ਸਾਰੀ ਸ਼ਕਤੀ ਇਸ ਦੀ ਸੰਭਾਲ, ਵਿਆਖਿਆ ਅਤੇ ਸਮਾਲੋਚਨਾ ਤੇ ਖਰਚ ਹੋਣ ਲਗ ਪਈ। ਇਸ ਪ੍ਰਕਾਰ ਸਿਰਜਾਣਤਮਕ ਪ੍ਰਵਿਰਤੀ ਦਾ ਅੰਤ ਹੋ ਗਿਆ । 800 ਈ. ਤੱਕ ਭਾਰਤੀ ਵਿਦਵਾਨ ਆਪਣੀ ਵਿਰਾਸਤ ਦੀ ਅਤਿ ਅਧਿਕ ਸ਼ਰਧਾ ਕਾਰਨ ਤੰਗਦਿਲ ਹਠਧਰਮੀ ਅਤੇ ਅਭਿਮਾਨੀ ਵੀ ਹੋ ਗਏ ਸਨ। ਗਿਆਰ੍ਹਵੀਂ ਸਦੀ ਦੇ ਭਾਰਤੀ ਬੁੱਧੀਜੀਵੀਆਂ ਬਾਰੇ ਅਲਬਰੂਨੀ ਦਾ ਨਿਰਣਾ ਸੀ ਕਿ " ਉਹ ਅਭਿਮਾਨੀ, ਮੂਰਖ, ਘਮੰਡੀ, ਮਟੂੰਨ ਅਤੇ ਆਕੜਖੋਰ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਭਾਰਤ ਦੇਸ਼ ਤੋਂ ਇਲਾਵਾ ਧਰਤੀ ਤੇ ਹੋਰ ਕੋਈ ਦੇਸ਼ ਨਹੀਂ, ਉਨਾਂ ਦੀ ਆਪਣੀ ਨਸਲ ਤੋਂ ਵੱਖਰੀ ਕੋਈ ਹੋਰ ਨਸਲ ਨਹੀਂ ਅਤੇ ਉਨ੍ਹਾਂ ਤੋਂ ਸਿਵਾਏ ਗਿਆਨ ਤੇ ਵਿਗਿਆਨ ਦਾ ਹੋਰ ਕੋਈ ਸਿਰਜਣਹਾਰਾ ਨਹੀਂ ਹੈ ।"[91]

ਵੈਦਿਕ ਕਾਲ ਵਿੱਚ ਕਾਰੀਗਰੀ, ਦਸਤਕਾਰੀ ਅਤੇ ਉਦਯੋਗਿਕ ਕਲਾਵਾਂ ਨੂੰ ਸਮਾਜ ਵਿੱਚ ਬਹੁਤ ਮਾਣ-ਸਤਿਕਾਰ ਪ੍ਰਾਪਤ ਸੀ। ਲਗਭਗ 100 ਈ. ਵਿੱਚ ਵੈਸ਼ਯਾਂ ਦੀ ਪਦਵੀ ਵਿੱਚ ਆਏ ਨਿਘਾਰ ਕਾਰਨ ਉੱਚ-ਸ਼੍ਰੇਣੀਆਂ ਦੇ ਯੋਗ ਵਿਅਕਤੀ ਇਨ੍ਹਾਂ ਵਿਵਸਾਇਕ ਵਿਸ਼ਿਆਂ ਦੇ ਗਿਆਨ ਪ੍ਰਾਪਤ ਕਰਨ ਨੂੰ ਆਪਣੀ ਸ਼ਾਨ ਦੇ ਵਿਰੁੱਧ ਸਮਝਣ ਲੱਗੇ। ਇਸ ਕਾਰਨ ਸਿੱਖਿਆ ਇਕ ਪਾਸੜ ਅਤੇ ਨਿਰੋਲ ਸਿਧਾਂਤਵਾਦੀ ਹੁੰਦੀ ਗਈ। ਡਾ. ਸ਼ੰਕਰ ਦਿਆਲ ਸ਼ਰਮਾ ਦਾ ਵਿਚਾਰ ਹੈ ਕਿ ਭਾਰਤੀ ਸਿੱਖਿਆ ਵਿੱਚ ਪਤਨ ਅਤੇ ਅਧੋਗਤੀ ਬਾਰ ਬਾਰ ਵਿਦੇਸ਼ੀ ਹਮਲਿਆਂ ਕਾਰਨ ਆਈ। ਵਿਸ਼ੇਸ਼ਕਰ ਮੱਧ ਸਮੇਂ ਵਿਚ ਨਿਘਾਰ ਬੇਲੋੜੇ ਰੂੜ੍ਹੀਵਾਦ ਕਾਰਨ ਆਇਆ ਜੋ ਕਿ ਸਾਡੇ ਅਧਿਆਪਕਾਂ ਦੀ ਸੰਕੀਰਣਤਾ ਅਤੇ ਆਪਣੇ ਆਪ ਵਿੱਚ ਸਿਮਟਣ ਦਾ ਯੋਜਨਾਬੱਧ ਪਰਤਾਉ ਸੀ।[92]

## 2.2.7. ਮੁਸਲਿਮ ਸ਼ਾਸਨ ਵਿੱਚ ਭਾਰਤੀ ਸਿੱਖਿਆ ਦਰਸ਼ਨ ਦੀ ਦਸ਼ਾ

ਬਾਹਰਵੀਂ ਸਦੀ ਤੱਕ ਭਾਰਤੀ ਸਿੱਖਿਆ ਵਿਵਸਥਾ ਵਿੱਚ ਕਾਫੀ ਨਿਘਾਰ ਆ ਚੁੱਕਾ ਸੀ। ਮੁਸਲਮਾਨ ਭਾਵੇਂ ਅੱਠਵੀਂ ਸਦੀ ਵਿੱਚ ਹੀ ਭਾਰਤ ਆ ਚੁੱਕੇ ਸਨ ਪਰੰਤੂ

ਲਗਭਗ ਤਿੰਨ ਸੋ ਸਾਲਾਂ ਤੱਕ ਉਨ੍ਹਾਂ ਨੇ ਭਾਰਤੀ ਸੱਭਿਆਚਾਰ ਤੇ ਕੋਈ ਵਰਣਨਯੋਗ ਪ੍ਰਭਾਵ ਨਹੀਂ ਪਾਇਆ। ਜਦੋਂ ਗਿਆਰ੍ਹਵੀਂ ਸਦੀ ਵਿੱਚ ਇਸਲਾਮ ਭਾਰਤ ਵਿੱਚ ਕ੍ਰਿਪਾਨ ਹੱਥ ਵਿੱਚ ਲੈ ਕੇ ਹਮਲਾਵਰ ਦੇ ਰੂਪ ਵਿੱਚ ਆਇਆ ਤਾਂ ਹੀ ਅਹਿੰਸਕ ਪ੍ਰਤਿਕਿਰਿਆ ਆਰੰਭ ਹੋਈ ਅਤੇ ਸਹਿਨਸ਼ੀਲਤਾ ਦੀ ਭਾਵਨਾ ਘਿਰਣਾ ਤੇ ਵਿਰੋਧ ਵਿੱਚ ਪਰਵਰਤਿਤ ਹੋ ਗਈ। ਇਹ ਮੁਕਾਬਲਾ ਸਭਿਅਕ ਪਰੰਤੂ ਅਧੋਗਤੀ ਗ੍ਰਸਤ ਭਾਰਤ ਅਤੇ ਕੇਂਦਰੀ ਏਸ਼ੀਆ ਦੇ ਉਨ੍ਹਾਂ ਅਰਧ-ਸੱਭਿਅਕ ਤੇ ਅਕਸਰ ਖਾਨਾਬਦੋਸ਼ ਲੋਕਾਂ ਵਿਚਕਾਰ ਸੀ ਜਿਹੜੇ ਕੁਝ ਸਮਾਂ ਪਹਿਲਾਂ ਹੀ ਇਸਲਾਮ ਧਰਮ ਵਿੱਚ ਆਏ ਸਨ।[93] ਇਸਲਾਮ ਦੇ ਬਾਨੀ ਹਜ਼ਰਤ ਮੁਹੰਮਦ ਤਾਂ ਭਾਵੇਂ ਸਿੱਖਿਆ ਨੂੰ ਉੱਚਤਮ ਸਥਾਨ ਦਿੰਦੇ ਹੋਏ " ਪੰਘੂੜੇ ਤੋਂ ਲੈ ਕੇ ਕਬਰ ਤੱਕ ਗਿਆਨ ਦੀ ਤਲਾਸ਼ ਕਰੋ "[94] ਦਾ ਸੰਦੇਸ਼ ਦਿੰਦੇ ਹਨ ਪਰੰਤੂ ਭਾਰਤੀ ਮੁਸਲਿਮ ਸ਼ਾਸਕ ਆਪਣਾ ਧਿਆਨ ਦੁਨਿਆਵੀ ਸ਼ਕਤੀਆਂ ਨੂੰ ਗ੍ਰਹਿਣ ਕਰਨ ਅਤੇ ਵਿਅਕਤੀਗਤ ਪ੍ਰਾਪਤੀਆਂ ਵੱਲ ਹੀ ਰਖਦੇ ਸਨ। ਇਸ ਲਈ ਸਿੱਖਿਆ ਦੇ ਪਦਾਰਥ-ਵਾਦੀ ਐਸ਼ ਆਰਾਮ ਵਾਲੇ ਮਨੋਰਥ ਭਾਰੂ ਹੋ ਗਏ। ਇਸ ਸਿੱਖਿਆ ਵਿੱਚ ਪੁਰਾਤਨ ਭਾਰਤੀ ਸਿੱਖਿਆ ਵਿੱਚ ਉਪਸਥਿਤ ਆਤਮਿਕ ਤੇ ਪਰਾਅਨੁਭਵੀ ਤੱਤਾਂ ਦੀ ਪੂਰੀ ਤਰ੍ਹਾਂ ਅਣਹੋਂਦ ਸੀ । ਜੀਵਨ ਦਾ ਮਨੋਰਥ ਭੌਤਿਕ ਸਹੂਲਤਾਂ ਦਾ ਸੰਗ੍ਰਹਿਣ, ਦੁਨਿਆਵੀ ਸ਼ਾਨੋਸ਼ੌਕਤ ਦੀ ਪ੍ਰਾਪਤੀ , ਮਾਣ ਮਰਯਾਦਾ ਦੀ ਸਥਾਪਤੀ ਅਤੇ ਪਦਵੀਆਂ ਹਾਸਲ ਕਰਨਾ ਸੀ।[95] ਮੁਸਲਿਮ ਸ਼ਾਸ਼ਨ ਦੌਰਾਨ ਹਰ ਸ਼ਾਸਕ ਦੇ ਸਿੱਖਿਆ ਪ੍ਰਤੀ ਆਪਣੇ ਨਿੱਜੀ ਹਿਤ ਸਨ। ਆਮ ਲੋਕਾਂ ਤੋਂ ਸਮਰਥਨ ਪ੍ਰਾਪਤ ਕਰਨ ਲਈ ਉਹ ਆਪਣੇ ਰਾਜਨੀਤਿਕ ਸਵਾਰਥਾਂ ਤੇ ਮਨੋਰਥਾਂ ਦੀ ਪੂਰਤੀ ਲਈ ਹੀ ਸਿੱਖਿਆ ਦਾ ਵਿਸਤਾਰ ਕਰਦੇ ਸਨ । ਇਸ ਪ੍ਰਕਾਰ ਮੁਸਲਿਮ ਸਿੱਖਿਆ ਨੇ ਭਾਵੇਂ ਆਪਣੇ ਦਰਵਾਜ਼ੇ ਸਾਰੇ ਵਰਗਾਂ, ਜਾਤੀਆਂ ਅਤੇ ਨਸਲਾਂ ਲਈ ਖੋਲ੍ਹ ਦਿੱਤੇ ਪਰੰਤੂ ਉਹ ਆਪਣੇ ਦਰਸ਼ਨ ਦੀ ਸੀਮਾ ਅਤੇ ਮਜ਼ਬੂਰੀ ਕਾਰਨ ਤੰਗਦਿਲ, ਸਵਾਰਥੀ, ਅਵਸਰਵਾਦੀ ਅਤੇ ਨਿਕਟ-ਦਰਸ਼ੀ ਵਿਅੱਕਤਿੱਤਵ ਹੀ ਪੈਦਾ ਕਰ ਸਕੀ ।

## 2.3. ਸਾਰਾਂਸ਼

ਸਾਰੀ ਚਰਚਾ ਤੋਂ ਸਿੱਟਾ ਨਿਕਲਦਾ ਹੈ ਕਿ ਆਪਣੇ ਪ੍ਰਤਿਭਾਸ਼ਾਲੀ ਤੇ ਬਲਵਾਨ ਭਾਰਤੀ ਦਰਸ਼ਨ ਤੇ ਆਧਾਰਤ ਭਾਰਤੀ ਸਿੱਖਿਆ ਆਪਣੇ ਜੋਬਨ ਸਮੇਂ ਵਿਸ਼ਾਲ ਅਤੇ ਸਰਬਵਿਆਪੀ ਸੀ ਜਿਸ ਵਿੱਚ ਸਮਾਜ ਦਾ ਹਰ ਵਰਗ ਸ਼ਾਮਲ ਸੀ । ਇਹ ਸਿੱਖਿਆ ਨਾਗਰਿਕਾਂ ਦੀ ਆਚਰਨ ਉਸਾਰੀ ਵਿਅੱਕਤਿਤਵ ਵਿਕਾਸ ਉੱਤਮ ਜੀਵਨ ਮੁੱਲਾਂ ਦੀ ਉਤਪਤੀ

ਅਤੇ ਉਪਯੋਗੀ ਸਿਖਲਾਈ ਲਈ ਪੂਰਨ ਤੌਰ ਤੇ ਸਫਲ ਸੀ। ਇਸ ਸਿੱਖਿਆ ਨੇ ਵਿਅਕਤੀਆਂ ਵਿੱਚ ਸਵੈ-ਅਨੁਸ਼ਾਸਨ ਅਤੇ ਕਰਤੱਵ ਪਾਲਣਾ ਜਿਹੀਆਂ ਪਾਵਨ ਭਾਵਨਾਵਾਂ ਨੂੰ ਉਜਾਗਰ ਕੀਤਾ। ਇਸਨੇ ਆਪਣੇ ਤੇਜੱਸਵੀ ਸੱਭਿਆਚਾਰਕ ਵਿਰਸੇ ਨੂੰ ਸੰਭਾਲਿਆ ਹੀ ਨਹੀਂ ਸਗੋਂ ਇਸਨੂੰ ਸਮ੍ਰਿੱਧ ਵੀ ਕੀਤਾ। ਇਸ ਸਮੇਂ ਮਹਾਨ ਵਿਦਵਾਨ ਅਤੇ ਚਿੰਤਕ ਪੈਦਾ ਹੋਏ ਜਿਨ੍ਹਾਂ ਨੇ ਦਰਸ਼ਨ, ਤਰਕ, ਗਣਿਤ ਖਗੋਲ ਵਿਗਿਆਨ ਅਤੇ ਚਕਿੱਤਸਾ ਦੇ ਖੇਤਰਾਂ ਵਿੱਚ ਅੰਤਰਰਾਸ਼ਟਰੀ ਪ੍ਰਸਿੱਧੀ ਹਾਸਲ ਕੀਤੀ। ਇਸ ਸਿੱਖਿਆ ਤੋਂ ਵਣਜ, ਦਸਤਕਾਰੀ ਅਤੇ ਉਪਯੋਗੀ ਕਲਾਵਾਂ ਵਿੱਚ ਵਿਸ਼ੇਸ਼ੱਗਤਾ ਗ੍ਰਹਿਣ ਕਰਕੇ ਭਾਰਤੀਆਂ ਨੇ ਆਪਣੇ ਦੇਸ਼ ਨੂੰ ਧੰਨ ਦੌਲਤ ਨਾਲ ਮਾਲੋਮਾਲ ਕੀਤਾ। ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਦੇ ਉਦੇਸ਼, ਸਿਧਾਂਤ ਅਤੇ ਧਾਰਨਾਵਾਂ ਅਜੇ ਵੀ ਉਪਯੋਗੀ ਅਤੇ ਸਾਕਾਰਥ ਹਨ।

Sri Satguru Jagjit Singh Ji eLibrary NamdhariElibrary@gmail.com

## ਟਿੱਪਣੀਆਂ ਤੇ ਹਵਾਲੇ


1. ਆਰ.ਡੀ. ਨਿਰਾਕਾਰੀ(ਡਾ.) ਭਾਰਤੀ ਦਰਸ਼ਨ, ਪੰਨਾ- 4.
2. ਪ੍ਰਕਾਸ਼ ਨਾਰਾਇਣ ਚੋਪੜਾ, ਭਾਰਤੀ ਦਰਸ਼ਨ, ਪੰਨਾ- 4.
3. ਐਮ. ਹਿਰਿਯੰਨਾ, ਭਾਰਤੀਯ ਦਰਸ਼ਨ ਕੀ ਰੂਪਰੇਖਾ, ਪੰਨਾ- 15.
   —ਅਨੁ. ਗੋਵਰਧਨ ਭੱਟ(ਡਾ.)
4. -ਉਹੀ-, ਪੰਨਾ- 158.
5. -ਉਹੀ-, ਪੰਨਾ- 151.
6. ਵਿਸ਼ੰਭਰ ਨਾਥ ਉਪਾਧਿਆਇ, ਹਿੰਦੀ ਸਾਹਿਤਯ ਕੀ ਦਾਰਸ਼ਨਿਕ ਪ੍ਰਿਸ਼ਠਭੂਮੀ, ਪੰਨਾ- 57 .
7. ਰਾਧਾਕ੍ਰਿਸ਼ਨਨ(ਡਾ.) ਅਨੁ. ਨੰਦ ਕਿਸ਼ੋਰ ਗੋਭਿਲ, ਭਾਰਤੀਯ ਦਰਸ਼ਨ, ਪੰਨਾ- 29.
8. ਆਰ.ਡੀ. ਨਿਰਾਕਾਰੀ(ਡਾ.) , ਭਾਰਤੀ ਦਰਸ਼ਨ, ਪੰਨਾ- 196.
9. ਐਮ. ਹਿਰਿਯੰਨਾ, ਅਨੁ. ਗੋਵਰਧਨ ਭੱਟ(ਡਾ.) ਭਾਰਤੀਯ ਦਰਸ਼ਨ ਕੀ ਰੂਪ-ਰੇਖਾ, ਪੰਨਾ-111.
10. ਆਰ.ਡੀ. ਨਿਰਾਕਾਰੀ(ਡਾ.), ਭਾਰਤੀ ਦਰਸ਼ਨ, ਪੰਨਾ- 217.
11. ਆਚਾਰੀਆ ਸ਼ੁਕਲ, ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ- 20.
12. ਆਰ.ਡੀ. ਨਿਰਾਕਾਰੀ(ਡਾ.) ਭਾਰਤੀ ਦਰਸ਼ਨ, ਪੰਨਾ- 240.
13. ਰਾਧਾ ਕ੍ਰਿਸ਼ਨਨ(ਡਾ.) ਅਨੁ. ਨੰਦ ਕਿਸ਼ੋਰ ਗੋਭਿਲ, ਭਾਰਤੀਯ ਦਰਸ਼ਨ, ਪੰਨਾ- 422.
14. ਆਰ.ਡੀ. ਨਿਰਾਕਾਰੀ(ਡਾ.) ਭਾਰਤੀ ਦਰਸ਼ਨ, ਪੰਨਾ- 249.
15. ਰਾਧਾ ਕ੍ਰਿਸ਼ਨਨ(ਡਾ.) ਅਨੁ. ਨੰਦ ਕਿਸ਼ੋਰ ਗੋਭਿਲ, ਭਾਰਤੀਯ ਦਰਸ਼ਨ, ਪੰਨਾ-423.
16. ਐਮ.ਵਰਮਾ, ਦ ਫਿਲਾਸਫੀ ਆਫ ਇੰਡੀਅਨ ਐਜੂਕੇਸ਼ਨ, ਪੰਨਾ- 41.
17. ਰਿਗਵੇਦ, 1.164.46.
18. ਛਾਂਦੋਗਯ ਉਪਨਿਸ਼ਦ
19. ਸ਼ੰਕਰਭਾਸ਼ਯ; 4:3,14.
20. ਆਰ.ਡੀ. ਨਿਰਾਕਾਰੀ(ਡਾ.) ਭਾਰਤੀ ਦਰਸ਼ਨ, ਪੰਨਾ- 256.


Sri Satguru Jagjit Singh Ji eLibrary NamdhariElibrary@gmail.com

21. ਐਮ. ਹਿਰਿਯੰਨਾ ਅਨੁ. ਗੋਵਰਧਨ ਭੱਟ(ਡਾ.) ਭਾਰਤੀਯ ਦਰਸ਼ਨ ਕੀ ਰੂਪਰੇਖਾ, ਪੰਨਾ-395.

22. -ਉਹੀ-, ਪੰਨਾ 380.

23. ਰਿਗਵੇਦ, 3.55.10, 8.58.2, 1.164.46.

24. ਅਥਰਵਵੇਦ, 10.2.25; 10.8.44.

25. ਯਜੁਰਵੇਦ, 10.28, 23.48, 32.1.

26. ਛਾਂਦੋਗਯ ਉਪਨਿਸ਼ਦ, 3.14.1, 7.26.1.

27. ਮੁੰਡਕ ਉਪਨਿਸ਼ਦ, 2.2.11.

28. ਕਠੋਪਨਿਸ਼ਦ, 2.2.15.

29. ਭਗਵਤਗੀਤਾ, 7.6.11.

30. ਬ੍ਰਹਮਸੂਤ੍ਰਭਾਸ਼ਯ, 1.4.23.

31. ਦਾ ਡਿਵਾਇਨ ਲਾਈਫ, ਏ ਜਰਨਲ ਆਫ ਦਾ ਡਿਵਾਇਨ ਲਾਈਫ ਸੁਸਾਇਟੀ, ਪੰਨਾ-2.

32. ਏ.ਐਨ. ਭੱਟਾਚਾਰੀਆ, ਦਰਸ਼ਨ ਇੰਟਰਨੈਸ਼ਨਲ ਕੁਆਰਟਰਲੀ, ਜੁਲਾਈ-1995, ਪੰਨਾ-75.

33. ਮੁਨਸ਼ੀ ਰਾਮ ਸ਼ਰਮਾ(ਸੰਪਾ.), ਵੈਦਿਕ ਚਿੰਤਾਮਣੀ, ਪੰਨਾ- 90.

34. ਸ੍ਰੀਭਾਸ਼ਯ, 2.3.41.

35. ਬ੍ਰਹਮ ਪਰ ਰਾਮਾਨੁਜਭਾਸ਼ਯ, 2.3.42.

36. ਰਾਧਾਕ੍ਰਿਸ਼ਨਨ(ਡਾ.) ਅਨੁ. ਨੰਦ ਕਿਸ਼ੋਰ ਗੋਭਿਲ, ਭਾਰਤੀਯ ਦਰਸ਼ਨ, ਪੰਨਾ- 403.

37. ਸ਼ਤਪਥ ਬ੍ਰਾਹਮਣਯ, 4.2.5.3, 4.22.1, 6.7.1.20, 16.7.3.15.

38. ਐਤਰੇਯ ਆਰਣਿਯਕ, 3.2.3.

39. ਭਗਵਤ ਗੀਤਾ(13.31) ਐਨ ਐਕਸੇਗੇਟੀਕਲ ਕੋਮੈਂਟਰੀ ਬਾਈ ਰੋਬਰਟ ਐਨ, ਮਾਈਨਰ, ਪੰਨਾ- 401.

40. ਬ੍ਰਹਮਸੂਤ੍ਰਭਾਸ਼ਯ, 1.4.10.

41. ਰਾਹੁਲ ਸੰਕ੍ਰਿਤਯਾਯਨ, ਦਰਸ਼ਨ- ਦਿਗਦਰਸ਼ਨ, ਪੰਨਾ- 514.


Sri Satguru Jagjit Singh Ji eLibrary NamdhariElibrary@gmail.com

42. ਮਨਮੋਹਨ ਸਹਿਗਲ(ਡਾ.) ਗੁਰੂ ਗ੍ਰੰਥ ਸਾਹਿਬ-ਇੱਕ ਸਭਿਆਚਾਰਕ ਸਰਵੇਖਣ, ਪੰਨਾ- 274.

43. ਐਮ. ਹਿਰਿਯੰਨਾ, ਅਨੁ. ਗੋਵਰਧਨ ਭੱਟ(ਡਾ.) ਭਾਰਤੀਯ ਦਰਸ਼ਨ ਕੀ ਰੂਪਰੇਖਾ, ਪੰਨਾ-133.

44. ਭਗਵਤ ਗੀਤਾ, 8.17, 8.18.

45. ਐਮ.ਵਰਮਾ, ਦਾ ਫਿਲਾਸਫੀ ਆਫ ਇੰਡੀਅਨ ਐਜੂਕੇਸ਼ਨ, ਪੰਨਾ- 43.

46. ਰਾਧਾਕ੍ਰਿਸ਼ਨਨ(ਡਾ.) ਅਨੁ. ਨੰਦ ਕਿਸ਼ੋਰ ਗੋਭਿਲ, ਭਾਰਤੀਯ ਦਰਸ਼ਨ, ਪੰਨਾ-346.

47. ਐਮ.ਹਿਰਿਯੰਨਾ, ਅਨੁ. ਗੋਵਰਧਨ ਭੱਟ(ਡਾ.) ਭਾਰਤੀਯ ਦਰਸ਼ਨ ਕੀ ਰੂਪਰੇਖਾ, ਪੰਨਾ -15.

48. ਰਾਧਾਕ੍ਰਿਸ਼ਨਨ(ਡਾ.) ਅਨੁ. ਨੰਦ ਕਿਸ਼ੋਰ ਗੋਭਿਲ, ਭਾਰਤੀਯ ਦਰਸ਼ਨ, ਪੰਨਾ- 23.

49. ਐਮ. ਹਿਰਿਯੰਨਾ, ਅਨੁ. ਗੋਵਰਧਨ ਭੱਟ(ਡਾ.) ਭਾਰਤੀਯ ਦਰਸ਼ਨ ਕੀ ਰੂਪਰੇਖਾ, ਪੰਨਾ -73.

50. ਬਲਦੇਵ ਉਪਾਧਿਆਇ, ਭਾਰਤੀਯ ਦਰਸ਼ਨ, ਪੰਨਾ- 13.

51. ਰਾਧਾਕ੍ਰਿਸ਼ਨਨ(ਡਾ.) ਅਨੁ. ਨੰਦ ਕਿਸ਼ੋਰ ਗੋਭਿਲ, ਪੂਰਬ ਅਤੇ ਪੱਛਮ, ਪੰਨਾ- 38.

52. ਇਕਬਾਲ ਨਾਰਾਇਣ ਚੋਪੜਾ, ਭਾਰਤੀ ਦਰਸ਼ਨ, ਪੰਨਾ- 5.

53. ਸਤੀਸ਼ ਚੰਦਰ ਚੈਟਰਜੀ ਤੇ ਧੀਰੇਂਦਰ ਮੋਹਨ ਦੱਤ; ਐਨ ਇੰਟਰੋਡਕਸ਼ਨ ਟੂ ਇੰਡੀਅਨ ਫਿਲਾਸਫੀ, ਪੰਨਾ- 9.

54. ਮੈਕਸਮੂਲਰ, ਸਿਕਸ ਸਿਸਟਮਜ਼ ਆਫ ਇੰਡੀਅਨ ਫਿਲਾਸਫੀ, ਪੰਨਾ- 370.

55. ਐਸਥੈਟਿਕ ਲਿਟਰੇਚਰ ਇਨ ਐਂਸ਼ੈਂਟ ਇੰਡੀਆ, ਕਲਕੱਤਾ, ਪੰਨਾ- 3.

56. ਮੈਕਸਮੂਲਰ, ਸਿਕਸ ਸਿਸਟਮਜ਼ ਆਫ ਇੰਡੀਅਨ ਫਿਲਾਸਫੀ, ਪੰਨਾ- 17.

57. ਏ. ਲਕਸ਼ਮਨ ਸਵਾਮੀ ਮੁਦਾਲਿਅਰ, ਐਜੂਕੇਸ਼ਨ ਇਨ ਇੰਡੀਆ, ਪੰਨਾ- 20.

58. ਏ.ਐਸ. ਅਲਟੇਕਰ, ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 259-60.

50. ਵੀ.ਪੀ. ਮੈਕਿਲ, ਦਾ ਹਿਸਟਰੀ ਆਫ ਐਜੂਕੇਸ਼ਨ ਇਨ ਇੰਡੀਆ(ਆਰੀਅਨ ਪੀਰਿਅਡ) ਪੰਨਾ- 371.

60. ਆਰ.ਸੀ. ਦੱਤ, ਹਿਸਟਰੀ ਆਫ ਸਿਵਿਲਾਈਜ਼ੇਸ਼ਨ ਇਨ ਐਂਸ਼ੈਂਟ ਇੰਡੀਆ, 1890.

61. ਏ.ਐਸ. ਅਲਟੇਕਰ, ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 144.

Sri Satguru Jagjit Singh Ji eLibrary NamdhariElibrary@gmail.com

63. ਐਨ.ਐਨ. ਮਜ਼ੂਮਦਾਰ, ਏ ਹਿਸਟਰੀ ਆਫ ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 57.

64. ਭਾਨੂ ਪ੍ਰਤਾਪ ਸਿੰਘ, ਏਮਜ਼ ਆਫ ਐਜੂਕੇਸ਼ਨ ਇਨ ਇੰਡੀਆ, ਪੰਨਾ- 22.

65. ਏ.ਐਸ. ਅਲਟੇਕਰ, ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 237.

66. ਟੀ.ਆਰ. ਸ਼ਰਮਾ, ਭਾਰਤੀ ਸਿੱਖਿਆ ਤੇ ਇਸਦੀਆਂ ਸਮੱਸਿਆਵਾਂ, ਪੰਨਾ- 38.

67. ਰਾਧਾ ਕ੍ਰਿਸ਼ਨਨ(ਡਾ.) ਇੰਡੀਅਨ ਫਿਲਾਸਫੀ ਪਾਰਟ-1, ਪੰਨਾ- 470.

68. ਭਾਨੂ ਪ੍ਰਤਾਪ ਸਿੰਘ, ਏਮਜ਼ ਆਫ ਐਜੂਕੇਸ਼ਨ ਇਨ ਇੰਡੀਆ, ਪੰਨਾ- 61.

69. ਆਰ.ਕੇ. ਮੁਖਰਜੀ, ਐਂਸ਼ੈਂਟ ਇੰਡੀਅਨ ਐਜੂਕੇਸ਼ਨ, ਪੰਨਾ- 22.

70. ਹਿਮਾਂਸ਼ੂ ਕਬੀਰ, ਇੰਡੀਅਨ ਫਿਲਾਸਫੀ ਆਫ ਐਜੂਕੇਸ਼ਨ, ਪੰਨਾ- 172.

71. ਆਰ.ਕੇ. ਮੁਖਰਜੀ, ਐਂਸ਼ੈਂਟ ਇੰਡੀਅਨ ਐਜੂਕੇਸ਼ਨ, ਪੰਨਾ- 24.

72. ਪੁਰਣਚੰਦ ਉਪਾਧਿਆਇ, ਵੈਦਿਕ ਸੰਸਕ੍ਰਿਤੀ ਕਾ ਵਿਸ਼ਵਕੋਸ਼, ਪੰਨਾ- 158.

73. ਮਨਮੋਹਨ ਸਹਿਗਲ(ਡਾ.) ਗੁਰੂ ਗ੍ਰੰਥ ਸਾਹਿਬ-ਇੱਕ ਸਭਿਆਚਾਰਕ ਸਰਵੇਖਣ, ਪੰਨਾ- 716.

74. ਹਿਮਾਂਸ਼ੂ ਕਬੀਰ, ਇੰਡੀਅਨ ਫਿਲਾਸਫੀ ਆਫ ਐਜੂਕੇਸ਼ਨ, ਪੰਨਾ- 177.

75. ਐਸ.ਪੀ. ਸਰਕਾਰ(ਡਾ.) ਐਜੂਕੇਸ਼ਨਲ ਆਇਡਆਜ਼ ਐਂਡ ਇੰਸਟੀਚਿਊਸ਼ਨਜ਼ ਇਨ ਐਂਸ਼ੈਂਟ ਇੰਡੀਆ, ਪੰਨਾ- 2.

76. ਵੇਦ ਮਿੱਤਰਾ (ਡਾ.) ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 56.

77. ਮਹਾਂਭਾਰਤ, 12.321.78.

78. ਪੀ.ਐਚ. ਪ੍ਰਭੂ, ਹਿੰਦੂ ਸੋਸ਼ਲ ਆਰਗੇਨਾਈਜ਼ੇਸ਼ਨ, ਪੰਨਾ- 117.

79. ਏ.ਐਸ. ਅਲਟੇਕਰ, ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 7.

80. ਹਿਮਾਂਸ਼ੂ ਕਬੀਰ, ਇੰਡੀਅਨ ਫਿਲਾਸਫੀ ਆਫ ਐਜੂਕੇਸ਼ਨ, ਪੰਨਾ- 174.

81. ਸੁਭਾਸ਼ਿਤਾ ਰਤਨ ਭੰਡਾਰ, ਪੰਨਾ- 30.

82. ਵੇਦ ਮਿੱਤਰਾ (ਡਾ.), ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 102.

83. ਬ੍ਰਹਦਾਰਣਯਕ, 4.4.21.


Sri Satguru Jagjit Singh Ji eLibrary NamdhariElibrary@gmail.com

84. ਛੰਦੋਗਯ, 7,1.

85. ਸੁਭਾਸ਼ਿਤਾ ਰਤਨ ਭੰਡਾਰ, 5.2. ਪੰਨਾ- 30.

86. ਭਾਨੂ ਪ੍ਰਤਾਪ ਸਿੰਘ, ਏਮਜ਼ ਆਫ ਐਜੂਕੇਸ਼ਨ ਇੰਨ ਇੰਡੀਆ, ਪੰਨਾ- 39.

87. ਐਮ. ਕ੍ਰਿੰਡਲ, ਐਂਸ਼ੈਂਟ ਇੰਡੀਆ ਐਜ਼ ਡਿਸਕਰਾਈਬਡ ਬਾਈ ਮੈਗਸਥਨੀਜ਼ ਐਂਡ ਆਰੀਅਨ, 1926.

88. ਵਾਟਰਜ਼, ਆਨ ਯੂਆਂਗ ਚਵਾਂਗਜ਼ ਟਰੈਵਲਜ਼ ਇੰਨ ਇੰਡੀਆ ਵਾਲਿਯੂਮ-1, ਪੰਨਾ- 171.

89. ਐਲ, ਅਦਰੀਸੀ, ਇਲੀਅਟ, ਹਿਸਟਰੀ ਵਾਲੀਯੂਮ- 1, ਪੰਨਾ- 88.

90. ਮਾਰਕੋਪੋਲੋ- ਕਾਰਡੀਅਰ, ਯੂਲਜ਼ ਟਰੈਵਲਜ਼ ਆਫ਼ ਮਾਰਕੋਪੋਲੋ, 1926.

91. ਸਚਾਊ, ਐਲਬਰੂਨੀਜ਼ ਇੰਡੀਆ ਵਾਲੀਯੂਮ-1, ਪੰਨਾ- 22-23.

92. ਸ਼ੰਕਰ ਦਿਆਲ ਸ਼ਰਮਾ (ਡਾ.) ਹਾਰੀਜਨਜ਼ ਆਫ ਇੰਡੀਅਨ ਐਜੂਕਸ਼ੇਨ, ਪੰਨਾ- 8.

93. ਜਵਾਹਰ ਲਾਲ ਨਹਿਰੂ, ਗਲਿਮਪਸਸ ਆਫ਼ ਵਰਡ ਹਿਸਟਰੀ, ਪੰਨਾ- 155, 157.

94. ਐਸ.ਏ. ਜ਼ਾਫਰ, ਐਜੂਕੇਸ਼ਨ ਇੰਨ ਮੁਸਲਿਮ ਇੰਡੀਆ, ਪੰਨਾ- 145.

95. ਭਾਨੂ ਪ੍ਰਤਾਪ ਸਿੰਘ, ਏਮਜ਼ ਆਫ਼ ਐਜੂਕੇਸ਼ਨ ਇੰਨ ਇੰਡੀਆ, ਪੰਨਾ- 80.

---

Sri Satguru Jagjit Singh Ji eLibrary NamdhariElibrary@gmail.com

## ਅਧਿਆਇ ਤੀਜਾ

## ਭਗਤਾਂ ਦਾ ਸਿੱਖਿਆ ਦਰਸ਼ਨ

Sri Satguru Jagjit Singh Ji eLibrary NamdhariElibrary@gmail.com

## ਭਗਤ ਸਿੱਖਿਆ ਦਰਸ਼ਨ

ਪਿਛਲੇ ਅਧਿਆਇ ਵਿੱਚ ਅਸੀਂ ਸਥਾਪਿਤ ਕਰ ਚੁੱਕੇ ਹਾਂ ਕਿ ਭਾਰਤੀ ਸਿੱਖਿਆ ਜੋ ਕਿ ਵੈਦਿਕ ਕਾਲ ਵਿੱਚ ਪ੍ਰਭੁਤਾਸੰਪਨ, ਵਿਆਪਕ ਤੇ ਪ੍ਰਤਿਭਾਸ਼ਾਲੀ ਸੀ, ਪਹਿਲਾਂ ਬ੍ਰਾਹਮਣਵਾਦੀ ਕੱਟੜਤਾ ਅਤੇ ਫਿਰ ਇਸਲਾਮਿਕ ਦਰਸ਼ਨ ਦੀ ਕੰਗਾਲੀ ਤੇ ਮੁਸਲਿਮ ਸ਼ਾਸਕਾਂ ਦੀ ਸੰਕੀਰਣਤਾ ਦਾ ਸ਼ਿਕਾਰ ਹੁੰਦਿਆਂ ਬਾਰ੍ਹਵੀਂ ਸਦੀ ਤੱਕ ਅਤਿ ਨਿਚਲੇ ਪੱਧਰ ਤੇ ਪੁੱਜ ਗਈ ਸੀ। ਲਗਭਗ ਇਸ ਸਮੇਂ ਹੀ ਭਾਰਤ ਵਿੱਚ ਇੱਕ ਅਜਿਹੇ ਕ੍ਰਾਂਤੀ ਅੰਦੋਲਨ ਨੇ ਜਨਮ ਲਿਆ ਜਿਸਦੇ ਸੂਤਰਧਾਰਾਂ ਦੁਆਰਾ ਰਚਿਆ ਰੂਹਾਨੀ ਸਾਹਿਤ ਅੱਜ ਵੀ ਮਨੁੱਖਤਾ ਲਈ ਚਾਨਣਮੁਨਾਰਾ ਤੇ 'ਜਲਦੀ ਹੋਈ ਮਿਸ਼ਾਲ' ਹੈ। ਇਨ੍ਹਾਂ ਅਧਿਆਤਮਿਕ ਸਮਾਜਸੇਵੀਆਂ ਨੇ ਜਿੱਥੇ ਅਗਿਆਨੀ ਤੇ ਪੀੜਿਤ ਜਨਸਾਧਾਰਨ ਨੂੰ ਉਸਦੇ ਅਮੀਰ ਸੱਭਿਆਚਾਰਕ ਵਿਰਸੇ ਤੋਂ ਅਵਗਤ ਕਰਵਾਇਆ ਉਥੇ ਧਾਰਮਿਕ ਵਿਤੰਡਨਾਵਾਂ ਦਾ ਵੀ ਪਰਦਾਫਾਸ਼ ਕੀਤਾ।

ਸਮਕਾਲੀ ਸਾਹਿਤ ਲੋਕਾਂ ਦੀ ਚਿੱਤਵ੍ਰਿਤੀ ਦਾ ਸੰਚਿਤ ਪ੍ਰਤੀਬਿੰਬ ਹੁੰਦਾ ਹੈ। ਇਹ ਚਿੱਤਵ੍ਰਿਤੀ ਤਤਕਾਲੀਨ ਰਾਜਨੀਤਿਕ ਸਮਾਜਿਕ ਤੇ ਆਰਥਿਕ ਪ੍ਰਸਥਿਤੀਆਂ ਦੇ ਅਨੁਕੂਲ ਹੁੰਦੀ ਹੈ। ਇਸ ਪ੍ਰਕਾਰ ਕਿਸੇ ਯੁੱਗ ਦੀ ਸਾਹਿਤਿਕ ਚੇਤਨਾ ਉਸਦੀ ਇਤਿਹਾਸਕ ਪਿੱਠ-ਭੂਮੀ ਦੀ ਉੱਦਭੂਤੀ ਹੀ ਹੁੰਦੀ ਹੈ। ਇਸ ਲਈ ਕਿਸੇ ਸਮੇਂ ਦੇ ਸਾਹਿਤ ਦਾ ਅਨੁਸ਼ੀਲਨ ਤੇ ਮੁਲੰਕਣ ਉਸਦੀ ਪਿੱਠਭੂਮੀ ਦੇ ਸਾਮਿਅਕ ਪ੍ਰੀਖਣ ਦੀ ਰੋਸ਼ਨੀ ਵਿਚ ਹੀ ਉਪਯੁਕਤ ਹੋ ਸਕਦਾ ਹੈ। ਭਗਤਾਂ ਦੀਆਂ ਰਚਨਾਵਾਂ ਦਾ ਵਿਸ਼ਲੇਸ਼ਣ ਅਤੇ ਸਮੀਖਿਆ ਕਰਨ ਤੋਂ ਪਹਿਲਾਂ ਬਾਹਰਵੀਂ ਸਦੀ ਦੇ ਭਾਰਤ ਦੀਆਂ ਪ੍ਰਸਥਿਤੀਆਂ ਨੂੰ ਵਾਚਣਾ ਅਨਿਵਾਰੀ ਹੈ।

### 3.1. ਸਮਕਾਲੀ ਪ੍ਰਸਥਿਤੀਆਂ

#### 3.1.1. ਰਾਜਨੀਤਿਕ ਪ੍ਰਸਥਿਤੀਆਂ

ਮੱਧਯੁੱਗ ਦਾ ਪਾਸਾਰ ਅੱਠਵੀਂ ਸਦੀ ਤੋਂ ਲੈ ਕੇ ਅਠਾਰ੍ਹਵੀਂ ਸਦੀ ਤੱਕ ਮੰਨਿਆ ਜਾਂਦਾ ਹੈ। ਪਹਿਲੇ ਪੰਜ ਸੋ ਸਾਲਾਂ ਵਿੱਚ ਇਸਲਾਮ ਦੱਖਣ; ਸਿੰਧ ਅਤੇ ਉੱਤਰ-ਪੱਛਮੀ ਸੀਮਾ ਵਲੋਂ ਭਾਰਤ ਵਿੱਚ ਕਰਦਾ ਹੋਇਆ ਪਿਛਲੇ ਪੰਜ ਸਾਲਾਂ ਵਿੱਚ ਇਹ ਧਰਮ ਰਾਜਸੱਤਾ ਦੇ ਰੂਪ ਵਿਚ ਸਾਰੇ ਭਾਰਤ ਵਿੱਚ ਫੈਲ ਗਿਆ।[1] ਗਿਆਰ੍ਹਵੀਂ ਸਦੀ

Sri Satguru Jagjit Singh Ji eLibrary NamdhariElibrary@gmail.com

ਵਿਚ ਸ਼ੁੱਧ ਧਰਮ ਤੇ ਸਾਕਤ ਮੱਤ ਤੋਂ ਉਪਜਿਆ ਤੰਤਰ ਮੰਤਰ ਬੰਗਾਲ ਵਿੱਚ, ਜੈਨਧਰਮ ਗੁਜਰਾਤ ਤੇ ਰਾਜਪੂਤਾਨੇ ਵਿੱਚ ਅਤੇ ਬ੍ਰਾਹਮਣਵਾਦ ਭਾਰਤ ਦੇ ਬਾਕੀ ਅਧਿਕਤਰ ਭਾਗਾਂ ਵਿੱਚ ਫੈਲਿਆ ਹੋਇਆ ਸੀ। ਸਾਰਾ ਉੱਤਰੀ ਭਾਰਤ ਛੋਟੀਆਂ ਛੋਟੀਆਂ ਰਿਆਸਤਾਂ ਵਿਚ ਵੰਡਿਆ ਹੋਇਆ ਸੀ। ਵੱਧ ਤੋਂ ਵੱਧ ਰਾਜਸੱਤਾ ਹਥਿਆਉਣ ਲਈ ਰਾਜੇ ਆਪੋ ਵਿਚ ਲੜਦੇ ਰਹਿੰਦੇ ਸਨ। ਹਰ ਪਾਸੇ ਰਾਜਨੀਤਿਕ ਅਸਥਿਰਤਾ ਅਤੇ ਗੈਰਵਿਸ਼ਵਾਸੀ ਵਾਲਾ ਵਾਤਾਵਰਨ ਸੀ। ਮੁਸਲਮਾਨ, ਇਸਲਾਮਿਕ ਸ਼ਾਸਨ ਦੇ ਚਹੇਤੇ ਅਤੇ ਹਿੰਦੂ ਮਤਰੇਏ ਪੁੱਤਰ ਸਨ। ਗੁਰੂ ਨਾਨਕ ਦੇਵ ਜੀ[2] ਤਤਕਾਲੀਨ ਸ਼ਾਸਕਾਂ ਨੂੰ ਕਸਾਈ, ਸੀਂਹ, ਕੁੱਤੇ, ਪਾਪੀ, ਲੋਭੀ ਤੇ ਕੂੜ ਆਖਦਿਆਂ ਉਸ ਸਮੇਂ ਦਾ ਯਥਾਰਥਿਕ ਚਿੱਤਰ ਉਲੀਕਿਆ ਹੈ। ਭਾਈ ਗੁਰਦਾਸ ਜੀ[3] ਰਾਜਿਆਂ ਨੂੰ ਪਰਜਾ ਨਾਲ ਪਾਪ ਕਮਾਉਣ ਵਾਲੇ ਅਤੇ ਕਾਜ਼ੀਆਂ ਨੂੰ ਰਿਸ਼ਵਤ ਲੈ ਕੇ ਗਰੀਬਾਂ ਦੇ ਹੱਕ ਮਾਰਨ ਵਾਲੇ ਆਖਦੇ ਹਨ। ਰਾਜ ਦੇ ਦੈਵੀ ਸਿਧਾਂਤ ਦੇ ਵਿਸ਼ਵਾਸੀ ਬਾਦਸ਼ਾਹਾਂ ਨੇ ਇਸਲਾਮੀ ਰਾਜ ਦਾ ਸਿੱਧਾਂਤ ਅਪਣਾਇਆ ਹੋਇਆ ਸੀ। ਉਹ ਉਲਮਾਂ ਅਤੇ ਕਾਜ਼ੀ ਦੁਆਰਾ ਕੀਤੀ ਗਈ ਕੁਰਾਨ ਦੀ ਵਿਆਖਿਆ ਦੇ ਅਨੁਕੂਲ ਰਾਜ ਕਰਦੇ ਸਨ। ਇਸ ਸਿਧਾਂਤ ਅਨੁਸਾਰ ਮੁਸਲਿਮ ਸ਼ਾਸਕਾਂ ਦਾ ਸਰਬਪ੍ਰਥਮ ਕਰਤੱਵ ਭਾਰਤ ਵਿਚ ਇਸਲਾਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਅਤੇ ਕਾਫ਼ਰਾਂ ਦਾ ਵਿਨਾਸ਼ ਕਰਨਾ ਸੀ। ਰਾਜ ਵਿਚ ਕੇਵਲ ਮੁਸਲਮਾਨਾਂ ਨੂੰ ਹੀ ਨਾਗਰਿਕਤਾ ਦੇ ਪੂਰੇ ਅਧਿਕਾਰ ਪ੍ਰਾਪਤ ਸਨ।[4] ਇਸ ਪ੍ਰਕਾਰ ਭਾਰਤਵ੍ਰਸ਼ ਦਾ ਇਹ ਪੰਜ ਸੌ ਸਾਲ ਦਾ ਰਾਜਨੀਤਿਕ ਵਾਤਾਵਰਨ ਅਤਿਅੰਤ ਅਸ਼ਾਂਤੀ ਤੇ ਅਵਿਵਸਥਾ ਵਾਲਾ ਸੀ, ਜਿਸ ਵਿੱਚ ਸੰਤਾਂ ਦਾ ਪ੍ਰਾਦੁਰਭਾਵ ਹੋਇਆ ਸੀ।[5]

### 3.1.2. ਸਮਾਜਿਕ ਪ੍ਰਸਥਿਤੀਆਂ

ਇਸ ਸਮੇਂ ਦਾ ਸਮਾਜ ਹਿੰਦੂ ਅਤੇ ਮੁਸਲਮਾਨ ਦੋ ਸਪਸ਼ਟ ਸ਼੍ਰੇਣੀਆਂ ਵਿੱਚ ਵੰਡਿਆ ਹੋਇਆ ਸੀ। ਨਿਮਨ ਵਰਗ ਦੇ ਆਮ ਲੋਕ ਇੱਕ ਪਾਸੇ ਤਾਂ ਮੁਗ਼ਲ ਹੁਕਮਰਾਨਾਂ ਦੇ ਜ਼ੁਲਮਾਂ ਥੱਲੇ ਕੁਚਲੇ ਜਾ ਰਹੇ ਸਨ ਤਾਂ ਦੂਜੇ ਪਾਸੇ ਉਨ੍ਹਾਂ ਦੇ ਆਪਣੇ ਹੀ ਉੱਚ-ਜਾਤੀ ਬ੍ਰਾਹਮਣ ਘਿਰਣਾ ਦੀ ਨਜ਼ਰ ਨਾਲ ਵੇਖਦੇ ਸਨ। ਸਮਾਜ ਵਿੱਚ ਵਰਣ-ਆਸ਼ਰਮ ਦੀ ਪਵਿੱਤਰਤਾ ਅਤੇ ਨੈਤਿਕ ਮੁੱਲਾਂ ਦੀ ਕੋਈ ਕਦਰ ਨਹੀਂ ਸੀ। ਉੱਚ-ਨੀਚ ਦੀਆਂ ਭਾਵਨਾਵਾਂ ਦੇ ਵਿਸ਼ੈਲੇ ਜ਼ੀਟਾਣੂਆਂ ਨੇ ਸਮਾਜਿਕ ਜੀਵਨ ਨੂੰ ਜਰਜਿਤ ਕਰਨ ਅਤੇ ਈਰਖਾ ਦਵੈਸ਼ ਤੇ ਕਲੇਸ਼ ਨੇ ਮਨੁੱਖੀ ਭਾਵਨਾਵਾਂ ਨੂੰ ਮੁਰਦਾ ਬਣਾਉਣ ਵਿੱਚ ਕੋਈ ਕਸਰ ਨਹੀਂ ਸੀ ਛੱਡੀ।[6]

Sri Satguru Jagjit Singh Ji eLibrary NamdhariElibrary@gmail.com

ਹਿੰਦੂ ਸਮਾਜ ਨੂੰ ਮੂਰਤੀ-ਪੂਜਾ, ਜਪ-ਤਪ, ਤੀਰਥ ਤੇ ਅੰਡਬਰ ਆਦਿ ਅਧਿਕਾਰ ਵੱਲ ਲਿਜਾ ਰਹੇ ਸਨ। ਇਸ ਚਿੰਨ੍ਹਵਾਦੀ ਧਾਰਮਿਕ ਭਿੰਨਤਾ ਕਾਰਨ ਦੋਵਾਂ ਫ਼ਿਰਕਿਆਂ ਵਿਚਕਾਰ ਦੂਰੀ ਨਿਰੰਤਰ ਵਧਦੀ ਜਾ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਤਤਕਾਲੀਨ ਸਮਾਜਿਕ ਨਿਘਾਰ ਦਾ ਬਿਰਤਾਂਤ ਆਪਣੀ ਬਾਣੀ ਵਿਚ ਕਰਦੇ ਹੋਏ ਲਿਖਦੇ ਹਨ ਕਿ ਹਿੰਦੂਆਂ ਨੇ ਲਾਲਚ ਵੱਸ ਜਾਂ ਮਜ਼ਬੂਰੀ ਅਧੀਨ ਜਾਂ ਅਗਿਆਨਤਾ ਕਾਰਨ ਆਪਣੇ ਧਰਮ, ਲਿਬਾਸ, ਸੱਭਿਆਚਾਰ ਤੇ ਬੋਲੀ ਦਾ ਤਿਆਗ ਕਰਕੇ ਇਸਲਾਮ ਗ੍ਰਹਿਣ ਕਰਨਾ ਆਰੰਭ ਦਿੱਤਾ ਸੀ। ਇਸ ਸਮਾਜ ਵਿੱਚ ਇਸਤ੍ਰੀ ਦੀ ਦਸ਼ਾ ਅੱਤ ਤਰਸਯੋਗ ਹੋ ਗਈ ਸੀ ।[7] ਭਾਈ ਗੁਰਦਾਸ ਵੀ ਆਪਣੀਆਂ ਵਾਰਾਂ ਵਿੱਚ ਸਮਾਜਿਕ ਬਦਅਮਨੀ, ਤੰਤਰਾਂ-ਮੰਤਰਾਂ, ਪਾਖੰਡਾਂ , ਪਰਸਪਰ ਘਿਰਣਾ ਚਾਰ ਵਰਨਾਂ, ਚਾਰ ਆਸ਼ਰਮਾਂ, ਦਸ ਪ੍ਰਕਾਰ ਦੇ ਸੰਨਿਆਸੀਆਂ ਤੇ ਜੋਗੀਆਂ ਦੇ ਬਾਰਾਂ ਪੰਥਾਂ ਵਿਚਕਾਰ ਖਿੱਚੋਤਾਣ ਅਤੇ ਸੱਚ ਤੋਂ ਕਿਨਾਰਾ ਕਰਨ ਦਾ ਵਿਸਥਾਰ ਸਹਿਤ ਵਿਵਰਣ ਕਰਦੇ ਹਨ।[8] ਇਨ੍ਹਾਂ ਸਮਾਜਿਕ ਨਿਘਾਰਾਂ ਕਾਰਣ ਹਿੰਦੂਆਂ ਵਿਚ ਪਰਦਾ ਅਤੇ ਬਾਲ ਵਿਆਹ ਜਿਹੀਆਂ ਕੁਰੀਤੀਆਂ ਪਨਪ ਗਈਆਂ ਸਨ ।

### 3.1.3. ਧਾਰਮਿਕ ਜਾਂ ਪੰਥਕ ਪ੍ਰਸਥਿਤੀਆਂ

ਬਾਰ੍ਹਵੀਂ ਸਦੀ ਤੱਕ ਬੁੱਧ ਮੱਤ ਦੀਆਂ ਵਿਭਿੰਨ ਸ਼ਾਖਾਵਾਂ ਵਿਚੋਂ ਨਿਕਲੇ ਸਿੱਧ-ਮੱਤ ਤੇ ਨਾਥ-ਮੱਤ ਵੀ ਭਾਵੇਂ ਭਾਰਤੀ ਮੁੱਖ ਧਾਰਾ ਵਿਚੋਂ ਅਲੋਪ ਹੋ ਰਹੇ ਸਨ ਪਰੰਤੂ ਜਨ-ਸਾਧਾਰਨ ਦੀ ਮਾਨਸਿਕਤਾ ਉੱਤੇ ਉਨ੍ਹਾਂ ਦਾ ਪ੍ਰਭਾਵ ਅਜੇ ਵੀ ਕਾਇਮ ਸੀ। ਜਿੱਥੇ ਕੁਝ ਸਿੱਧਾਂ ਨੇ ਮਾਸ ਤੇ ਮਦਿਰਾ ਦੀ ਵਰਤੋਂ ਅਤੇ ਮੈਥੁਨ ਮੁਦਰਾਵਾਂ ਨਾਲ ਭਾਰਤੀ ਸਮਾਜ ਵਿੱਚ ਦੁਰਾਚਾਰ ਨੂੰ ਫੈਲਾਇਆ ਉੱਥੇ ਨਾਥਾਂ ਨੇ ਇਸਤ੍ਰੀ ਨੂੰ "ਬਿੰਦ ਦਾ ਨਾਸ਼ ਕਰਨ ਵਾਲੀ" ਆਖ ਕੇ ਦੁਰਕਾਰਿਆ। ਨਾਥ ਵਿਸ਼ੇਸ਼ ਪ੍ਰਕਾਰ ਦੇ ਭੇਖਾਂ ਜਿਵੇਂ ਲੰਬੀਆਂ ਜਟਾਵਾਂ, ਕੰਨਾਂ ਵਿਚ ਕੁੰਡਲ, ਰੁਦ੍ਰਾਕਸ਼ ਦੀ ਮਾਲਾ, ਮੱਥੇ ਤੇ ਤ੍ਰਿਪੁੰਡ, ਕੋਪੀਨ, ਹੱਥ ਵਿਚ ਤ੍ਰਿਸ਼ੂਲ, ਸਿੰਗੀ-ਨਾਦ, ਖੱਪਰ ਅਤੇ ਭਗਵੇਂ ਕਪੜਿਆਂ ਨੂੰ ਮਹੱਤਤਾ ਦਿੰਦੇ ਸਨ। ਏਕਤਾ ਦਾ ਸਮਰਥਕ ਧਰਮ ਆਪਣੀ ਸਰਬਵਿਆਪਕਤਾ ਦਾ ਗੁਣ ਤਿਆਗ ਚੁੱਕਾ ਸੀ। ਧਰਮ ਦੇ ਨਾਂ ਤੇ ਹਿੰਦੂਆਂ ਵਿਚ ਆਡੰਬਰ, ਕਰਮਕਾਂਡ ਤੇ ਵਿਖਾਵੇ ਭਾਰੂ ਸਨ ਜਦੋਂ ਕਿ ਮੁਸਲਮਾਨ ਅੱਤਿਆਚਾਰ, ਅਨੀਤੀ

ਤੇ ਬੇਸ਼ਰਮੀ ਦੇ ਆਦੀ ਹੋ ਗਏ ਸਨ। ਪਰਮਾਤਮਾ ਜਾਂ ਖ਼ੁਦਾ ਦੇ ਨਾਂ ਤੇ ਕੀਤਾ ਗਿਆ ਕਤਲ, ਲੁੱਟਮਾਰ ਤੇ ਚੋਰੀ ਨੂੰ ਉਚਿਤ ਸਮਝਿਆ ਜਾਂਦਾ ਸੀ । ਹਰ ਪਾਸੇ ਕੂੜ ਦਾ ਪਾਸਾਰ ਸੀ। ਬ੍ਰਾਹਮਣ ਲੋਕ ਧੋਤੀ, ਟਿੱਕਾ ਅਤੇ ਜਪਮਾਲੀ ਪਹਿਨ ਕੇ ਲੋਕਾਂ ਨੂੰ ਠਗਦੇ ਸਨ। ਹਿੰਦੂ ਸਮਾਜ ਬਨਾਵਟੀ ਵਰਣ ਆਸ਼ਰਮਾਂ ਵਿੱਚ ਵੰਡਿਆ ਹੋਇਆ ਸੀ ਜਿਥੇ ਕਰਮਕਾਂਡਾਂ ਤੇ ਭੇਖਾਂ ਦੀ ਸਰਦਾਰੀ ਸੀ।[9] ਛੱਤੀ ਪ੍ਰਕਾਰ ਦੇ ਪਾਖੰਡ ,ਜੰਤਰ, ਮੰਤਰ, ਚਮਤਕਾਰ, ਰਿੱਧੀਆਂ ਤੇ ਸਿੱਧੀਆਂ ਪਨਪ ਰਹੀਆਂ ਸਨ । ਨਾਥ ਪੰਥ ਸਿੱਧ-ਜੋਗੀ ਸਾਧਕ, ਦੇਵੀ ਦੇਵਤੇ, ਭੈਰਉ, ਗੰਧਰਵ ਅਪਸਰਾਵਾਂ ਅਤੇ ਕਿੰਨਰ ਆਦਿ ਆਪਣੇ ਆਪਣੇ ਚੱਕਰਾਂ ਵਿਚ ਘੁੰਮ ਰਹੇ ਸਨ। ਹਰ ਪਾਸੇ ਡਰ ਦਾ ਬੋਲਬਾਲਾ ਸੀ ।[10]

ਲੋਕਪ੍ਰਿਯ ਹਿੰਦੂ ਧਰਮ ਖਾਣ-ਪੀਣ ਤੇ ਨਹਾਉਣ ਦੇ ਵਿਸ਼ੇਸ਼ ਵਿਧਾਨਾਂ , ਮੱਥੇ ਤੇ ਟਿੱਕਾ ਲਗਾਉਣ ਤੇ ਹੋਰ ਕਰਮਕਾਂਡਾਂ ਤੱਕ ਸੀਮਿਤ ਹੋ ਗਿਆ ਸੀ। ਸਦੀਆਂ ਦੇ ਵਿਦੇਸ਼ੀ ਕੁਸ਼ਾਸਨ ਤੇ ਅਤਿਆਚਾਰ ਨੇ ਹਿੰਦੂਆਂ ਵਿੱਚ ਨਿਰਾਸ਼ਤਾ ,ਰੂਹਾਨੀ ਅਧੋਗਤੀ ਤੇ ਖੜੋਤ ਉਤਪੰਨ ਕਰ ਦਿੱਤੀ ਸੀ ਜਿਸਨੇ ਅਤਿਅੰਤ ਦਿਲਸ਼ਕਨੀ ਨੂੰ ਜਨਮ ਦਿੱਤਾ ।[11] ਇਸਲਾਮ ਨੂੰ ਮੰਨਣ ਵਾਲੇ ਸ਼ਾਸਕਾਂ ਨੇ ਵੀ ਧਰਮ ਨੂੰ ਇੱਕ ਹੱਥਠੋਕਾ ਬਣਾਇਆ ਹੋਇਆ ਸੀ ਜਿਸ ਨਾਲ ਉਹ ਆਪਣੀਆਂ ਰਾਜਨੀਤਿਕ ਲਾਲਸਾਵਾਂ ਦੀ ਪੂਰਤੀ ਕਰਦੇ ਸਨ। ਮੁਸਲ-ਮਾਨਾਂ ਵਿੱਚ ਵੀ ਪਰਸਪਰ ਲੜਾਈਆਂ ਅਤੇ ਧੜੇਬਾਜ਼ੀਆਂ ਸਨ। ਇਸ ਪ੍ਰਕਾਰ ਪੰਦਰ੍ਹਵੀਂ ਸਦੀ ਵਿੱਚ ਸਦਾਚਾਰਕ ਕਦਰਾਂ-ਕੀਮਤਾਂ ਪੂਰੀ ਤਰ੍ਹਾਂ ਅਲੋਪ ਹੋ ਗਈਆਂ ਸਨ। ਧਰਮ, ਇਸ ਗਿਰਾਵਟ ਵਿਰੁੱਧ ਸ਼ਕਤੀਸ਼ਾਲੀ ਹਥਿਆਰ ਨਾ ਬਣ ਕੇ ਸਗੋਂ ਇੱਕ ਚਕਵੰਜ ਬਣ ਗਿਆ ਸੀ। ਹਿੰਦੂ ਅਤੇ ਮੁਸਲਮਾਨ ਆਪਣੇ ਆਪਣੇ ਧਰਮ ਦੀ ਸ੍ਰੇਸ਼ਟਤਾ ਸਿੱਧ ਕਰਨ ਲਈ ਆਪਸ ਵਿਚ ਲੜਦੇ ਝਗੜਦੇ ਰਹਿੰਦੇ ਸਨ।[12]

ਇਸ ਲਈ ਭਗਤੀ ਕਾਲ ਦਾ ਸਮਾਂ ਰਾਜਨੀਤਿਕ ਪੱਖੋਂ ਅਸਥਿਰਤਾ ਵਾਲਾ, ਸਮਾਜਿਕ ਪੱਖੋਂ ਅਧੋਗਤੀ ਵਾਲਾ ਅਤੇ ਧਾਰਮਿਕ ਪੱਖੋਂ ਅਸਹਿਨਸ਼ੀਲਤਾ ਤੇ ਕਰਮਕਾਂਡਾਂ ਵਾਲਾ ਸੀ ।

Sri Satguru Jagjit Singh Ji eLibrary NamdhariElibrary@gmail.com

3.2. ਭਗਤੀ

ਮੁਸਲਿਮ ਸ਼ਾਸਨ ਕਾਲ ਸਾਮੰਤਵਾਦੀ ਯੁੱਗ ਸੀ ਜਿਸ ਵਿੱਚ ਜਾਗੀਰਦਾਰ ਤੇ ਰਾਜੇ ਐਸ਼ਪ੍ਰਸਤ ਦੀ ਜ਼ਿੰਦਗੀ ਬਤੀਤ ਕਰਦੇ ਸਨ ਜਦੋਂ ਕਿ ਜਨਸਾਧਾਰਨ ਹੱਡ ਭੰਨਵੀਂ ਮੁਸ਼ੱਕਤ ਦੇ ਬਾਵਜੂਦ ਬੁੜਾਂ ਨਾਲ ਦੋ-ਚਾਰ ਸੀ। ਅਗਿਆਨ ਦੇ ਅੰਧਕਾਰ ਵਿੱਚ ਘਿਰੇ ਮੱਧਕਾਲੀਨ ਮਨੁੱਖ ਨੇ ਆਪਣੇ ਕਲਿਆਣ ਲਈ ਜਿਨ੍ਹਾਂ ਧਾਰਮਿਕ ਰਹੁਰੀਤਾਂ, ਅਨੁਸ਼ਠਾਨਾਂ ਤੇ ਪੂਜਾ ਪੱਧਤੀਆਂ ਦਾ ਲੜ ਫੜਿਆ ਉਹ ਵੀ ਉਸਦੇ ਸ਼ੋਸ਼ਣ ਅਤੇ ਅਧੋਗਤੀ ਦਾ ਕਾਰਨ ਬਣ ਗਏ। ਇਸ ਨਾਲ ਜਨਸਾਧਾਰਨ ਦੁੱਖ- ਦਲਿੱਦਰ ਦੀ ਅੰਨ੍ਹੀ ਗਲੀ ਵਿਚ ਧੱਕਿਆ ਜਾ ਰਿਹਾ ਸੀ ।[13] ਇਨ੍ਹਾਂ ਧਾਰਮਿਕ ਆਡੰਬਰਾਂ ਦਾ ਪਰਿਸ਼ਮਨ ਕੇਵਲ ਵਿਸ਼ੁਧ ਤੇ ਨਿਸ਼ਕਾਮ ਭਗਤੀ ਭਾਵਨਾ ਦੀ ਸ਼ਕਤੀ ਨਾਲ ਹੀ ਸੰਭਵ ਸੀ ਭਗਤੀ ਦਰਸ਼ਨ ਦੀ ਅਵਤਾਰਨਾ ਅਤੇ ਭਗਤ ਕਵੀਆਂ ਦੀ ਪਵਿੱਤਰ ਬਾਣੀ ਦਾ ਪ੍ਰਵਾਹ ਉਸ ਯੁੱਗ ਦੀ ਇੱਕ ਆਵੱਸ਼ਕਤਾ ਸੀ ਜਿਸਨੇ ਸੰਕਟਗ੍ਰਸਤ ਜਨਸਾਧਾਰਨ ਨੂੰ ਧਰਮ ਦੀ ਰਸਾਤਮਿਕ ਅਨੁਭੂਤੀ ਨਾਲ ਪਰਿਚਿਤ ਕਰਵਾਇਆ। ਮੱਧਕਾਲ ਦੇ ਇਨ੍ਹਾਂ ਪ੍ਰਤਿਭਾਵਾਨ ਧਰਮ ਪਰਵਰਤਕਾਂ ਨੇ ਆਪਣੇ ਯੁੱਗ ਬੋਧ ਰਾਹੀਂ ਤਤਕਾਲੀਨ ਸਮਾਜਿਕ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਦੇ ਗੰਭੀਰ ਸੰਕਟ ਨੂੰ ਪਛਾਣ ਕੇ ਉਸਦਾ ਅਜਿਹਾ ਸਮਾਧਾਨ ਪ੍ਰਸਤੁਤ ਕੀਤਾ ਜੋ ਜਨਜੀਵਨ ਲਈ ਡੂੰਘੀ ਪ੍ਰੇਰਨਾ ਤੇ ਅਗਵਾਈ ਦਾ ਸਰੋਤ ਹੋ ਨਿਬੜਿਆ। ਇਸ ਨਾਲ ਇੱਕ ਅਜਿਹੀ ਸੱਭਿਆਚਾਰਕ ਨਵਜਾਗ੍ਰਤੀ ਉਤਪੰਨ ਹੋਈ ਜਿਸਦਾ ਮੁੱਖ ਉਦੇਸ਼ ਮਨੁੱਖੀ ਸਰੋਕਾਰਾਂ ਬਾਰੇ ਨਵੀਂ ਚੇਤਨਾ ਜਗਾਉਣਾ ਸੀ ।[14]

ਭਗਤੀ ਲਹਿਰ ਲੰਮੇ ਸਮੇਂ ਤੋਂ ਦੱਖਣ ਵਿੱਚ ਵਗਦੀ ਚਲੀ ਜਾ ਰਹੀ ਸੀ ਪਰੰਤੂ ਇਸਨੂੰ ਉੱਤਰੀ ਭਾਰਤ ਵਿੱਚ ਫੈਲਾਉਣ ਤੇ ਵਿਕਸਿਤ ਕਰਨ ਦਾ ਸਿਹਰਾ ਉਨ੍ਹਾਂ ਭਗਤ-ਕਵੀਆਂ ਦੇ ਸਿਰ ਹੀ ਬੱਝਦਾ ਹੈ ਜਿਹੜੇ " ਕਾਲ-ਦਰਸ਼ੀ ਭਗਤ-ਕਵੀ ਜਨਤਾ ਦੇ ਹਿਰਦੇ ਨੂੰ ਸੰਗਠਨ ਅਤੇ ਲੀਨ ਰੱਖਣ ਲਈ ਦੱਬੀ ਹੋਈ ਭਗਤੀ ਜਗਾਉਣ ਲੱਗੇ ।[15] ਉੱਤਰ ਭਾਰਤ ਦੇ ਇਨ੍ਹਾਂ ਸੰਤਾਂ ਨੇ ਜਿਸ ਮੱਤ ਦਾ ਪ੍ਰਚਾਰ ਕੀਤਾ ਅਤੇ ਜਿਸਨੂੰ ਉਨ੍ਹਾਂ ਨੇ ਵਿਸ਼ਵ ਕਲਿਆਣ ਲਈ ਅਤਿਅੰਤ ਆਵੱਸ਼ਕ ਸਮਝਿਆ, ਉਹ ਕੋਈ ਨਿਤਾਂਤ ਨਵੀਨ ਸੰਦੇਸ਼ ਨਹੀਂ ਸੀ ਅਤੇ ਨਾ ਹੀ ਭਾਰਤੀਆਂ ਲਈ ਉਸਦਾ ਕੋਈ ਅੰਸ਼ ਅਪਰਿਚਿਤ ਸੀ । ਉਸਦੇ ਹਰ ਇੱਕ ਅੰਗ ਦਾ ਮੂਲ ਪ੍ਰਾਚੀਨ ਸਾਹਿਤ ਦੇ ਕਿਸੇ ਨਾ ਕਿਸੇ ਭਾਗ ਵਿੱਚ ਵਿਦਮਾਨ ਹੈ।[16] ਇਸ ਲਈ ਭਗਤੀ ਲਹਿਰ ਦੀਆਂ ਪ੍ਰਵਿਰਤੀਆਂ, ਉਦੇਸ਼ਾਂ ਤੇ ਵਿਸ਼ੇਸ਼ਤਾਵਾਂ ਦੀ ਥੋੜ੍ਹੀ ਜਾਣਕਾਰੀ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਕਰਨ ਲਈ ਪੁਰਾਤਨ ਭਾਰਤੀ ਭਗਤੀ ਸੰਕਲਪ, ਸਰੂਪ ਤੇ ਪਰੰਪਰਾ ਦਾ ਗਿਆਨ ਆਵੱਸ਼ਕ ਹੈ ।

3.2.1. ਭਗਤੀ ਦਾ ਅਰਥ

ਭਗਤੀ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਧਾਤੂ 'ਭੱਜ' ਵਿਚੋਂ ਨਿਕਲਿਆ ਹੈ ਜਿਸਦਾ ਅਰਥ ਸੇਵਾ ਜਾਂ ਅਰਾਧਨਾ ਕਰਨੀ, ਪੂਜਣਾ ਅਤੇ ਭਜਨ ਕਰਨਾ ਹੈ। ਪਰਮਾਤਮਾ ਦੀ ਸੇਵਾ, ਪੂਜਾ, ਧਿਆਨ, ਨਾਮ ਸਿਮਰਨ, ਲਿਵ ਵਿੱਚ ਰਹਿਣ ਵਾਲੀ ਮਨ ਦੀ ਭਾਵਨਾ ਨੂੰ ਭਗਤੀ ਕਹਿੰਦੇ ਹਨ ।[17] ਵਿਦਵਾਨ ਇਸ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ 'ਭਜ' ਧਾਤੂ ਨਾਲ 'ਕਤਿਨ' ਇਸਤ੍ਰੀ ਪ੍ਰਤਿਆਇ ਲਗਾ ਕੇ ਹੋਈ ਵੀ ਮੰਨਦੇ ਹਨ , ਜਿਸਦਾ ਅਰਥ 'ਭਗਵਾਨ ਦੀ ਸੇਵਾ ਕਰਨਾ' ਹੈ ।[18] ਮਹਾਨ ਕੋਸ਼ ਵਿਚ ਭਗਤੀ ਨੂੰ ਸੇਵਾ, ਉਪਾਸਨਾ ਤੇ ਸ਼ਰਧਾ ਲਿਖਿਆ ਗਿਆ ਹੈ ।[19]

ਸ਼ਾਂਡਿਲਯ ਭਕਤੀ ਸੂਤ੍ਰ ਅਨੁਸਾਰ "ਈਸ਼ਵਰ ਦੇ ਪਿਆਰ ਵਿੱਚ ਪੂਰੀ ਤਰ੍ਹਾਂ ਰੰਗੇ ਜਾਣਾ ਹੀ ਭਗਤੀ ਹੈ " ਜਦੋਂ ਕਿ ਨਾਰਦਭਕਤੀਸੂਤ੍ਰ ਵਿਚ ਈਸ਼ਵਰ ਨਾਲ ਅਥਾਹ ਪਿਆਰ ਤੇ ਸ਼ਰਧਾ ਨੂੰ ਭਗਤੀ ਮੰਨਿਆ ਗਿਆ ਹੈ, ਜਿਸਨੂੰ ਪ੍ਰਾਪਤ ਕਰਕੇ ਮਨੁੱਖ ਸਿੱਧੀ ਅਤੇ ਅਮਰਪੱਦ ਨੂੰ ਗ੍ਰਹਿਣ ਕਰ ਲੈਂਦਾ ਹੈ। ਸ੍ਰੀਮਦ ਭਾਗਵਤ ਵਿੱਚ ਮਨੁੱਖ ਦੀ ਉਸ ਪ੍ਰਵਿਰਤੀ ਨੂੰ ਭਗਤੀ ਆਖਿਆ ਗਿਆ ਹੈ ਜਿਸ ਨਾਲ ਸੰਸਾਰਿਕ ਵਿਸ਼ਿਆਂ ਦਾ ਗਿਆਨ ਪ੍ਰਦਾਨ ਕਰਨ ਵਾਲੀਆਂ ਇੰਦਰੀਆਂ ਆਪਣੇ ਸੁਭਾਵਿਕ ਤੇ ਨਿਸ਼ਕਾਮ ਰੂਪ ਵਿਚ ਭਗਵਾਨ ਵਿਚ ਲੀਨ ਰਹਿੰਦੀਆਂ ਹਨ ।[20] ਨਾਰਦ ਪਾਂਚਰਾਤ੍ਰ ਵਿਚ "ਪਿਆਰ ਵਿੱਚ ਡੁਬੇ ਮਨ ਦਾ ਪਰਮਾਤਮਾ ਪ੍ਰਤੀ ਸੁਆਰਥ ਰਹਿਤ ਹੋ ਕੇ ਸਦੈਵ ਚਲਦੇ ਰਹਿਣ" ਨੂੰ ਭਗਤੀ ਮੰਨਿਆ ਗਿਆ ਹੈ। ਭਕਤਿਰਸਾਮ੍ਰਿਤ ਸਿੰਧੂ ਅਨੁਸਾਰ, " ਗਿਆਨ ਤੇ ਕਰਮਾਂ ਦੇ ਪ੍ਰਭਾਵ ਤੋਂ ਮੁਕਤ ਰਹਿ ਕੇ ਕਿਸੇ ਪ੍ਰਕਾਰ ਦੇ ਫਲ ਦੀ ਇੱਛਾ ਤੋਂ ਬਿਨਾ ਨਿਰੰਤਰ ਪ੍ਰੇਮ ਸਹਿਤ ਭਗਵਾਨ ਦਾ ਧਿਆਨ ਕਰਨਾ ਹੀ ਭਗਤੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ " ਗੁਰੂ ਕੀ ਸੇਵਾ ਗੁਰਭਗਤਿ ਹੈ " ਅਤੇ " ਹਰਿ ਭਗਤਿ ਹਰ ਕਾ ਪਿਆਰੁ ਹੈ "ਵਚਨਾਂ ਦੁਆਰਾ ਭਗਤੀ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ ।[21]

ਡਾ. ਹਜ਼ਾਰੀ ਪ੍ਰਸਾਦ ਦਿਵੇਦੀ[22] ਪਰਮਾਤਮਾ ਪ੍ਰਤੀ ਅਨਿੰਨ ਪ੍ਰੇਮ ਨੂੰ ਅਤੇ

Sri Satguru Jagjit Singh Ji eLibrary NamdhariElibrary@gmail.com

ਡਾ. ਧਰਮਪਾਲ ਸਿੰਗਲ[23] ਧਰਮ ਭਾਵ ਵਿਚ ਪ੍ਰੇਮ ਅਤੇ ਸ਼ਰਧਾ ਨੂੰ ਭਗਤੀ ਆਖਦੇ ਹਨ। ਅਟੁੱਟ, ਨਿਸ਼ਕਾਮ ਤੇ ਪਵਿੱਤਰ ਪ੍ਰੇਮ ਹੀ ਭਗਤੀ ਹੈ। ਇਸਦਾ ਆਧਾਰ "ਰਤੀ" ਭਾਵ ਹੁੰਦਾ ਹੈ। ਪਵਿੱਤਰ ਸ਼ੁੱਧ ਅਤੇ ਮਧੁਰ 'ਰਤੀ' ਉੱਜਲ ਤੇ ਸ਼ਾਂਤ ਪ੍ਰੇਮ ਨੂੰ ਉਦੀਪਤ ਕਰਦੀ ਹੈ। ਇਹ ਪ੍ਰੇਮ ਸ਼ਾਂਤ ਰਸ ਭਰਪੂਰ ਭਗਤੀ ਦਾ ਆਧਾਰ ਬਣਦਾ ਹੈ।[24]

## 3.2.2. ਸਰੂਪ ਤੇ ਲੱਛਣ

ਭਗਤੀ ਅਧਿਆਤਮਕ ਚਿੰਤਨ ਦੀ ਪ੍ਰਥਮ ਮਹੱਤਵਪੂਰਨ ਪੁਸਤਕ 'ਸ੍ਰੀਮਦ ਭਗਵਤ ਗੀਤਾ' ਅਤੇ ਭਗਤੀ ਮਾਰਗ ਦੇ ਸ਼ਾਸਤਰੀ ਵਿਆਖਿਆਕਾਰ ਸਾਂਡਿਲਯਭਗਤੀ ਸੂਤ੍ਰ ਅਤੇ 'ਨਾਰਦ ਭਗਤੀ ਸੂਤ੍ਰ' ਗ੍ਰੰਥ ਹਨ। ਭਗਤੀ ਦੇ ਲੱਛਣ ਇਸ਼ਟ ਪ੍ਰਤੀ ਪਰਮ ਅਨੁਰਾਗ, ਅਨੰਤਨਿਸ਼ਠਾ ਤੇ ਸਮਰਪਿਤ ਸਦਕਰਮ ਹਨ। ਭਗਤੀ ਗਿਆਨ, ਪੂਜਾ ਤੇ ਅਰਚਨਾ ਨਹੀਂ ਹੈ। ਭਗਤੀ, ਗਿਆਨਯੋਗ ਤੇ ਕਰਮਯੋਗ ਨਾਲੋਂ ਸ੍ਰੇਸ਼ਟ ਹੈ ਕਿਉਂਕਿ ਇਹ ਉਸਦੇ ਅੰਗ ਮਾਤਰ ਹਨ।[25] ਪ੍ਰੇਮਾ ਭਗਤੀ ਨਾਲ ਸਾਧਕ ਸਿੱਧ, ਅਮਰ ਤੇ ਤ੍ਰਿਪਤ ਹੋ ਜਾਂਦਾ ਹੈ। ਉਸਨੂੰ ਕਿਸੇ ਵਸਤੂ ਦੀ ਇੱਛਾ ਨਹੀਂ ਰਹਿੰਦੀ। ਨਾ ਉਹ ਸ਼ੋਕ ਕਰਦਾ ਹੈ ਨਾ ਦਵੈਖ ਅਤੇ ਨਾ ਹੀ ਉਸ ਅੰਦਰ ਕਿਸੇ ਵਸਤੂ ਦਾ ਲਗਾਉ ਰੱਖਣ ਦੀ ਸਮਰੱਥਾ ਹੀ ਰਹਿ ਜਾਂਦੀ ਹੈ।[26]

ਭਗਤ ਦੇ ਸਾਰੇ ਕਰਮ ਭਗਵਾਨ ਨੂੰ ਅਰਪਿਤ ਹੁੰਦੇ ਹਨ। ਇਸ ਵਿੱਚ ਫਲ ਪ੍ਰਾਪਤੀ ਦੀ ਇੱਛਾ ਨਹੀਂ ਰਹਿੰਦੀ। ਇਹ ਮੁਕਤੀਦਾਤਾ ਹੈ, ਇਸਦਾ ਸੰਬੰਧ ਕਿਸੇ ਵਿਸ਼ੇਸ਼ ਜਾਤੀ, ਵਿਦਿਆ, ਰੂਪ, ਕੁੱਲ ਜਾਂ ਧਨ ਆਦਿ ਨਾਲ ਨਹੀਂ ਹੈ। ਪੂਜਾ, ਉਪਾਸਨਾ ਤੇ ਭਗਤੀ ਮਨੁੱਖੀ ਮਨ ਦੀਆਂ ਪੜਾਅ ਵਾਰ ਵਿਭਿੰਨ ਅਵੱਸਥਾਵਾਂ ਜੁੜੀਆਂ ਹੋਈਆਂ ਹਨ। ਧਰਮ ਤੇ ਸਭਿਅਤਾ ਦੇ ਵਿਕਾਸ ਵਿਚ ਪਹਿਲਾਂ ਮਨੁੱਖ ਨੇ ਪੂਜਾ ਵਿਧਾਨ ਰਚਿਆ, ਫਿਰ ਉਪਾਸਨਾ ਪੱਧਤੀ ਦਾ ਨਿਰਮਾਣ ਕੀਤਾ ਅਤੇ ਅੰਤਿਮ ਮੰਜ਼ਿਲ ਤੇ ਭਗਤੀ ਮਹਿਲ ਉਸਾਰਿਆ। ਭਗਤੀ ਦਾ ਮੁੱਖ ਪ੍ਰਯੋਜਨ ਸੁੱਖ-ਸ਼ਾਂਤੀ, ਆਨੰਦ ਤੇ ਮੋਕਸ਼ ਦੀ ਪ੍ਰਾਪਤੀ ਹੈ।[27]

## 3.2.3. ਭਗਤੀ ਦੇ ਪ੍ਰਕਾਰ

ਭਗਤੀ ਦੇ ਨੌ ਪੜਾਵਾਂ– ਸ਼੍ਰਵਣ, ਕੀਰਤਨ, ਸਿਮਰਨ, ਪਾਦਸੇਵਨ, ਅਰਚਨ, ਬੰਦਨ, ਸਖਾ, ਦਾਸ ਤੇ ਆਤਮਨਿਵੇਦਨ ਦਾ ਗਿਆਨ ਸਾਂਡਿਲਯ ਸੂਤ੍ਰ ਦੀ ਨਵਧਾ ਭਗਤੀ

Sri Satguru Jagjit Singh Ji eLibrary NamdhariElibrary@gmail.com

ਅਤੇ ਭਗਵਤ ਗੀਤਾ ਦੀ ਨਵਲਖਣ ਭਗਤੀ[28] ਤੋਂ ਹੁੰਦਾ ਹੈ। ਵੱਲਭ ਸੰਪ੍ਰਦਾਇ ਵਿੱਚ ਦਸਧਾ ਪ੍ਰੇਮਾ ਭਗਤੀ ਤੇ ਜ਼ੋਰ ਦਿੱਤਾ ਗਿਆ ਹੈ। ਨਾਰਦ ਭਗਤੀ ਸੂਤ੍ਰ ਵਿਚ ਆਸਕਤਿ ਭਾਵ ਮਾਨਸਿਕ ਲਗਾਉ ਅਨੁਸਾਰ ਪ੍ਰੇਮ ਰੂਪਾ ਭਗਤੀ ਨੂੰ ਇੱਕ ਮੰਨਦਿਆਂ ਹੋਇਆਂ ਵੀ ਇਸਦੇ ਗੁਣ ਮਹਾਤਮ, ਰੂਪ, ਪੂਜ, ਸਮਰਪਣ, ਦਾਸ, ਸਖਾ, ਕਾਂਤ, ਵਾਤਸਲਯ, ਆਤਮ ਨਿਵੇਦਨ ਤਨਮਯਤ ਤੇ ਪਰਮਵਿਰਹ ਪ੍ਰਕਾਰ ਲਿਖੇ ਗਏ ਹਨ।[29]

ਭਗਵਤ ਗੀਤਾ ਵਿਚ ਪ੍ਰਪੱਤੀ ਭਗਤੀ, ਸਵਾਰਥ ਭਗਤੀ, ਗਿਆਨ ਭਗਤੀ, ਸਮਰਪਣ ਭਗਤੀ, ਨਿਰਗੁਣ ਭਗਤੀ, ਸਗੁਣ ਭਗਤੀ, ਕੀਰਤਨ ਭਗਤੀ, ਵੰਦਨ ਭਗਤੀ, ਚਿੰਤਨ ਭਗਤੀ ਤੇ ਸ੍ਰਵਣ ਭਗਤੀ ਦਸ ਪ੍ਰਕਾਰ ਦੀ ਭਗਤੀ ਦਾ ਉਲੇਖ ਹੈ। ਡਾ. ਗੋਲਾ ਸਿੰਘ ਬੇਦੀ ਮੋਟੇ ਰੂਪ ਵਿਚ ਭਗਤੀ ਦੇ ਦੋ ਪ੍ਰਧਾਨ ਭੇਦ– ਵੈਧੀ ਭਗਤੀ ਅਤੇ ਪ੍ਰੇਮਾ ਭਗਤੀ ਆਖਦੇ ਹਨ। ਵੈਧੀ ਭਗਤੀ ਅਨੇਕ ਵਿਧੀ ਵਿਕਾਰਾਂ ਨਾਲ ਜੁੜੀ ਹੁੰਦੀ ਹੈ ਅਤੇ ਇਸਦਾ ਪਰਮ ਉਦੇਸ਼ ਭਗਤ ਅੰਦਰ ਪ੍ਰੇਮਾ ਭਗਤੀ ਨੂੰ ਉੱਦੀਪਤ ਤੇ ਉਤਸਾਹਿਤ ਕਰਕੇ ਪਵਿੱਤਰ ਪ੍ਰੇਮ ਰਾਹੀਂ ਉਸਨੂੰ ਸੰਪੂਰਨਤਾ ਦੀ ਮੰਜ਼ਿਲ ਤੱਕ ਪਹੁੰਚਾਉਣਾ ਹੈ ।[30] ਭਗਤੀ ਨਾਲ ਮਨੁੱਖੀ ਮਨ ਇਕਾਗਰ ਹੋ ਕੇ ਚਿੱਤ ਵਿਚ ਸ਼ਰਧਾ ਨੂੰ ਉਪਜਾਉਂਦਾ ਹੈ ਜਿਸ ਨਾਲ ਇਸ ਵਿੱਚ ਗਿਆਨ ਦਾ ਪ੍ਰਕਾਸ਼ ਉਜਾਗਰ ਹੁੰਦਾ ਹੈ। ਇਸਦੇ ਫਲਸਰੂਪ ਵਿਅਕਤੀ ਨੂੰ ਆਪਣੀ, ਜਗਤ ਦੀ ਅਤੇ ਈਸ਼ਵਰ ਦੀ ਸੱਤਾ ਦਾ ਬੋਧ ਹੋ ਜਾਂਦਾ ਹੈ । ਪਰਮਾਤਮਾ ਪ੍ਰਤੀ ਮਨੁੱਖ ਦੀ ਨਿਰੰਤਰ ਵਧਦੀ ਸ਼ਰਧਾ ਉਸ ਅੰਦਰ ਦੈਵੀ ਗਿਆਨ ਉਤਪੰਨ ਕਰਦੀ ਹੈ ।

### 3.2.4 ਭਗਤੀ ਸਾਧਨਾ ਪੱਧਤੀ

ਕਿਸੇ ਮੁੱਖ ਉਦੇਸ਼ ਦੀ ਪ੍ਰਾਪਤੀ ਲਈ ਉਸਦੇ ਨਮਿੱਤ ਆਵੱਸ਼ਕ ਯਤਨਾਂ ਦੀ ਪ੍ਰਕ੍ਰਿਆ ਨੂੰ ਸਾਧਨਾ ਆਖਿਆ ਜਾਂਦਾ ਹੈ। ਇਸਦਾ ਲਕਸ਼ ਕਿਸੇ ਸੰਸਾਰਿਕ ਵਸਤੂ ਜਾਂ ਸੁਖ ਅਥਵਾ ਪਾਰਲੌਕਿਕ ਆਨੰਦ ਦੀ ਪ੍ਰਾਪਤੀ ਹੁੰਦਾ ਹੈ। ਮਨੁੱਖ ਨੂੰ ਇਨ੍ਹਾਂ ਦੀ ਸਦੈਵ ਅਭਿਲਾਖਾ ਰਹਿੰਦੀ ਹੈ ਜਿਸਦੀ ਸਾਕਾਰਤਾ ਲਈ ਉਹ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਇਸ ਕਾਰਜ ਵਿਚ ਉਸਦੇ ਸੰਸਕਾਰ ਤੇ ਕਲਪਨਾਵਾਂ ਸਹਾਈ ਹੁੰਦੀਆਂ ਹਨ। ਉਹ ਕਿਸੇ ਬਾਹਰੀ ਪਰਮਸ਼ਕਤੀ ਦੀ ਆਵੱਸ਼ਕਤਾ ਵੀ ਅਨੁਭਵ ਕਰਦਾ ਹੈ । ਜੋ ਉਸਦੀ ਵਿਸ਼ਵਾਸ ਪਾਤਰ ਤੇ ਕੇਂਦਰ ਬਿੰਦੂ ਬਣਕੇ ਮਾਰਗ ਦਰਸ਼ਨ ਕਰੇ । ਇਸ ਸਾਧਨਾ ਦਾ ਪ੍ਰਧਾਨ ਆਧਾਰ ਗਿਆਨ,

Sri Satguru Jagjit Singh Ji eLibrary NamdhariElibrary@gmail.com

ਭਗਤੀ ਜਾਂ ਕਰਮ ਹੁੰਦੇ ਹਨ। ਗਿਆਨਮਈ ਸਾਧਨਾ ਆਮ ਤੌਰ ਤੇ ਤਰਕ ਦਾ ਆਲੰਬਨ ਗ੍ਰਹਿਣ ਕਰਕੇ ਕਿਸੇ ਵਿਵਸਥਿਤ ਵਿਧੀ ਨਾਲ ਅਗ੍ਰਸਰ ਹੁੰਦੀ ਹੋਈ ਅੰਤਿਮ ਨਕਸ਼ ਤੇ ਪੁੱਜਣ ਲਈ ਯਤਨ ਕਰਦੀ ਹੈ। ਭਗਤੀ ਸਾਧਨਾ ਵਿੱਚ ਤਰਕ-ਵਿਤਰਕ ਦੀ ਥਾਂ ਤੇ ਸ਼ਰਧਾ ਅਤੇ ਵਿਸ਼ਵਾਸ਼ ਦੀਆਂ ਭਾਵਨਾਵਾਂ ਭਾਰੂ ਹੁੰਦੀਆਂ ਹਨ ਜੋ ਸਾਧਕ ਨੂੰ ਆਪਣੇ ਉਦੇਸ਼ ਪ੍ਰਤੀ ਦ੍ਰਿੜ੍ਹ ਆਸਥਾ ਰੱਖਣ ਲਈ ਨਿਰੰਤਰ ਪ੍ਰੇਰਿਤ ਕਰਦੀਆਂ ਹਨ। ਕਰਮ ਸਾਧਨਾ-ਯੁਕਤ ਵਿਅਕਤੀ ਆਪਣੇ ਜੀਵਨ ਨੂੰ ਸੁੰਦਰ, ਉਪਯੋਗੀ ਤੇ ਨਿਯਮਬੱਧ ਬਣਾਉਣ ਲਈ ਮਨੁੱਖੀ ਕਰਤੱਵਾਂ ਦੀ ਪਾਲਣਾ ਨਿਸ਼ਠਾ ਨਾਲ ਕਰਦਾ ਹੈ। ਇਸ ਪ੍ਰਕਾਰ ਸਾਧਨਾ ਦਾ ਆਧਾਰ ਮਨੁੱਖ ਦੀਆਂ ਤਿੰਨ ਸਹਿਜ ਪ੍ਰਵਿਰਤੀਆਂ ਗਿਆਨ, ਸੰਵੇਦਨਾ ਅਤੇ ਸੰਕਲਪ ਹਨ। ਇਨ੍ਹਾਂ ਅਨੁਸਾਰ ਹੀ ਸਾਧਨਾਂ ਨੂੰ ਗਿਆਨਯੋਗ, ਭਗਤੀਯੋਗ ਅਤੇ ਕਰਮਯੋਗ ਤਿੰਨ ਪੱਧਤੀਆਂ ਵਿੱਚ ਵੰਡਿਆ ਗਿਆ ਹੈ ।[31]

ਵੈਦਿਕ ਕਾਲ ਵਿਚ ਮਨੁੱਖ ਦਾ ਜੀਵਨ ਅਤਿ ਸਰਲ ਸੀ। ਆਪਣੇ ਰੋਜ਼ਾਨਾ ਕਾਰਜਾਂ ਵਿਚ ਕਿਸੇ ਪ੍ਰਕਾਰ ਦੇ ਵਿਘਨ ਤੋਂ ਬਚਣ ਲਈ ਉਹ ਪ੍ਰਕਿਰਤੀ ਦੀ ਪੂਜਾ ਅਰਚਨਾ ਕਰਦੇ ਸਨ। ਇਸ ਲਈ ਵੇਦਾਂ ਦਾ ਯੋਗ-ਵਿਧਾਨ ਆਮ ਲੋਕਾਂ ਲਈ ਸੀ। ਉਪਨਿਸ਼ਦ ਕਾਲ ਵਿੱਚ ਇਹ ਵਿਧਾਨ ਨਿਰੋਲ ਕਰਮਕਾਂਡ ਤੇ ਰਾਜਿਆਂ ਦਾ ਹੱਥਠੋਕਾ ਬਣ ਗਿਆ । ਯੱਗਵਿਰੋਧੀ ਅੰਦੋਲਨਾਂ ਵਿਚ ਯੋਗ ਮਾਰਗ ਤੋਂ ਇਲਾਵਾ ਭਗਤੀਯੋਗ ਵੀ ਪ੍ਰਮੁੱਖ ਸਨ। ਸ੍ਰੀਮਦ ਭਗਵਤ ਗੀਤਾ ਦੇ ਰਚਨਹਾਰੇ ਨੇ ਗਿਆਨ ਯੋਗ ਤੇ ਕਰਮਯੋਗ ਦਾ ਗਿਆਨ ਕਰਮਯੋਗ ਵਿਚ ਸਮਨਵੈ ਕਰਕੇ ਉਸਨੂੰ ਭਗਤੀਯੋਗ ਦੀ ਪਾਣ ਦੇ ਦਿੱਤੀ। ਇਸ ਪ੍ਰਕਾਰ ਨਿਸ਼ਕਾਮ ਭਾਵਨਾ ਨਾਲ ਸਦਾਚਾਰਕ ਕਰਨ ਦਾ ਸਰਲ ਮਾਰਗ ਕੱਢ ਕੇ ਕਰਤੱਵ ਤੇ ਅਕਰਤੱਵ ਦੀ ਸਮੱਸਿਆ ਦਾ ਸਮਾਧਾਨ ਕਰ ਦਿੱਤਾ ।

3.2.5. ਭਗਤੀ-ਪਰੰਪਰਾ

ਭਗਤੀ ਲਹਿਰ ਦੇ ਪ੍ਰਮੁੱਖ ਸੂਤ੍ਰਧਾਰਾਂ ਵਿੱਚੋਂ ਸੁਆਮੀ ਸ਼ੰਕਰਾਚਾਰੀਆ, ਰਾਮਾਨੁਜਾਚਾਰੀਆ, ਨਿੰਬਾਰਕਾਚਾਰੀਆ, ਮਾਧਵਾਚਾਰੀਆ ਅਤੇ ਵੱਲਭਾਚਾਰੀਆ ਪ੍ਰਮੁੱਖ ਹਨ। ਸ਼ੰਕਰਾਚਾਰੀਆਂ ਨੇ ਅੱਠਵੀਂ ਤੇ ਨੌਵੀਂ ਸ਼ਤਾਬਦੀ ਵਿੱਚ ਆਪਣੀ ਅਦਵੈਤਵਾਦੀ ਵਿਚਾਰਧਾਰਾ

Sri Satguru Jagjit Singh Ji eLibrary NamdhariElibrary@gmail.com

ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਗਿਆਰ੍ਹਵੀਂ-ਬਾਰ੍ਹਵੀਂ ਸਦੀ ਵਿਚ ਇਸ ਵਿਚਾਰਧਾਰਾ ਦਾ ਵਿਰੋਧ ਆਰੰਭ ਹੋ ਗਿਆ । ਰਾਮਾਨੁਜਾਚਾਰੀਆ ਨੇ ਕਰਮਕਾਂਡ ਨੂੰ ਵੀ ਭਗਤੀ ਦਾ ਇੱਕ ਮਹੱਤਵਪੂਰਨ ਅੰਗ ਮੰਨਿਆ ਜਿਸ ਤੋਂ ਬਿਨਾ ਭਗਤੀ-ਸਾਧਨਾ ਸਫਲ ਨਹੀਂ ਹੋ ਸਕਦੀ । ਉਸਨੇ ਆਪਣੇ ਵਿਸ਼ਿਸ਼ਟ ਅਦ੍ਵੈਤਵਾਦ ਦੇ ਸਰਲ ਦਾਰਸ਼ਨਿਕ ਸਿਧਾਂਤਾਂ ਵਾਲੀ ਭਗਤੀ ਭਾਵਨਾ ਨਾਲ ਨਾ ਕੇਵਲ ਆਪਣੇ ਸਮੇਂ ਦੀ ਜਨਤਾ ਨੂੰ ਬੌਧਿਕ ਦਾਰਸ਼ਨਿਕ ਗੁੰਝਲਾਂ ਤੋਂ ਮੁਕਤ ਕੀਤਾ ਸਗੋਂ ਮੱਧਕਾਲੀਨ ਵੈਸ਼ਣਵ ਆਚਾਰੀਆਂ ਤੇ ਭਗਤਾਂ ਲਈ ਭਗਤੀ-ਮਾਰਗ ਨੂੰ ਸੁਖਾਲਾ ਬਣਾ ਦਿੱਤਾ ।[32]

ਨਿੰਬਾਰਕਾਚਾਰੀਆ ਨੇ ਸ਼ੰਕਰਾਚਾਰੀਆ ਦੇ ਅਦਵੈਤਵਾਦ ਦਾ ਖੰਡਨ ਕਰਦੇ ਹੋਏ ਦਵੈਤਾਦਵੈਤਵਾਦ ਦੀ ਸਥਾਪਨਾ ਕੀਤੀ ਜਿਸ ਅਨੁਸਾਰ ਭਾਵੇਂ ਜੀਵ ਅਤੇ ਜਗਤ ਬ੍ਰਹਮ ਦਾ ਅੰਸ਼ ਹਨ ਪਰੰਤੂ ਇਹ ਬ੍ਰਹਮ ਨਹੀਂ ਹਨ। ਰਾਮਾਨੁਜ ਤੇ ਨਿੰਬਾਰਕ ਦੋਵਾਂ ਨੇ ਸ਼ੰਕਰ ਦੇ ਮਾਇਆਵਾਦ ਦਾ ਖੰਡਨ ਕਰਦੇ ਹੋਏ ਉਸਦੇ ਸ਼ੁੱਧ ਗਿਆਨ ਦੀ ਬਜਾਏ ਭਗਤੀ-ਮਾਰਗ ਨੂੰ ਪ੍ਰਭੂ-ਪ੍ਰਾਪਤੀ ਦਾ ਸਰਬਸ੍ਰੇਸ਼ਟ ਮਾਰਗ ਦੱਸਿਆ। ਉਨ੍ਹਾਂ ਅਨੁਸਾਰ ਭਗਤੀ ਲਈ ਬ੍ਰਹਮ ਦੇ ਸਗੁਣ ਰੂਪ ਦਾ ਹੋਣਾ ਅਤਿ ਆਵੱਸ਼ਕ ਹੈ। ਰਾਮਾਨੁਜ ਨੇ ਲਕਸ਼ਮੀ ਤੇ ਨਾਰਾਇਣ ਦੇ ਰੂਪ ਵਿਚ ਅਤੇ ਨਿੰਬਾਰਕ ਨੇ ਰਾਧਾ ਤੇ ਕ੍ਰਿਸ਼ਨ ਦੇ ਰੂਪ ਵਿਚ ਬ੍ਰਹਮ ਦੀ ਕਲਪਣਾ ਕਰਕੇ ਉਸਦੀ ਪੂਜਾ ਕੀਤੀ । ਮਾਧਵਾਚਾਰੀਆ ਦੇ ਦਵੈਤਵਾਦੀ ਸਿਧਾਂਤ ਅਨੁਸਾਰ ਜੀਵਾਤਮਾ ਅਤੇ ਪਰਮਾਤਮਾ ਨਾ ਤਾਂ ਇੱਕ ਹਨ ਅਤੇ ਨਾ ਹੀ ਅਭੇਦ ਹਨ। ਇਨ੍ਹਾਂ ਵਿਚ ਸੁਆਮੀ ਤੇ ਸੇਵਕ ਵਾਲਾ ਸੰਬੰਧ ਹੈ ਜੋ ਕਿ ਕਦੇ ਵੀ ਸਮਾਨਤਾ ਗ੍ਰਹਿਣ ਨਹੀਂ ਕਰ ਸਕਦਾ । ਮਾਧਵ ਨੇ ਸਾਯੁਜਯ-ਭਗਤੀ ਦਾ ਪ੍ਰਚਾਰ ਕੀਤਾ। ਇਸ ਪੱਧਤੀ ਨੂੰ ਆਮ ਲੋਕਾਂ ਨੇ ਅਧਿਕਤਰ ਅਸਵੀਕਾਰ ਕੀਤਾ ਕਿਉਂਕਿ ਉਹਨਾਂ ਤੇ ਅਦ੍ਵੈਤਵਾਦੀ ਸੰਸਕਾਰ ਭਾਰੂ ਸਨ। ਵੱਲਭਾਚਾਰੀਆ, ਸ੍ਰਿਸ਼ਟੀ ਦੇ ਦੋ ਰੂਪਾਂ ਜਗਤ ਅਤੇ ਸੰਸਾਰ ਨੂੰ ਵੱਖਰੇ ਵੱਖਰੇ ਮੰਨ ਕੇ ਜਗਤ ਨੂੰ ਪਰਮਾਤਮਾ ਦੀ ਚੇਤਨ ਸੱਤਾ ਦਾ ਪਰਿਣਾਮ ਆਖਦੇ ਹਨ ਜੋ ਆਦਿ-ਅਨਾਦਿ ਤੇ ਅਨੰਤ ਹੈ ਅਤੇ ਪਰਲੋ ਸਮੇਂ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਸੰਸਾਰ, ਅਵਿੱਦਿਆ ਕਾਰਨ ਮੋਹ ਮਮਤਾ ਦਾ ਹੀ ਰੂਪ ਹੈ। ਜਗਤ ਸੱਤ ਹੈ ਜਦੋਂ ਕਿ ਸੰਸਾਰ ਨਾਸ਼ਵਾਨ ਤੇ ਅਸੱਤ ਹੈ। ਅਵਿੱਦਿਆ ਰੂਪੀ ਸੰਸਾਰ ਤੋਂ ਛੁਟਕਾਰਾ ਪਾਉਣ ਦਾ ਇੱਕ ਮਾਤਰ ਸਾਧਨ ਗਿਆਨ-ਪ੍ਰਾਪਤੀ ਹੈ। ਵੱਲਭ ਅਨੁਸਾਰ

Sri Satguru Jagjit Singh Ji eLibrary NamdhariElibrary@gmail.com

ਪੁਸ਼ਟੀ-ਮਾਰਗ ਜਾਂ ਸਾਂਪ੍ਰਦਾਇ-ਭਗਤੀ ਤੇ ਚੱਲ ਕੇ ਮਨੁੱਖ ਸਦੀਵੀ ਆਨੰਦ ਤੇ ਮੁਕਤੀ ਪ੍ਰਾਪਤ ਕਰ ਸਕਦਾ ਹੈ। ਇਨ੍ਹਾਂ ਦਾ ਵਿਚਾਰ ਹੈ ਕਿ ਪ੍ਰਭੂ ਦੀ ਸੱਚੀ ਭਗਤੀ ਭਾਵਨਾ ਨਾਲ ਉਸਦਾ ਅਨੁਗ੍ਰਹ ਅਰਥ ਕਿਰਪਾ ਪ੍ਰਾਪਤ ਕਰਕੇ ਹੀ ਮੁਕਤੀ ਮਿਲ ਸਕਦੀ ਹੈ। ਵੱਲਭਾਚਾਰੀਆ ਦੇ ਇਸ ਸਿਧਾਂਤ ਨੂੰ ਸ਼ੁੱਧਾਦ੍ਵੈਤਵਾਦ ਆਖਿਆ ਗਿਆ। ਇਸ ਪ੍ਰਕਾਰ ਇਨ੍ਹਾਂ ਸਾਰੇ ਮੱਧਕਾਲੀ ਸੰਤਾਂ ਨੇ ਸਹਿਜ-ਸੁਲੱਭ ਭਗਤੀ ਤੇ ਹੀ ਅਧਿਕ ਬਲ ਦਿੱਤਾ ਹੈ। ਬ੍ਰਹਮ ਦੇ ਨਿਰਗੁਣ ਤੇ ਸਗੁਣ ਰੂਪ ਦੇ ਆਧਾਰ ਤੇ ਵੀ ਭਗਤੀ ਦੀਆਂ ਦੋ ਧਾਰਾਵਾਂ- ਨਿਰਗੁਣ ਭਗਤੀ ਧਾਰਾ ਤੇ ਸਗੁਣ ਭਗਤੀ ਧਾਰਾ ਪ੍ਰਚੱਲਿਤ ਹੋ ਗਈਆਂ ।

ਭਗਤੀ ਅੰਦੋਲਨ ਨੂੰ ਆਮ ਤੌਰ ਤੇ ਮਧਕਾਲੀਨ ਵਰਤਾਰਾ ਹੀ ਆਖਿਆ ਜਾਂਦਾ ਹੈ। ਇਹ ਠੀਕ ਹੈ ਕਿ ਮੱਧ ਯੁੱਗ ਵਿਚ ਭਾਵੇਂ ਚਿੰਤਕਾਂ ਦੁਆਰਾ ਭਗਤੀ-ਸਿਧਾਂਤ ਦੀ ਭਰਪੂਰ ਵਿਆਖਿਆ ਕੀਤੀ ਗਈ ਅਤੇ ਅਨੇਕ ਸੰਤਾਂ ਨੇ ਭਾਰਤ ਵਿਚ ਭਗਤੀ- ਨਿਯਮਾਂ ਦਾ ਪ੍ਰਚਾਰ ਕੀਤਾ। ਭਗਤੀ ਦੇ ਸਿੱਧਾਂਤ ਅਤੇ ਅਮਲ ਪੁਰਾਤਨ ਯੁੱਗ ਦੀ ਉਪਜ ਹੈ । ਮੱਧਕਾਲੀਨ ਵਿਚਾਰਵਾਨ ਵੀ ਇਨ੍ਹਾਂ ਸਰੋਤਾਂ ਦਾ ਜ਼ਿਕਰ ਵਾਰ ਵਾਰ ਆਪਣੇ ਉਪਦੇਸ਼ਾਂ ਵਿਚ ਕਰਦੇ ਹਨ। ਭਗਤੀ ਵਿਚਾਰਧਾਰਾ ਵੈਦਿਕ ਸ਼ਲੋਕਾਂ ਤੋਂ ਉਤਪੰਨ ਹੋ ਕੇ ਨਿਰੰਤਰ ਵਿਕਸਿਤ ਹੁੰਦੇ ਹੋਏ ਮੱਧਕਾਲ ਵਿਚ ਆਪਣੇ ਸਿੱਖਰ ਤੇ ਪੁੱਜ ਗਈ ।[33]

### 3.3. ਭਗਤ ਜਾਂ ਸੰਤ

ਭਗਵਤ ਗੀਤਾ ਵਿਚ ਚਾਰ ਪ੍ਰਕਾਰ ਦੇ ਭਗਤਾਂ ਦਾ ਵਰਣਨ ਹੈ । ਇੱਕ ਮੁਸ਼ਕਲਾਂ ਵਿੱਚ ਗ੍ਰਸਤ ਹੋ ਕੇ ਪਰਮਾਤਮਾ ਦੀ ਸਹਾਇਤਾ ਲੋਚਦੇ , ਦੂਜੇ ਗਿਆਨ-ਖੋਜੀ, ਤੀਜੇ ਵਿਅੱਕਤੀਗਤ ਸ਼ਕਤੀਆਂ ਦੇ ਅਭਿਲਾਸੀ ਅਤੇ ਚੌਥੇ ਪ੍ਰਭੂ ਦੇ ਨਿਸ਼ਕਾਮ ਭਗਤ। ਜਿਨ੍ਹਾਂ ਵਿਚੋਂ ਗਿਆਨਵਾਨ ਨੂੰ ਪ੍ਰਭੂ ਦਾ ਪਿਆਰਾ ਆਖਿਆ ਗਿਆ ਹੈ ।[34] ਗੁਰੂ ਹਰਗੋਬਿੰਦ ਜੀ ਨੇ ਕਾਮਨਾਵਾਨ ਆਰਤ, ਉਪਾਸਕ ਤੇ ਗਿਆਨੀ ਚਾਰ ਪ੍ਰਕਾਰ ਦੇ ਭਗਤ ਮੰਨੇ ਹਨ।[35] ਸਤਿ ਰੂਪੀ ਪਰਮ ਤੱਤ ਦੇ ਅਨੁਭਵੀ ਅਤੇ ਸਾਧਾਰਨ ਵਿਅਕਤਿਤਵ ਤੋਂ ਉਪਰ ਉੱਠ ਕੇ ਉਸ ਤੱਤ ਨਾਲ ਤਦਰੂਪ ਹੋ ਚੁੱਕੇ ਵਿਅਕਤੀ ਵਿਸ਼ੇਸ਼ ਨੂੰ ਵੀ ਭਗਤ

(ਸੰਤ) ਆਖਿਆ ਜਾਂਦਾ ਹੈ ।[36] ਸੰਤ ਅਥਵਾ ਭਗਤ ਅਜਿਹੇ ਆਦਰਸ਼ ਪੁਰਸ਼ ਹੁੰਦੇ ਹਨ ਜੋ ਸਮਾਜ ਵਿੱਚ ਰਹਿੰਦੇ ਹੋਏ ਆਤਮ-ਸਾਧਨਾ ਕਰਦੇ ਹਨ ਅਤੇ ਵਿਸ਼ਵ-ਕਲਿਆਣ ਦੀ ਕਾਮਨਾ ਲਈ ਯਤਨਸ਼ੀਲ ਰਹਿੰਦੇ ਹਨ ।[37] ਗੁਰਬਾਣੀ ਵਿਚ 'ਹਰਿ ਕਾ ਭਾਣਾ ਮੰਨੇ, ਸੋ ਭਗਤਿ ਹੋਇ' ਅਤੇ ਭਗਤ ਅਰਾਧਹਿ ਏਕਰੰਗਿ' ਸ਼ਬਦਾਂ ਰਾਹੀਂ ਸੱਚੇ ਭਗਤ ਨੂੰ ਪ੍ਰਕਾਸ਼ਿਤ ਕੀਤਾ ਗਿਆ ਹੈ ।[38] ਭਗਤ ਆਪਣੇ ਪ੍ਰੀਤਮ ਅਤੇ ਉਸਦੇ ਗਿਆਨ ਨਾਲ ਅਮਿਤ ਪਿਆਰ ਕਰਦੇ ਹਨ ।[39]

ਸੰਤ ਵਿਵੇਕ, ਦਇਆ, ਖਿਮਾ ਸਰਬਭਰਾਤਰੀ ਭਾਵ, ਸਮਤਾ, ਹਮਦਰਦੀ ਤੇ ਸ਼ੀਲ ਆਦਿ ਗੁਣਾਂ ਦਾ ਧਾਰਨੀ ਅਤੇ ਸਾਰੇ ਵਿਕਾਰਾਂ ਤੋਂ ਰਹਿਤ ਹੁੰਦਾ ਹੈ। ਉਹ ਸਮਾਜ ਦਾ ਮਾਰਗ-ਦਰਸ਼ਕ ਬਣ ਕੇ ਲੋਕਾਂ ਸਾਹਮਣੇ ਆਚਰਨ ਦਾ ਨਮੂਨਾ ਪੇਸ਼ ਕਰਦਾ ਹੈ। ਇਹ ਮਹਾਂਪੁਰਸ਼ ਵੈਰਾਗੀ ਤੇ ਪਰਬਾਰੀ ਹੁੰਦਿਆਂ ਹੋਇਆਂ ਵੀ ਮੋਹ ਤੋਂ ਪਰੇ ਰਹਿੰਦਾ ਹੈ। ਸੰਤ ਦੇ ਜੀਵਨ ਦੀ ਪਹਿਲੀ ਮਹਾਨਤਾ ਹੀ ਇਹ ਹੁੰਦੀ ਹੈ ਕਿ ਉਹ "ਹੋਣ" ਵਿੱਚ ਯਕੀਨ ਰੱਖਦਾ ਹੈ ਨਾ ਕਿ ਕੇਵਲ "ਦਿਸਣ" ਵਿੱਚ।[40] ਦੈਵੀ ਗੁਣਾਂ ਨਾਲ ਸੰਪਨ ਪੂਰਨ ਸੰਤ ਦਾ ਵਿਅੱਕਤਿਤ੍ਵ ਗੁਰੂ ਦੀ ਪਦਵੀ ਪ੍ਰਾਪਤ ਕਰਕੇ ਲੋਕ ਨਿਰਮਾਣ ਲਈ ਜੀਵਨ-ਕਾਰਵਾਈ ਕਰਦਾ ਹੈ।[41] ਇਸ ਪ੍ਰਕਾਰ ਭਗਤ ਇੱਕ ਨਿਸ਼ਕਾਮ ਸੇਵਕ, ਮਾਰਗ- ਦਰਸ਼ਕ ਅਤੇ ਮਨੁੱਖੀ- ਕਲਿਆਣ ਦਾ ਕਿਰਿਆਸ਼ੀਲ ਕਾਰਕ ਹੁੰਦਾ ਹੈ ।

ਉਹ ਭਗਤ ਜਿਨ੍ਹਾਂ ਦੇ ਪ੍ਰਵਚਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹਨ, ਸਾਡੀ ਵਿਚਾਰ ਚਰਚਾ ਦੇ ਵਿਸ਼ੇ ਹਨ। ਇਨ੍ਹਾਂ ਭਗਤਾਂ ਦੀ ਵੀ ਜਿਹੜੀ ਬਾਣੀ ਇਸ ਮਹਾਨ ਪਵਨ ਗ੍ਰੰਥ ਵਿਚ ਦਰਜ ਨਹੀਂ ਹੈ ਉਸ ਦੀ ਖੋਜ ਵੀ ਇਸ ਸੋਧ-ਪ੍ਰਬੰਧ ਦੇ ਸੀਮਿਤ ਘੇਰੇ ਤੋਂ ਬਾਹਰ ਹੈ। ਪ੍ਰਸੰਗਿਕ ਭਗਤਾਂ ਨੂੰ ਭਗਤ ਜਨ ਅਤੇ ਉਨ੍ਹਾਂ ਦੇ ਵਿਚਾਰ-ਧੀਨ ਪ੍ਰਵਚਨਾਂ ਨੂੰ ਬਾਣੀ ਨਾਵਾਂ ਨਾਲ ਉਚਾਰਨਾ ਉਪਯੁਕਤ ਹੋਵੇਗਾ ।

### 3.3.1. ਭਗਤ ਜਨ

ਗੁਰੂ ਅਰਜਨ ਦੇਵ ਜੀ ਦੁਆਰਾ ਸੰਪਾਦਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀਆਂ ਤਿੰਨ ਬੀੜਾਂ- 1660--61 ਵਿਚ ਭਾਈ ਗੁਰਦਾਸ ਜੀ ਦੀ ਲਿਖੀ ਭਾਈ ਬੰਨੋ ਵਾਲੀ ਅਤੇ ਸੰਮਤ 1762--63 ਵਿਚ ਗੁਰੂ ਗੋਬਿੰਦ ਸਿੰਘ ਦੁਆਰਾ ਆਤਮਿਕ ਸ਼ਕਤੀ ਨਾਲ ਆਪਣੇ

ਨੰਠ ਤੋਂ ਸਾਣੀ ਉਚਾਰ ਕੇ ਲਿਖਵਾਈ ਦਮਦਮੇ ਵਾਲੀ ਬੀੜ, ਉਪਲਬਧ ਹਨ ।[40]
ਅੱਜਕਲ੍ਹ ਦਮਦਮੇ ਵਾਲੀ ਬੀੜ ਨੂੰ ਹੀ ਪ੍ਰਮਾਣਿਤ ਮੰਨਿਆ ਜਾਂਦਾ ਹੈ। ਇਸਦੇ ਕੁੱਲ 1430 ਪੰਨਿਆਂ ਵਿਚ 36 ਮਹਾਂਪੁਰਸ਼ਾਂ ਦੇ 5763 ਸ਼ਬਦ, ਸ਼ਲੋਕ, ਛੰਦ ਅਤੇ ਪਉੜੀਆਂ ਦਰਜ ਹਨ।[43] ਇਨ੍ਹਾਂ ਮਹਾਂਪੁਰਸ਼ਾਂ ਵਿਚ 1170 ਈ. ਤੋਂ ਲੈ ਕੇ 1675 ਈ. ਤੱਕ ਦੇ ਪੰਦਰਾਂ ਭਗਤ, ਛੇ ਗੁਰੂ, ਚਾਰ ਗੁਰੂ ਘਰ ਦੇ ਨਿਕਟਵਰਤੀ ਅਤੇ ਗਿਆਰਾਂ ਭੱਟ ਸ਼ਾਮਲ ਹਨ। ਭਗਤਾਂ ਦੇ ਨਾ ਜੈਦੇਵ, ਫਰੀਦ, ਤ੍ਰਿਲੋਚਨ, ਨਾਮਦੇਵ, ਸਧਨਾ, ਬੇਣੀ, ਰਾਮਾਨੰਦ, ਕਬੀਰ, ਰਵਿਦਾਸ, ਪੀਪਾ, ਸੈਣ, ਧੰਨਾ, ਭੀਖਣ, ਪਰਮਾਨੰਦ ਅਤੇ ਸੂਰਦਾਸ ਹਨ।[44] ਕੁਝ ਵਿਦਵਾਨ ਭਗਤਾਂ ਵਿਚ ਮੀਰਾਂਬਾਈ ਨੂੰ ਵੀ ਸ਼ਾਮਿਲ ਕਰਦੇ ਹਨ।[45] ਪਰੰਤੂ ਇਸ ਸਰਗੁਣ ਭਗਤ ਦਾ ਇਕ ਪਦ ਭਾਈ ਬੰਨੋ ਵਾਲੀ ਬੀੜ ਵਿਚ ਸ਼ਾਮਿਲ ਸੀ ਜਿਸਨੂੰ ਦਮਦਮੇ ਵਾਲੀ ਬੀੜ ਵਿਚ ਸਥਾਨ ਨਹੀਂ ਦਿੱਤਾ ਗਿਆ ।[46]

ਸਾਡਾ ਉਦੇਸ਼ ਭਗਤਾਂ ਦੁਆਰਾ ਰਚੇ ਸਾਹਿਤ ਵਿੱਚ ਉਨ੍ਹਾਂ ਦੇ ਸਿੱਖਿਆ ਦਰਸ਼ਨ ਦੀ ਵਿਆਖਿਆ ਕਰਨੀ ਹੈ। ਭਗਤਾਂ ਦੇ ਜੀਵਨ-ਕਾਲਾਂ, ਜੀਵਨ-ਸਥਾਨਾਂ ਜਨਮ-ਜਾਤੀਆਂ ਅਤੇ ਰਚਨਾਵਾਂ ਬਾਰੇ ਵਿਦਵਾਨਾਂ ਵਿਚ ਕਾਫ਼ੀ ਮੱਤਭੇਦ ਹਨ। ਸਾਡੀ ਧਾਰਨਾ ਹੈ ਕਿ ਇਨ੍ਹਾਂ ਵਾਦ-ਵਿਵਾਦਾਂ ਅਤੇ ਵਿਰੋਧਤਾਵਾਂ ਨਾਲ ਭਗਤ ਜਨਾਂ ਦੇ ਸਮੁਚਿਤ ਵਿਚਾਰਾਂ ਵਿੱਚ ਕੋਈ ਵਰਣਨਯੋਗ ਅੰਤਰ ਨਹੀਂ ਆਉਂਦਾ। ਮਹਾਂਪੁਰਸ਼ ਭਾਵੇਂ ਕਿਸੇ ਵੀ ਸਥਾਨ ਤੇ ਜਨਮ ਲੈਣ ਮਨੁੱਖਤਾ ਲਈ ਕਲਿਆਣਕਾਰੀ ਹੁੰਦੇ ਹਨ। ਇਸ ਲਈ ਪਰਿਚੈ ਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦਰਜ ਭਗਤਾਂ ਦੀ ਬਾਣੀ ਅਤੇ ਉਨ੍ਹਾਂ ਦੇ ਬਹੁਮੱਤ ਪ੍ਰਵਾਣਿਤ ਸੰਖਿਪਤ ਜੀਵਨ-ਬਿਉਰੇ ਦੇਣਾ ਹੀ ਉਚਿਤ ਸਮਝਿਆ ਗਿਆ ਹੈ। ਮੁੱਖ ਚਰਚਾ ਭਗਤਜਨਾਂ ਦੇ ਵਿਚਾਰਾਂ ਤੇ ਹੀ ਕੇਂਦਰਿਤ ਕੀਤੀ ਜਾਵੇਗੀ ।

## 3.3.2 ਭਗਤ-ਬਾਣੀ ਦਾ ਵਿਵਰਨ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਭਗਤ ਜੈਦੇਵ ਜੀ ਦੇ ਦੋ ਸ਼ਬਦ[47], ਬਾਬਾ ਫਰੀਦ ਜੀ ਦੇ 130 ਸ਼ਲੋਕ ਤੇ 4 ਸ਼ਬਦ,[48] ਭਗਤ ਤ੍ਰਿਲੋਚਨ ਜੀ ਦੇ ਚਾਰ ਸ਼ਬਦ[49] ਭਗਤ ਨਾਮਦੇਵ ਜੀ ਦੇ 61 ਪਦ[50] ਭਗਤ ਰਾਮਾਨੰਦ ਜੀ ਦਾ ਇੱਕ ਸ਼ਬਦ[51] ਭਗਤ ਸਧਨਾ

Sri Satguru Jagjit Singh Ji eLibrary NamdhariElibrary@gmail.com

ਜੀ ਦਾ ਇੱਕ ਪਦ[52] ਭਗਤ ਬੇਣੀ ਜੀ ਦੇ ਤਿੰਨ ਸ਼ਬਦ[53] ਭਗਤ ਰਵਿਦਾਸ ਜੀ ਦੇ 40 ਪਦ[54] ਭਗਤ ਕਬੀਰ ਜੀ ਦੇ 292 ਪਦ ਤੇ 249 ਸ਼ਲੋਕ[55], ਭਗਤ ਧੰਨਾ ਜੀ ਦੇ ਚਾਰ ਪਦ[56], ਭਗਤ ਪੀਪਾ ਜੀ ਦਾ ਇੱਕ ਪਦਾ[57], ਭਗਤ ਸੈਣੁ ਜੀ ਦਾ ਇੱਕ ਸ਼ਬਦ[58] ਭਗਤ ਪਰਮਾਨੰਦ ਜੀ ਦਾ ਇੱਕ ਸ਼ਬਦ[59] ਭਗਤ ਸੂਰਦਾਸ ਦੇ ਦੋ ਪਦ[60] ਅਤੇ ਭਗਤ ਭੀਖਣ ਜੀ ਦੇ ਦੋ ਪਦੇ ਸੰਕਲਿਤ ਹਨ ।[61]

3.3.3 ਜੀਵਨ- ਬਿਉਰਾ

3.3.3.1. ਭਗਤ ਜੈ ਦੇਵ

ਬਹੁ ਗਿਣਤੀ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਭਗਤ ਜੈਦੇਵ ਜੀ ਗੀਤ ਗੋਬਿੰਦ ਦੇ ਰਚਨਹਾਰੇ[62] ਪ੍ਰਸਿੱਧ ਸੰਸਕ੍ਰਿਤ ਕਵੀ ਸਨ। ਇਹ ਬੰਗਾਲ ਪ੍ਰਾਂਤ ਦੇ ਰਹਿਣ ਵਾਲੇ ਸਨ । ਇਹ ਰਾਜੇ ਦੇ ਦਰਬਾਰ ਵਿਚ ਪੰਜਵੇਂ ਰਤਨ ਵੀ ਥਾਪੇ ਗਏ ਪਰੰਤੂ ਇਨ੍ਹਾਂ ਨੇ ਉੱਚਪੱਦਵੀ ਨੂੰ ਤਿਆਗ ਕੇ ਭਗਤੀ ਮਾਰਗ ਗ੍ਰਹਿਣ ਕਰ ਲਿਆ । ਭਗਤ ਕਬੀਰ ਜੀ[63] ਇਨ੍ਹਾਂ ਨੂੰ ਪ੍ਰੇਮ-ਭਗਤੀ ਦੇ ਗਿਆਤਾ ਤੇ ਪ੍ਰਭੂ ਦੀ ਅਪਾਰ ਕ੍ਰਿਪਾ ਦੇ ਪਾਤਰ ਦੱਸਦੇ ਹਨ, ਜਦੋਂ ਕਿ ਗੁਰੂ ਅਰਜਨਦੇਵ ਜੀ ਇਨ੍ਹਾਂ ਨੂੰ ਅਹੰਮੇਵ ਦੇ ਤਿਆਗੀ ਆਖਦੇ ਹਨ ।[64]

3.3.3.2. ਬਾਬਾ ਸ਼ੇਖ ਫਰੀਦ

ਇਨ੍ਹਾਂ ਦਾ ਜਨਮ ਵੀ ਬਾਰ੍ਹਵੀਂ ਸਦੀ ਦੇ ਆਖਰੀ ਸੰਧ ਵਿਚ ਹੋਇਆ ਅਤੇ ਇਹ ਭਗਤ ਜੈਦੇਵ ਜੀ ਦੇ ਸਮਕਾਲੀ ਸਨ। ਫਰੀਦ ਜੀ ਨੇ ਆਪਣੀ ਬਾਣੀ ਵਿੱਚ ਮਨੁੱਖ ਨੂੰ ਨਿਮਰਤਾ, ਸਹਿਨਸ਼ੀਲਤਾ, ਤਿਆਗ, ਮਿੱਠਾ ਬੋਲਣ, ਈਮਾਨਦਾਰੀ ਅਤੇ ਸਦਾਚਾਰਕ ਦੀ ਮਾਨਵਵਾਦੀ ਸਿੱਖਿਆ ਦਿੱਤੀ। ਉਨ੍ਹਾਂ ਦੀ ਬਾਣੀ ਵਿਚ ਸਰਬਸਾਂਝੀ ਅਪੀਲ ਹੈ।[65] ਫਰੀਦ ਆਪਣੇ ਤਿਆਗ ਤੇ ਵੈਰਾਗ ਦੇ ਬਾਵਜੂਦ ਸਮਾਜ ਦੇ ਸੰਗਠਿਤ ਰੂਪ ਦਾ ਸਮਰਥਕ ਹੈ। ਸੱਚ, ਨਿਮਰਤਾ, ਖਿਮਾ, ਪ੍ਰਾਹੁਣਚਾਰੀ, ਮਿੱਠਾ ਬੋਲਣ, ਦੁੱਖ ਸੁੱਖ ਦੀ ਸਮਭਾਵਨਾ ਤੇ ਸ਼ਾਂਤੀਵਾਦ ਦਾ ਗ੍ਰਹਿਣ ਅਤੇ ਗੁੱਸੇ, ਸ੍ਵੈਂਭਿਮਾਨ, ਲਾਲਚ ਤੇ ਕੁਕਰਮਾਂ ਦੇ ਤਿਆਗ ਨਾਲ ਫਰੀਦ ਇੱਕ ਸਦਾਚਾਰਕ ਵਿਅਕਤੀ ਦੀ ਕਲਪਣਾ ਕਰਦਾ ਹੈ ਜਿਹੜਾ ਇੱਕ ਆਦਰਸ਼ ਸਮਾਜ ਨੂੰ ਜਨਮ ਦੇਵੇਗਾ । ਜਿਸਦੇ ਅੰਦਰ ਵਿਚਰਨ ਦੇ ਬਾਵਜੂਦ ਉਹ ਉਸ ਵਿਚ ਖਚਿਤ ਨਹੀਂ

Sri Satguru Jagjit Singh Ji eLibrary NamdhariElibrary@gmail.com

ਹੋਵੇਗਾ । ਬਾਬਾ ਫਰੀਦ ਜੀ ਦੀ ਬਾਣੀ ਦੀ ਲੋਕਪ੍ਰਿਯਤਾ ਦਾ ਇੱਕ ਵੱਡਾ ਕਾਰਨ ਉਨ੍ਹਾਂ ਦੀ ਅਨੁਭਵੀ ਸਿਆਣਪ ਹੈ। ਉਹ ਨਿਰਾ ਨਾਂ ਦਾ ਹੀ ਬਾਬਾ ਨਹੀਂ ਸੀ, ਕਰਮ ਦਾ ਵੀ ਬਾਬਾ ਸੀ ਜਿਸਨੇ ਜ਼ਿੰਦਗੀ ਦੀ ਇੱਕ ਸਦੀ ਦੇ ਹੁਨਾਲ ਸਿਆਲ ਹੰਢਾਏ ਸਨ।[66]

3.3.3.3. ਭਗਤ ਤ੍ਰਿਲੋਚਨ

ਇਹ ਸੰਤ ਗਿਆਨੇਸ਼ਵਰ ਜੀ, ਦੇ ਸ਼ਿਸ਼ ਅਤੇ ਭਗਤ ਨਾਮਦੇਵ ਜੀ ਦੇ ਸਮਕਾਲੀ ਤੇ ਗੁਰਭਾਈ ਸਨ।[67] ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਵਿੱਚ ਇਨ੍ਹਾਂ ਦਾ ਜ਼ਿਕਰ ਕੀਤਾ ਹੈ।[68] ਉਨ੍ਹਾਂ ਨੇ ਬਾਹਰੀ ਭੇਸ ਨਾਲੋਂ ਅੰਦਰ ਦੀ ਸੁੱਧਤਾ ਤੇ ਅਧਿਕ ਜ਼ੋਰ ਦਿੱਤਾ ਹੈ ।

3.3.3.4 ਭਗਤ ਨਾਮਦੇਵ

ਮਹਾਂਰਾਸ਼ਟਰ ਪ੍ਰਾਂਤ ਨਾਲ ਸੰਬੰਧਿਤ ਇਸ ਭਗਤ ਦਾ ਜਨਮ 1270 ਈ. ਵਿੱਚ ਨਰਸੀ ਪਿੰਡ ਵਿਖੇ ਹੋਇਆ ਦੱਸਿਆ ਜਾਂਦਾ ਹੈ। ਇਹ ਗ੍ਰਿਹਸਥੀ ਸਨ ਤੇ ਦਰਜੀ ਦਾ ਕਿੱਤਾ ਕਰਦੇ ਸਨ। ਇਹ ਬਿਠੁੱਲ ਭਗਤ ਸਨ। ਇਨ੍ਹਾਂ ਨੂੰ ਵਾਰਕਾਰੀ ਸੰਪਰਦਾਇ ਦੇ ਪੈਰੋਕਾਰਾਂ ਵਿੱਚ ਵੀ ਗਿਣਿਆ ਜਾਂਦਾ ਹੈ। ਇਨ੍ਹਾਂ ਦੀ ਵਿਚਾਰਧਾਰਾ ਵਿੱਚ ਪ੍ਰਭੂ ਦੇ ਸਗੁਣ ਤੇ ਨਿਰਗੁਣ ਦੋਵਾਂ ਸਰੂਪਾਂ ਦਾ ਸੁਮੇਲ ਹੈ। ਇਨ੍ਹਾਂ ਦੇ ਜੀਵਨ ਨਾਲ ਮੰਦਿਰ ਨੂੰ ਘੁਮਾਉਣ ਤੇ ਮੁਰਦਾ ਗਊ ਨੂੰ ਜੀਉਂਦਾ ਕਰਨ ਦੀਆਂ ਕਈ ਘਟਨਾਵਾਂ ਜੋੜੀਆਂ ਜਾਂਦੀਆਂ ਹਨ।[69] ਇਸ ਤੋਂ ਪ੍ਰਤੀਤ ਹੁੰਦਾ ਹੈ ਕਿ ਉਹ ਸਮਾਜਿਕ ਕਾਰਜਾਂ ਵਿਚ ਵੀ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਦੀਆਂ ਰਚਨਾਵਾਂ ਨੂੰ ਪੂਰਵਕਾਲੀਨ ,ਮੱਧਕਾਲੀਨ ਤੇ ਉੱਤਰ ਕਾਲੀਨ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਉਨ੍ਹਾਂ ਦੀਆਂ ਰਚਨਾਵਾਂ ਆਖਰੀ ਕਾਲ ਦੀਆਂ ਹਨ ਜਦੋਂ ਉਹ ਈਸ਼ਵਰ ਦੇ ਵਿਆਪਕ ਸਰੂਪ ਨੂੰ ਸਰਵਤ੍ਰ ਵੇਖਦੇ ਸਨ।[70] ਉਹ ਭਗਵਾਨ ਨੂੰ ਘਟ੍ਰ, ਤਤ੍ਰ, ਸਰਵਤ੍ਰ, ਕਣ ਕਣ ਵਿਚ ਵੱਸਿਆ ਪ੍ਰਤੱਖ ਅਨੁਭਵ ਕਰਦੇ ਸਨ। ਉਸਤੋਂ ਅਸਤਿਤ੍ਵ ਬਿਨਾ ਕੁਝ ਵੀ ਸਤਿ ਨਹੀਂ ਹੈ। ਇਹ ਹੀ ਉਨ੍ਹਾਂ ਦੀ ਵਿਰਾਟ ਅਨੁਭੂਤੀ ਸੀ ।[71]

ਨਾਮਦੇਵ ਜੀ ਸਮਾਜਿਕ ਆਚਾਰ ਦੇ ਅੰਤਰਗਤ ਪ੍ਰਸਪਰ ਭਾਈਚਾਰਾ, ਪਰਉਪਕਾਰ , ਅਤੇ ਸੇਵਾਭਾਵ ਤੇ ਬਲ ਦਿੰਦੇ ਹਨ । ਉਨ੍ਹਾਂ ਦੀ ਨਿਸ਼ਠਾ ਤਰਕਸੰਗਤ ਹੈ ਕਿ

ਸਮੁੱਚੀ ਮਾਨਵਤਾ ਵਾਸਤਵ ਵਿਚ ਇਕ ਸੂਤਰ ਵਿਚ ਪਰੋਈ ਹੋਈ ਹੈ ਕਿਉਂ ਜੋ ਸਭ ਇੱਕ ਹੀ ਜੋਤਿ ਦੀ ਉਪਜ ਹਨ।[72] ਨਾਮਦੇਵ ਜੀ ਮਾਇਆਗ੍ਰਸਤ ਮਨੁੱਖ ਨੂੰ ਪਸ਼ੂ ਕਰਾਰ ਦਿੰਦੇ ਹਨ ਕਿਉਂਕਿ ਅਜਿਹੇ ਮਨੁੱਖ ਦਾ ਵਿਹਾਰ ਮਨੁੱਖ ਤੇ ਸਮਾਜ ਵਿਰੋਧੀ ਹੋ ਜਾਂਦਾ ਹੈ, ਉਹ ਮਨੁੱਖ, ਸਮਾਜ ਤੇ ਰੱਬ ਦਾ ਦੁਸ਼ਮਣ ਹੁੰਦਾ ਹੈ।[73]

## 3.3.3.5. ਭਗਤ ਰਾਮਾਨੰਦ ਜੀ

ਜਿਸ ਵਿਸ਼ਿਸ਼ਟਦ੍ਵੈਤ ਭਗਤੀ ਧਾਰਾ ਦਾ ਰਾਮਾਨੁਜ ਜੀ ਨੇ ਪ੍ਰਚਾਰ ਕੀਤਾ ਸੀ ਉਸਨੂੰ ਉੱਤਰ ਪ੍ਰਦੇਸ਼ ਤੋਂ ਦੱਖਣ ਅਤੇ ਪੰਜਾਬ ਵਿਚ ਪ੍ਰਸਾਰਿਤ ਕਰਨ ਦਾ ਕਾਰਜ ਰਾਮਾਨੰਦ ਜੀ ਨੇ ਕੀਤਾ। ਆਪ ਦਾ ਜੀਵਨ ਕਾਲ 1299 ਈ. ਤੋਂ 1410 ਈ. ਦੇ ਵਿਚਕਾਰ ਮੰਨਿਆ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਇਨ੍ਹਾਂ ਨੂੰ ਰਾਮਾਨੁਜ ਸੰਪ੍ਰਦਾਵਾਂ ਦੇ ਪ੍ਰਸਿੱਧ ਸੰਚਾਲਕ ਰਾਘਵਾਨੰਦ ਜੀ ਦਾ ਸ਼ਿਸ਼ ਮੰਨਦੇ ਹਨ। ਉਹ ਇਨ੍ਹਾਂ ਨੂੰ ਮਹਾਨ ਵਿਦਵਾਨ ਅਤੇ ਧਰਮ ਪ੍ਰਚਾਰਕ ਆਖਦੇ ਹਨ।[74] ਉਹ ਬਨਾਰਸ ਵਿਚ ਰਹਿੰਦੇ ਸਨ ਅਤੇ ਹਰ ਰੋਜ਼ ਗੰਗਾ ਦੇ ਇਸ਼ਨਾਨ ਲਈ ਜਾਂਦੇ ਸਨ। ਇੱਥੇ ਹੀ ਇਨ੍ਹਾਂ ਦੀ ਮੁਲਾਕਾਤ ਭਗਤ ਕਬੀਰ ਜੀ ਨਾਲ ਹੋਈ।[75] ਭਗਤਮਾਲ ਦੇ ਰਚਨਹਾਰ ਸੰਤ ਨਾਭਾ ਦਾਸ ਜੀ ਇਨ੍ਹਾਂ ਨੂੰ ਸੇਤੁਬੰਧ ਆਖਦੇ ਹਨ। ਉਨ੍ਹਾਂ ਨੇ ਇਨ੍ਹਾਂ ਦੇ ਬਾਰ੍ਹਾਂ ਸਿਸ਼ਾਂ ਦਾ ਜ਼ਿਕਰ ਕੀਤਾ ਹੈ। ਜਿਨ੍ਹਾਂ ਵਿਚੋਂ ਕਬੀਰ, ਪੀਪਾ, ਰਵਿਦਾਸ, ਸੈਨ ਤੇ ਧੰਨਾ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।[76] ਭਗਤ ਰਾਮਾਨੰਦ ਜੀ ਨੇ ਭਗਤੀ ਲਹਿਰ ਨੂੰ ਇੱਕ ਨਵੀਂ ਰੰਗਤ ਦਿੱਤੀ। ਇਸ ਵਿੱਚ ਨਵਾਂ ਬਲ ਭਰਿਆ, ਮੱਧ ਸਮੇਂ ਦੀ ਭਗਤੀ ਲਹਿਰ ਵਿੱਚ ਪਲਟਾ ਆਇਆ। ਰਾਮਾਨੰਦ ਨੇ ਕ੍ਰਿਸ਼ਨ ਲੀਲ੍ਹਾ ਤੇ ਰਾਸਾਂ ਵਾਲੇ ਹਿੰਦੂ ਸਮਾਜ ਵਿਚ ਗਿਰਾਵਟ ਆਉਂਦੀ ਵੇਖੀ। ਇਸ ਲਈ ਉਨ੍ਹਾਂ ਨੇ ਰਾਮ ਭਗਤੀ ਦਾ ਪ੍ਰਚਾਰ ਆਰੰਭਿਆ ਜਿਸ ਨੇ ਕੌਮੀ ਸਦਾਚਾਰ ਨੂੰ ਉਚਿਆਇਆ।[77] ਰਾਮਾਨੰਦ ਜੀ ਨੇ ਬ੍ਰਾਹਮਣੀ ਕਰਮਕਾਂਡ ਦੀ ਜਕੜ ਭਗਤੀ ਮਤ ਉਦਾਲਿਉਂ ਢਿੱਲੀ ਕਰਕੇ ਦਲਿਤ ਜਾਤੀਆਂ ਦੇ ਭਗਤਾਂ (ਕਬੀਰ, ਰਵਿਦਾਸ, ਸੈਨ) ਨੂੰ ਅਪਣਾਇਆ। ਇਸ ਤੋਂ ਪਹਿਲਾਂ ਭਗਤੀ ਦੇ ਅਧਿਕਾਰ ਕੇਵਲ ਉੱਚ ਜਾਤੀਆਂ ਬਲਕਿ ਬ੍ਰਾਹਮਣਾਂ ਨੂੰ ਹੀ ਸਨ। ਰਾਮਾਨੰਦ ਜੀ ਨੇ ਭਗਤੀ ਮਾਰਗ ਜਨਸਾਧਾਰਨ ਲਈ ਖੋਲ੍ਹ ਦਿੱਤਾ। ਇਸਤ੍ਰੀਆਂ ਨੂੰ ਵੀ

ਭਗਤੀ ਕਰਨ ਦੇ ਅਧਿਕਾਰ ਦਿੱਤੇ ਗਏ।[78] ਉਨ੍ਹਾਂ ਦੇ ਸ਼ਿਸ਼ ਭਗਤ ਸੈਣ ਜੀ ਨੇ ਇਨ੍ਹਾਂ ਨੂੰ 'ਰਾਮਾਭਗਤਿ' ਦੇ ਗਿਆਤਾ ਤੇ 'ਪੂਰਨ ਪਰਮਾਨੰਦ' ਦੇ ਬਿਆਨ ਕਰਤਾ ਵਜੋਂ ਯਾਦ ਕੀਤਾ ਹੈ ।[79]

### 3.3.3.6. ਭਗਤ ਸਧਨਾ ਜੀ

ਆਪ ਨੂੰ ਭਗਤ ਨਾਮਦੇਵ ਜੀ ਦੇ ਸਮਕਾਲੀ ਸਮਝਿਆ ਜਾਂਦਾ ਹੈ। ਕਿੱਤੇ ਵਜੋਂ ਕਸਾਈ ਹੁੰਦੇ ਹੋਏ ਵੀ ਉਹ ਪ੍ਰਭੂ ਭਗਤੀ ਵਿਚ ਲੀਨ ਰਹਿੰਦੇ ਸਨ। ਇਨ੍ਹਾਂ ਦੀ ਬਾਣੀ ਵਿਚ ਅੰਤਰਭਾਵ ਤੇ ਆਤਮਨਿਵੇਦਨ ਅਤਿ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ ਹੈ । ਇਨ੍ਹਾਂ ਦੇ ਦੈਨਯ-ਭਰੇ ਸ਼ਬਦਾਂ ਵਿਚ ਇਕਾਂਤਨਿਸ਼ਠਾ ਦੀ ਭਾਵਨਾ ਹਿਰਦੇ ਦੇ ਸੱਚੇ ਉਦਗਾਰਾਂ ਅਤੇ ਸਰਲ ਤੇ ਨਿਸ਼ਕਪਟ ਜੀਵਨ ਦੀ ਝਾਕੀ ਦੇ ਦਰਸ਼ਨ ਹੁੰਦੇ ਹਨ।[80] ਉਨ੍ਹਾਂ ਵਿੱਚ ਪੂਰਨ ਸਮਰਪਣ ਦੀ ਭਾਵਨਾ ਉੱਤੇਜਿਤ ਹੈ ।

### 3.3.3.7. ਭਗਤ ਬੇਣੀ ਜੀ

ਇਨ੍ਹਾਂ ਦੇ ਜੀਵਨ ਵਿਵਰਨ ਬਾਰੇ ਪ੍ਰਮਾਣਕ ਜਾਣਕਾਰੀ ਦੀ ਲਗਭਗ ਅਣਹੋਂਦ ਹੀ ਹੈ। ਇਨ੍ਹਾਂ ਦੀ ਬਾਣੀ ਵਿੱਚ ਵਰਤੇ ਗਏ ਇੜਾ, ਪਿੰਗਲਾ ਤੇ ਸੁਖਮਨੀ ਸ਼ਬਦਾਂ ਤੋਂ ਇਨ੍ਹਾਂ ਤੇ ਨਾਥ ਜੋਗੀਆਂ ਦਾ ਪ੍ਰਭਾਵ ਪ੍ਰਤੀਤ ਹੁੰਦਾ ਹੈ। ਇਸ ਲਈ ਇਨ੍ਹਾਂ ਨੂੰ ਗੋਰਖ ਦੇ ਪਰਵਰਤੀ ਤੇ ਰਾਮਾਨੰਦ ਦੇ ਪੂਰਵਵਰਤੀ ਸੰਤ ਆਖਿਆ ਜਾ ਸਕਦਾ ਹੈ। ਇਨ੍ਹਾਂ ਨੂੰ ਨਾਮਦੇਵ ਜੀ ਦੇ ਸਮਕਾਲੀ ਵੀ ਮੰਨਿਆ ਜਾ ਸਕਦਾ ਹੈ। ਭੱਟਾਂ ਵਿਚੋਂ ਪ੍ਰਮੁੱਖ ਕਵੀ ਕਲ੍ਹ ਨੇ ਆਪਣੀ ਬਾਣੀ ਵਿੱਚ ਇਨ੍ਹਾਂ ਦਾ ਜ਼ਿਕਰ ਭਗਤ ਰਵਿਦਾਸ, ਜੈਦੇਵ, ਨਾਮਾ ਤੇ ਕਬੀਰ ਨਾਲ ਕੀਤਾ ਹੈ।[81] ਗੁਰੂ ਅਰਜਨ ਦੇਵ ਜੀ ਨੇ ਵੀ ਆਪਣੀ ਬਾਣੀ ਵਿਚ ਇਨ੍ਹਾਂ ਨੂੰ 'ਬੇਣੀ ਕਉ ਗੁਰਿ ਕੀਓ ਪ੍ਰਗਾਸੁ'(ਗੁ. ਗ੍ਰੰ. ਪੰਨਾ-1192) ਸ਼ਬਦਾਂ ਨਾਲ ਯਾਦ ਕੀਤਾ ਹੈ। ਭਾਈ ਗੁਰਦਾਸ ਜੀ ਇਨ੍ਹਾਂ ਨੂੰ ਏਕਾਂਤਵਾਸੀ, ਅਧਿਆਤਮਵਾਦੀ ਤੇ ਪਰਮੇਸ਼ਰ ਭਗਤ ਵਜੋਂ ਸੰਬੋਧਨ ਕਰਦੇ ਹਨ।[82] ਭਗਤ ਬੇਣੀ ਜੀ 'ਸਤਿਗੁਰੂ' ਦੀ ਅਗਵਾਈ ਹੇਠ 'ਆਤਮ ਤਤੁ ਚੀਨਣ' ਅਤੇ ਗੁਰਮੁਖ ਨੂੰ ਧਿਆਣਿ ਦਾ ਉਪਦੇਸ਼ ਕਰਦੇ ਹਨ ।

3.3.3.8. ਰਵਿਦਾਸ

'ਬੇਗਮਪੁਰਾ ਸ਼ਹਰ' ਦੀ ਕਲਪਣਾ ਕਰਨ ਵਾਲੇ ਭਗਤ ਰਵਿਦਾਸ ਜੀ ਦਾ ਜੀਵਨ ਕਾਲ 1433 ਬਿਕਰਮੀ ਤੋਂ 1584 ਤੱਕ ਮੰਨਿਆ ਜਾਂਦਾ ਹੈ । ਇਹ ਸੁਆਮੀ ਰਾਮਾਨੰਦ ਜੀ ਦੇ ਸ਼ਿਸ਼ ਅਤੇ ਭਗਤ ਕਬੀਰ, ਸੈਨ, ਧੰਨਾ ਤੇ ਪੀਪਾ ਜੀ ਦੇ ਗੁਰਭਾਈ, ਸਲਾਹਕਾਰ ਤੇ ਮਿੱਤਰ ਆਖੇ ਜਾਂਦੇ ਹਨ।[83] ਭਾਈ ਗੁਰਦਾਸ ਜੀ ਇਨ੍ਹਾਂ ਨੂੰ ਮਰੇ ਪਸ਼ੂ ਢੋਣ ਵਾਲੀ ਜਾਤ ਨਾਲ ਸੰਬੰਧਿਤ, ਚੀਥੜੇ ਪਹਿਨਣ ਵਾਲਾ, ਜੁੱਤੀਆਂ ਗੰਢਣ ਵਾਲਾ ਪਰੰਤੂ ਚਾਰੁ ਚੱਕਾਂ ਵਿਚ ਪ੍ਰਸਿੱਧ ਭਗਤ ਤੇ ਅਮੋਲ ਹੀਰਾ ਲਾਲ ਆਖਦੇ ਹਨ।[84] ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਨੂੰ ਪ੍ਰਭੂ ਅਨੂਪ ਦਾ ਗਿਆਤਾ ਵਜੋਂ ਯਾਦ ਕੀਤਾ ਹੈ । ਧੰਨਾ ਭਗਤ ਜੀ ਨੇ ਇਨ੍ਹਾਂ ਨੂੰ ਮਾਇਆ-ਤਿਆਗੀ ਅਤੇ ਭਗਤ ਕਬੀਰ ਜੀ ਨੇ 'ਸੰਤਨਿ ਮੈ ਸੰਤ' ਆਖਿਆ ਹੈ।[85] ਇਨ੍ਹਾਂ ਨੇ ਆਪਣੀ ਬਾਣੀ ਵਿਚ ਆਤਮ-ਗਿਆਨ ਪ੍ਰਕਾਸ਼ ਅਤੇ ਪ੍ਰੇਮਾ-ਭਗਤੀ ਤੇ ਅਧਿਕ ਜ਼ੋਰ ਦਿੱਤਾ ਹੈ। ਗਿਆਨ ਉਪਜਣ ਨਾਲ ਪ੍ਰਕਾਸ਼ ਹੋ ਜਾਂਦਾ ਹੈ ਅਤੇ ਭਰਮਾਂ ਦਾ ਨਾਸ਼ ਹੋ ਜਾਂਦਾ ਹੈ। ਭਗਤ ਰਵਿਦਾਸ ਜੀ ਦਾ ਮੂਲ ਮੰਤਵ ਗਿਆਨ, ਭਗਤੀ ਤੇ ਕਰਮ ਦਾ ਅਦਭੁੱਤ ਸੁਮੇਲ ਤੇ ਸੰਤੁਲਨ ਰਖਦਿਆਂ ਭੁੱਲੇ ਭਟਕੇ ਮਨੁੱਖ ਦੇ ਸਾਹਮਣੇ ਕਿਰਿਆਤਮਕ ਜੀਵਨ ਜਿਊਣ ਦਾ ਮਾਰਗ ਪੇਸ਼ ਕਰਨਾ ਹੈ ।[86] ਰਵਿਦਾਸ ਬਾਣੀ ਨਿਸ਼ਚੈ ਹੀ ਮਨੁੱਖ ਅੰਦਰ ਕਰਮ ਦੀ ਗੌਰਵਤਾ ਦਾ ਅਹਿਸਾਸ ਜਗਾ ਕੇ ਉਸਨੂੰ ਬੰਧਨਗ੍ਰਸਤ ਸਮਾਜ ਤੋਂ ਉਪਰ ਉੱਠ ਜਾਣ ਦੀ ਦਿਸ਼ਾ ਦਿੰਦੀ ਹੈ। ਇਸ ਦਿਸ਼ਾ ਵਿੱਚ ਹੀ ਮਨੁੱਖ ਨੇ ਆਪਣੇ ਮੂਲ ਨੂੰ ਪਛਾਣਨਾ ਹੈ।[87]

ਰਵਿਦਾਸ ਬਾਣੀ ਵਿੱਚ ਸ਼ੰਕਰ ਦੇ ਅਦਵੈਤ, ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਨਿੰਬਾਰਕ ਦੇ ਦਵੈਤਾਦਵੈਤ ਮਾਧਵ ਦੇ ਦਵੈਤਵਾਦ, ਰਾਮਾਨੰਦ ਦੇ ਪ੍ਰਪੱਤੀ-ਸਿਧਾਂਤ ਤੇ ਵੱਲਭ ਦੇ ਸ਼ੁੱਧ ਸਰੂਪ ਦਾ ਮਿਲਵਾਂ ਦਰਸ਼ਨ ਸਹਿਜੇ ਹੀ ਵੇਖਿਆ ਜਾ ਸਕਦਾ ਹੈ ।[88] ਰਵਿਦਾਸ-ਬਾਣੀ ਆਪਣੇ ਸਰਬਕਾਲੀ ਤੇ ਸਰਬਵਿਆਪੀ ਵਿਚਾਰਾਂ ਕਰਕੇ ਆਧੁਨਿਕ ਸੰਦਰਭ ਵਿੱਚ ਅਤਿਅੰਤ ਪ੍ਰਾਸੰਗਿਕ ਅਤੇ ਉਪਯੋਗੀ ਹੈ। ਇਨ੍ਹਾਂ ਦੀ ਬਾਣੀ ਆਧੁਨਿਕ ਭਾਰਤੀ ਸਮਾਜ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਹਲ ਕਰਨ ਵਿਚ ਪੂਰੀ ਤਰ੍ਹਾਂ ਸਮਰੱਥ ਹੈ ।[89]

3.3.3.9. ਭਗਤ ਕਬੀਰ

ਇਸ ਨਿਧੜਕ ਇਨਕਲਾਬੀ ਭਗਤ ਦਾ ਜਨਮ 1456 ਬਿਕਰਮੀ ਵਿੱਚ[90]

ਬਨਾਰਸ ਵਿਖੇ ਅਤੇ ਮ੍ਰਿਤੂ 1575 ਬਿਕਰਮੀ ਨੂੰ[91] ਮਗਹਰ ਵਿਖੇ ਹੋਈ। ਉਹ ਭਗਤ ਰਾਮਾਨੰਦ ਜੀ ਦੇ ਸ਼ਿਸ਼ ਸਨ। ਗੁਰੂ ਅਰਜਨ ਦੇਵ ਜੀ ਨੇ ਭਗਤ ਜੀ ਨੂੰ 'ਏਕ ਰੰਗ' ਧਿਆਇਣ ਵਾਲਾ ਅਤੇ ਦਾਸਾਂ ਦਾ ਦਾਸ ਆਖਿਆ ਹੈ।[92] ਇਨ੍ਹਾਂ ਨੇ ਹਿੰਦੂ ਧਰਮ ਤੋਂ ਅਦ੍ਵੈਤ , ਵੈਸ਼ਨਵ ਸੰਪ੍ਰਦਾਇ ਤੋਂ ਭਗਤੀਮਈ ਉਪਾਸਨਾ, ਕਰਮਵਾਦ ਤੇ ਜਨਮਾਂਤਰਵਾਦ, ਬੁੱਧ ਧਰਮ ਤੋਂ ਸ਼ੂਨਵਾਦ, ਅਹਿੰਸਾ ਤੇ ਮੱਧਮ ਮਾਰਗ, ਇਸਲਾਮ ਧਰਮ ਤੋਂ ਏਕੇਸ਼ਵਰਵਾਦ ਤੇ ਭ੍ਰਾਤਰੀਭਾਵ ਅਤੇ ਸੂਫ਼ੀ ਸੰਪ੍ਰਦਾਇ ਤੋਂ ਪ੍ਰੇਮ ਭਾਵਨਾ ਨੂੰ ਲੈ ਕੇ ਸਭ ਦੇ ਸੁਮੇਲ ਨਾਲ ਇੱਕ ਨਵਾਂ ਪੰਥ ਚਲਾਉਣ ਦੀ ਚੇਸ਼ਟਾ ਕੀਤੀ ।[93] ਮਹਾਤਮਾ ਕਬੀਰ ਨੇ ਆਪਣੇ ਕ੍ਰਾਂਤੀਕਾਰੀ ਸਮਾਜਕ ਵਿਚਾਰਾਂ ਦੁਆਰਾ ਇੱਕ ਇਹੋ ਜਿਹੇ ਸਮਾਜ ਦਾ ਨਿਰਮਾਣ ਕੀਤਾ, ਜਿਸ ਵਿੱਚ ਸਾਰੇ ਨਾਗਰਿਕਾਂ ਨੂੰ ਬਰਾਬਰੀ ,ਏਕਤਾ ਤੇ ਆਪਸੀ ਪ੍ਰੇਮ-ਭਾਵਨਾ ਦੀ ਪ੍ਰਾਪਤੀ ਹੋਈ।[94] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਪਾਦਤ ਭਗਤਾਂ ਦੀ ਬਾਣੀ ਵਿਚੋਂ ਆਪ ਦੀ ਬਾਣੀ ਸਭ ਤੋਂ ਅਧਿਕ ਹੈ ।

### 3.3.3.10. ਭਗਤ ਧੰਨਾ ਜੀ

ਨਿਰਗੁਣ ਪਾਰਬ੍ਰਹਮ ਵਿੱਚ ਵਿਸ਼ਵਾਸ ਰੱਖਣ ਵਾਲੇ, ਸਰਲ ਤੇ ਭੋਲੇ ਸੁਭਾਉ ਵਾਲੇ, ਮਸਤੀ ਭਰਿਆ ਅਧਿਆਤਮਕ ਜੀਵਨ ਜਿਉਣ ਵਾਲੇ ਗ੍ਰਿਹਸਥੀ ਭਗਤ ਧੰਨਾ ਜੀ ਦਾ ਜਨਮ 1415 ਈ. ਨੂੰ ਟਾਂਕ ਦੇ ਇਲਾਕੇ ਵਿਚ ਇੱਕ ਜੱਟ ਵੰਸ਼ ਵਿਚ ਹੋਇਆ।[95] ਇਹ ਬਚਪਨ ਤੋਂ ਹੀ ਪਰਮਾਤਮਾ ਦੀ ਬੰਦਗੀ ਵਿਚ ਲੀਨ ਰਹਿੰਦੇ ਸਨ।[96] ਉਨ੍ਹਾਂ ਨੇ ਕਾਸ਼ੀ ਵਿੱਚ ਜਾ ਕੇ ਭਗਤ ਰਾਮਾਨੰਦ ਜੀ ਤੋਂ ਗੁਰਦੀਖਿਆ ਲਈ ।[97] ਉਹ ਆਪਣੇ ਨਿਹਚਾ ਵਿੱਚ ਇੰਨੇ ਦ੍ਰਿੜ ਸਨ ਕਿ ਇੱਕ ਠਾਕਰ (ਪੱਥਰ) ਨੂੰ ਭੋਗ ਕਰਾਉਣ ਲਈ ਆਪ ਭੁੱਖੇ ਰਹਿਣ ਦੀ ਜ਼ਿੱਦ ਨੂੰ ਤੋੜਨ ਲਈ ਪਰਮਾਤਮਾ ਨੂੰ ਆਪ ਪ੍ਰਤੱਖ ਹੋਣਾ ਪਿਆ ।[98] ਉਹ ਆਰੰਭ ਵਿਚ ਸਾਕਾਰ ਦੀ ਪੂਜਾ ਕਰਦੇ ਸਨ ਪਰੰਤੂ ਫਿਰ ਨਿਰੰਕਾਰ ਪ੍ਰਭੂ ਦੀ ਭਗਤੀ ਕਰਨ ਲੱਗ ਪਏ। ਇਨ੍ਹਾਂ ਦੀ ਬਾਣੀ ਵਿੱਚੋਂ ਰਾਗਾਤਮਿਕ ਭਗਤੀ ਦੇ ਦਰਸ਼ਨ ਹੁੰਦੇ ਹਨ।

### 3.3.3.11.' ਭਗਤ ਪੀਪਾ ਜੀ

ਇਹ ਭਗਤ ਰਾਮਾਨੰਦ ਜੀ ਦੇ ਸ਼ਿਸ਼ ਸਨ। ਉਹ ਪਹਿਲਾਂ ਦੁਰਗਾ ਭਗਤ ਸਨ ਪਰੰਤੂ ਫਿਰ ਆਪਣਾ ਰਾਜਭਾਗ ਤਿਆਗ ਕੇ ਪਤਨੀ ਸਮੇਤ ਵੈਰਾਗੀ ਬਣ ਗਏ। ਉਹ

Sri Satguru Jagjit Singh Ji eLibrary NamdhariElibrary@gmail.com

ਨਿਰਗੁਣਵਾਦੀ, ਮੂਰਤੀ ਪੂਜਾ ਤੇ ਕਰਮਕਾਂਡਾਂ ਦੇ ਵਿਰੋਧੀ ਅਤੇ ਗੁਰੂ ਵਿਚ ਦ੍ਰਿੜ੍ਹ ਨਿਸ਼ਚਾ ਰੱਖਣ ਵਾਲੇ ਸਨ। ਉਹ ਆਪਣੇ ਸਰੀਰ ਨੂੰ ਹੀ ਦੇਵਤਾ, ਮੰਦਰ ਜੰਗਮ(ਜੋਗੀ) ਯਾਤਰੀ, ਧੂਪ ਤੇ ਦੀਪ ਮੰਨ ਕੇ ਇਸ ਵਿਚੋਂ ਹੀ ਪ੍ਰਭੂ ਨਾਮ ਰੂਪੀ ਖਜ਼ਾਨਾ ਢੂੰਡ ਕੇ ਮੁਕਤੀ ਪ੍ਰਾਪਤ ਕਰਨ ਦੇ ਸਮਰਥਕ ਸਨ। ਉਨ੍ਹਾਂ ਦਾ ਵਿਚਾਰ ਹੈ ਕਿ ਜੋ ਪਰਮਾਤਮਾ ਸਾਰੇ ਬ੍ਰਹਿਮੰਡ ਵਿਚ ਵਿਆਪਕ ਹੈ ਉਹ ਹੀ ਹਰ ਪ੍ਰਾਣੀ ਦੇ ਸਰੀਰ ਵਿਚ ਹੈ ।[99]

3.3.3.12. ਭਗਤ ਸੈਣ ਜੀ

ਭਗਤ ਸੈਨ ਜਾਂ ਸੈਣੁ ਜੀ ਵੀ ਰਾਮਾਨੰਦ ਜੀ ਦੇ ਸ਼ਿਸ਼ ਆਖੇ ਜਾਂਦੇ ਹਨ । ਉਹ ਜਾਤ ਦੇ ਨਾਈ ਸਨ। ਆਪ ਹਰ ਰੋਜ਼ ਇੱਕ ਰਾਜੇ ਦੀ ਸੇਵਾ ਲਈ ਜਾਇਆ ਕਰਦੇ ਸਨ। ਇੱਕ ਦਿਨ ਸੰਤ ਜਨਾਂ ਦੇ ਘਰ ਆ ਜਾਣ ਕਾਰਨ ਉਹ ਦਰਬਾਰ ਵਿਚ ਸਮੇਂ ਸਿਰ ਨਾ ਪੁੱਜ ਸਕੇ। ਪਰਮਾਤਮਾ ਨੇ ਆਪ ਪ੍ਰਗਟ ਹੋ ਕੇ ਉਸਦਾ ਕਾਰਜ ਕੀਤਾ ।[100] ਪ੍ਰਭੂ ਦੀ ਅਨਿੰਨ ਅਤੇ ਨਿਸ਼ਕਾਮ ਸੇਵਾ ਸਦਕਾ ਬੁੱਤੀਆਂ ਕਰਨ ਵਾਲਾ ਸੈਨ ਨਾਈ ਪ੍ਰਮੁੱਖ ਭਗਤਾਂ ਵਿਚ ਗਿਣਿਆ ਜਾਣ ਲੱਗਾ । ਭਗਤ ਜੀ ਪਰਮਾਤਮਾ ਨੂੰ ਹੀ ਪੂਜਾ ਤੇ ਆਰਤੀ ਦੇ ਯੋਗ ਸਮਝਦੇ ਸਨ ।

3.3.3.13. ਭਗਤ ਪਰਮਾਨੰਦ ਜੀ

ਆਪ ਦਾ ਜੀਵਨ ਕਾਲ 1550 ਬਿਕਰਮੀ ਤੋਂ 1641 ਤੱਕ ਮੰਨਿਆ ਜਾਂਦਾ ਹੈ। ਆਪ ਬ੍ਰਾਹਮਣ ਪਰਿਵਾਰ ਵਿਚੋਂ ਸਨ ਅਤੇ ਵੱਲਭ ਆਚਾਰੀਆ ਦੇ ਸ਼ਿਸ਼ ਸਨ। ਉਨ੍ਹਾਂ ਦਾ ਵਿਚਾਰ ਹੈ ਕਿ ਕਾਮ, ਕ੍ਰੋਧ, ਲੋਭ, ਪਰਨਿੰਦਾ, ਲੁੱਟਖਸੁੱਟ, ਹਿੰਸਾ ਆਦਿ ਅਪਵਿੱਤਰ ਮਨੋਬਿਰਤੀਆਂ ਦਾ ਤਿਆਗ ਕੀਤੇ ਬਗੈਰ ਮਨੁੱਖ ਤੇ ਧਾਰਮਿਕ ਉਪਦੇਸ਼ਾਂ ਦਾ ਕੋਈ ਪ੍ਰਭਾਵ ਨਹੀਂ ਪੈਂਦਾ। ਇਸ ਪ੍ਰਕਾਰ ਉਹ ਵਿਖਾਵੇ ਨਾਲੋਂ ਸਦਾਚਾਰਕ ਅਮਲ ਤੇ ਅਧਿਕ ਜ਼ੋਰ ਦਿੰਦੇ ਹਨ ।

3.3.3.14. ਭਗਤ ਸੂਰਦਾਸ ਜੀ

ਇਨ੍ਹਾਂ ਦੀ ਪਹਿਚਾਣ ਜਨਮ ਸਥਾਨ ਤੇ ਜੀਵਨ ਕਾਲ ਬਾਰੇ ਕਾਫੀ ਮੱਤਭੇਦ

Sri Satguru Jagjit Singh Ji eLibrary NamdhariElibrary@gmail.com

ਹਨ। ਵਿਦਵਾਨਾਂ ਦਾ ਬਹੁਮਤ ਹੈ ਕਿ ਭਗਤ ਸੂਰਦਾਸ ਜੀ ਵਾਤਸਲ ਰੰਗ ਦੇ ਬਾਦਸ਼ਾਹ ਪ੍ਰਸਿੱਧ ਕ੍ਰਿਸ਼ਨ ਭਗਤ ਕਵੀ ਸੂਰਦਾਸ ਹੀ ਹਨ। ਇਹ ਵਲਭਾਚਾਰੀਆ ਜੀ ਦੇ ਸ਼ਿਸ਼ ਸਨ। ਉਹ ਪਰਮਾਤਮਾ ਤੋਂ ਬੇਮੁਖ ਵਿਅਕਤੀ ਦਾ ਪੱਲਾ ਛੱਡ ਕੇ ਹਰਿ ਨਗਨ ਵਿਚ ਜੁੜੇ ਪ੍ਰਭੂ ਨੂੰ ਅਰਪਿਤ ਮਹਾਂਪੁਰਸ਼ਾਂ ਦੀ ਸੰਗਤ ਕਰਨ ਦਾ ਉਪਦੇਸ਼ ਦਿੰਦੇ ਹਨ ।

### 3.3.3.15. ਭਗਤ ਭੀਖਣ ਜੀ

ਇਨ੍ਹਾਂ ਦੇ ਜੀਵਨ ਵੇਰਵੇ ਵੀ ਵਿਵਾਦਗ੍ਰਸਤ ਹਨ। ਇਨ੍ਹਾਂ ਦੀ ਬਾਣੀ ਵਿੱਚ ਆਏ ਰਾਮ ਰਾਇ ਅਤੇ 'ਹਰਿ ਕਾ ਨਾਮ' ਆਦਿ ਸ਼ਬਦਾਂ ਤੋਂ ਇਹ ਕੋਈ ਸੂਫ਼ੀ ਸੰਤ ਨਹੀਂ ਜਾਪਦੇ। ਇਹ ਕੋਈ ਨਿਰਗੁਣੀ ਹਿੰਦੂ ਸੰਤ ਪ੍ਰਤੀਤ ਹੁੰਦੇ ਹਨ।[101] ਉਹ ਸੰਸਾਰਿਕ ਦੁੱਖਾਂ ਦੀ ਔਖਧ 'ਹਰਿ ਕਾ ਨਾਮ' ਆਖਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਪਰਮਾਤਮਾ ਸਰਬ ਵਿਆਪਕ ਹੋਣ ਕਾਰਨ ਉਸਦੀ ਵਡਿਆਈ ਦਾ ਵਰਣਨ ਗੂੰਗੇ ਦੀ ਮਠਿਆਈ ਵਾਂਗ ਅਨਿਰਵਚਨੀਯ ਹੈ ।

### 3.4. ਭਗਤ ਦਰਸ਼ਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਭਗਤਜਨਾਂ ਦੀ ਬਾਣੀ ਭਾਵੇਂ ਵਿਭਿੰਨ ਸਥਾਨਾਂ ਤੇ ਅਤੇ ਵੱਖਰੇ ਵੱਖਰੇ ਸਮਿਆਂ ਵਿਚ ਰਚੀ ਗਈ ਪਰੰਤੂ ਇਸਦੀ ਮੁੱਖ ਆਵਾਜ਼ ਇੱਕਸੁਰ ਹੈ। ਇਨ੍ਹਾਂ ਵਿਚੋਂ ਭਗਤ ਕਬੀਰ, ਪੀਪਾ, ਰਵਿਦਾਸ, ਸੈਣ ਤੇ ਧੰਨਾ ਜੀ ਇਕ ਹੀ ਭਗਤ ਰਾਮਾਨੰਦ ਜੀ ਦੇ ਸ਼ਿਸ਼ ਸਨ ਜਿਨ੍ਹਾਂ ਦੇ ਗੁਰੂ ਸਵਾਮੀ ਰਾਮਾਨੰਦ ਜੀ ਸਨ ਜੋ ਰਾਮਾਨੁਜ ਜੀ ਦੀ ਵਿਸ਼ਿਸ਼ਟਾਦਵੈਤ ਵਿਚਾਰਧਾਰਾ ਦੇ ਪ੍ਰਸਿੱਧ ਪ੍ਰਚਾਰਕ ਸਨ। ਇਸ ਲਈ ਸੁਭਾਵਿਕ ਹੀ ਇਨ੍ਹਾਂ ਪੰਜ ਭਗਤਾਂ ਦੇ ਵਿਚਾਰ ਵੀ ਵਸ਼ਿਸ਼ਟਾਦਵੈਤ ਦੇ ਅਤਿ ਨਜ਼ਦੀਕ ਹਨ। ਕੁਝ ਭਗਤ ਆਪਣੇ ਰੂਹਾਨੀ ਜੀਵਨ ਦੇ ਆਰੰਭਿਕ ਪੜਾਵਾਂ ਵਿਚ ਭਾਵੇਂ ਮੂਰਤੀ ਪੁਜਾਰੀ ਸਨ ਪਰੰਤੂ ਅਨੁਭਵੀ ਤੇ ਪਰਪੱਕ ਪੜਾਅ ਤੇ ਪੁੱਜ ਕੇ ਨਿਰਾਕਾਰ ਪਰਮਾਤਮਾ ਦੇ ਉਪਾਸਕ ਬਣ ਗਏ। ਵਾਸਤਵ ਵਿਚ ਸਗਲ ਸਮੇਂ ਅਤੇ ਆਕਾਰ ਦੀ ਅਕਾਲਿਕ ਤੇ ਅਸਥਾਨਿਕ ਸਵੈਚੇਤਨ ਅਵਸਥਾ ਭਾਵ ਨਿਰਗੁਣ ਅਤੇ ਸਮੇਂ ਤੇ ਆਕਾਰ ਵਿਚ ਬੱਝੀ ਹੋਈ ਵਿਭਾਜਿਤ ਸ੍ਰਿਸ਼ਟੀ ਕਾਲ

Sri Satguru Jagjit Singh Ji eLibrary NamdhariElibrary@gmail.com

(ਸਰਗੁਣ) ਦੋ ਨਹੀਂ ਸਗੋਂ ਇੱਕ ਹੀ ਹਨ । ਅਸਲੀਅਤ ਕੇਵਲ ਨਿਰਗੁਣ ਅਵਸਥਾ ਹੈ।[102] ਇਨ੍ਹਾਂ ਭਗਤ ਜਨਾਂ ਦੇ ਵਿਚਾਰਾਂ ਵਿਚ ਸਮਾਨਤਾ ਦਾ ਸਰਵਸ੍ਰੇਸ਼ਟ ਵਿਸ਼ਵਾਸਯੋਗ ਪਰਮਾਣ ਇਨ੍ਹਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਾਣਯੋਗ ਸਥਾਨ ਮਿਲਦਾ ਹੈ । ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕੇਂਦਰੀ ਵਿਚਾਰਧਾਰਾ ਹੀ ਭਗਤ ਜਨਾਂ ਦੀ ਵਿਚਾਰਧਾਰਾ ਹੈ ।

ਭਗਤੀ ਅੰਦੋਲਨ ਭਾਵੇਂ ਗਿਆਨ ਨਾਲੋਂ ਭਾਵਨਾ ਨੂੰ ਅਧਿਕ ਮਹੱਤਵ ਦਿੰਦਾ ਹੈ ਪਰੰਤੂ ਭਾਵਨਾ-ਪ੍ਰਧਾਨ ਸਮਾਂ ਵੀ ਉਚਿੱਤਤਾ ਨੂੰ ਸਿੱਧ ਕਰਨ ਅਤੇ ਉਸਦਾ ਵਿਹਾਰਕ ਰੂਪ ਨਿਰਧਾਰਿਤ ਕਰਨ ਲਈ ਉਸਨੂੰ ਇੱਕ ਸੁਦ੍ਰਿੜ੍ਹ ਦਾਰਸ਼ਨਿਕ ਆਧਾਰ ਦੀ ਅਵੱਸ਼ਕਤਾ ਸੀ।[103] ਭਗਤੀ ਇੱਕ ਪ੍ਰਕਾਰ ਨਾਲ ਮੱਧਕਾਲੀਨ ਸਾਮੰਤਵਾਦੀ ਸਮਾਜ ਵਿਚ ਵਿਚਾਰਕ ਵਿਕਲਪ ਦੀ ਤਲਾਸ਼ ਦਾ ਪ੍ਰਯਤਨ ਸੀ ਜਿਸ ਵਿੱਚ ਆਚਾਰੀਆਂ ਦੀ ਭੂਮਿਕਾ ਦਾਰਸ਼ਨਿਕ ਪੱਧਰ ਦੀ ਹੈ। ਇਸਨੂੰ ਵਿਸ਼ਵਾਸ਼ਯੋਗ ਤੇ ਪ੍ਰਮਾਣਿਕ ਬਣਾਉਣ ਦਾ ਕਾਰਜ ਭਗਤ ਕਵੀਆਂ ਨੇ ਕੀਤਾ ਜੋ ਸਾਰੀਆਂ ਭਾਰਤੀ ਭਾਸ਼ਾਵਾਂ ਵਿਚ ਕਿਰਿਆਸ਼ੀਲ ਸਨ ।[104] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਸ਼ਨ ਦੇ ਤਿੰਨ ਭਾਗ ਜਾਂ ਪੱਖ ਹਨ। ਪਹਿਲਾ ਭਾਗ ਹੈ ਅਧਿਆਤਮਿਕ ਜਿਸ ਵਿੱਚ ਨਿਰਣਾ ਕੀਤਾ ਹੈ ਕਿ ਸਾਰੇ ਜੀਵ ਜਗਤ ਬ੍ਰਹਿਮੰਡ ਪਾਸਾਰੇ ਪਿੱਛੇ ਤੱਤਸਾਰ ਸ੍ਰੇਸ਼ਟ ਵਸਤੂ ਕੀ ਹੈ ਅਤੇ ਉਸਦਾ ਪਾਸਾਰੇ ਨਾਲ ਕੀ ਸੰਬੰਧ ਹੈ। ਇਹ ਨਿਰੋਲ ਸ਼ਾਸਤ੍ਰ ਜਾਂ ਪਰਾਭੌਤਿਕੀ ਹੈ। ਦੂਜਾ ਭਾਗ ਹੈ ਕਿ ਜੀਵ ਇਸ ਪਾਸਾਰੇ ਦੀ ਕੈਦ ਵਿਚੋਂ ਕਿਵੇਂ ਨਿਕਲ ਕੇ ਸਰਬਵਿਆਪੀ ਅਬਿਨਾਸ਼ੀ ਬ੍ਰਹਮ, ਜੋ ਸਾਰੇ ਪਾਸਾਰੇ ਵਿਚ ਤੱਤ ਵਸਤੂ ਹੈ, ਨਾਲ ਕਿਵੇਂ ਮਿਲ ਸਕਦਾ ਹੈ। ਇਹ ਧਰਮ ਸ਼ਾਸਤ੍ਰ ਹੈ ਭਾਵ ਸਾਸਤ੍ਰ ਦਾ ਉਹ ਭਾਗ ਜੋ ਮੁਕਤੀ ਪ੍ਰਾਪਤੀ ਦੇ ਸਾਧਨ ਦੱਸਦਾ ਹੈ। ਜਿਵੇਂ ਕਿ ਨਾਮ ਭਗਤੀ, ਗੁਰੂ ਭਗਤੀ, ਮਨ ਦਾ ਸੰਜਮ ਆਦਿ। ਤੀਜਾ ਭਾਗ ਸਦਾਚਾਰਕ ਸਮਾਜਿਕ ਜੀਵਨ ਦਾ ਹੈ ਜੋ ਇਹ ਨਿਰੂਪਣ ਕਰਦਾ ਹੈ ਕਿ ਮਾਨਵੀ-ਧਰਮ ਮਨੁੱਖ ਦੇ ਤੌਰ ਤੇ ਕੀ ਹੈ ਜਾਂ ਮਨੁੱਖ ਦਾ ਹੋਰ ਮਨੁੱਖਾਂ ਜੀਵਾਂ ਤੇ ਕੁਦਰਤ ਨਾਲ ਕੀ ਸੰਬੰਧ ਹੋਣਾ ਚਾਹੀਦਾ ਹੈ ।[105]

ਇਸ ਲਈ ਪਰਾਭੌਤਿਕੀ ਜਾਂ ਤੱਤ-ਸ਼ਾਸਤ੍ਰ ਅਧੀਨ ਬ੍ਰਹਮ, ਜੀਵਾਤਮਾ, ਸ੍ਰਿਸ਼ਟੀ, ਮਾਇਆ ਤੇ ਜੀਵਨ ਨਕਸ਼, ਸਾਧਨਾ-ਪੱਧਤੀ ਵਿਚ ਭਗਤੀਯੋਗ ਅਤੇ ਆਚਾਰ-

ਸ਼ਾਸਤ੍ਰ ਹੇਠ ਮਨੁੱਖ ਜੀਵਨ ਵਿਚ ਸਦਾਚਾਰਕ ਮੁੱਲਾਂ ਬਾਰੇ ਭਗਤ ਜਨਾਂ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਨਾ ਉਚਿਤ ਹੋਵੇਗਾ ।

### ੩.੧.੧. ਪਰਾਭੌਤਿਕੀ ਜਾਂ ਤੱਤ-ਸ਼ਾਸਤ੍ਰ

ਇਸ ਸ਼ਾਸਤ੍ਰ ਦਾ ਮੁੱਖ ਉਦੇਸ਼ ਸ੍ਰਿਸ਼ਟੀ ਦੇ ਕਰਤਾ ਤੇ ਸੰਚਾਲਕ ਦਾ ਨਿਰਣਾ ਕਰਨਾ ਹੈ ਜਿਸਨੂੰ ਭਾਰਤੀ ਦਰਸ਼ਨ ਵਿੱਚ ਬ੍ਰਹਮ ਦਾ ਨਾਂ ਦਿੱਤਾ ਜਾਂਦਾ ਹੈ ।

### 3.411. ਬ੍ਰਹਮ

ਭਗਤਜਨਾਂ ਨੇ ਬ੍ਰਹਮ ਨੂੰ ਇਸ ਜਗਤ ਤੇ ਜੀਵ ਦਾ ਕਰਤਾ, ਪੁਰਖ ਰੂਪ, ਸਰਬਵਿਆਪਕ, ਸੰਵੇਦਨਸ਼ੀਲ, ਪਤਿਤ ਉਧਾਰਕ, ਭਗਤ ਵਛਲ, ਸਰਬਸਮਰੱਥ, ਦਾਤਾ, ਮੁਕਤੀਦਾਤਾ, ਅਨੁਗ੍ਰਹਿ-ਰੂਪ, ਕਿਰਪਾਨਿਧਾਨ, ਦੁੱਖ, ਹਰਤਾ, ਭੈਭੰਜਕ, ਬਿਰਦਪਾਲਕ, ਸਖਾ ਅਤੇ ਅਦੁੱਤੀ ਰੂਪ ਵਿਚ ਪ੍ਰਵਾਨ ਕੀਤਾ ਹੈ। ਇਸ ਪ੍ਰਕਾਰ ਭਗਤਜਨਾਂ ਦਾ ਬ੍ਰਹਮ ਇਕੋ ਸਮੇਂ ਨਿਰਗੁਣ ਵੀ ਹੈ ਤੇ ਸਗੁਣ ਵੀ ਪਰੰਤੂ ਅਵਤਾਰੀ ਰੂਪ ਵਿਚ ਸਾਕਾਰ ਨਹੀਂ। ਉਹ ਸਰਬਨਿਵਾਸੀ ਹੋ ਕੇ ਜੀਵ ਦੇ ਅੰਤਰਾਤਮੇ ਵਿਚ ਨਿਵਾਸ ਕਰਦਾ ਹੋਇਆ ਵੀ ਜੀਵ ਦੇ ਗੁਣਦੋਸ਼ਾਂ ਅਤੇ ਦੁਖ-ਸੁੱਖਾਂ ਦੇ ਪ੍ਰਭਾਵਾਂ ਤੋਂ ਨਿਰਲੇਪ, ਅਛੂਹ ਤੇ ਅਭਿੱਜ ਹੈ। ਉਹ ਆਦਿ ਜੁਗਾਦਿ, ਸਰਬਨਿਰੰਤਰ ਅਤੇ ਘਟਿ ਘਟਿ ਅੰਦਰ ਸਮਾਇਆ ਹੋਇਆ ਹੈ।[106] ਉਹ ਸਰਵੱਤਰ ਅਤੇ ਮਨੁੱਖੀ ਮਨ ਵਿਚ ਬਿਰਾਜਮਾਨ ਹੈ।[107] ਸਭ ਪਾਸੇ ਉਸ ਬ੍ਰਹਮ ਦਾ ਹੀ ਪਾਸਾਰਾ ਹੈ। ਹਰ ਸੰਸਾਰਿਕ ਵਸਤੂ, ਜੀਵ ਤੇ ਮਨੁੱਖ ਇਸਦੇ ਹੀ ਅੰਗ ਹਨ।[108] ਉਹ ਸਗਲ ਸੰਸਾਰ ਦਾ ਨਾਇਕ, ਮੁਕੰਦ, ਮੁਕਤਿਦਾਤਾ, ਪਾਲਣਹਾਰਾ ਅਤੇ ਅਨਾਥਾਂ ਦਾ ਨਾਥ ਹੈ ।[109] ਬ੍ਰਹਮ ਹੀ ਕਮਲਾਪਤੀ, ਰਾਜਾ ਰਾਮ, ਨਿਰੰਜਨ ਤੇ ਪਰਮਾਨੰਦ ਹੈ ਜੋ ਸਭ ਨੂੰ ਤਾਰਨਵਾਲਾ ਹੈ ।[110]

ਪਰਮਾਤਮਾ ਹੀ ਬ੍ਰਹਮ ਹੈ ਜੋ ਸਭ ਦਾ ਅੰਨਦਾਤਾ ਤੇ ਕਿਰਪਾਨਿਧਾਨ ਹੈ।[111] ਉਹ ਪ੍ਰਭੂ ਉੱਤਮ ਸਰਬ ਆਧਾਰ, ਸਰਬਵਿਆਪਕ ਤੇ ਉਪਮਾਰਹਿਤ ਹੈ । ਉਸ ਵਿਚ ਸਦੀਵੀ ਗੁਣ ਮੌਜੂਦ ਹਨ। ਉਸਦਾ ਰੂਪ ਅਸਚਰਜ ਹੈ ਅਤੇ ਉਹ ਮਾਇਆ ਤੋਂ ਨਿਰਲੇਪ ਤੇ ਵਰਣਨ ਤੋਂ ਪਰੇ ਹੈ ।[112] ਉਸ ਬ੍ਰਹਮ ਦੀ ਮਹਿਮਾ ਅਨਿਰਵਚਨੀਯ ਹੈ ਜਿਵੇਂ ਗੂੰਗਾ ਮਠਿਆਈ ਦਾ ਸੁਆਦ ਤਾਂ ਮਾਣਦਾ ਹੈ ਪਰੰਤੂ ਉਸਨੂੰ ਬਿਆਨ ਕਰਨ ਤੋਂ ਅਸਮਰਥ ਹੁੰਦਾ ਹੈ।[113]

Sri Satguru Jagjit Singh Ji eLibrary NamdhariElibrary@gmail.com

ਇਸ ਪ੍ਰਕਾਰ ਸੰਤ ਮੱਤ ਅਨੁਸਾਰ ਸੱਚ ਜਾਂ ਪਰਮਤੱਤ ਇੱਕ ਅਨਿਰਵਚਨੀਯ ਵਸਤੂ ਹੈ ਜੋ ਪ੍ਰਤੱਖ ਅਨੁਭਵ ਵਿੱਚ ਆ ਕੇ ਵੀ ਅਗੋਚਰ ਹੈ। ਜੋ ਨਿਰਗੁਣ ਅਤੇ ਸਗੁਣ ਦੋਵਾਂ ਤੋਂ ਪਰੇ ਹੈ ਜਿਸਨੂੰ ਸੰਕੇਤਿਕ ਰੂਪ ਵਿਚ ਅਸੀਂ 'ਪੂਰਨ', ਸਰਬਵਿਆਪੀ, ਨਿੱਤ, ਇਕਰਸ, ਕੇਵਲ ਜਾਂ ਸਹਜ ਜਿਹੇ ਸ਼ਬਦਾਂ ਨਾਲ ਆਮ ਤੌਰ ਤੇ ਪ੍ਰਗਟ ਕਰਦੇ ਹਾਂ ।[114] ਭਗਤਾਂ ਨੇ ਆਤਮਾ-ਪਰਮਾਤਮਾ ਦੀ ਅਦਵੈਤਤਾ ਨੂੰ ਸਵੀਕਾਰ ਨਹੀਂ ਕੀਤਾ। ਆਤਮਾ ਪਰਮਾਤਮਾ ਦਾ ਅੰਸ਼ ਹੈ ਇਸ ਲਈ ਹੀ ਆਤਮਾ ਦੀ ਆਵਾਜ ਸੱਚ ਦੀ ਆਵਾਜ਼ ਹੈ ।[115] ਭਗਤ ਜਨ ਪਰਮਸਤਿ ਨੂੰ ਪਾਰਬ੍ਰਹਮ, ਪਰਮੇਸ਼ਵਰ, ਪਰਮਾਤਮਾ, ਅਕਾਲਪੁਰਖ, ਪ੍ਰਭੂ ਆਦਿ ਨਾਵਾਂ ਨਾਲ ਯਾਦ ਕਰਦੇ ਹਨ। ਜਿਸਦਾ ਸਰੂਪ ਮਨੁੱਖ ਮਾਤ੍ਰ ਦੀ ਸਮਝ ਲਈ ਸੱਤਿਅੰ ਸ਼ਿਵੰ ਤੇ ਸੁੰਦਰੰ ਦੇ ਸੂਤਰ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਹੈ ।[116]

ਭਗਤਾਂ ਦਾ ਸੱਚ-ਸੰਕਲਪ ਆਧੁਨਿਕ ਵਿਗਿਆਨ ਦੇ ਅਨਿਸ਼ਚਿਤਤਾ ਸਿਧਾਂਤ ਨਾਲ ਵੀ ਮੇਲ ਖਾਂਦਾ ਹੈ ਕਿਉਂਕਿ ਬਹੁਪਾਸਾਰੀ ਸਤਿ ਦਾ ਇੱਕ ਸਮੇਂ ਕੇਵਲ ਇਕ ਹੀ ਪੱਖ ਵਿਖਾਈ ਦਿੰਦਾ ਹੈ। ਜਦੋਂ ਕੋਈ ਦੂਸਰਾ ਪੱਖ ਵੇਖਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਦੋਂ ਤੱਕ ਉਸ ਸਤਿ ਨੂੰ ਵੇਖਣ ਦੀ ਪਹਿਲੀ ਪ੍ਰਕਿਰਿਆ ਉਸਨੂੰ ਤਬਦੀਲ ਕਰ ਚੁੱਕੀ ਹੁੰਦੀ ਹੈ । ਸੋ ਸਤਿ ਨੂੰ ਉਸਦੇ ਬਹੁਪਾਸਾਰੀ ਤੇ ਵਿਰੋਧਾਭਾਸੀ ਰੂਪ ਵਿਚ ਗ੍ਰਹਿਣ ਕਰ ਸਕਣਾ ਮਨੁੱਖ ਦੇ ਇੰਦ੍ਰਿਆਵੀ ਅਨੁਭਵ ਦੇ ਵੱਸ ਦੀ ਗੱਲ ਨਹੀਂ ਹੈ ।[117] ਇਸ ਲਈ ਬ੍ਰਹਮ ਹੀ ਕੇਵਲ ਇਕੋ ਇੱਕ ਸੱਚ, ਸਰਬ ਸ੍ਰਿਸ਼ਟੀ ਦਾ ਮੂਲ, ਸਰਬਸ਼ਕਤੀਮਾਨ, ਸਰਬਵਿਆਪਕ, ਸਰਵੱਗ, ਨਾਮ ਰੂਪ ਤੋਂ ਪਰੇ ਅਤੇ ਸਰਬਾਂ ਤੋਂ ਉੱਪਰ ਦੀ ਸੱਤਾ ਹੈ ।[118] ਭਗਤਾਂ ਨੇ ਬ੍ਰਹਮ ਨੂੰ ਸਰਬਵਿਨਾਸ਼ੀ, ਨਿਰਗੁਣ, ਨਿਰਾਕਾਰ, ਅਜੂਨੀ ਸੈਭੰ ਤੇ ਕਰਤਾਪੁਰਖ ਕਿਹਾ ਹੈ, ਉਹ ਭਗਤ ਵੱਛਲ ਵੀ ਹੈ ਤੇ ਮਾਤਾ ਪਿਤਾ ਵੀ ਹੈ ।[119] ਬ੍ਰਹਮ ਦੇ ਪ੍ਰਮੁੱਖ ਲੱਛਣ ਇਕਸਾਰਤਾ, ਸਰਬਵਿਆਪਕਤਾ, ਕਰਮਸ਼ੀਲਤਾ, ਚੇਤਨਤਾ, ਸੁਤੰਤਰਤਾ, ਸਦੀਵੀ, ਸੁੰਦਰਤਾ, ਸੈਭੰਤਾ ਅਤੇ ਕਿਰਪਾਨਿਧਾਨਤਾ ਮੰਨੇ ਗਏ ਹਨ।[120] ਇਸ ਵਿਚਾਰਚਰਚਾ ਤੋਂ ਭਗਤਜਨਾਂ ਦਾ ਬ੍ਰਹਮ ਸੰਕਲਪ ਵਸ਼ਿਸ਼ਟਦ੍ਵੈਤਵਾਦ ਦੇ ਅਤਿ ਨਜ਼ਦੀਕ ਪ੍ਰਤੀਤ ਹੁੰਦੀ ਹੈ ।

### 3.4.1.2. ਜੀਵਾਤਮਾ

ਜੀਵਾਤਮਾ ਪ੍ਰਭੂ-ਅੰਸ਼ ਤੇ ਜੋਤਿ-ਸਰੂਪ ਹੈ। ਇਹ ਆਤਮਾ ਹਉਮੈ ਅਰਥਾਤ ਮਾਇਆ ਵਸਿ ਹੋ ਕੇ ਭੌਤਿਕ ਸਰੀਰ ਨਾਲ ਸੰਬੰਧ ਸਥਾਪਿਤ ਕਰ ਲੈਂਦੀ ਹੈ ਜਿਸ ਕਾਰਨ

Sri Satguru Jagjit Singh Ji eLibrary NamdhariElibrary@gmail.com

ਪਰਮਾਤਮਾ ਤੋਂ ਵਿਛੜ ਜਾਂਦੀ ਹੈ। ਆਪਣੇ ਕਰਮਾਂ ਦੇ ਫਲ ਭੋਗਦੀ ਉਹ ਆਵਾਗਵਨ ਦੇ ਚੱਕਰ ਵਿਚ ਪਈ ਰਹਿੰਦੀ ਹੈ। ਇਹ ਜੀਵਾਤਮਾ ਮਨੁੱਖੀ ਜਾਮੇ ਵਿਚ ਹੀ ਪਰਮਾਤਮਾ ਨਾਲ ਮਿਲ ਸਕਦੀ ਹੈ। ਮਨੁੱਖ ਦਾ ਮਨ, ਬੁੱਧੀ, ਚਿੱਤ ਤੇ ਹਿਰਦਾ ਸਭ ਪ੍ਰਕਿਰਤੀ ਦੇ ਰੂਪ ਹਨ। ਪਰੰਤੂ ਇਨ੍ਹਾਂ ਦੁਆਰਾ ਹੀ ਮਨੁੱਖ ਨੂੰ ਜੋਤਿ ਪ੍ਰਾਪਤ ਹੁੰਦੀ ਹੈ। ਇਹ ਸਰੀਰ ਅਤੇ ਆਤਮਾ ਵਿਚਕਾਰ ਸੰਯੋਗੀ ਸਾਧਨ ਹਨ। ਗੁਰੂ ਕਿਰਪਾ ਨਾਲ " ਜੋਤਿ ਦੀ ਵਟੀ ਘਟ ਮਹਿ ਜੋਇ " ਦੀ ਪਹਿਚਾਣ ਹੋ ਜਾਣ ਤੇ 'ਬਾਹਰਿ ਭੀਤਰਿ' ਪ੍ਰਕਾਸ਼ ਹੋ ਜਾਂਦਾ ਹੈ। ਜਿਸ ਨਾਲ ਹਰ ਪ੍ਰਕਾਰ ਦੇ ਕਰਮ ਦਾ ਨਾਸ਼ ਹੋ ਜਾਂਦਾ ਹੈ।[121]

'ਸਭੈ ਘੱਟ ਰਾਮ ਬੋਲੈ' ਕਾਰਨ ਇਸ ਜੀਵਾਤਮਾ ਵਿਚ ਬ੍ਰਹਿਮੰਡ ਦੇ ਸਾਰੇ ਗੁਣ ਮੌਜੂਦ ਹਨ। ਬ੍ਰਹਮ ਆਪਣੇ ਮਾਇਆ ਰੂਪ ਜੀਵ ਨੂੰ ਬਾਜੀਗਰ ਬਣ ਕੇ ਨਚਾਉਂਦਾ ਹੈ।[122] ਸ਼ੰਕਰ ਵਾਂਗ ਭਗਤਜਨ ਵੀ ਜੀਵ ਨੂੰ ਸ਼ੁੱਧ ਆਤਮਤੱਤ ਜਾਂ ਬ੍ਰਹਮ ਦਾ ਅੰਸ਼ ਸਵੀਕਾਰ ਕਰਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਜਿੰਨੀ ਦੇਰ ਜੀਵ ਦੀ ਬੁੱਧੀ ਤੇ ਮਾਇਆ ਦਾ ਪਰਦਾ ਪਿਆ ਰਹਿੰਦਾ ਹੈ ਉਦੋਂ ਤੱਕ ਜੀਵ ਭਰਮ ਵਿੱਚ ਭੁਲਿਆ ਫਿਰਦਾ ਹੈ ਪਰ ਨਾਮ ਭਗਤੀ ਜਾਂ ਆਪਾਚੀਨਣ ਮਗਰੋਂ ਛੇਤੀ ਹੀ ਆਪਣੇ ਨਿੱਜ ਸਰੂਪ ਵਿੱਚ ਸਥਿਤ ਹੋ ਜਾਂਦਾ ਹੈ।[123]

### 3.4.1.2. ਸ੍ਰਿਸ਼ਟੀ ਅਥਵਾ ਭੌਤਿਕ ਜਗਤ

ਭਗਤ ਜਨ ਇਸ ਭੌਤਿਕ ਸੰਸਾਰ ਦਾ 'ਕੇਵਲ' ਕਾਰਨ ਬ੍ਰਹਮ ਨੂੰ ਹੀ ਮੰਨਦੇ ਹਨ। ਪਰਮਾਤਮਾ ਨੇ ਆਪਣੀ ਇੱਛਾ ਨਾਲ ਹੀ ਸ੍ਰਿਸ਼ਟੀ ਦੀ ਰਚਨਾ ਕੀਤੀ ਅਤੇ ਆਪਣੀ ਇੱਛਾ ਅਨੁਸਾਰ ਹੀ ਉਹ ਇਸਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ। ਜਗਤ ਦੀ ਉਤਪਤੀ ਤੋਂ ਪੂਰਣ ਹਰ ਪਾਸੇ ਨਿਰਗੁਣ ਰੂਪ ਵਿਚ ਬ੍ਰਹਮ ਹੀ ਬ੍ਰਹਮ ਸੀ। ਇਹ ਜਗਤ ਤਾਂ ਪ੍ਰਾਤਿਭਾਸਿਕ ਸੱਤ ਹੈ ਭਾਵ ਇਹ ਪ੍ਰਤੀਤੀ ਕਾਲ ਵਿਚ ਸੱਤ ਹੈ ਪਰੰਤੂ ਵਾਸਤਵਿਕ ਗਿਆਨ ਹੋ ਜਾਣ ਤੇ ਇਸਦੀ ਨਾਸ਼ਮਾਨਤਾ ਅਤੇ ਮਿੱਥ ਪ੍ਰਗਟ ਹੋ ਜਾਂਦਾ ਹੈ। ਇਸ ਨੂੰ ਵਿਹਾਰਕ ਸੱਤਾ ਵੀ ਆਖਿਆ ਜਾਂਦਾ ਹੈ ਜੋ ਜਗਤ ਦੇ ਵਿਹਾਰਗੋਚਰ ਪਦਾਰਥਾਂ ਵਿਚ ਵਿਦਮਾਨ ਰਹਿੰਦੀ ਹੈ। ਜਗਤ ਦੀ ਉਤਪਤੀ-ਪ੍ਰਲੈ-ਉਤਪਤੀ ਦਾ ਚੱਕਰ ਨਿਰੰਤਰ ਚਲਦਾ ਰਹਿੰਦਾ ਹੈ ਅਰਥਾਤ ਇਹ ਜਗਤ ਅਸਥਿਰ ਹੈ।[124] ਇਸ ਜਗਤ ਨੂੰ ਸੁਪਨਾ, ਤਮਾਸ਼ਾ, ਮ੍ਰਿਗਤ੍ਰਿਸ਼ਨਾ ਤੇ ਬੁਲਬੁਲਾ ਵੀ ਆਖਿਆ ਗਿਆ ਹੈ ਪਰੰਤੂ ਕੇਵਲ ਵਿਹਾਰਕ ਰੂਪ ਵਿਚ ਹੀ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਇਸਦਾ ਵਾਸਤਵਿਕ ਰੂਪ ਬ੍ਰਹਮ ਹੈ ਜੋ ਕਿ ਸੱਤਿ ਹੈ। ਉਸ ਪਰਮਾਤਮਾ ਨੇ ਜੀਵ ਨੂੰ ਭਾਵੇਂ ਭਿੰਨ ਭਿੰਨ ਆਕਾਰ ਦਿੱਤੇ ਹਨ ਪਰੰਤੂ ਸਾਰਿਆਂ ਵਿਚ ਆਪ ਹੀ ਬਿਰਾਜਮਾਨ ਹੈ।[125]

### 3.4.1.4. ਮਾਇਆ

ਭਗਤ ਜਨਾਂ ਨੇ ਮਾਇਆ ਨੂੰ ਪ੍ਰਮੁੱਖ ਤੌਰ ਤੇ ਦੋ ਰੂਪਾਂ, ਵਿਦਿਆ-ਮਾਇਆ ਅਤੇ ਅਵਿੱਦਿਆ-ਮਾਇਆ ਵਿੱਚ ਚਿਤਰਿਆ ਹੈ। ਵਿੱਦਿਆ- ਮਾਇਆ, ਬ੍ਰਹਮ ਦੀ ਉਹ ਅਧੀਨ ਸ਼ਕਤੀ ਹੈ ਜਿਸ ਦੁਆਰਾ ਉਹ ਸਮਸਤ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ । ਇਹ ਮਾਇਆ ਦਾ ਸ਼ਕਤੀ-ਰੂਪ ਜਾਂ ਸ੍ਰਿਸ਼ਟੀ- ਉਤਪਾਦਕ ਰੂਪ ਹੈ। ਅਵਿੱਦਿਆ- ਮਾਇਆ ਜੀਵ ਉੱਪਰ ਹਾਵੀ ਹੋ ਕੇ ਉਸਨੂੰ ਆਪਣੇ ਅਧੀਨ ਰਖਦੀ ਹੈ ਜਿਸ ਕਾਰਨ ਜੀਵ ਸੰਸਾਰ ਵਿਚ ਖਚਿਤ ਰਹਿੰਦਾ ਹੈ। ਅਗਿਆਨਤਾ, ਭਰਮ, ਵਿਸ਼ਾਵਾਸਨਾਵਾਂ, ਵਿਸ਼ਾਵਿਕਾਰ, ਵਿਸ਼ਾ ਰਸ ਭੋਗ, ਕਾਮ, ਕਰੋਧ, ਲੋਭ, ਮੋਹ, ਅਹੰਕਾਰ, ਕਨਕ-ਕਾਮਨੀ, ਧਨਦਾਰਾ, ਧਨ-ਸੰਪਤੀ ਤੇ ਜਗਤ-ਪ੍ਰਪੰਚ ਵਿੱਚ ਸਲੰਗਨਤਾ ਅਵਿੱਦਿਆ ਮਾਇਆ ਹੀ ਹੈ ।[126] ਪਰਮਾਤਮਾ ਨੇ ਆਪਣੀ ਵਿਦਿਆ ਮਾਇਆ, ਅਧੀਨ ਘਟਿ ਘਟਿ ਅੰਦਰ ਖੁਦ ਨੂੰ ਲੁਕਾਇਆ ਹੋਇਆ ਹੈ। ਅਵਿਦਿਆ ਮਾਇਆ ਮਨ ਨੂੰ ਵਿਚਲਿਤ ਕਰ ਦਿੰਦੀ ਹੈ। ਇਸ ਤੋਂ ਨਿਰਲੇਪ ਹੋ ਕੇ ਹੀ ਮੁਕਤੀ ਮਿਲ ਸਕਦੀ ਹੈ।[127] ਭਗਤ ਕਬੀਰ ਜੀ ਮਾਇਆ ਨੂੰ ਸਰਪਨਿ, ਅਤਿ ਘਟੀਆ ਅਤੇ ਬ੍ਰਹਮਾ, ਵਿਸ਼ਨੂ ਤੇ ਮਹੇਸ਼ ਜੀ ਨੂੰ ਵੀ ਨਾਲ ਲੈਣ ਵਾਲੀ ਆਖਦੇ ਹਨ ਜਿਸਨੂੰ ਕੇਵਲ ਸੱਚ ਦਾ ਗਿਆਤਾ ਹੀ ਕਾਬੂ ਵਿਚ ਰਖ ਸਕਦਾ ਹੈ। ਇਹ ਮਾਇਆ ਵਿਭਿੰਨ ਪ੍ਰਕਾਰ ਦੇ ਭੇਸ ਧਾਰ ਕੇ ਮਨੁੱਖ ਨੂੰ ਠਗਦੀ ਅਤੇ ਗੁੰਮਰਾਹ ਕਰਦੀ ਹੈ ਜਿਸ ਕਾਰਨ ਜੀਵ ਆਪਣੇ ਮੂਲਸਰੋਤ ਪਰਮਾਤਮਾ ਤੋਂ ਦੂਰ ਹੋ ਜਾਂਦਾ ਹੈ ।[128]

ਭਗਤ ਰਵਿਦਾਸ ਜੀ ਵੀ ਅਵਿੱਦਿਆ-ਮਾਇਆ ਦੀ ਛਲਭਰਪੂਰ ਸ਼ਕਤੀ ਤੋਂ ਜੀਵ ਨੂੰ ਸੁਚੇਤ ਕਰਦੇ ਹੋਏ ਉਪਦੇਸ਼ ਕਰਦੇ ਹਨ ਕਿ ਇਸ ਦੀ ਮਾਰ ਤੋਂ ਤਾਂ ਸੁਰ, ਨਰ ਤੇ ਮੁਨਿ ਵੀ ਨਹੀਂ ਬਚ ਸਕੇ। ਮਾਇਆ ਰੂਪੀ ਅੰਧੇਰੇ ਨੂੰ ਗੁਰੂ ਗਿਆਨ ਰੂਪੀ ਦੀਪਕ ਦੀ ਸਹਾਇਤਾ ਨਾਲ ਹੀ ਦੂਰ ਕੀਤਾ ਜਾ ਸਕਦਾ ਹੈ ਜਿਸ ਨਾਲ ਜਨਮ ਜਨਮਾਂਤਰਾਂ ਦੇ ਕਸ਼ਟਾਂ ਤੋਂ ਛੁਟਕਾਰਾ ਮਿਲ ਜਾਂਦਾ ਹੈ ।[129] ਇਹ ਹੀ ਮੋਕਸ਼ ਤੇ ਨਿਜਾਤ ਹੈ ਜਿਸ ਅਵਸਥਾ

ਵਿੱਚ ਪੁੱਜ ਕੇ ਜੀਵਾਤਮਾ ਨੂੰ ਆਨੰਦ ਦੀ ਪ੍ਰਾਪਤੀ ਹੋ ਜਾਂਦੀ ਹੈ ਅਤੇ ਉਹ " ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ " ਅਨੁਭਵ ਕਰਕੇ ਸਮਦਰਸ਼ੀ ਹੋ ਜਾਂਦਾ ਹੈ। ਉਸਦਾ ਸਾਰਾ ਭਰਮ ਦੂਰ ਹੋ ਜਾਂਦਾ ਹੈ ਅਤੇ ਦੁਰਮਤਿ ਦਾ ਭਾਂਡਾ ਟੁੱਟ ਜਾਂਦਾ ਹੈ ਕਿਉਂਕਿ ਉਸ ਅੰਦਰ ਪ੍ਰਕਾਸ਼ ਦਾ ਸੂਰਜ ਉਦਮ ਆਉਂਦਾ ਹੈ।[130] ਇਸ ਪ੍ਰਕਾਰ ਭਗਤ ਜਨਾਂ ਦੀ ਸਿੱਖਿਆ ਦਾ ਮੁੱਖ ਜ਼ੋਰ ਮਾਇਆ ਦੇ ਪਰਦੇ ਨੂੰ ਉਤਾਰ ਕੇ ਪਰਮਸੱਚ ਤੱਕ ਪਹੁੰਚਣ ਲਈ ਮਨੁੱਖ ਨੂੰ ਗਤੀਸ਼ੀਲ ਕਰਨ ਤੇ ਹੈ ।

3.4.1.5. ਮਨੁੱਖੀ ਜੀਵਨ ਲਖਸ਼

ਭਗਤ ਜਨਾਂ ਅਨੁਸਾਰ ਮਨੁੱਖੀ ਜੀਵਨ ਦਾ ਉਦੇਸ਼ ਬ੍ਰਹਮ ਨਾਲ ਅਭੇਦਤਾ ਪ੍ਰਾਪਤ ਕਰਕੇ ਸੰਪੂਰਨਤਾ ਗ੍ਰਹਿਣ ਕਰਨਾ ਹੈ। ਇਹ ਹੀ ਮੋਕਸ਼ ਹੈ । ਭਾਰਤੀ ਦਾਰਸ਼ਨਿਕ ਮਤ-ਮਤਾਂਤਰਾਂ ਵਿੱਚ ਮੁੱਖ ਤੌਰ ਤੇ ਕ੍ਰਮ-ਮੁਕਤੀ , ਵਿਦੇਹ ਮੁਕਤੀ ਅਤੇ ਜੀਵਨ ਮੁਕਤੀ ਤਿੰਨ ਪ੍ਰਕਾਰ ਦੀਆਂ ਮੁਕਤੀਆਂ ਦਾ ਉਲੇਖ ਮਿਲਦਾ ਹੈ। ਕ੍ਰਮ-ਮੁਕਤੀ ਸਗੁਣ ਉਪਾਸਨਾ ਨਾਲ ਅਤੇ ਵਿਦੇਹ-ਮੁਕਤੀ ਸਰੀਰਕ ਤਿਆਗ ਉਪਰੰਤ ਮਿਲਦੀ ਹੈ। ਭਾਰਤੀ ਦਾਰਸ਼ਨਿਕਾਂ ਨੇ ਦੁੱਖਾਂ ਦੀ ਨਵਿਰਤੀ ਅਥਵਾ ਨਿੱਤ-ਆਨੰਦ ਦੀ ਅਨੁਭੂਤੀ ਦੇ ਰੂਪ ਵਿਚ ਜਿਸ ਮੁਕਤੀ ਦਾ ਵਰਣਨ ਕੀਤਾ ਹੈ ਉਸਦੀ ਲੋਕਿਕ ਜੀਵਨ ਵਿੱਚ ਸਾਖਿਆਤ ਅਨੁਭੂਤੀ ਜੀਵਨ-ਮੁਕਤੀ ਅਖਵਾਉਂਦੀ ਹੈ । ਅੰਨਪੂਰਣੋਪਨਿਸ਼ਦ ਦੇ ਦੂਜੇ ਅਧਿਆਇ ਵਿਚ ਅੰਕਿਤ ਸ਼ਲੋਕ—

ਨਾਭਿਨੰਦਤਿ ਨੈਸ਼ਕਰਮਯ ਨ ਕਰਮਸਵਨਵਨੁਸ਼ਜਯਤੇ ,
ਸੁਸਮੋਯ ਪਰਿਤਯਾਗੀ ਸੋਅਸੰਸਕਤ ਇਤਿ ਸਮ੍ਰਿਤਿ ।

ਦਾ ਭਾਵ ਹੈ ਕਿ ਜੋ ਨਾ ਤਾਂ ਨਿਸ਼ਕਾਮ ਨੂੰ ਪਸੰਦ ਕਰਦਾ ਹੈ, ਨਾ ਕਰਮਾਂ ਵਿਚ ਖਚਿਤ ਹੁੰਦਾ ਹੈ ਪਰੰਤੂ ਨਿਰਵਿਕਾਰ ਭਾਵਨਾ ਨਾਲ ਸਭ ਕਰਮਾਂ ਦੇ ਫਲ ਦਾ ਤਿਆਗ ਕਰਦਾ ਹੈ ਉਸਨੂੰ ਨਿਰਮੋਹ ਆਖਦੇ ਹਨ। ਜੀਵਤ ਅਵਸਥਾ ਵਿੱਚ ਹੀ ਬੰਧਨ ਤੋਂ ਨਵਿਰਤੀ ਪ੍ਰਾਪਤੀ ਅਤੇ ਜੀਵਤ ਪੁਰਸ਼ ਦੇ ਕਰਮ ਤੇ ਭੋਗ ਤੋਂ ਉਪਜਣ ਵਾਲੇ ਸੁਖ-ਦੁਖ ਆਦਿ ਕਲੇਸ਼ਾਂ ਦੀ ਨਵਿਰਤੀ ਨੂੰ ਜੀਵਨ-ਮੁਕਤੀ ਕਹਿੰਦੇ ਹਨ ।[131] ਗੁਰੂ ਨਾਨਕ ਦੇਵ ਜੀ ਦਾ ਕਥਨ ਹੈ ਕਿ, " ਜੀਵਨ ਮੁਕਤ ਸੋ ਆਖੀਐ ਜਿਸੁ ਵਿਚਹੁ ਹਉਮੈ ਜਾਇ ।"[132]

ਭਗਤ ਕਬੀਰ ਜੀ ਮਨੁੱਖ ਨੂੰ " ਅੰਜਨ ਮਾਹਿ ਨਿਰੰਜਨ" ਰਹਿ ਕੇ ਸਰਬ

Sri Satguru Jagjit Singh Ji eLibrary NamdhariElibrary@gmail.com

ਕਲਿਆਣ ਦੀ ਕਾਮਨਾ ਕਰਦਿਆਂ ਪ੍ਰਭੂ ਨੂੰ ਮਿਲਣ ਦੀ ਜਾਚ ਸਿਖਾਉਂਦੇ ਹਨ। ਅਜਿਹਾ ਹੋਣ ਨਾਲ ਮਨੁਖ ਨੂੰ ਕੋਈ ਰੋਗ ਨਹੀਂ ਲਗਦਾ, ਉਹ ਨਿਡਰ ਹੋ ਕੇ ਵੀ ਦੂਜਿਆਂ ਨੂੰ ਡਰਾਉਂਦਾ ਨਹੀਂ। ਸਰੀਰਕ ਬੰਧਨ ਤੋਂ ਮੁਕਤ ਹੋ ਜਾਣ ਕਰਕੇ ਉਸਨੂੰ ਸੋਤ ਤੋਂ ਖੇਡ਼ ਨਹੀਂ ਆਉਂਦਾ । ਉਹ ਪਰਮਾਨੰਦ ਦੀ ਅਵਸਥਾ ਗ੍ਰਹਿਣ ਕਰ ਲੈਂਦਾ ਹੈ। ਜਿਸ ਲਈ ਉਸਦੀ ਹਰ ਪ੍ਰਕਾਰ ਦੀ ਸੰਸਾ ਅਤੇ ਦੁਬਿਧਾ ਦਾ ਅੰਤ ਹੋ ਜਾਂਦਾ ਹੈ ।[133] ਭਗਤ ਰਵਿਦਾਸ ਜੀ ਇੱਕ ਅਜਿਹੇ ਆਦਰਸ਼ਕ "ਬੇਗਮਪੁਰਾ ਸ਼ਹਿਰ" ਦੀ ਕਲਪਨਾ ਅਤੇ ਲੋਚਾ ਕਰਦੇ ਹਨ ਜੋ ਦੁੱਖਾਂ, ਚਿੰਤਾਵਾਂ ਭੈਅ ਅਤੇ ਹਰ ਪ੍ਰਕਾਰ ਦੇ ਵਿਤਕਰਿਆਂ ਤੋਂ ਮੁਕਤ ਹੈ ।[134] ਮਨੁੱਖੀ ਜੀਵਨ ਦਾ ਲਖਸ਼ ਉਸ ਪਰਮਾਤਮਾ ਵਿੱਚ ਲੀਨ ਹੋ ਜਾਣਾ ਹੈ ਜਿਸ ਨਾਲ ਉਸਨੂੰ ਤਤੁ ਦੀ ਪਛਾਣ ਹੋ ਜਾਂਦੀ ਹੈ, ਉਹ ਨਿਹਕਾਮ ਹੋ ਜਾਂਦਾ ਹੈ ਅਤੇ ਉਸਦਾ ਜਨਮ-ਮਰਨ ਦਾ ਸੰਤਾਪ ਮਿਟ ਜਾਂਦਾ ਹੈ।[135]

ਜੀਵਨ-ਮੁਕਤ ਦੀ ਅਵਸਥਾ ਤੇ ਪੁੱਜ ਕੇ, ਜੀਵ ਤ੍ਰੈਗੁਣਾਤਮਿਕ ਕਰਮਾਂ ਦਾ ਤਿਆਗ ਕਰ ਦਿੰਦਾ ਹੈ ਪਰ ਉਹ ਕਰਮਹੀਨ ਨਹੀਂ ਹੋ ਜਾਂਦਾ।ਉਸਦੇ ਕਰਮ ਨਿਰਮੋਹ ਹੁੰਦੇ ਹਨ। ਉਸ ਲਈ ਦੁਨੀਆਂ ਦੀਆਂ ਖੁਸ਼ੀਆਂ-ਗ਼ਮੀਆਂ , ਮਾਨ-ਅਪਮਾਨ ਅਤੇ ਰਾਜਾ-ਰੰਕ ਸਭ ਸਮਾਨ ਹੁੰਦੇ ਹਨ । ਉਹ ਪ੍ਰਭੂ ਦਾ ਹੁਕਮ ਮੰਨ ਕੇ ਸਾਰਿਆਂ ਨੂੰ ਖਿੜੇ ਮੱਥੇ ਪਰਵਾਨ ਕਰਦਾ ਹੈ ਅਤੇ ਅੰਤਰਮੁਖੀ ਆਨੰਦ ਵਿੱਚ ਲੀਨ ਰਹਿੰਦਾ ਹੈ।[136] ਭਗਤਜਨਾਂ ਦੀ ਬਾਣੀ ਵਿਚ ਮਨੁੱਖਾ ਜੀਵਨ ਵਿਚ ਜਿਸ ਸਰਵਉੱਚ ਲਕਸ਼ ਦੀ ਪ੍ਰਾਪਤੀ ਲਈ ਜਾਚਨਾ ਕੀਤੀ ਗਈ ਹੈ, ਉਸਨੂੰ ਮੁਕਤੀ ਦਾ ਨਾਂ ਦਿੱਤਾ ਗਿਆ ਹੈ। ਇਹ ਮੁਕਤੀ ਦੇਸ਼-ਕਾਲ ਗ੍ਰਸਤ ਮਾਇਆ ਬੰਧਨਾਂ ਤੋਂ ਵਿਮੁਕਤ ਹੋਣ ਦਾ ਹੀ ਨਾਂ ਹੈ। ਭਾਰਤੀ ਆਚਾਰ ਮਰਯਾਦਾ ਵਿੱਚ ਸਫਲ ਮਨੁੱਖਾ ਜੀਵਨ ਲਈ ਚਾਰ ਪਦਾਰਥਾਂ ਅਰਥ, ਕਾਮ, ਧਰਮ ਤੇ ਮੋਖਸ਼ ਦੀ ਇੱਛਾ ਕੀਤੀ ਜਾਂਦੀ ਹੈ। ਭਗਤ ਧੰਨਾ ਜੀ ਤੇ ਕਬੀਰ ਜੀ ਨੇ ਆਰਤੀ ਵਾਲੇ ਸ਼ਬਦਾਂ ਵਿੱਚ ਅਰਥ ਤੇ ਕਾਮ ਦੀ ਮੰਗ ਕੀਤੀ ਹੈ ਜਦੋਂ ਕਿ ਭਗਤ ਨਾਮਦੇਵ ਜੀ ਧਰਮ ਤੇ ਮੋਖਸ਼ ਲਈ ਅਰਦਾਸ ਕਰਦੇ ਹਨ ।[137] ਇਸ ਪ੍ਰਕਾਰ ਭਗਤਜਨਾਂ ਨੇ ਮਨੁੱਖੀ ਜੀਵਨ ਦਾ ਸਰਵਸ੍ਰੇਸ਼ਟ ਲਖਸ਼ ਜੀਵਨ-ਮੁਕਤੀ ਨਿਰਧਾਰਤ ਕੀਤਾ ਹੈ ਜੋ ਕਿ ਸਮਾਜਿਕ ਜ਼ਿੰਦਗੀ ਭੋਗਦਿਆਂ ਹੀ ਸਹਿਜ ਅਵਸਥਾ ਵਿਚ ਰਹਿ ਕੇ ਪ੍ਰਾਪਤ ਕੀਤੀ ਜਾ ਸਕਦੀ ਹੈ ।

### 3.4.2. ਸਾਧਨਾ-ਪੱਧਤੀ

ਭਾਗਵਤ ਪਰੰਪਰਾ ਦੇ ਅਨੁਕੂਲ ਹੀ ਭਗਤਾਂ ਨੇ ਗਿਆਨ, ਯੋਗ ਜਾਂ ਕਰਮ

ਨੂੰ ਪ੍ਰਮੁੱਖਤਾ ਨਾ ਦੇ ਕੇ 'ਉਸਦੀ' ਭਗਤੀ ਨੂੰ ਹੀ ਮੁਕਤੀ ਦਾ ਇੱਕ ਮਾਤਰ ਸਾਧਨ ਦੱਸਿਆ ਹੈ। ਉਨ੍ਹਾਂ ਨੇ ਪਰਮਾਤਮਾ ਨੂੰ ਰਾਮ, ਕ੍ਰਿਸ਼ਨ, ਗੋਬਿੰਦ ਆਦਿ ਵਿਸ਼ਨੂ ਦੇ ਨਾਂ ਵੀ ਦਿੱਤੇ ਹਨ ਪਰੰਤੂ ਉਪਨਿਸ਼ਦਿਕ ਪਰੰਪਰਾ ਵਾਂਗ ਉਸਨੂੰ, ਅਵਤਾਰ ਜਾਂ ਮੂਰਤੀਆਂ ਵਿਚ ਉਤਰਨ ਨਹੀਂ ਦਿੱਤਾ। ਇਸ ਦ੍ਰਿਸ਼ਟੀ ਤੋਂ ਭਗਤਾਂ ਦੀ ਸਾਧਨਾ-ਪੱਧਤੀ ਨੂੰ ਉਪਨਿਸ਼ਦਿਕ ਭਗਤੀ ਦਾ ਵੈਸ਼ਨਵ ਸੰਸਕਾਰ ਜਾਂ ਵੈਸ਼ਨਵ ਨਿਰਗੁਣ ਭਗਤੀ ਕਿਹਾ ਜਾ ਸਕਦਾ ਹੈ।[138] ਭਾਵੇਂ ਭਗਤਾਂ ਨੇ ਸਮੁੱਚੇ ਤੌਰ ਤੇ ਪੌਰਾਣਿਕ ਭਗਤੀ-ਵਿਧੀ ਦਾ ਪ੍ਰਤੱਖ ਤੌਰ ਤੇ ਸਮਰਥਨ ਨਹੀਂ ਕੀਤਾ ਪਰੰਤੂ ਨਵਧਾ ਭਗਤੀ ਦੇ ਲਗਭਗ ਸਾਰੇ ਅੰਗ ਉਨ੍ਹਾਂ ਦੀ ਬਾਣੀ ਵਿੱਚ ਸੰਮਿਲਤ ਹਨ।[139] ਇਸ ਨਵਧਾ ਭਗਤੀ ਵਿਚ ਰਸਮੀਪਣ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ। ਕੇਵਲ ਸ਼ਰਧਾ, ਪਿਆਰ ਤੇ ਦੀਨਤਾ ਨੂੰ ਪ੍ਰਧਾਨਤਾ ਦਿੱਤੀ ਗਈ ਹੈ। ਸ਼ਰਨਾਗਤੀ ਅਤੇ ਆਤਮਸਮਰਪਣ ਵੀ ਇਨ੍ਹਾਂ ਦੀ ਭਗਤੀ ਦੇ ਨਿਵੇਕਲੇ ਲੱਛਣ ਹਨ। ਇਨ੍ਹਾਂ ਤੋਂ ਇਲਾਵਾ ਨਿਰਮਾਣਤਾ, ਸੇਵਾ ਅਤੇ ਆਰਤੀ ਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਭਗਤ ਜਨਾਂ ਦੇ ਭਗਤੀਯੋਗ ਵਿਚ ਪ੍ਰੇਮਾਭਗਤੀ ਦੀ ਪ੍ਰਮੁੱਖਤਾ ਹੈ ਜਿਸ ਵਿਚ ਦਾਸ, ਸਖਾ, ਵਾਤਸਲ ਤੇ ਮਧੁਰਾ ਜਾਂ ਰਾਗਾਤਮਿਕਤਾ ਦੇ ਅੰਸ਼ ਸਮਾਏ ਹੋਏ ਹਨ। ਗੁਰੂ ਗ੍ਰੰਥ ਜੀ ਦੀ ਮਧੁਰਾ ਭਗਤੀ, ਆਪਣੇ ਸ਼ੁੱਧ ਰੂਪ ਵਿਚ ਵੈਸ਼ਨੋਚਿੰਤਕਾਂ ਦੀ ਦੇਣ ਹੈ। ਇਸਦੇ ਸਾਰੇ ਪਹਿਲੂਆਂ ਦੀ ਵਿਆਖਿਆ, ਸਰੂਪ ਅਤੇ ਸਮੀਖਿਆ "ਭਗਤੀ ਰਸ ਤਰੰਗਿਣੀ" "ਭਗਤੀ ਰਸਾਮ੍ਰਿਤ ਸਿੰਧੂ" "ਸ੍ਰੀ ਚੈਤਨਯਚਰਿਤਾਮ੍ਰਿਤ" ਆਦਿ ਗ੍ਰੰਥਾਂ ਵਿੱਚ ਮਿਲਦੀ ਹੈ।[140]

ਭਗਤਾਂ ਦੀ ਮਧੁਰਾ ਭਗਤੀ ਅੰਧ ਵਿਸ਼ਵਾਸੀ ਅਨੁਕਰਨ ਨਾਂ ਹੋ ਕੇ ਵਿਵੇਕ ਅਤੇ ਬੁੱਧੀ ਤੇ ਆਧਾਰਿਤ ਹੈ। ਆਤਮਅਨੁਸੰਧਾਨ ਦੇ ਤਿੰਨ ਸਾਧਨ ਸ਼੍ਰਵਣ, ਮਨਨ ਅਤੇ ਨਿਧੀ-ਧਿਆਨਾਸ਼ਨ ਹਨ। ਜਿੱਥੇ ਵਿਦਵਾਨ ਤੇ ਗਿਆਨੀ ਆਮ ਤੌਰ ਤੇ ਚਿੰਤਨ ਅਤੇ ਮਨਨ ਤੱਕ ਹੀ ਸੀਮਿਤ ਰਹਿੰਦੇ ਹਨ ਉੱਥੇ ਭਗਤ ਇਨ੍ਹਾਂ ਤਿੰਨੋਂ ਸੋਪਾਨਾਂ ਦੇ ਪਾਰ ਜਾ ਪੁੱਜੇ। ਸੰਤਾਂ ਦੀ ਇਸ ਸਫ਼ਲਤਾ ਦੀ ਗੁਰੂ ਕ੍ਰਿਪਾ, ਸਰਵੋਪਰਿ ਸਾਧਨ ਬਣੀ। ਆਸਥਾ ਅਤੇ ਗੁਰੂ-ਕ੍ਰਿਪਾ ਦੇ ਆਧਾਰ ਤੇ ਹੀ ਸੰਤ ਜਗਤ-ਜੰਜਾਲ ਅਤੇ ਸੰਸਾਰ-ਸਾਗਰ ਤੋਂ ਪਾਰ ਉੱਤਰੇ।[141]

ਦੁਨੀਆਂ ਵਿਚ ਮਨੁੱਖ ਦੇ ਆਪ ਪੈਦਾ ਕੀਤੇ ਅਧਿਕਤਰ ਕਸ਼ਟਾਂ ਦਾ ਕਾਰਨ ਉਸਦਾ ਹਉਮੈਂ ਜਾਂ ਅਹੰ ਦਾ ਭਾਵ ਹੈ। ਹਉਮੈ ਤੋਂ ਬਚਣ ਦੇ ਤਿੰਨ ਢੰਗ-ਗਿਆਨ-ਪ੍ਰਾਪਤੀ ਸ਼ੁੱਭ ਕਰਮਨ ਤੇ ਭਗਤੀ ਹਨ। ਭਗਤੀ ਮਾਰਗ ਦੇ ਅਨੁਯਾਈਆਂ ਨੇ ਭਾਵੇਂ ਇਨ੍ਹਾਂ ਤਿੰਨਾਂ ਹੀ ਮਾਰਗਾਂ ਤੋਂ ਲਾਭ ਉਠਾਇਆ ਹੈ ਪਰੰਤੂ ਪ੍ਰਮੁੱਖਤਾ ਪ੍ਰੇਮਾ ਭਗਤੀ ਨੂੰ ਹੀ ਦਿੱਤੀ ਹੈ।

ਨਿਰਸੰਦੇਹ ਉਨ੍ਹਾਂ ਦੇ ਸਾਰੇ ਸਿਧਾਂਤ ਅਤੇ ਸਮੁੱਚੇ ਜੀਵਨ-ਜਾਚ ਉਨ੍ਹਾਂ ਦੇ ਇੱਕ ਹੀ ਵਿਚਾਰ ਤੋਂ ਪਨਪਦੀ ਹੈ ਕਿ ਜੀਵਾਤਮਾ ਪਰਮਾਤਮਾ ਦੀ ਅੰਸ਼ ਹੈ। ਇਸ ਲਈ ਮਨੁੱਖ ਨੂੰ ਮਨੁੱਖ ਨਾਲ ਮਨੁੱਖ ਅੰਦਰਲੇ ਰੱਬ ਦਾ ਅਪਮਾਨ ਨਾ ਹੋਵੇ। ਦੂਜੇ ਸ਼ਬਦਾਂ ਵਿਚ ਰੱਬ ਦੀ ਖੁਸ਼ਨੂਦੀ ਹਾਸਲ ਕਰਨ ਲਈ ਉਸਦੀ ਪੈਦਾ ਕੀਤੀ ਖਲਕਤ ਨਾਲ ਪਿਆਰ ਕਰਨਾ ਸਭ ਤੋਂ ਵਧੀਆ ਰਾਹ ਹੈ।[142] ਭਗਤ ਜਨਾਂ ਨੇ ਮਨੁੱਖੀ ਆਦਰਸ਼ਾਂ ਵਿੱਚ ਭਗਤੀ, ਗਿਆਨ ਅਤੇ ਕਰਮ ਤਿੰਨਾਂ ਦੀ ਸੁਮੇਲਤਾ ਤੇ ਇਕਸਾਰਤਾ ਲਿਆਂਦੀ ਹੈ ਜਿਸ ਵਿੱਚ ਪ੍ਰਮੁੱਖਤਾ ਭਗਤੀ ਦੀ ਹੈ । ਇਸ ਲਈ ਭਗਤਾਂ ਦੇ ਸਾਧਨਾ ਮਾਰਗ ਨੂੰ ਨਿਸ਼ਕਾਮ ਪ੍ਰਵਿਰਤੀ ਵਾਲਾ ਗਿਆਨਮਈ ਭਗਤੀ ਮਾਰਗ ਕਹਿਣਾ ਉਚਿਤ ਹੋਵੇਗਾ ।

### 3.4.3. ਆਚਾਰ-ਸ਼ਾਸਤਰ

ਇਹ ਸ਼ਾਸਤਰ ਜੀਵਨ-ਜਾਚ ਦਾ ਅਜਿਹਾ ਮਹੱਤਵਪੂਰਨ ਅੰਗ ਹੈ ਜਿਹੜਾ ਜੀਵਨ ਨੂੰ ਉਤਕ੍ਰਿਸ਼ਟ ਸੰਚੇ ਵਿਚ ਢਾਲ ਕੇ ਮਨੁੱਖ ਨੂੰ ਉੱਤਮ ਜੀਵਨ ਜਿਊਣ ਦੀ ਸਿਖਲਾਈ ਪ੍ਰਦਾਨ ਕਰਦਾ ਹੈ। ਆਚਾਰ ਸ਼ਾਸਤਰ ਹੀ ਵਿਸ਼ੇਸ਼ ਦੇਸ਼ ਕਾਲ ਵਿਚ ਧਰਮ ਦਾ ਨਿਰਣਾ ਕਰਦਾ ਹੈ। ਭਾਰਤੀ ਆਚਾਰ ਸ਼ਾਸਤਰ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਵਿੱਚ ਸਾਰੇ ਜੀਵਾਂ ਪ੍ਰਤੀ ਸਮਾਨ ਦ੍ਰਿਸ਼ਟੀ ਭਾਵ 'ਵਸੂਦੇਵ ਕੁਟੰਬਕਮ" ਦੀ ਨੀਤੀ ਸੱਚ ਦੀ ਤਲਾਸ਼ ਵਿੱਚ ਮਨੁੱਖੀ ਗਿਆਨ ਇੰਦਰੀਆਂ ਦੀ ਸੀਮਿਤ ਸਮਰੱਥਾ ਦੀ ਪਹਿਚਾਣ, ਸਦਾਚਾਰ ਦੀ ਪ੍ਰਧਾਨਤਾ, ਅੰਤਰ-ਆਤਮਾ ਦੀ ਮਹੱਤਤਾ ਮਨੁੱਖੀ ਜੀਵਨ ਦੀਆਂ ਸਰਬਾਂਗੀ ਕੀਮਤਾਂ ਦੀ ਸਥਾਪਤੀ ਲਈ ਕਾਮ, ਅਰਥ, ਧਰਮ ਤੇ ਮੋਖ ਦਾ ਸੰਤੁਲਨ ਅਤੇ ਜੀਵਨ-ਮੁਕਤੀ ਲਈ ਨਿਸ਼ਕਾਮ ਕਾਰਜਾਂ ਦੀ ਮਹੱਤਤਾ ਸੰਮਿਲਿਤ ਹਨ। ਮੱਧਕਾਲ ਤੱਕ ਆਉਂਦੇ ਆਉਂਦੇ ਦੇਸ਼ ਦੀਆਂ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਪ੍ਰਸਥਿਤੀਆਂ ਵਿੱਚ ਬਹੁਤ ਪਰਿਵਰਤਨ ਆ ਚੁੱਕਾ ਸੀ। ਇਸ ਸਥਿਤੀ ਵਿੱਚ ਆਚਰਨ ਨੂੰ ਨਵਾਂ ਸਰੂਪ ਦੇਣ ਦੀ ਅਤਿਅੰਤ ਆਵਸ਼ਕਤਾ ਸੀ। ਪੁਰਾਣੀਆਂ ਸਮਾਜਿਕ ਕੀਮਤਾਂ ਨਾਕਾਫ਼ੀ ਸਿੱਧ ਹੋ ਰਹੀਆਂ ਸਨ। ਦੋ ਸਭਿਅਤਾਵਾਂ ਦੀ ਟੱਕਰ ਤੋਂ ਔਂਰੇ ਹੋਏ ਲੋਕ ਮਨਾਂ ਨੂੰ ਰਾਹੇ ਪਾਉਣਾ ਆਵੱਸ਼ਕ ਸੀ। ਇਹ ਕਾਰਜ ਭਗਤਜਨਾਂ ਨੇ ਕੀਤਾ। ਉਹ ਆਪਣੇ ਪ੍ਰਾਚੀਨ ਵਿਰਸੇ ਤੋਂ ਬੇਮੁਖ ਨਹੀਂ ਸਨ। ਉਨ੍ਹਾਂ ਨੇ ਆਪਣੀਆਂ ਸਮਕਾਲੀ ਪ੍ਰਸਥਿਤੀਆਂ ਦੀ ਅਨੁਕੂਲਤਾ ਤੇ ਪ੍ਰਤਿਕੂਲਤਾ ਨੂੰ ਪਛਾਣਿਆ। ਉਨ੍ਹਾਂ ਨੇ ਪੁਰਾਤਨ ਭਾਰਤੀ ਆਚਾਰ ਸ਼ਾਸਤਰ ਦੇ ਮੂਲ ਤੱਤ

Sri Satguru Jagjit Singh Ji eLibrary NamdhariElibrary@gmail.com

ਨੂੰ ਗ੍ਰਹਿਣ ਕਰਕੇ ਰੂੜ੍ਹ ਤੱਥਾਂ ਨੂੰ ਆਦਰਸ਼ਵਾਦੀ ਬਣਾਉਂਦੇ ਹੋਏ ਨਵੀਆਂ ਕੀਮਤਾਂ ਸਿਰਜੀਆਂ, ਲੋਕਮਨਾਂ ਤੋਂ ਰੂੜ੍ਹੀਵਾਦੀ ਵਿਸ਼ਵਾਸਾਂ ਦਾ ਪ੍ਰਭਾਵ ਮਿਟਾਉਣ ਲਈ ਹੀ ਉਨ੍ਹਾਂ ਨੇ ਉਲਟਵਾਸੀਆਂ, ਗਾਰਵ-ਉਕਤੀਆਂ, ਵਿਅੰਗ-ਉਕਤੀਆਂ ਅਤੇ ਉਪਹਾਸ ਦਾ ਆਸਰਾ ਲਿਆ । ਭਾਰਤੀ ਸ਼ਰੁਤੀਆਂ ਅਤੇ ਸਿਮ੍ਰਿਤੀਆਂ ਤੋਂ ਨਿਰਪੇਖ, ਉਨ੍ਹਾਂ ਦੇ ਉਪਦੇਸ਼ਾਂ ਵਿਚ "ਆਚਾਰ ਪਰਮੋ ਧਰਮਹ" ਦੀ ਸੁਰ ਗੂੰਜਦੀ ਹੈ। ਵਾਸਤਵ ਵਿਚ ਉਹ ਹੀ ਭਾਰਤੀ ਸੱਭਿਆਚਾਰ ਅਤੇ ਸੱਭਿਅਤਾ ਨੂੰ ਨਵਜੀਵਨ ਦਾਨ ਦੇਣ ਵਾਲੇ ਸਨ ।

ਭਗਤ ਜਨਾਂ ਦੇ ਦਰਸ਼ਨ ਦੀ ਵਿਸ਼ੇਸ਼ਤਾ ਇਹ ਵੀ ਸੀ ਕਿ ਇਸਨੇ ਜੀਵਨ-ਜੁਗਤੀ ਦਾ ਰੂਪ ਧਾਰਨ ਕਰ ਲਿਆ। ਉਨ੍ਹਾਂ ਲਈ ਦਰਸ਼ਨ ਕੋਈ ਸ਼ਾਸਤਰਥ ਦਾ ਵਿਸ਼ਾ ਨਾ ਹੋ ਕੇ ਮੂਲ ਜੀਵਨ ਧਾਰਨਾਵਾਂ ਦੀ ਪਹਿਚਾਣ ਦਾ ਲਖਾਇਕ ਬਣ ਜਾਂਦਾ ਹੈ। ਸਾਰੇ ਭਗਤ-ਜਨਾਂ ਦਾ ਮੂਲ ਮਨੋਰਥ ਜੀਵਨ ਸਦਾਚਾਰ ਨੂੰ ਘੜਨਾ ਤੇ ਪ੍ਰਚਾਰਨਾ ਹੈ। ਇਸ ਤੋਂ ਵੀ ਵੱਧ ਸਦਾਚਾਰ ਨੂੰ ਮਨੁੱਖੀ ਜੀਵਨ ਦਾ ਅੰਗ ਬਣਾਉਣਾ ਹੈ ਤਾਂ ਜੋ ਮਨੁੱਖ ਮਾਤਰ ਦੀ ਵਿਹਾਰਕ ਜੀਵਨ ਵਿੱਚ ਅਗਵਾਈ ਕੀਤੀ ਜਾ ਸਕੇ। ਉਨ੍ਹਾਂ ਨੂੰ ਅਜਿਹੇ ਸਿੱਕੇਬੰਦ ਫਾਰਸ਼ਨਿਕ ਪ੍ਰਮਾਣ ਦਿੱਤੇ ਜਾ ਸਕਣ ਜਿਨ੍ਹਾਂ ਨੂੰ ਅਪਣਾ ਕੇ ਉਹ ਆਪਣੇ ਜੀਵਨ ਨੂੰ ਸੁਗਮਤਾ ਨਾਲ ਬਤੀਤ ਕਰ ਸਕਣ। ਜੀਵਨ ਸੰਬੰਧੀ ਮੂਲ ਦਾਰਸ਼ਨਿਕ ਧਾਰਨਾਵਾਂ ਦੇ ਨਿਰਮਾਣ ਵਿੱਚ ਭਗਤ ਕਵੀਆਂ ਜਾਂ ਰਹੱਸਵਾਦੀ ਸੰਤਾਂ ਨੂੰ ਸਦਾ ਸਥਾਪਿਤ ਪਰੰਪਰਾ ਤੇ ਤਤਕਾਲੀਨ ਸੰਭਾਵਨਾਵਾਂ ਅਥਵਾ ਵਾਸਤਵਿਕ ਜੀਵਨ ਲਖਸ਼ਾਂ ਤੋਂ ਪ੍ਰੇਰਨਾ ਮਿਲੀ ।[143]

ਇਸ ਪ੍ਰਕਾਰ ਭਗਤਜਨਾਂ ਨੇ ਜੀਵਨ-ਮੁਕਤੀ ਨੂੰ ਮਨੁੱਖੀ ਜੀਵਨ ਦਾ ਪਰਮ-ਉਦੇਸ਼ ਨਿਰਧਾਰਿਤ ਕੀਤਾ ਜਿਸ ਨਾਲ ਇੱਕ ਨਿਰਲੇਪ, ਨਿਡਰ, ਦੁਬਿਧਾ ਰਹਿਤ ਅਤੇ ਸ਼ੁੱਧ ਜੀਵਨ ਦਾ ਨਿਰਮਾਣ ਹੁੰਦਾ ਹੈ। ਅਜਿਹਾ ਸੰਪੂਰਨ ਮਨੁੱਖ ਆਪਣੇ ਵਿਹਾਰ ਵਿੱਚ ਸਰਵੋਚ ਮਨੁੱਖੀ ਕਦਰਾਂ ਕੀਮਤਾਂ ਦਾ ਕਦੇ ਪੱਲਾ ਨਹੀਂ ਛੱਡਦਾ। ਭਗਤ ਜਨਾਂ ਦੇ ਵਿਅੱਕਤੀਗਤ ਜੀਵਨ ਨਾਲ ਸੰਬੰਧਿਤ ਵਿਭਿੰਨ ਘਟਨਾਵਾਂ ਤੋਂ ਵੀ ਇਹ ਭਲੀਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀਆਂ ਦੈਨਿਕ ਸੰਸਾਰਿਕ ਗਤੀਵਿਧੀਆਂ ਵਿੱਚ ਸਦੈਵ ਨੈਤਿਕਤਾ ਦਾ ਹੀ ਅਨੁਸਰਨ ਕੀਤਾ ਭਾਵੇਂ ਉਨ੍ਹਾਂ ਨੂੰ ਆਪਣੇ ਆਦਰਸ਼ਾਂ ਦੀ ਪੂਰਤੀ ਲਈ ਸਰੀਰਕ ਅਤੇ ਆਰਥਿਕ ਕਸ਼ਟ ਵੀ ਝੱਲਣੇ ਪਏ। ਜੀਵਨ ਆਦਰਸ਼ਾਂ ਦੀ ਇਹ ਪਰਪੱਕਤਾ ਉੱਤਮ ਸਿੱਖਿਆ ਤੋਂ ਬਿਨਾ ਸੰਭਵ ਨਹੀਂ। ਇਸ ਲਈ ਭਗਤਜਨਾਂ ਦੇ ਸਿੱਖਿਆ ਸੰਕਲਪਾਂ ਤੇ ਵਿਚਾਰ ਚਰਚਾ ਕਰਨੀ ਉਪਯੋਗੀ ਹੋਵੇਗੀ ।

## 3.5. ਭਗਤ ਜਨਾਂ ਦਾ ਸਿੱਖਿਆ ਸੰਕਲਪ

ਪੁਰਾਤਨ ਭਾਰਤੀ ਸਿੱਖਿਆ ਚਿੰਤਕਾਂ ਨੇ ਸਿੱਖਿਆ ਨੂੰ ਅਪਰਾਵਿੱਦਿਆ ਅਤੇ ਪਰਾਵਿੱਦਿਆ ਦੋ ਸ਼੍ਰੇਣੀਆਂ ਵਿਚ ਵੰਡਿਆ ਸੀ। ਅਪਰਾਵਿੱਦਿਆ ਦੁਨਿਆਵੀ ਜੀਵਨ ਨਾਲ ਅਤੇ ਪਰਾਵਿੱਦਿਆ ਰੂਹਾਨੀ ਤੇ ਪਰਾਲੌਕਿਕ ਜੀਵਨ ਨਾਲ ਸੰਬੰਧਿਤ ਮੰਨੀ ਜਾਂਦੀ ਸੀ। ਇਸ ਮੱਤ ਨਾਲ ਸਾਰੇ ਹੀ ਸਹਿਮਤ ਹਨ ਕਿ ਪਰਾਵਿੱਦਿਆ ਦੀ ਪ੍ਰਾਪਤੀ ਲਈ ਉਤਮ ਅਪਰਾਵਿੱਦਿਆ ਅਨਿਵਾਰੀ ਹੈ। ਉੱਤਮ ਅਪਰਾਵਿੱਦਿਆ ਅਨੁਭਵੀ ਮਹਾਂਪੁਰਸ਼ਾਂ ਤੇ ਪ੍ਰਕਰਮੀਆਂ ਦੇ ਦੈਵੀ ਸਾਹਿਤ ਤੋਂ ਪ੍ਰਾਪਤ ਹੁੰਦੀ ਹੈ। ਸੰਤ ਸਾਹਿਤ ਅਰਥਾਤ ਭਗਤ ਬਾਣੀ ਨਿਰਸੰਦੇਹ ਭਾਰਤੀ ਧਾਰਮਿਕ ਸਾਹਿਤ ਪਰੰਪਰਾ ਦਾ ਅਮੋਲ ਰਤਨ ਹੈ। ਭਗਤ ਸਾਹਿਤ ਕਿਸੇ ਪੰਥ ਜਾਂ ਸੰਪ੍ਰਦਾਇ ਦੇ ਮੂਲ ਪਰਵਰਤਕ ਦੁਆਰਾ ਪ੍ਰਚਲਿਤ ਕੀਤੇ ਸਿਧਾਂਤਾਂ ਦਾ ਸੰਗ੍ਰਹਿਮਾਤ੍ਰ ਨਹੀਂ ਹੈ। ਇਹ ਉਸ ਵਿਧਾਨ ਦਾ ਵੀ ਪਰਿਚਾਇਕ ਨਹੀਂ ਜੋ ਵਿਭਿੰਨ ਸੰਤਾਂ ਦੇ ਉਪਦੇਸ਼ਾਂ ਤੋਂ ਨਿਰਮਿਤ ਕੀਤਾ ਗਿਆ ਹੋਵੇ। ਇਸ ਸਾਹਿਤ ਨੂੰ ਕਿਸੇ ਵੀ ਅਜਿਹੀ ਵਿਵਸਥਾ ਤੇ ਨਿਦ੍ਰਿਸ਼ਟ ਆਦਰਸ਼ ਨਾਲ ਵੀ ਕੋਈ ਸਰੋਕਾਰ ਨਹੀਂ ਜੋ ਇਸਦੇ ਅਨੁਯਾਈਆਂ ਦੇ ਅਨੁਭਵ ਦਾ ਭਾਗ ਨਾ ਬਣ ਸਕੇ। ਵਾਸਤਵ ਵਿੱਚ ਸੰਤ ਲੋਕ ਸ਼ੁਧ ਦਾਰਸ਼ਨਿਕ ਨਾ ਹੋ ਕੇ ਸਾਧਕ ਸਨ।[144]

ਇਨ੍ਹਾਂ ਰਹੱਸਵਾਦੀ ਭਗਤਾਂ ਲਈ ਚਿੰਤਨ ਨਿਰੋਲ ਬੋਧਿਕ ਪ੍ਰਕਿਰਿਆ ਨਾ ਰਹਿ ਕੇ ਸੂਖਮ ਆਤਮਿਕ ਸਾਧਨਾ ਦਾ ਰੂਪ ਧਾਰਨ ਕਰ ਗਿਆ ਸੀ। ਰਹੱਸਵਾਦੀ ਦਰਸ਼ਨ ਸਦੈਵ ਨਿੱਜੀ ਅਨੁਭਵ ਤੇ ਆਧਾਰਿਤ ਹੁੰਦਾ ਹੈ। ਜਿਨ੍ਹਾਂ ਨੂੰ ਕਈ ਵਾਰ ਬੋਧਿਕ ਵਿਆਖਿਆ ਦਾ ਵਿਸ਼ਾ ਨਹੀਂ ਬਣਾਇਆ ਜਾ ਸਕਦਾ। ਇਨ੍ਹਾਂ ਦਾ ਮਨੋਰਥ ਤਾਂ ਸੂਖਮ ਅੰਤਰ-ਦ੍ਰਿਸ਼ਟੀ ਰਾਹੀਂ ਜੋ ਪਰੰਪਰਾ ਤੇ ਗੁਰੂ ਪ੍ਰਣਾਲੀ ਦੁਆਰਾ ਉਨ੍ਹਾਂ ਨੂੰ ਪ੍ਰਾਪਤ ਹੁੰਦੀ ਹੈ ਆਪਣੇ ਜੀਵਨ ਅਨੁਭਵ ਦੇ ਆਧਾਰ ਤੇ ਰਹੱਸਵਾਦੀ ਅਨੁਭੂਤੀਆਂ ਨੂੰ ਅਭਿਵਿਅਕਤ ਕਰਨਾ ਸੀ।[145]

ਸੱਚ ਦੀ ਪਹਿਚਾਣ ਕਰਵਾਉਣ ਲਈ ਵੀ ਸਿੱਖਿਆ ਇੱਕ ਸਮਾਜਿਕ ਸਾਧਨ ਹੈ। ਸਿੱਖਿਆ ਦੀ ਅਗਵਾਈ ਹੇਠ ਹੀ ਵਿਅਕਤੀ ਉਚਿਤ, ਅਨੁਚਿਤ, ਸੱਚ ਤੇ ਝੂਠ ਵਿਚਕਾਰ ਨਿਸਤਾਰਾ ਕਰਨ ਦੇ ਯੋਗ ਹੁੰਦਾ ਹੈ। ਇਸ ਰਾਹੀਂ ਹੀ ਮਨੁਖ ਆਪਣੀ ਬੁੱਧੀ ਤੇ ਤਰਕਸ਼ਕਤੀ ਦਾ ਸਦਉਪਯੋਗ ਕਰਨਾ ਸਿੱਖਦਾ ਹੈ। ਇੰਜ ਸਿੱਖਿਆ ਇੱਕ ਸਮਾਜਿਕ ਨਿਯੰਤ੍ਰਿਕ ਦੇ ਰੂਪ ਵਿੱਚ ਮਨੁੱਖ ਨੂੰ ਸਤਿ ਦਾ ਮਾਰਗ ਦੱਸਦੀ ਹੈ ਅਤੇ ਉਸਦੇ ਵਿਹਾਰ ਨੂੰ ਨਿਯੰਤ੍ਰਿਤ ਕਰਕੇ ਇੱਕ

Sri Satguru Jagjit Singh Ji eLibrary NamdhariElibrary@gmail.com

ਆਦਰਸ਼ਕ ਸਮਾਜਿਕ ਪ੍ਰਾਣੀ ਬਣਨ ਵਾਸਤੇ ਪ੍ਰੇਰਿਤ ਕਰਦੀ ਹੈ ।[146] ਭਗਤਜਨਾਂ ਦੀ ਸਿੱਖਿਆ ਇਸ ਕਾਰਜ ਨੂੰ ਪੂਰੀ ਸਫਲਤਾ ਨਾਲ ਨੇਪਰੇ ਚਾੜ੍ਹਦੀ ਹੈ। ਉਪਰੋਕਤ ਸੰਦਰਭ ਵਿਚ ਭਗਤਾਂ ਦੇ ਸਿੱਖਿਆ ਉਦੇਸ਼ਾਂ, ਵਿਧੀਆਂ ਅਤੇ ਪਾਠਕ੍ਰਮ ਆਦਿ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ ।

3.5.1. ਸਿੱਖਿਆ ਉਦੇਸ਼

ਸਿੱਖਿਆ ਇੱਕ ਸ਼ਕਤੀਸ਼ਾਲੀ ਸਮਾਜਿਕ ਮਾਧਿਅਮ ਹੈ। ਇਸਦੇ ਉਦੇਸ਼ਾਂ ਨੂੰ ਦੋ ਪ੍ਰਮੁੱਖ ਸ਼੍ਰੇਣੀਆਂ ਵਿਚ ਵੰਡਿਆ ਜਾ ਸਕਦਾ ਹੈ :

3.5.1.1. ਸਮਾਜ ਸੁਧਾਰ ਤੇ ਵਿਕਾਸ

ਮੱਧਕਾਲੀਨ ਭਾਰਤੀ ਸਮਾਜਿਕ ਅਵਸਥਾ ਇੰਨੀ ਭੈੜੀ ਹੋ ਚੁੱਕੀ ਸੀ ਕਿ ਲੋਕ ਆਪਣੇ ਸੱਭਿਆਚਾਰਕ ਵਿਰਸੇ ਦੀਆਂ ਨਰੋਈਆਂ ਕਦਰਾਂ ਕੀਮਤਾਂ ਨੂੰ ਪੂਰੀ ਤਰ੍ਹਾਂ ਵਿਸਾਰ ਚੁੱਕੇ ਸਨ। ਉਨ੍ਹਾਂ ਨੇ ਸਮਾਜਿਕ ਨਿਯਮਾਂ, ਉਪਨਿਯਮਾਂ ਜਾਂ ਪ੍ਰਤੀਕਾਂ ਦੇ ਵਾਸਤਵਿਕ ਅੰਤ੍ਰਿਕ ਭਾਵ ਨੂੰ ਭੁਲਾ ਦਿੱਤਾ ਸੀ। ਇਸ ਸਮਾਜਿਕ ਜੜ੍ਹਤਾ ਦੇ ਮੁੱਖ ਕਾਰਨ ਵਿਵੇਕਹੀਨਤਾ, ਰੂੜ੍ਹੀਵਾਦਤਾ, ਅੰਧਵਿਸ਼ਵਾਸ਼ ਦਾ ਬੋਲਬਾਲਾ ਅਤੇ ਮਨੁੱਖੀ ਕਾਰਜ-ਚਿੰਨ੍ਹਾਂ ਦੇ ਅੰਤ੍ਰਿਕ ਅਰਥਾਂ ਦੀ ਸੰਪੂਰਨ ਅਨੁਪਸਥਿਤੀ ਸੀ। ਪ੍ਰਤੀ ਕ੍ਰਿਆਵਾਦੀ ਨਿਰਗੁਣ ਵਿਚਾਰਕਾਂ ਨੇ ਸਮਾਜਿਕ ਪਰਪਾਟੀਆਂ ਦੀਆਂ ਲਗਭਗ ਖ਼ਤਮ ਹੋ ਚੁੱਕੀਆਂ ਅੰਤਰ-ਭਾਵਨਾਵਾਂ ਦੀ ਪੁਨਰ-ਵਿਆਖਿਆ ਕੀਤੀ, ਢਹਿੰਦੀਆਂ ਕਲਾਂ ਵੱਲ ਜਾਂਦੇ ਸਮਾਜਿਕ ਪ੍ਰਤੀਕਾਂ ਦਾ ਆਦਰਸ਼ੀਕਰਨ ਕੀਤਾ ਅਤੇ ਬਦਲ ਰਹੇ ਸਮਾਜਿਕ ਮੁੱਲਾਂ ਅਨੁਸਾਰ ਨਵੇਂ ਸਮਾਜਿਕ-ਵਿਧਾਨ ਵੀ ਬਣਾਏ। ਭਗਤਾਂ ਨੇ ਮਨੁੱਖ ਨੂੰ ਇੱਕ ਅਜਿਹਾ ਸਮਾਜ ਸਿਰਜਣ ਦੀ ਪ੍ਰੇਰਨਾ ਦਿੱਤੀ ਜਿੱਥੇ ਵਸਦਿਆਂ ਉਸਨੇ ਪਰਮ ਸ਼ਕਤੀ ਨੂੰ ਪ੍ਰਾਪਤ ਕਰਨਾ ਹੈ। ਉਹ ਜਾਣਦੇ ਸਨ ਕਿ ਜੇ ਮਨੁੱਖ ਆਪਣੇ ਚੌਗਿਰਦੇ ਦੇ ਬੰਧਨ ਤੋਂ ਹੀ ਮੁਕਤ ਨਹੀਂ ਤਾਂ ਉਹ ਪਰਮ ਮੁਕਤੀ ਦਾ ਭਾਗੀ ਨਹੀਂ ਬਣ ਸਕੇਗਾ । ਇਸ ਲਈ ਉਨ੍ਹਾਂ ਨੇ ਮਨੁੱਖ ਨੂੰ ਅਜਿਹੀ ਚੇਤਨਤਾ ਨਾਲ ਜੋੜਿਆ ਜਿਸਨੇ ਉਸਨੂੰ ਸਮਾਜਿਕ ਸੰਦਰਭ ਵਿਚ ਨਵਾਂ ਪ੍ਰਵਚਨ ਦਿੱਤਾ। ਬਾਣੀ ਵਿਚੋਂ ਜਿਨ੍ਹਾਂ ਸੰਕਲਪਾਂ ਦੇ ਦਰਸ਼ਨ ਹੁੰਦੇ ਹਨ ਉਹ ਜਨਮ, ਜਾਤ, ਜੋਨੀ ਤੇ ਸ਼੍ਰੇਣਿਕ ਬੰਧਨਾਂ ਤੋਂ ਆਜ਼ਾਦ ਹਨ। ਇਨ੍ਹਾਂ ਬੰਧਨਾਂ ਤੋਂ ਮੁਕਤ ਇੱਕ ਨਵੇਂ ਸਮਾਜ ਦਾ ਮਾਡਲ ਉਨ੍ਹਾਂ ਨੇ ਸਿਰਜਿਆ।[147] ਭਗਤ ਰਵਿਦਾਸ ਜੀ ਆਪਣੇ ਅਧਿਆਤਮਿਕ ਗਿਆਨ ਦੀ ਰੋਸ਼ਨੀ ਵਿੱਚ

Sri Satguru Jagjit Singh Ji eLibrary NamdhariElibrary@gmail.com

ਇੱਕ ਅਜਿਹੇ ਬੇਗਮਪੁਰਾ ਸ਼ਹਿਰ ਦੀ ਕਲਪਣਾ ਕਰਦੇ ਹਨ ਜਿਥੇ ਮਨੁੱਖ ਪੂਰਨ ਸੁਤੰਤਰਤਾ ਅਤੇ ਨਿਰਭੈਤਾ ਨਾਲ ਵਿਚਰ ਸਕਦਾ ਹੈ। ਮਨੁੱਖਤਾ ਦੀ ਸਾਰੀ ਯਾਤਰਾ ਦਾ ਪ੍ਰਯੋਜਨ ਹੀ ਅਜਿਹੇ ਸਮਾਜ ਦੀ ਉਸਾਰੀ ਹੈ। ਇਸ ਵਿਚ ਉਹ ਆਪਣੀ ਹੋਂਦ ਨੂੰ ਨਵੇਂ ਅਰਥ ਦੇ ਸਕਦਾ ਹੈ। ਭਗਤ ਜੀ ਦਾ ਵਿਸ਼ਵਾਸ਼ ਹੈ ਕਿ ਸ਼ੁੱਭ ਅਮਲ ਤੇ ਕਰਮ ਸਮਾਜਿਕ ਪਰਿਪੇਖ ਵਿੱਚ ਹੀ ਜਾਣੇ ਜਾਂਦੇ ਹਨ। ਉਨ੍ਹਾਂ ਨੇ ਕੁਲੀਨ ਵਰਗ ਦੀ ਤਿੱਖੀ ਆਲੋਚਨਾ ਕਰਕੇ ਨਵੇਂ ਸਮਾਜਿਕ ਮੁੱਲਾਂ ਦੀ ਪੈਰਵੀ ਕੀਤੀ ।[148]

ਪੁਰਾਤਨ ਭਾਰਤੀ ਸਮਾਜਿਕ ਭਾਈਚਾਰੇ ਦੇ ਪ੍ਰਮੁੱਖ ਕਾਰਕਾਂ ਵਰਣ ਵਿਵਸਥਾ, ਆਸ਼ਰਮ ਤੇ ਸਮਾਜਿਕ ਵਿਧਾਨਾਂ ਵਿੱਚ ਆਏ ਨਿਘਾਰ ਨੂੰ ਭਗਤਜਨਾਂ ਨੇ ਵਿਸ਼ੇਸ਼ ਤੌਰ ਤੇ ਆਪਣੀ ਸੰਵਾਦੀ ਵਿਚਾਰ ਸ਼ੈਲੀ ਦਾ ਵਿਸ਼ਾ ਬਣਾਇਆ ।

3.5.1.2. ਵਰਣ ਵਿਵਸਥਾ

ਵੇਦਾਂ ਅਨੁਸਾਰ ਇੱਕੋ ਪਰਜਾਪਤੀ ਬ੍ਰਹਮਾ ਦੇ ਵੱਖੋ ਵੱਖਰੇ ਅੰਗਾਂ ਤੋਂ ਬ੍ਰਾਹਮਣ ਖੱਤਰੀ, ਵੈਸ਼ ਅਤੇ ਸ਼ੂਦਰ ਵਰਣਾਂ ਦੀ ਉਤਪਤੀ ਹੋਈ ।[149] ਵੈਦਿਕ ਸਮਾਜ ਵਿਚ ਕਰਮਾਂ ਅਨੁਸਾਰ ਇਨ੍ਹਾਂ ਨੂੰ ਸਮਾਨ ਸਮਾਜਿਕ ਅਧਿਕਾਰ ਵੀ ਮਿਲੇ ਹੋਏ ਸਨ। ਮੱਧਯੁੱਗ ਤੀਕ ਆਉਂਦਿਆਂ ਆਉਂਦਿਆਂ ਵਰਣ-ਵਿਵਸਥਾ ਬਹੁਤ ਅਧਿਕ ਦੋਸ਼ ਪੂਰਨ ਹੋ ਗਈ। ਇਸਦੇ ਹੇਠਲੇ ਤਿੰਨ ਵਰਣ ਬ੍ਰਾਹਮਣ ਸ਼੍ਰੇਣੀ ਦੇ ਅੱਤਿਆਚਾਰਾਂ ਨੂੰ ਸਹਿੰਦਿਆਂ ਤੰਗ ਹੋ ਕੇ ਕਿਸੇ ਅਜਿਹੇ ਨਵੇਂ ਸਮਾਜਿਕ-ਵਿਧਾਨ ਦੀ ਆਵੱਸ਼ਕਤਾ ਅਨੁਭਵ ਕਰਨ ਲੱਗੇ, ਜਿਸ ਵਿਚ ਬ੍ਰਾਹਮਣਾਂ ਦੇ ਦੈਵੀ ਅਧਿਕਾਰਾਂ ਨੂੰ ਵੰਗਾਰਿਆ ਜਾਵੇ। ਭਗਤ-ਬਾਣੀ ਨੇ ਅਜਿਹੇ ਹੀ ਵਿਧਾਨ ਦੀ ਰਚਨਾ ਕੀਤੀ । ਉਨ੍ਹਾਂ ਨੇ ਵੇਦਾਂ ਦੁਆਰਾ ਪ੍ਰਵਾਨਿਤ ਚਹੁੰ ਵਰਣਾਂ ਨੂੰ ਸਮਾਜ ਦੇ ਬਰਾਬਰ ਅੰਗ ਪ੍ਰਵਾਨ ਕੀਤਾ । ਭਗਤ ਕਬੀਰ ਜੀ ਸਾਰੇ ਮਨੁੱਖਾਂ ਨੂੰ ਇੱਕ ਬ੍ਰਹਮ ਤੋਂ ਉਪਜਿਆ ਮੰਨ ਕੇ ਕਿਸੇ ਪ੍ਰਕਾਰ ਦੇ ਵਿਤਕਰੇ ਦੇ ਵਿਰੁੱਧ ਹਨ। ਉਹ ਪੁਰਸ਼ ਅਤੇ ਇਸਤ੍ਰੀ ਵਿੱਚ ਵੀ ਕੋਈ ਅੰਤਰ ਨਹੀਂ ਸਮਝਦੇ ਕਿਉਂਕਿ ਸਿਰਜਣਹਾਰੇ ਨੇ ਇੱਕ ਹੀ ਮਿੱਟੀ ਤੋਂ ਅਨੇਕ ਪ੍ਰਕਾਰ ਦੇ ਰੂਪ ਰਚੇ ਹਨ।[150] ਭਗਤ ਰਵਿਦਾਸ ਜੀ ਕੁਕਰਮੀ ਬ੍ਰਾਹਮਣ ਨੂੰ ਚੰਡਾਲ ਆਖਦੇ ਹੋਏ ਭਗਤ ਨੂੰ ਸਰਵੋਤਮ ਤੇ ਸਰਵੁੱਚ ਮੰਨਦੇ ਹਨ। ਨੀਚ ਜਾਤੀ ਦਾ ਪ੍ਰਭੂ ਭਗਤ ਪੁਨੀਤ ਹੋ ਕੇ ਆਪਣੀ ਸਾਰੀ ਕੁਲ ਨੂੰ ਤਾਰ ਦਿੰਦਾ ਹੈ।[151]

ਇਸ ਪ੍ਰਕਾਰ ਭਗਤ ਕਵੀਆਂ ਨੇ ਇੱਕ ਅਜਿਹੀ ਸਮਦ੍ਰਿਸ਼ਟੀ ਦਾ ਆਗ੍ਰਹਿ ਕੀਤਾ ਜਿਥੇ ਸਾਰੇ ਭਿੰਨ-ਭੇਦ ਸਮਾਪਤ ਹੋ ਜਾਂਦੇ ਹਨ। ਇਸ ਦ੍ਰਿਸ਼ਟੀ ਤੋਂ ਮੱਧਕਾਲੀਨ ਸੰਸਕ੍ਰਿਤਿਕ ਜਾਗ੍ਰਣ ਦੇ ਨਿਰਮਾਣ ਵਿੱਚ ਭਗਤੀ ਕਾਵਿ ਦੀ ਭੂਮਿਕਾ ਨਿਰਣਾਇਕ ਹੈ। ਇਸ ਬਾਣੀ ਵਿੱਚ ਜਨਸਾਧਾਰਨ ਦੀ ਚਰਚਾ ਇਸਨੂੰ ਸਾਰਥਕਤਾ ਤੇ ਵਿਹਾਰਕਤਾ ਨਾਲ ਸੰਪਨ ਕਰਦੀ ਹੈ।[152] ਵਰਣ ਵਿਵਸਥਾ ਦਾ ਮੱਧਕਾਲੀ ਦ੍ਰਿਸ਼ਟੀਕੋਣ ਭਗਤਜਨਾਂ ਨੂੰ ਪ੍ਰਵਾਨ ਨਹੀਂ ਸੀ। ਉਨ੍ਹਾਂ ਨੇ ਵੈਦਿਕ ਵਿਚਾਰਧਾਰਾ ਦੀ ਆਤਮਾ ਦਾ ਅਨੁਸਰਨ ਕੀਤਾ ਹੈ।

### 3.5.1.3. ਆਸ਼ਰਮ

ਪੁਰਾਤਨ ਭਾਰਤੀ ਚਿੰਤਨ ਨੇ ਮਨੁੱਖ ਦੇ ਕਰਤੱਵਾਂ ਨੂੰ ਨਿਯੰਤ੍ਰਿਤ ਤੇ ਸੋਧਿਤ ਕਰਨ ਦੇ ਮਨੋਰਥ ਨਾਲ ਉਸਦੀ ਆਯੂ ਨੂੰ ਬ੍ਰਹਮਚਾਰਯ, ਗ੍ਰਹਿਸਥ, ਵਨਪ੍ਰਸਥ ਤੇ ਸੰਨਿਆਸ ਚਾਰ ਆਸ਼ਰਮਾਂ ਵਿੱਚ ਵੰਡਿਆ ਸੀ। ਮੱਧਕਾਲ ਤੱਕ ਇਨ੍ਹਾਂ ਆਸ਼ਰਮਾਂ ਦੇ ਅਰਥਾਂ ਵਿੱਚ ਨਕਾਰਾਤਮਿਕ ਪਰਿਵਰਤਨ ਆ ਗਿਆ। ਭਗਤਜਨਾਂ ਭਾਵੇਂ ਆਸ਼ਰਮ ਵਿਧਾਨ ਵਿੱਚ ਤਾਂ ਨਹੀਂ ਪਏ ਪਰੰਤੂ ਉਨ੍ਹਾਂ ਨੇ ਇਨ੍ਹਾਂ ਅਨੁਸਾਰ ਕਰਤਵਪਾਲਣਾ ਨੂੰ ਮਹੱਤਵ ਦਿੱਤਾ ਹੈ। ਉਨ੍ਹਾਂ ਦੀ ਧਾਰਨਾ ਹੈ ਕਿ ਵਨਪ੍ਰਸਤੀ ਦੇ ਸਾਰੇ ਕਰਤੱਵ ਗ੍ਰਹਿਸਥ ਆਸ਼ਰਮ ਵਿੱਚ ਰਹਿੰਦੇ ਹੋਏ ਵੀ ਪੂਰੇ ਕੀਤੇ ਜਾ ਸਕਦੇ ਹਨ। ਗੁਰਮੁਖ ਜਾਂ ਬ੍ਰਹਮਗਿਆਨੀ ਗੁਰੂ ਆਦੇਸ਼ ਦੀ ਪਾਲਣਾ, ਨਾਮ ਸਿਮਰਨ, ਪ੍ਰਭੂ-ਪ੍ਰੇਮ ਤੇ ਪ੍ਰਭੂ-ਵਿਸ਼ਵਾਸ ਦੇ ਸਾਧਨਾਂ ਦੁਆਰਾ ਗ੍ਰਹਿਸਥੀ ਜੀਵਨ ਵਿੱਚ ਹੀ ਜੀਵਨ-ਮੁਕਤ ਹੋ ਸਕਦਾ ਹੈ। ਇਸ ਲਈ ਸਾਰੇ ਹੀ ਭਗਤਜਨਾਂ ਨੇ ਸੰਨਿਆਸੀ ਬਣ ਕੇ ਜੰਗਲਾਂ ਵਿਚ ਜਾਣ, ਸੰਸਾਰ ਤਿਆਗਣ ਅਤੇ ਭਿੱਖਿਆ ਮੰਗਣ ਦੀ ਨਿਖੇਧੀ ਕੀਤੀ ਹੈ। ਉਹ ਤਾਂ ਪਰਮਾਤਮਾ ਨੂੰ ਅੰਤਰ ਦ੍ਰਿਸ਼ਟੀ ਦੁਆਰਾ ਪ੍ਰਾਪਤ ਕਰਨ ਦੇ ਸਮਰਥਕ ਹਨ ਜੋ ਕਿ ਗ੍ਰਹਿਸਥੀ ਜੀਵਨ ਵਿੱਚ ਸਹਿਜ ਅਵਸਥਾ ਵਿੱਚ ਸੰਭਵ ਹੈ। ਅਜਿਹਾ ਵਿਅਕਤੀ ਦਰ ਦਰ ਨਹੀਂ ਭਟਕਦਾ।[153]

ਇਸ ਲਈ ਕਿਹਾ ਜਾ ਸਕਦਾ ਹੈ ਕਿ ਮੱਧਕਾਲੀ ਹਾਲਤਾਂ ਨੂੰ ਮੁੱਖ ਰਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਸੰਤਾਂ ਨੇ ਨਵੇਂ ਢਾਂਚੇ ਵਿਚ ਪੁਰਾਣੇ ਨੂੰ ਪੂਰੀ ਤਰ੍ਹਾਂ ਢੱਕ ਕੇ ਉਸ ਵਿੱਚ ਸਮੇਂ ਅਨੁਸਾਰ ਸੁਰੱਜੀ ਸ਼ੋਧ ਕਰ ਦਿੱਤੀ। ਤਿੰਨਾਂ ਰਿਣਾਂ- ਰਿਸ਼ੀ ਰਿਣ, ਪਿੱਤਰੀ ਰਿਣ ਤੇ ਦੇਵ ਰਿਣ ਤੋਂ ਮੁਕਤ ਹੋਣ ਦੀ ਵੀ ਇਨ੍ਹਾਂ ਨੇ ਵਿਰੋਧਤਾ ਨਹੀਂ ਕੀਤੀ। ਅੰਤਰ ਇਹ ਹੈ ਕਿ ਇਸ ਮੰਤਵ ਦੀ ਪੂਰਤੀ ਲਈ ਜੀਵਨ ਦੀਆਂ ਵੱਖੋ ਵੱਖਰੀਆਂ ਅਵੱਸਥਾਵਾਂ ਨੂੰ ਮਿੱਥਿਆ ਨਹੀਂ ਗਿਆ।[154]

### 3.5.1.4 ਸਮਾਜਿਕ ਬੁਰਾਈਆਂ ਦੀ ਨਿੰਦਾ

ਭਗਤਜਨਾਂ ਸਮੇਂ ਸਮਾਜ ਛੂਤ-ਛਾਤ, ਊਚਨੀਚ, ਲਿੰਗਭੇਦ ਅਤੇ ਧਾਰਮਿਕ ਵਿਤਕਰਿਆਂ ਨਾਲ ਪੂਰੀ ਤਰ੍ਹਾਂ ਗੱਲ ਚੁੱਕਾ ਸੀ। ਰਾਮਾਨੰਦ, ਕਬੀਰ, ਨਾਮਦੇਵ ਆਦਿ ਭਗਤਾਂ ਨੇ ਇਸ ਦੁਰਾਚਾਰ ਵੱਲ ਜਨਸਾਧਾਰਨ ਦਾ ਧਿਆਨ ਆਕਰਸ਼ਿਤ ਕੀਤਾ। ਕ੍ਰਾਂਤੀਕਾਰੀ ਦੂਤ ਕਬੀਰ ਨੂੰ ਤਥਾਕਥਿਤ ਵਿਦਵਾਨਾਂ ਦੇ ਕ੍ਰੋਧ ਦਾ ਸ਼ਿਕਾਰ ਹੋਣਾ ਪਿਆ। ਨਾਮਦੇਵ ਜੀ ਤਾਂ ਫੁੱਟ ਫੁੱਟ ਕੇ ਰੋਂਦੇ ਹੋਏ ਪਰਮਾਤਮਾ ਅੱਗੇ ਸ਼ਿਕਾਇਤ ਕਰਦੇ ਹਨ ਕਿ ਮੈਂ ਬੜੀ ਸ਼ਰਧਾ ਤੇ ਪ੍ਰਸੰਨਤਾ ਨਾਲ ਤੇਰੇ ਦੁਆਰੇ ਆਇਆ ਪਰੰਤੂ ਮੈਨੂੰ ਧੱਕੇ ਮਾਰ ਮਾਰ ਕੇ ਬਾਹਰ ਕੱਢ ਦਿੱਤਾ ਗਿਆ। ਉਨ੍ਹਾਂ ਨੂੰ ਰੋਸ ਹੈ ਕਿ ਜੇ ਮੇਰੇ ਨਾਲ ਅਜਿਹਾ ਹੀ ਸਲੂਕ ਹੋਣਾ ਸੀ ਤਾਂ ਮੈਨੂੰ ਨੀਚ ਜਾਤੀ ਵਿੱਚ ਕਿਉਂ ਜਨਮ ਦਿੱਤਾ।[155] ਭਗਤ ਕਬੀਰ ਜੀ "ਗਰਭ ਵਾਸ ਮਹਿ ਕੁਲੁ ਨਹੀਂ ਜਾਤੀ, ਬ੍ਰਹਮ ਬਿੰਦੁ ਤੇ ਸਭ ਉਤਪਾਤੀ", "ਸਾਚੁ ਕਤੇਬ ਬਖਾਨੈ ਅਲਹੁ ਨਾਰਿ ਪੁਰਖੁ ਨਹੀਂ ਕੋਈ" "ਹਿੰਦੂ ਤੁਰਕ ਦੁਹੂੰ ਮਹਿ ਏਕੈ ਕਹੈ ਕਬੀਰ ਪੁਕਾਰੀ", ਜਿਹੇ ਸ਼ਬਦਾਂ ਦੁਆਰਾ ਸਮਾਜਿਕ ਕੁਰੀਤੀਆਂ ਦਾ ਚਿੰਤਨ ਪੱਧਰ ਤੇ ਖੰਡਨ ਕਰਦੇ ਹਨ। ਭਗਤ ਰਵਿਦਾਸ ਜੀ ਦਾ ਇਸ ਪ੍ਰਥਾਇ ਕਥਨ ਹੈ: "ਬਹਿਮਨ ਬੈਸ ਸੂਦ ਅਰੁ ਖਤਰੀ।। ਡੋਮ ਚੰਡਾਲ ਮਲੇਛ ਮਨ ਸੋਇ।। ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੈ ਕੁਲ ਦੋਇ।" ਅਤੇ "ਜਾਤ ਪਾਤ ਪੂਛੈ ਨਹੀਂ ਕੋਇ ਹਰਿ ਕੋ ਭਜੇ ਸੋ ਹਰਿ ਕਾ ਹੋਇ।"[156]

ਬਾਣੀਕਾਰਾਂ ਨੇ ਪਰੰਪਰਾਗਤ ਬਾਹਰੀ ਭੇਖਾਂ ਨੂੰ ਅਰਥਹੀਣ ਦੱਸਿਆ ਹੈ। ਜਿਹੜੇ ਜਾਤਪਾਤ ਜਾਂ ਧਨ ਦੌਲਤ ਦੁਆਰਾ ਬਖਸ਼ੀਆਂ ਉਪਾਧੀਆਂ ਦਾ ਮਾਣ ਕਰਦੇ ਹਨ ਉਨ੍ਹਾਂ ਨੂੰ ਕੀੜਿਆਂ ਕਿਹਾ ਹੈ ਅਤੇ ਜਿਹੜੇ ਧਾਰਮਿਕ ਦੰਭ ਵਿਚ ਗ੍ਰਸਤ ਹਨ ਉਨ੍ਹਾਂ ਨੂੰ ਦੁਰਕਾਰਿਆ ਗਿਆ ਹੈ।[157]

### 3.5.1.5. ਸਮਾਜਿਕ-ਧਾਰਮਿਕ ਆਡੰਬਰਾਂ ਦਾ ਵਿਰੋਧ

ਇਸ ਸਮੇਂ ਤੱਕ ਵੈਦਿਕ ਕਰਮਕਾਂਡਾਂ ਨੂੰ ਨਿਰੋਲ ਵਿਖਾਵੇ ਅਤੇ ਗੁਮਰਾਹਕੁੰਨ ਹਥਿਆਰ ਵਜੋਂ ਵਾਹਿਆ ਜਾਣ ਲੱਗਾ ਸੀ। ਬੋਧਾਂ, ਸਿੱਧਾਂ ਤੇ ਨਾਥਾਂ ਨੇ ਬ੍ਰਾਹਮਣਵਾਦ ਦੀ ਇਜਾਰੇਦਾਰੀ ਮੁਕਾਉਣ ਲਈ ਕਰਮਕਾਂਡ, ਬਹੁਦੇਵ ਉਪਾਸਕ, ਪੁਸਤਕ ਪੂਜਾ, ਮੂਰਤੀ ਪੂਜਾ

Sri Satguru Jagjit Singh Ji eLibrary NamdhariElibrary@gmail.com

ਜਾਤਪਾਤ ਵਿਤਕਰਾ ਅਤੇ ਬਾਹਰਲੇ ਭੇਖਾਚਾਰ ਦੀ ਸਖਤ ਨਿਖੇਧੀ ਕੀਤੀ । ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਸ਼ੁੱਧ ਅੰਤਹਕਰਨ ਦਾ ਆਪਣਾ ਸੰਵੇਦਨਸ਼ੀਲ ਗਿਆਨ ਤੇ ਅਨੁਭਵ-ਸਿੱਧ ਗਿਆਨ ਰੂੜ੍ਹੀਵਾਦੀ ਪੁਸਤਕਾਂ ਦੇ ਹਵਾਲਿਆਂ ਤੇ ਕਥਾ ਵਾਰਤਾ ਨਾਲੋਂ ਵਧੇਰੇ ਉਪਯੋਗੀ ਹੈ। ਸਹਿਜਯੋਗ ਵੀ ਇਨ੍ਹਾਂ ਨੇ ਹੀ ਅਧਿਕ ਪਰਚਾਰਿਆ ।[158] ਸਮਾਂ ਪਾ ਕੇ ਇਹ ਵਿਚਾਰਧਾਰਾ ਵੀ ਨਿਰੋਲ ਬਾਹਰਮੁਖੀ ਚਿੰਨ੍ਹਾਂ ਤੱਕ ਸੀਮਿਤ ਹੋ ਗਈ। ਇਸਨੇ ਗ੍ਰਹਿਸਥ ਅਤੇ ਨਾਰੀ ਵਿਦਿਆ ਦੇ ਰੁਝਾਨ ਨੂੰ ਹਵਾ ਦੇ ਕੇ ਸੰਸਾਰ ਵਿਮੁਖੀ ਤੇ ਪਲਾਇਨਵਾਦੀ ਮੁੱਲਾਂ ਨੂੰ ਜਨਮ ਦਿੱਤਾ । ਇਸ ਲਈ ਭਗਤਜਨਾਂ ਨੇ ਜਿੱਥੇ ਬ੍ਰਾਹਮਣਵਾਦੀ ਕਰਮਕਾਂਡਾਂ ਦਾ ਵਿਰੋਧ ਕੀਤਾ ਉਥੇ ਬਾਹਰੀ ਵਿਖਾਵਿਆਂ ਦਾ ਵੀ ਖੰਡਨ ਕੀਤਾ। ਭਗਤ ਨਾਮਦੇਵ ਜੀ ਤੀਰਥ ਯਾਤਰਾਵਾਂ, ਕਾਇਆ ਕਲਪ, ਅਸ਼ਵਮੇਧ ਜੱਗਾਂ ਤੇ ਸੋਨਾ ਦਾਨ ਆਦਿ ਨੂੰ ਪਾਖੰਡ ਤੇ ਕਪਟ ਆਖਦੇ ਹਨ। ਸੰਤ ਤ੍ਰਿਲੋਚਨ ਜੀ ਅੰਦਰਲੀ ਮੈਲ ਉਤਾਰੇ ਬਗੈਰ ਬਾਹਰਲੇ ਉਦਾਸੀ ਬਾਣੇ ਨੂੰ ਭੇਖ, ਭਗਤ ਕਬੀਰ ਜੀ ਜੋਗੀ ਦੀ ਤੁਲਨਾ ਭੇਡ ਤੇ ਖੁਸਰੇ ਨਾਲ ਕਰਦੇ ਹਨ ਅਤੇ ਸੂਤਕ, ਸਰਾਧ, ਮੂਰਤੀ-ਪੂਜਾ, ਜਟਾ ਭਸਮ ਲੇਪਨ ਕਰਕੇ ਗੁਫ਼ਾ ਵਾਸ, ਕੇਵਲ ਵਿਖਾਵੇ ਲਈ ਬਾਂਗਾਂ ਦੇਣ, ਤੇ ਕਾਬ੍ਹੇ ਜਾਣ ਨੂੰ ਬਖੇੜਾ ਆਖਦੇ ਹਨ। ਸੰਤ ਬੇਣੀ ਜੀ ਮ੍ਰਿਗ ਆਸਣ, ਤੁਲਸੀ ਮਾਲਾ, ਤਿਲਕ ਆਦਿ ਨੂੰ ਫ਼ੋਕਟ ਧਰਮ ਮੰਨਦੇ ਹਨ ।[159] ਇੱਥੇ ਇੱਕ ਗੱਲ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ ਕਿ ਭਗਤ ਜਨਾਂ ਨੇ ਕਿਸੇ ਪੁਰਾਤਨ ਵਿਚਾਰਧਾਰਾ ਦੀ ਆਤਮਾ ਤੇ ਭਾਵਨਾ ਦਾ ਤ੍ਰਿਸਕਾਰ ਨਹੀਂ ਕੀਤਾ ਸਗੋਂ ਵਿਧਾਨਾਂ, ਚਿੰਨ੍ਹਾਂ ਤੇ ਨਿਯਮਾਂ ਵਿੱਚ ਆ ਚੁੱਕੇ ਨਿਘਾਰ ਦੀ ਹੀ ਨਿੰਦਾ ਕੀਤੀ ਹੈ। ਉਹ ਥੋਥੀਆਂ ਵਿੰਡਬਨਾਵਾਂ ਦੇ ਪ੍ਰਬਲ ਵਿਰੋਧੀ ਸਨ। ਸੱਚ ਜਾਂ ਈਸ਼ਵਰ ਦੇ ਨਾਂ ਤੇ ਢੌਂਗ ਕਰਨ ਵਾਲਿਆਂ ਨੂੰ ਖਰੀਆਂ ਖਰੀਆਂ ਸੁਣਾਉਣ ਵਿਚ ਉਹ ਕਦੇ ਨਹੀਂ ਸਨ ਚੂਕਦੇ।[160]

### 3.5.1.6. ਵਿਅਕਤਿਤ੍ਵ ਉੱਥਾਨ

ਲੋਕ ਖੁਸ਼ਹਾਲੀ, ਸੁਤੰਤਰ ਤੇ ਉਦਾਰ ਸਮਾਜ ਦੀ ਸਿਰਜਣਾ ਲਈ ਉਸਦੇ ਅਨਿਵਾਰੀ ਅੰਗ, ਵਿਅਕਤੀ ਦਾ ਬੰਧਨ-ਮੁਕਤ, ਨੈਤਿਕ, ਗਿਆਨਵਾਨ, ਸਦਾਚਾਰੀ ਤੇ ਕ੍ਰਿਆਸ਼ੀਲ ਹੋਣਾ ਆਵੱਸ਼ਕ ਹੈ। ਮਨੁੱਖ ਦੇ ਇਹ ਅੰਤ੍ਰਿਕ ਤੇ ਬਾਹਰੀ ਲੱਛਣ ਉਸਦਾ ਵਿਅਕਤਿਤਵ ਅਖਵਾਉਂਦਾ ਹੈ ਜਿਸਦਾ ਵਿਕਾਸ ਕਰਨਾ ਧਾਰਮਿਕ ਸਾਹਿਤ ਦਾ ਵਿਸ਼ੇਸ਼ ਲਖਸ਼ ਹੁੰਦਾ ਹੈ। ਭਗਤ ਜਨਾਂ ਦੀ ਸਿੱਖਿਆ ਦਾ ਕੇਂਦਰੀ ਬਲ ਇਸ ਮਨੋਰਥ ਦੀ ਪੂਰਤੀ ਵੱਲ ਹੀ ਸੇਧਿਤ ਸੀ ।

Sri Satguru Jagjit Singh Ji eLibrary NamdhariElibrary@gmail.com

3.5.1.7. ਮਨੁੱਖੀ ਸਦਾਚਾਰਕ ਵਿਕਾਸ

ਭਾਰਤੀ ਸੰਸਕਾਰ ਗ੍ਰੰਥਾਂ ਵਿੱਚ ਨੀਤੀ-ਅਨੀਤੀ ਦੀ ਵਿਆਖਿਆ ਕਰਨ ਤੇ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਸੀ। ਭਗਤਜਨਾਂ ਨੇ ਸੱਚ ਦੇ ਮਾਰਗ ਤੇ ਚੱਲਣ ਵਾਲੇ ਮਨੁੱਖ ਨੂੰ ਹੀ ਸੰਪੂਰਨ ਸਦਾਚਾਰੀ ਆਖਿਆ ਹੈ। ਫਰੀਦ ਜੀ ਮਨੁੱਖ ਨੂੰ "ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ", ਨਾਮਦੇਵ ਜੀ "ਸਾਚਿ ਸੀਲਿ ਚਾਲਹੁ" ਅਤੇ ਭਗਤ ਪਰਮਾਨੰਦ ਜੀ ਭੁੱਖੇ ਨੂੰ ਦਾਨ ਦੇਣ, ਅਤੇ ਕਾਮ ਕਰੋਧ ਲੋਭ ਪਰਨਿੰਦਾ ਤੇ ਹਿੰਸਾ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ।[161] ਸੰਸਾਰਿਕ ਵਸਤੂਆਂ ਨੂੰ ਗ੍ਰਹਿਣ ਕਰਨ ਲਈ ਧਨ ਦੌਲਤ ਦੀ ਆਵੱਸ਼ਕਤਾ ਹੈ। ਭਾਰਤੀ ਦਰਸ਼ਨ ਵਿਚ ਕਿਰਤ ਨੂੰ ਵਿਸ਼ੇਸ਼ ਮਹੱਤਵ ਦਿਤਾ ਗਿਆ ਹੈ। ਭਗਤਾਂ ਦੇ ਸਮੇਂ ਜਿੱਥੇ ਕੁਝ ਅਖੌਤੀ ਧਰਮਾਤਮਾ ਪੁਰਸ਼ ਜੰਗਲਾਂ ਵਿਚ ਏਕਾਂਤਵਾਸ ਨੂੰ ਪਰਮਾਤਮਾ ਪ੍ਰਾਪਤੀ ਦਾ ਸਾਧਨ ਮੰਨਣ ਲਗ ਪਏ ਸਨ ਉਥੇ ਉਤਪਾਦਨ ਸਾਧਨਾਂ ਦੇ ਸੁਆਮੀ ਧਨਵਾਨ ਮਨੁੱਖ ਜਨਸਾਧਾਰਨ ਦੀ ਲੁੱਟ ਨਾਲ ਧਨ ਇਕੱਤਰ ਕਰ ਰਹੇ ਸਨ। ਸਾਰੇ ਭਗਤਜਨ ਆਪਣੇ ਹੱਥਾਂ-ਪੈਰਾਂ ਨਾਲ ਕਿਰਤ ਕਰਕੇ ਆਪਣੀ ਰੋਟੀ ਰੋਜ਼ੀ ਕਮਾਉਂਦੇ ਰਹੇ ਹਨ।

ਭਗਤਾਂ ਨੇ ਇਨ੍ਹਾਂ ਦੋਵੇਂ ਪ੍ਰਵਿਰਤੀਆਂ ਦੇ ਨਿਖੇਧੀ ਕੀਤੀ। ਉਹ ਤਾਂ "ਹਾਥ ਪਾਉ ਕਰਿ ਕਾਮੁ ਸਭੁ ਚੀਤ ਨਿਰੰਜਨ ਨਾਲਿ" ਨਗਾਰੇ ਅੰਜਨ ਮਾਹਿ ਨਿਰੰਜਨਿ" ਰਹਿਕੇ ਸੁਇਨੇ ਕੀ ਸੂਈ ਰੁਪੇ ਕਾ ਧਾਗਾ, ਨਾਮੇ ਕਾ ਚਿਤੁ ਹਰਿ ਸਿਉ ਲਾਗਾ " ਅਨੁਸਾਰ ਕਿਰਤ ਕਰਦਿਆਂ ਹੀ ਪਰਮਾਤਮਾ ਨੂੰ ਪ੍ਰਾਪਤ ਕਰਨਾ ਲੋਚਦੇ ਹਨ।[162] ਭਗਤ ਜਨਾਂ ਨੇ ਝੂਠ, ਫਰੇਬ, ਜ਼ੁਲਮ ਅਤੇ ਬੇਈਮਾਨੀ ਨਾਲ ਇਕੱਠੇ ਕੀਤੇ ਧਨ ਨੂੰ ਮਾਇਆ ਆਖਦੇ ਹੋਏ ਇਸਤੋਂ ਮਨੁੱਖ ਨੂੰ ਵਰਜਿਆ ਹੈ। ਭਗਤ ਕਬੀਰ ਜੀ ਅਨੇਕ ਪ੍ਰਕਾਰ ਦੇ ਪ੍ਰਪੰਚਾਂ ਦੁਆਰਾ ਇਕੱਤਰ ਕੀਤੇ ਧਨ ਨੂੰ ਸਾਰੇ ਦੁੱਖਾਂ ਦਾ ਕਾਰਨ ਦੱਸਦੇ ਹੋਏ ਮਨੁੱਖ ਨੂੰ ਅਜਿਹਾ ਕਰਨ ਤੋਂ ਵਰਜਦੇ ਹਨ ਕਿਉਂਕਿ ਅੰਤ ਨੂੰ ਬੁਰੇ ਕਰਮਾਂ ਦਾ ਫਲ ਜੀਵਾਤਮਾ ਨੂੰ ਆਪ ਹੀ ਭੁਗਤਣਾ ਪੈਂਦਾ ਹੈ। ਵੱਡੇ ਤੋਂ ਵੱਡੇ ਛਤ੍ਰਪਤੀ ਰਾਜੇ ਵੀ ਇਸ ਧਨ ਨੂੰ ਮੌਤ ਉਪਰੰਤ ਨਾਲ ਨਹੀਂ ਲਿਜਾ ਸਕੇ। ਭਗਤ ਬੇਣੀ ਜੀ ਵੀ ਸੰਸਾਰਿਕ ਪੱਦਵੀਆਂ ਲਈ ਇਕੱਤਰ ਕੀਤੇ ਧਨ ਦੀ ਨਿੰਦਾ ਕਰਦੇ ਹਨ। ਸਾਰੇ ਭਗਤ ਜਨ ਸਾਦਗੀ ਦੇ ਸਮਰਥਕ ਹਨ। ਭਗਤ ਫਰੀਦ ਜੀ ਕੋਠੇ, ਮੰਡਪ ਤੇ ਮਾੜੀਆਂ ਨੂੰ ਕੂੜ ਦਾ ਸੌਦਾ ਆਖਦੇ ਹੋਏ ਰੁੱਖੀ-ਸੁੱਖੀ ਖਾ ਕੇ ਸੰਕੋਚਮਈ ਜੀਵਨ ਬਤੀਤ ਕਰਨ ਦਾ ਉਪਦੇਸ਼ ਦਿੰਦੇ ਹਨ।[163] ਇਤਿਹਾਸਕ ਤੱਥ ਪੁਸ਼ਟੀ ਕਰਦੇ ਹਨ ਕਿ ਬਾਣੀਕਾਰਾਂ ਨੇ ਆਪਣੀ ਜ਼ਿੰਦਗੀ ਵਿਚ

Sri Satguru Jagjit Singh Ji eLibrary NamdhariElibrary@gmail.com

ਵਿੱਚ ਕਿਰਤ ਕਰਮ ਕਰਦਿਆਂ ਪਾਰਗਾਮੀ ਸੱਚ ਅਨੁਭਵ ਕੀਤਾ ਹੈ। ਸਪੱਸ਼ਟ ਹੈ ਕਿ ਇਨ੍ਹਾਂ ਅਨੁਭਵੀਆਂ ਨੇ ਮਨੁੱਖ ਦੀ ਸਮਾਜਿਕ ਹੋਂਦ ਨੂੰ ਸਵੀਕਾਰਿਆ ਹੈ। ਸ਼ੁਭ ਅਮਲ ਤੇ ਸ਼ੁਭ ਕਰਮ ਸਮਾਜਿਕ ਪਰਿਪੇਖ ਵਿੱਚ ਹੀ ਜਾਣੇ ਗਏ ਹਨ। ਕਰਮ ਦੀ ਪ੍ਰੇਰਣਾ ਦੇ ਕੇ ਭਗਤਾਂ ਨੇ ਮਨੁੱਖ ਅੰਦਰ ਗੌਰਵ ਦਾ ਅਹਿਸਾਸ ਜਗਾਇਆ ਹੈ। ਰਵਿਦਾਸ ਬਾਣੀ ਵਿੱਚ ਤਾਂ ਕਰਮ ਨੂੰ ਹੀ ਇੱਕ ਧਰਮ ਵਜੋਂ ਦ੍ਰਿੜਾਇਆ ਗਿਆ ਹੈ ।[164]

### 3.5.1.8. ਪਰਉਪਕਾਰ, ਸੇਵਾਭਾਵਨਾ, ਦਇਆ ਭਾਵ ਅਤੇ ਮਿੱਠਾ ਬੋਲ

ਇਹ ਮਾਨਵਵਾਦੀ ਭਾਵਨਾਵਾਂ ਇੱਕ ਉੱਤਮ ਵਿਅਕਤਿਤ੍ਵ ਦੇ ਅਨਿਵਾਰੀ ਅੰਗ ਹਨ। ਭਗਤ ਫਰੀਦ ਜੀ ਖਾਲਕੁ ਨੂੰ ਖਲਕ ਵਿਚ ਬਿਰਾਜਮਾਨ ਵੇਖਦੇ ਹੋਏ ਮਨੁੱਖ ਨੂੰ ਮੰਦੇ ਸ਼ਬਦ ਬੋਲਣ ਤੋਂ ਵਰਜਦੇ ਅਤੇ ਦੂਜੇ ਦਾ ਭਲਾ ਕਰਨ ਦਾ ਉਪਦੇਸ਼ ਦਿੰਦੇ ਹਨ। ਉਹ ਨਿਮਰਤਾ, ਸਹਿਨਸ਼ੀਲਤਾ ਤੇ ਮਿੱਠਾ ਬੋਲਣ ਨੂੰ ਪਰਮਾਤਮਾ-ਪ੍ਰਾਪਤੀ ਦੇ ਸਾਧਨ ਮੰਨਦੇ ਹਨ। ਦੂਜੇ ਦਾ ਬੁਰਾ ਸੋਚਣ ਨਾਲ ਜਿੱਥੇ ਮਨੁੱਖ ਆਪ ਮਾਨਸਿਕ ਰੋਗਾਂ ਦਾ ਸ਼ਿਕਾਰ ਹੁੰਦਾ ਹੈ ਉਥੇ ਪਰਮਾਤਮਾ ਦੀ ਨਰਾਜ਼ਗੀ ਵੀ ਸਹੇੜਦਾ ਹੈ।[165] ਭਗਤ ਕਬੀਰ ਜੀ ਆਪਣੇ ਅੰਦਰ ਇੰਨੀ ਅਧਿਕ ਨਿਮਰਤਾ ਭਰਨੀ ਲੋੜਦੇ ਹਨ ਕਿ ਉਨ੍ਹਾਂ ਦੀ ਹੋਂਦ ਨਾਲ ਦੂਜੇ ਜੀਵ ਨੂੰ ਰਤਾ ਵੀ ਕਸ਼ਟ ਨਾ ਹੋਵੇ । ਭਗਤ ਰਵਿਦਾਸ ਜੀ ਜੀਵਾਂ ਦਾ ਦਰਦ ਪਛਾਣਨ, ਉਨ੍ਹਾਂ ਤੇ ਦਇਆ ਕਰਨ ਅਤੇ ਪਰਨਿੰਦਾ ਤੇ ਕ੍ਰੋਧ ਨੂੰ ਤਿਆਗਣ ਦੀ ਸਿੱਖਿਆ ਦਿੰਦੇ ਹਨ।[166] ਅਜਿਹੀ ਰੁਚੀ ਵਾਲੇ ਮਨੁੱਖ ਦਾ ਜਿਸ ਨਾਲ ਵੀ ਕਾਰ-ਵਿਹਾਰ ਹੋਵੇ ਉਸ ਵਿਚ ਉਸਨੂੰ ਪਰਮਾਤਮਾ ਦਾ ਹੀ ਰੂਪ ਨਜ਼ਰੀ ਪਵੇਗਾ। ਉਸਨੂੰ ਕੋਈ ਫ਼ਿਕਰ, ਝੋਰਾ, ਡਰ ਜਾਂ ਤੌਖਲਾ ਨਹੀਂ ਰਹਿੰਦਾ। ਉਹ ਹਰ ਇੱਕ ਨਾਲ ਮਿੱਤਰਤਾ ਤੇ ਖੁਸ਼ੀ ਦਾ ਸਨੇਹਚਾਰ ਬਣਿਆ ਰਹੇਗਾ। ਨਿਮਰਤਾ ਤੇ ਖਿਮਾ ਉਸਦੇ ਵਰਤਾਰੇ ਦਾ ਪ੍ਰਮੁੱਖ ਲੱਛਣ ਬਣ ਜਾਵੇਗਾ । ਉਹ ਹਰ ਕਿਸੇ ਦਾ ਆਦਰ ਤੇ ਸਨਮਾਨ ਕਰਦਾ ਹੋਇਆ, ਉਸਦੀ ਹਰ ਸੰਭਵ ਸੇਵਾ ਤੇ ਮਦਦ ਕਰਨਾ ਆਪਣਾ ਫਰਜ਼ ਸਮਝੇਗਾ । ਇਸ ਤਰ੍ਹਾਂ ਨਾਮ ਦੇ ਆਧਾਰ ਤੇ ਉਸਦਾ ਸਦਾਚਾਰਕ ਰਵੱਈਆ ਉਸਰੇਗਾ ।[167]

### 3.5.1.9. ਭਗਤਾਂ ਦਾ ਮਾਨਵਤਾਵਾਦ

ਭਾਰਤੀ ਚਿੰਤਨ ਦੇ 'ਵਸੁਧੈਵ ਕੁਟੰਬਮ " ਸਿਧਾਂਤ ਅਨੁਸਾਰ ਸ੍ਰਿਸ਼ਟੀ ਦੇ ਸਾਰੇ ਜੀਵ ਇੱਕ ਹੀ ਬ੍ਰਹਮ ਦੇ ਅਟੁੱਟ ਅੰਗ ਹਨ । ਇਸ ਲਈ ਉਹ ਸਭ ਇੱਕ

ਪਰਿਵਾਰ ਦੇ ਸਮਾਨ ਸਦੱਸਯ ਹਨ। ਮਨੁੱਖ ਵੀ ਇਸ ਵਿਸ਼ਾਲ ਕਾਇਨਾਤ ਦਾ ਇੱਕਮਾਤਰ ਪਰੰਤੂ ਮਹੱਤਵਪੂਰਨ ਅੰਗ ਹੈ। ਮਨੁੱਖ- ਮਨੁੱਖ ਵਿੱਚ ਕੋਈ ਅੰਤਰ ਨਹੀਂ ਹੈ। ਹਰ ਪ੍ਰਕਾਰ ਦਾ ਵਿਤਕਰਾ ਆਭਾਸੀ ਅਤੇ ਬਨਾਉਟੀ ਹੈ। ਸਮਾਜ ਵਿਚ ਧੋਖੇ, ਫਰੇਬ ਤੇ ਘਮੰਡ ਆਦਿ ਦਾ ਅੰਤ ਕਰਕੇ ਸ਼ਾਂਤੀ ਤੇ ਸੁਰੱਖਿਆ ਦਾ ਵਾਤਾਵਰਨ ਉਤਪੰਨ ਕਰਨਾ ਹੀ ਮਨੁੱਖ ਦਾ ਪਰਮ ਧਰਮ ਹੈ। ਇਸ ਲਈ ਮਨੁੱਖ ਦੀਆਂ ਸੱਭਿਆਚਾਰਕ ਤੇ ਨੈਤਿਕ ਕੀਮਤਾਂ ਦਾ ਵਿਕਾਸ, ਅੰਧਵਿਸ਼ਵਾਸਾਂ ਤੇ ਅਵਿੱਦਿਆ ਵਿੱਚ ਫਸੇ ਸਮਾਜ ਦੇ ਕਸ਼ਟਾਂ ਦਾ ਨਿਵਾਰਨ ਅਤੇ ਕਪਟੀ ਤੇ ਸਵਾਰਥੀ ਦੁਸ਼ਟਾਂ ਹੱਥੋਂ ਮਨੁੱਖਤਾ ਦੀ ਮੁਕਤੀ ਹੀ ਮਾਨਵਤਾਵਾਦ ਦੀਆਂ ਵਿਸ਼ੇਸ਼ਤਾਵਾਂ ਹਨ। ਭਗਤ ਕਬੀਰ ਜੀ ਦੇ ਸ਼ਬਦਾਂ ਵਿੱਚ :-

> ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ।।
> ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।।[168]

ਇਸ ਤਰ੍ਹਾਂ ਕਬੀਰ ਜੀ ਇਸ ਮਾਨਵਵਾਦੀ ਦ੍ਰਿਸ਼ਟੀਕੋਣ ਦਾ ਪ੍ਰਤਿਪਾਦਨ ਕਰਦੇ ਹਨ। ਇਸ ਤੋਂ ਸਪੱਸ਼ਟ ਹੈ ਕਿ ਭਗਤਾਂ ਦਾ ਮਾਨਵਵਾਦੀ ਦ੍ਰਿਸ਼ਟੀਕੋਣ ਭਾਰਤੀ ਚਿੰਤਨ ਦਾ ਹੀ ਅਨੁਸਰਨ ਹੈ। ਭਗਤ ਸਾਹਿਤ ਦਾ ਸਮਾਜਿਕ ਢਾਂਚਾ ਭਾਰਤੀਪੁਣੇ ਦੇ ਇੱਕ ਅਨਿੱਖੜਵੇਂ ਪਰਦੇ ਨਾਲ ਢਕਿਆ ਹੋਇਆ ਹੈ। ਇਸ ਲਈ ਉਸਨੂੰ ਨਿਰੋਲ ਭਾਰਤੀ ਸਾਹਿਤ, ਸਾਧਨ ਅਤੇ ਚਿੰਤਨ ਦੀ ਪਟਾਰੀ ਆਖਿਆ ਜਾ ਸਕਦਾ ਹੈ। ਬਾਣੀ ਦੇ ਮਾਧਿਅਮ ਨਾਲ ਭਗਤ ਜਨਾਂ ਨੇ ਜੋ ਵਿਚਾਰਧਾਰਕ ਕ੍ਰਾਂਤੀ ਪੱਖ ਲੋਕਾਂ ਦੇ ਸਨਮੁਖ ਪ੍ਰਸਤੁਤ ਕੀਤਾ ਉਹ ਸਮੁੱਚੇ ਮਾਨਵ-ਸਮਾਜ ਲਈ ਇੱਕ ਨਵੀਂ ਦ੍ਰਿਸ਼ਟੀ ਹੈ । ਜਨਸਾਧਾਰਨ ਨਾਲ ਜੁੜਨ ਕਰਕੇ ਹੀ ਭਗਤੀ ਅੰਦੋਲਨ ਵਿਸ਼ਵ ਦਾ ਸਭ ਤੋਂ ਵੱਡਾ ਤੇ ਅਦੁੱਤੀ ਅੰਦੋਲਨ ਮੰਨਿਆ ਜਾਂਦਾ ਹੈ।[169]

ਭਗਤਾਂ ਨੇ ਆਪਣੀ ਪਰਾਲੌਕਿਕ ਪਰਿਕਲਪਣਾ ਵਿੱਚ ਲੋਕਾਂ ਨੂੰ ਅਜਿਹੇ ਮੁੱਲਾਂ, ਵਿਸ਼ਵਾਸਾਂ ਅਤੇ ਭਵਿੱਖ ਦਾ ਆਸ਼ਵਾਸਨ ਦਿੱਤਾ ਜੋ ਸੁਨਿਸ਼ਚਿਤ ਸੰਸਾਰਿਕ ਜੀਵਨ ਤੋਂ ਬਹੁਤ ਮਹਾਨ, ਸ੍ਰੇਸ਼ਠ ਤੇ ਕਾਮਯ ਸਨ। ਇਹ ਹੀ ਲੋਕ ਜਾਗ੍ਰਣ ਦਾ ਨਿਰਧਾਰਿਕ ਤੱਤ ਹੈ। ਇਹ ਤੱਤ ਹੀ ਕਬੀਰ ਤੇ ਗੁਰੂ ਨਾਨਕ ਜਿਹੇ ਮੱਧਕਾਲੀਨ ਲੋਕ ਨੇਤਾਵਾਂ ਨੂੰ ਕੇਵਲ ਭਾਸ-ਕਵੀ ਅਥਵਾ ਧਰਮ-ਗੁਰੂ ਦੀ ਸੀਮਾ ਤੱਕ ਪਰਿਸੀਮਿਤ ਨਾ ਕਰਕੇ ਸਮਾਜਿਕ ਸੰਦਰਭ, ਸਮਾਜਿਕ ਸੰਗਤੀ, ਸਮਾਜਿਕ ਉਪਯੋਗਤਾ ਤੇ ਸਮਾਜਿਕ ਕ੍ਰਾਂਤੀ ਦੇ ਪ੍ਰਤੀਬੱਧ ਮਹਾਂਪੁਰਸ਼ ਘੋਸ਼ਿਤ ਕਰਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਇਨ੍ਹਾਂ ਦਾ ਤਿਆਗ, ਸੰਨਿਆਸ ਤੇ ਸੰਸਾਰਿਕ ਛਿਣਭੰਗਰਤਾ ਦਾ ਸੰਕਲਪ ਨਕਲੀ ਮੁੱਲਾਂ ਦਾ ਤਿਆਗ ਕਰਕੇ ਅਧਿਕ ਸਵਸਥ, ਨਿਰਭੈ ਤੇ ਕਾਮਯ ਸਮਾਜਿਕ ਜੀਵਨ ਦਾ ਆਸ਼ਵਾਸ਼ਨ ਦਿੰਦਾ ਹੈ।[170] ਭਗਤੀ ਵਿਚਾਰਧਾਰਾ ਅਜਿਹੇ ਹਿੰਦੂ ਤੇ ਮੁਸਲਿਮ ਸੰਤਾਂ ਦੇ ਵਿਚਾਰਾਂ ਦਾ ਸੁਮੇਲ ਹੈ ਜਿਨ੍ਹਾਂ ਨੇ ਆਪਣੀ ਉੱਚਤਮ ਰੂਹਾਨੀਅਤ ਵਿਚ ਧਾਰਮਿਕ ਤੇ ਸਮਾਜਿਕ ਪੱਖੋਂ ਮਨੁੱਖ ਅਤੇ ਮਨੁੱਖ ਵਿਚਕਾਰ ਪਾਏ ਵਿਤਕਰਿਆਂ ਤੋਂ ਪਾਰਗਾਮੀ ਅਵਸਥਾ ਪ੍ਰਾਪਤ ਕਰ ਲਈ ਸੀ।[171]

ਇਸ ਪ੍ਰਕਾਰ ਭਗਤਾਂ ਦੀ ਸਿੱਖਿਆ ਦਾ ਲਖਸ਼ ਮਨੁੱਖੀ ਵਿਅਕਤਿਤਵ ਨੂੰ ਪਰਮ ਸੀਮਾ ਤੱਕ ਵਿਕਸਿਤ ਤੇ ਵਿਸ਼ਾਲ ਕਰਕੇ ਇੱਕ ਅਜਿਹੇ ਵਿਸ਼ਵ-ਭਾਈਚਾਰੇ ਦੀ ਸਥਾਪਨਾ ਕਰਨਾ ਹੈ ਜਿੱਥੇ ਇਨਸਾਫ਼, ਸਮਾਨਤਾ ਤੇ ਸੁਤੰਤਰਤਾ ਦਾ ਰਾਜ ਹੋਵੇ ।

### 3.5.2. ਗੁਰੂ ਅਥਵਾ ਅਧਿਆਪਕ

ਕਿਸੇ ਵੀ ਸਿੱਖਿਆ ਵਿਵਸਥਾ ਦਾ ਕੇਂਦਰੀ ਧੁਰਾ ਅਧਿਆਪਕ ਹੀ ਹੁੰਦਾ ਹੈ। ਭਾਰਤੀ ਸਿੱਖਿਆ ਦਰਸ਼ਨ ਅਧਿਆਪਕ ਦੀ ਮਹੱਤਤਾ ਤੋਂ ਭਲੀ ਭਾਂਤ ਜਾਗਰੂਕ ਰਿਹਾ ਹੈ। ਰਿੱਗਵੇਦ ਵਿੱਚ ਗੁਰੂ ਅਥਵਾ ਅਧਿਆਪਕ ਦਾ ਅਰਥ ਬਲਵਾਨ ਅਤੇ ਪ੍ਰਤਿਭਾਵਾਨ ਵਿਅੱਕਤੀ ਹੈ, ਇਹ ਬੁੱਧੀਮਤਾ ਦਾ ਖਜ਼ਾਨਾ ਹੁੰਦਾ ਹੈ। ਉਹ ਪਰਮ ਗਿਆਨ ਦੀ ਪ੍ਰਾਪਤੀ ਦਾ ਸਾਧਨ ਅਤੇ ਸਾਖਿਆਤ ਪਰਮ-ਆਤਮਾ ਹੁੰਦਾ ਹੈ।[172] ਭਗਤਜਨਾਂ ਨੇ ਗੁਰੂ ਦੇ ਤਿੰਨ ਪ੍ਰਮੁੱਖ ਰੂਪ- ਪਰਮਾਤਮਾ, ਮਨੁੱਖ ਅਤੇ ਸ਼ਬਦ ਵਿਅਕਤ ਕੀਤੇ ਹਨ। ਉਹ ਗੁਰੂ ਨੂੰ ਗੋਬਿੰਦ, ਸੱਜਣ, ਕੰਤ, ਬੀਠਲੁ, ਮਾਧਉ, ਮੁਰਾਰੀ, ਨਰਹਰਿ, ਗੁਰਦੇਉ, ਨਾਰਾਇਣ, ਪੁਰਖੋਤਮ, ਸਾਰਿੰਗਪਾਨੀ, ਨਿਰੰਜਨ, ਪਰਮਾਨੰਦ, ਮਧੂਸੂਦਨ, ਰਾਜਾ ਰਾਮ, ਰਘੁਨਾਥ, ਰਮਈਆ, ਮੀਤੁ, ਬਾਜੀਗਰ, ਮੁਕੰਦ, ਕਮਲਾਪਤੀ, ਸਤਿਗੁਰੂ, ਧਰਣੀਧਰ, ਗੁਸਾਈਂ, ਗੋਪਾਲ, ਬੈਦ, ਤੇ ਬਨਵਾਰੀ ਆਦਿ ਅਨੇਕ ਨਾਵਾਂ ਨਾਲ ਸੰਬੋਧਨ ਕਰਦੇ ਹਨ। ਆਮ ਤੌਰ ਤੇ ਉਹ ਗੁਰੂ ਅਤੇ ਈਸ਼ਵਰ ਨੂੰ ਅਭਿੰਨ ਸਮਝਦੇ ਹਨ। ਵਾਸਤਵ ਵਿੱਚ ਸਾਧਕ ਦਾ ਚਿੰਤਨ ਖੇਤਰ ਜਿਉਂ ਜਿਉਂ ਵਿਸ਼ਾਲ ਹੁੰਦਾ ਜਾਂਦਾ ਹੈ ਉਸਨੂੰ ਆਪਣਾ ਗੁਰੂ ਹੀ ਬ੍ਰਹਮ ਰੂਪ ਵਿਚ ਵਿਖਾਈ ਦੇਣ ਲਗਦਾ ਹੈ। ਆਪਣੀ ਸਾਧਨਾ

Sri Satguru Jagjit Singh Ji eLibrary NamdhariElibrary@gmail.com

ਦੀ ਚਰਮ ਅਵਸਥਾ ਵਿੱਚ ਸਾਧਕ ਗੁਰੂ ਨੂੰ ਸਾਖਿਆਤ ਬ੍ਰਹਮ ਸਵੀਕਾਰ ਕਰ ਲੈਂਦਾ ਹੈ।[173] ਗੁਰੂ ਦਾ ਪੰਜ ਭੂਤਕ ਸਰੀਰ ਗੁਰੂ ਨਹੀਂ ਹੋ ਸਕਦਾ, ਉਹ ਤਾਂ ਇੱਕ ਜੜ੍ਹ ਵਸਤੂ ਹੈ। ਇਹ ਕੇਵਲ ਉਸਦੇ ਸਰੀਰ ਵਿੱਚ ਵਸ ਰਹੇ ਪਰਮਾਤਮਾ ਨਾਲ ਇਕਰੂਪਤਾ ਗ੍ਰਹਿਣ ਕਰ ਚੁਕੀ ਉਸਦੀ ਆਤਮ ਜੋਤੀ ਹੀ ਹੈ ਜੋ ਉਸਦੇ ਸਰੀਰ ਰਾਹੀਂ ਵਿਸ਼ਵ ਕਲਿਆਣ ਲਈ ਕੰਮ ਕਰਦੀ ਹੈ।[174]

ਭਾਰਤੀ ਸਿੱਖਿਆ ਦਰਸ਼ਨ ਦੇ ਅਨੁਰੂਪ ਭਗਤਜਨਾਂ ਨੇ ਇੱਕ ਅਗਿਆਨੀ ਤੇ ਲਾਲਚੀ ਗੁਰੂ ਨੂੰ ਧਿਰਕਾਰਦਿਆਂ, ਕੇਵਲ ਉਸ ਵਿਅਕਤੀ ਨੂੰ ਹੀ ਪੂਰਾ ਗੁਰੂ ਆਖਿਆ ਹੈ ਜੋ ਕੇਵਲ ਪੁਸਤਕਾਂ ਦੀ ਸਿੱਖਿਆ ਹੀ ਨਾ ਦੇਵੇ, ਸਗੋਂ ਜੀਵਨ-ਮਰਮਾਂ ਦੀ ਤਲਾਸ਼ ਕਰਕੇ ਆਪਣੇ ਸ਼ਿਸ਼ ਨੂੰ ਮੁਕਤੀ ਦਾ ਰਾਹ ਵਿਖਾਵੇ । ਗੁਰੂ ਨੂੰ ਆਪਣੇ ਮਨ ਅਤੇ ਇੰਦਰੀਆਂ ਤੇ ਨਿਯੰਤ੍ਰਣ ਰੱਖਣਾ ਅਤੇ ਨਿਡਰ ਹੋਣਾ ਚਾਹੀਦਾ ਹੈ।[175] ਉਹ ਆਪਣੇ ਗਿਆਨ ਦਾ ਘਮੰਡੀ ਤੇ ਵਿਕਰੇਤਾ ਨਹੀਂ ਹੋਣਾ ਚਾਹੀਦਾ । ਇੱਕ ਸੱਚਾ ਗੁਰੂ ਪਰਮਾਤਮਾ ਨੂੰ ਮਿਲਾਉਣ ਵਾਲਾ, ਮੁਕਤੀਦਾਤਾ, ਪੰਜ ਵਿਕਾਰਾਂ ਤੋਂ ਦੂਰ ਰੱਖਣ ਵਾਲਾ, ਸੰਸਾਨਿਵਾਰਕ, ਭਰਮਨਿਵਰਤਕ, ਪ੍ਰਕਾਸ਼ਸਤੰਭ, ਗਿਆਨਵੇਤਾ, ਸਿਮਰਨਦਾਤਾ ਤੇ ਜੀਵਨਨਿੱਖਾਰਕ ਹੁੰਦਾ ਹੈ। ਵਾਸਤਵ ਵਿੱਚ ਕੋਈ ਸਾਧਕ ਗੁਰੂ ਕਿਰਪਾ ਤੋਂ ਬਿਨਾ ਨਾ ਤਾਂ ਮੋਖ ਅਤੇ ਨਾ ਹੀ ਪ੍ਰਭੂ ਨੂੰ ਪ੍ਰਾਪਤ ਕਰ ਸਕਦਾ ਹੈ।[176]

ਮਨੁੱਖੀ ਜੋਤਿ ਸਰੂਪ ਅਤੇ ਸਮੂਹ ਗੁਣਾਂ ਦਾ ਭੰਡਾਰ ਹੈ ਪਰੰਤੂ ਇਨ੍ਹਾਂ ਨੂੰ ਪ੍ਰਜਵਲਿਤ ਅਤੇ ਪ੍ਰਕਾਸ਼ਿਤ ਕਰਨ ਲਈ ਗਿਆਨਵਾਨ ਤੇ ਅਨੁਭਵੀ ਗੁਰੂ ਆਵੱਸ਼ਕ ਹੈ। ਗੁਰੂ ਹੀ ਸ਼ਿਸ਼ ਦੀ ਅੰਦਰਲੀ ਜੋਤ ਨੂੰ ਜਗਾਉਂਦਾ ਹੈ। ਇਸ ਪ੍ਰਕਾਰ ਗਿਆਨ ਪ੍ਰਾਪਤ ਹੋਣ ਨਾਲ ਹਰ ਪ੍ਰਕਾਰ ਦਾ ਭਰਮ ਦੂਰ ਹੋ ਜਾਂਦਾ ਹੈ ਅਤੇ ਮਾਇਆ ਦਾ ਬੰਧਨ ਟੁੱਟ ਜਾਂਦਾ ਹੈ। ਗਿਆਨੀ ਪੁਰਸ਼ ਨਿਰਭਉ ਤੇ ਨਿਰਵੈਰ ਹੋ ਜਾਂਦਾ ਹੈ। ਉਸਦੇ ਹਰ ਪ੍ਰਕਾਰ ਦੇ ਕਰਮਾਂ ਦਾ ਨਾਸ਼ ਹੋ ਜਾਂਦਾ ਹੈ। ਉਸਨੂੰ ਸੋਝੀ ਹੋ ਜਾਂਦੀ ਹੈ ਤੇ ਤ੍ਰਿਸ਼ਨਾ ਤੋਂ ਛੁਟਕਾਰਾ ਮਿਲ ਜਾਂਦਾ ਹੈ।[177]

ਇਸ ਪ੍ਰਕਾਰ ਭਗਤਾਂ ਦੁਆਰਾ ਵਰਣਿਤ ਗੁਰੂ ਕੋਈ ਸਾਧਾਰਨ ਅਧਿਆਪਕ ਨਾ ਹੋ ਕੇ ਉੱਤਮ ਗੁਣਾਂ ਦਾ ਧਾਰਨੀ, ਪੁਰਸ਼ਾਰਥੀ ਅਤੇ ਸਾਧਕ ਹੈ। ਇਹ ਅਜਿਹਾ ਆਦਰਸ਼-ਅਧਿਆਪਕ ਹੈ ਜਿਸਦੀ ਕਲਪਣਾ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਵਿੱਚ ਵੀ ਕੀਤੀ ਗਈ ਸੀ। ਆਧੁਨਿਕ ਸਿੱਖਿਆ ਨੂੰ ਵੀ ਅਜਿਹੇ ਦੁਰਲਭ ਅਧਿਆਪਕਾਂ ਦੀ ਆਵੱਸ਼ਕਤਾ ਹੈ ਤਾਂ ਜੋ "ਬੇਗਮਪੁਰਾ ਸ਼ਹਿਰ ਦੇ ਸੰਕਲਪ " ਨੂੰ ਸਾਕਾਰ ਕੀਤਾ ਜਾ ਸਕੇ ।

3.5.3. ਸਿੱਖਿਆ ਵਿਧੀਆਂ

ਭਗਤਜਨ ਆਮ ਲੋਕਾਂ ਵਿਚੋਂ ਸਨ। ਇਸ ਲਈ ਉਨ੍ਹਾਂ ਦੀਆਂ ਸਿੱਖਿਆਵਾਂ ਹਰ ਸ਼੍ਰੇਣੀ ਨਾਲ ਸੰਬੰਧਿਤ ਅਤੇ ਲਿਤਾੜੇ ਤੇ ਮਜ਼ਲੂਮ ਮਨੁੱਖਾਂ ਲਈ ਸਨ। ਉਨ੍ਹਾਂ ਨੇ ਕੋਈ ਵਿਵਸਥਿਤ ਸਕੂਲ ਨਹੀਂ ਖੋਲ੍ਹੇ ਅਤੇ ਨਾ ਹੀ ਉਹ ਖ਼ੁਦ ਵਿਧੀਵਤ ਅਧਿਆਪਕ ਸਨ। ਉਨ੍ਹਾਂ ਦੀਆਂ ਜਮਾਤਾਂ ਵਿਸ਼ਵਪੱਧਰੀ, ਵਿਦਿਆਰਥੀ ਪੂਰੀ ਮਨੁੱਖ ਜਾਤੀ ਅਤੇ ਪੜ੍ਹਾਈ ਦਾ ਵਿਸ਼ਾ ਸੱਚ ਆਧਾਰਿਤ ਮਾਨਵ ਕਲਿਆਣ ਸੀ। ਉਹ ਲੋਕਾਂ ਨੂੰ ਉਪਦੇਸ਼ਾਤਮਿਕ ਸਿੱਖਿਆ ਦੇਣ ਲਈ ਥਾਂ-ਥਾਂ ਜਾਂਦੇ ਜਾਂ ਸ਼ਰਧਾਲੂ ਸੱਜਣ ਉਨ੍ਹਾਂ ਦੇ ਸ਼ੁਭ ਵਿਚਾਰ ਸੁਣਨ ਲਈ ਆਪ ਆਉਂਦੇ। ਇਸ ਪ੍ਰਕਾਰ ਭਗਤਾਂ ਦੀਆਂ ਅਧਿਆਪਨ ਵਿਧੀਆਂ ਨਿਰਉਚੇਚ, ਪਰੰਪਰਾਗਤ ਅਤੇ ਅਸੰਗਠਿਤ ਸਨ। ਇਨ੍ਹਾਂ ਵਿਧੀਆਂ ਵਿੱਚ ਸਾਦਪੱਧਰ ਤੋਂ ਲੈ ਕੇ ਚਿੰਤਨਸ਼ੀਲ ਪੱਧਰ ਤੱਕ ਸਾਰੀਆਂ ਵੰਨਗੀਆਂ ਸ਼ਾਮਲ ਸਨ। ਉਨ੍ਹਾਂ ਦੀ ਵਿਸ਼ਾ ਵਸਤੂ ਸਵੈਅਨੁਭੂਤੀ ਦੀ ਉਪਜ ਹੋਣ ਕਾਰਨ ਸਪੱਸ਼ਟ ਤੇ ਪਰਤੱਖ ਸੀ। ਉਨ੍ਹਾਂ ਦੀ ਸਿੱਖਿਆ ਦਾ ਪ੍ਰਭਾਵ ਚਿਰਜੀਵੀ ਤੇ ਅਸਰਦਾਇਕ ਸੀ। ਇਸ ਤੋਂ ਜਾਪਦਾ ਹੈ ਕਿ ਉਨ੍ਹਾਂ ਦੀਆਂ ਸਿੱਖਿਆ ਵਿਧੀਆਂ ਅਧਿਕ ਸਦੈਵੀ, ਪ੍ਰਭਾਵਸ਼ਾਲੀ ਤੇ ਯਥਾਰਥਿਕ ਸਨ ਜਿਨ੍ਹਾਂ ਤੇ ਵਿਚਾਰ ਚਰਚਾ ਕਰਨੀ ਅਤਿ ਆਵੱਸ਼ਕ ਹੈ।

3.5.3.1. ਸਤਿਸੰਗਤ ਅਤੇ ਗੋਸ਼ਟੀ

ਭਾਰਤੀ ਸਿੱਖਿਆ ਪਰੰਪਰਾ ਵਿਚ ਕੀਰਤਨ ਅਤੇ ਅਧਿਆਪਕ ਗੋਸ਼ਟੀਆਂ ਦੀ ਪਰੰਪਰਾ ਪ੍ਰਚੱਲਿਤ ਰਹੀ ਹੈ। ਵੇਦਾਂ ਵਿੱਚ ਇਕੱਠੇ ਬੈਠਕੇ ਵਾਰਤਾਲਾਪ ਕਰਨ ਨੂੰ ਮਹੱਤਤਾ ਦਿੱਤੀ ਜਾਂਦੀ ਸੀ। ਅਜਿਹਾ ਕਰਨ ਨਾਲ ਮਨ ਇਕਾਗਰ ਹੋ ਜਾਣ ਨਾਲ ਵਿਚਾਰ ਸੰਗਠਿਤ ਹੋ ਜਾਂਦੇ ਹਨ।[178] ਕਬੀਰ ਜੀ ਦਾ ਵਿਚਾਰ ਹੈ ਕਿ ਸੱਜਣਾਂ ਦੀ ਸੰਗਤ ਵਿੱਚ ਬੈਠ ਕੇ ਸੰਵਾਦ ਕਰਨ ਨਾਲ ਗਿਆਨ ਦੀ ਪ੍ਰਾਪਤੀ ਹੁੰਦੀ ਹੈ। ਜਦੋਂ ਕਿ ਮੂਰਖਾਂ ਤੇ ਅਗਿਆਨੀਆਂ ਨਾਲ ਝੱਖ ਮਾਰਨ ਨਾਲ ਜਿੱਥੇ ਸਮੇਂ ਦੀ ਬਰਬਾਦੀ ਹੁੰਦੀ ਹੈ ਉਥੇ ਵਕਾਰਾਂ ਵਿੱਚ ਵੀ ਵਾਧਾ ਹੁੰਦਾ ਹੈ। ਸਤਿਸੰਗਤ ਵਿੱਚ ਬੈਠਣ ਨਾਲ ਬਿਬੇਕ ਉਪਜਦਾ ਹੈ ਅਤੇ ਸੱਚ ਵਿੱਚ ਵਿਸ਼ਵਾਸ ਬੱਝਦਾ ਹੈ ਜਿਸ ਨਾਲ ਮਨੁੱਖ ਦਾ ਅੰਦਰ ਤੇ ਬਾਹਰ ਪ੍ਰਕਾਸ਼ਮਾਨ ਹੋ ਜਾਂਦਾ ਹੈ। ਦੁਸ਼ਟ ਵਿਅਕਤੀ ਵੀ ਸਾਧਸੰਗਤਿ ਵਿਚ ਆ ਕੇ ਲਾਹਾ ਖੱਟ ਸਕਦਾ ਹੈ। ਭਗਤ ਰਵਿਦਾਸ ਜੀ ਦਾ ਵਿਸ਼ਵਾਸ ਹੈ ਕਿ ਸਾਧਸੰਗਤਿ ਵਿੱਚ ਜਾਣ ਤੋਂ ਬਿਨਾ ਮਨ ਵਿਚ ਭਗਤੀ ਦਾ ਵਿਚਾਰ ਉਗਮਦਾ

Sri Satguru Jagjit Singh Ji eLibrary NamdhariElibrary@gmail.com

ਹੀ ਨਹੀਂ। ਭਗਤ ਧੰਨਾ ਜੀ ਤੇ ਪਰਮਾਨੰਦ ਜੀ ਸਾਧਸੰਗਤਿ ਵਿੱਚ ਬੈਠਿਆਂ ਬਗੈਰ ਵੇਦਾਂ ਪੁਰਾਣਾਂ ਨੂੰ ਸੁਣਨਾ ਵੀ ਵਿਅਰਥ ਸਮਝਦੇ ਹਨ। ਸਾਧ ਸੰਗਤਿ ਕਰਨ ਨਾਲ ਹੀ ਹਰਿ ਦੇ ਦਰਸ਼ਨ ਹੁੰਦੇ ਹਨ ।[179]

3.5.3.2.: ਕੀਰਤਨ ਅਤੇ ਪਾਠ

ਸੰਗੀਤਮਈ ਗੁਰਬਾਣੀ ਪਾਠ ਨੂੰ ਹੀ ਕੀਰਤਨ ਆਖਿਆ ਜਾਂਦਾ ਹੈ। ਸਿੱਖਿਆ ਦੀ ਇਹ ਵਿਧੀ ਭਾਰਤੀ ਪਰੰਪਰਾ ਦਾ ਹੀ ਪ੍ਰਚੱਲਤ ਅੰਸ਼ ਹੈ। ਭਾਰਤੀ ਲੋਕ ਹਿਰਦਾ ਜੁਗਾਂ ਤੋਂ ਰਮਾਇਣ ਤੇ ਗੀਤਾ ਦੇ ਪਾਠ ਅਤੇ ਕਥਾਵਾਂ ਵਿਚ ਮਨ ਰਮਾਉਂਦਾ ਚਲਿਆ ਆ ਰਿਹਾ ਸੀ। ਇਸ ਲਈ ਮੱਧਕਾਲੀ ਦ੍ਰਿਸ਼ਟੀ ਰੂੜ੍ਹੀਆਂ ਪ੍ਰਤੀ ਬਾਗੀ ਹੁੰਦੇ ਹੋਏ ਵੀ ਭਾਵ-ਪਰਿਵਰਤਨ ਤਾਂ ਕਰ ਸਕੀ, ਪ੍ਰਵਿਰਤੀ ਨਹੀਂ ਬਦਲ ਸਕੀ । ਸ੍ਰੀਮਦ ਭਗਵਤਗੀਤਾ ਦੀ ਪਾਠ ਪਰੰਪਰਾ, ਗੁਰਬਾਣੀ ਪਾਠ ਦੀ ਪਰੰਪਰਾ ਵਿਚ ਢਲ ਗਈ ਪਰੰਤੂ ਨਾ ਤਾਂ ਪ੍ਰਵਿਰਤੀ ਦੇ ਸਰੂਪ ਵਿਚ ਕੋਈ ਫ਼ਰਕ ਪਿਆ ਨਾ ਹੀ ਪਿੱਠਭੂਮੀ ਬਦਲੀ । ਇਸਦਾ ਸਭ ਤੋਂ ਵੱਡਾ ਲਾਭ ਇਹ ਹੋਇਆ ਕਿ ਰੂੜ੍ਹੀਵਾਦੀ ਮਾਨਸਿਕਤਾ ਨੂੰ ਵੀ ਬਾਣੀ ਦੀਆਂ ਨੈਤਿਕ ਕੀਮਤਾਂ ਵਿੱਚ ਆਪਣਾਪਣ ਦਿਸਿਆ। ਭਾਰਤੀ ਸੰਸਕਾਰਾਂ ਨੂੰ ਨਵੇਂ ਰੂਪ ਵਿਚ ਸਮਝ ਕੇ ਜਨਤਾ ਹੌਲੀ ਹੌਲੀ ਇਸ ਵੱਲ ਝੁਕੀ ।[180] ਭਗਤਾਂ ਨੇ ਵੀ ਇਸ ਪਰੰਪਰਾ ਨੂੰ ਅਪਣਾਇਆ। ਉਨ੍ਹਾਂ ਅਨੁਸਾਰ ਗੁਰਬਾਣੀ ਦਾ ਪਾਠ ਹੀ ਪਰਮਾਤਮਾ ਦੇ ਸਿਮਰਨ ਦਾ ਮਾਧਿਅਮ ਹੈ ਜਿਸ ਨਾਲ ਵਿਅਕਤੀ ਕਾਮ, ਕ੍ਰੋਧ, ਲੋਭ ਤੇ ਬਿਖ ਆਦਿ ਵਿਕਾਰਾਂ ਤੋਂ ਛੁਟਕਾਰਾ ਪਾ ਕੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਹਰਿ ਦਾ ਗਾਨ ਕਰਨ ਨਾਲ ਸਭ ਪ੍ਰਕਾਰ ਦੇ ਸੰਸੇ ਦੂਰ ਹੋ ਜਾਂਦੇ ਹਨ ਅਤੇ ਮਨੁੱਖ ਜਾਤ-ਪਾਤ ਦੇ ਵਿਤਕਰਿਆਂ ਤੋਂ ਉੱਪਰ ਉੱਠ ਜਾਂਦਾ ਹੈ। ਪ੍ਰਭੂ-ਸਿਮਰਨ ਮਨੁੱਖ ਦੇ ਹਿਰਦੇ ਵਿੱਚ ਅਜਿਹੇ ਅਮੋਲਕ ਸਦਗੁਣ ਉਤਪੰਨ ਕਰ ਦਿੰਦਾ ਹੈ ਜਿਨ੍ਹਾਂ ਸਦਕਾ ਉਸ ਨੂੰ ਹਰ ਪਾਸੇ 'ਇੱਕ' ਪਰਮਾਤਮਾ ਹੀ ਵਿਖਾਈ ਦਿੰਦਾ ਹੈ। ਇਹ ਸਿਮਰਨ ਤੇ ਪਾਠ ਨਿਰੋਲ ਦਿਖਾਵਾ ਮਾਤਰ ਨਾ ਹੋ ਕੇ ਵਿਵੇਕ ਅਤੇ ਵਿਚਾਰ ਤੇ ਆਧਾਰਿਤ ਹੋਵੇ। ਅਜਿਹੇ ਸਿਮਰਨ ਨਾਲ ਹੀ ਮਨ ਵਿੱਚ ਸਹਿਜ ਗਿਆਨ ਉਪਜਦਾ ਹੈ ਅਤੇ ਹਿਰਦੇ ਵਿਚੋਂ ਕਪਟ ਤੇ ਮੈਲ ਦੂਰ ਹੋ ਜਾਂਦੀ ਹੈ ।[181] ਇਹ ਸਿੱਖਿਆ ਵਿਧੀ ਆਧੁਨਿਕ ਸਮੇਂ ਵਿਚ ਵੀ ਕਾਫ਼ੀ ਕਾਰਗਰ ਸਿੱਧ ਹੋ ਸਕਦੀ ਹੈ ।

Sri Satguru Jagjit Singh Ji eLibrary NamdhariElibrary@gmail.com

3.5.3.3. ਨਿੱਤਨੇਮ

ਹਰ ਰੋਜ਼ ਨਿਯਮਬੱਧ ਢੰਗ ਨਾਲ ਪਾਠ ਯਾਦ ਕਰਨ ਦੀ ਪਰੰਪਰਾ ਵੀ ਪੁਰਾਤਨ ਭਾਰਤੀ ਸਿੱਖਿਆ ਦਾ ਇਕ ਅਹਿਮ ਤੇ ਅਨਿੱਖੜ ਅੰਗ ਰਿਹਾ ਹੈ। ਭਗਤਾਂ ਨੇ ਇਸ ਵਿਧੀ ਤੇ ਵਿਸ਼ੇਸ਼ ਜ਼ੋਰ ਦਿੱਤਾ ਹੈ ਪਰੰਤੂ ਕੇਵਲ ਵਿਖਾਵੇ ਜਾਂ ਰਸਮ ਵਜੋਂ ਨਹੀਂ। ਵਾਸਤਵ ਵਿਚ ਇਸ ਦਾ ਮੰਤਵ ਮਨੁੱਖੀ ਮਨੋਭਾਵਾਂ ਤੇ ਨਿਯੰਤ੍ਰਣ ਰੱਖਣਾ ਸੀ ਨਾ ਕਿ ਕੇਵਲ ਯਾਦ ਕਰਨਾ। ਫ਼ਰੀਦ ਜੀ ਨੇ ਹਰ ਰੋਜ਼ ਨਿਮਾਜ਼ ਪੜ੍ਹਨ ਅਤੇ ਕਬੀਰ ਜੀ ਨੇ 'ਏਕ ਘੜੀ ਜਾਂ ਆਧੀ ਘੜੀ' ਲਈ ਹਰ ਰੋਜ਼ ਪਰਮਾਤਮਾ ਨੂੰ ਯਾਦ ਕਰਨ ਦਾ ਉਪਦੇਸ਼ ਦਿੱਤਾ ਹੈ। ਇਸਦੇ ਨਾਲ ਉਨ੍ਹਾਂ ਨੇ ਨਿੱਤਨੇਮ ਵਿਚ ਕਿਸੇ ਪ੍ਰਕਾਰ ਦੇ ਰਸਮੀ ਬੰਧਨ ਤੋਂ ਬਚਣ ਲਈ ਨਿਰਦੇਸ਼ ਦਿੱਤਾ। ਉਹ ਤਾਂ ਮਨ ਦੀ ਸ਼ੁੱਧੀ, ਕਾਰਜ ਦੀ ਪਵਿੱਤਰਤਾ ਤੇ ਸਹਿਜ ਗੁਣਾਂ ਦੀ ਉਤਪਤੀ ਤੇ ਹੀ ਬਲ ਦਿੰਦੇ ਹਨ। ਭਗਤ ਨਾਮਦੇਵ ਜੀ " ਰਾਮ ਕੋ ਨਾਮੁ ਜਪਉ ਦਿਨ ਰਾਤੀ" ਅਤੇ "ਆਠ ਪਹਰ ਅਪਨਾ ਖਸਮੁ ਧਿਆਵਹੁ" ਦੀ ਸਿੱਖਿਆ ਦਿੰਦੇ ਹਨ।[182] ਇਹ ਵਿਧੀ ਸਿੱਖਿਆ ਪ੍ਰਦਾਨ ਕਰਨ ਲਈ ਅਜੇ ਵੀ ਉਪਯੋਗੀ ਹੈ ।

3.5.3.4. ਸਿਖਿਕ ਵਿਧੀ

ਪੁਰਾਤਨ ਭਾਰਤੀ ਸਿੱਖਿਆ ਪ੍ਰਣਾਲੀ ਵਿੱਚ ਪਾਠ ਨੂੰ ਜ਼ਬਾਨੀ ਯਾਦ ਕਰਨ ਅਤੇ ਇਸਦੇ ਦੁਹਰਾਉ ਦੀ ਪ੍ਰੰਪਰਾ ਆਮ ਪ੍ਰਚੱਲਿਤ ਸੀ। ਅਧਿਆਪਕ ਦਾ ਮੁੱਖ ਕਰਤੱਵ ਵਿਰਸੇ ਤੋਂ ਪ੍ਰਾਪਤ ਹੋਏ ਗਿਆਨ ਨੂੰ ਕੰਠ ਕਰਵਾ ਕੇ ਅਗਲੀ ਪੀੜ੍ਹੀ ਤੱਕ ਇਸਦਾ ਸੰਚਾਰ ਕਰਨਾ ਸੀ। ਆਮ ਤੌਰ ਤੇ ਵਿਦਿਆਰਥੀ ਇਕੱਠਿਆਂ ਹੀ ਕਾਵਿਕ ਲਹਿਜੇ ਵਿੱਚ ਪਾਠ ਨੂੰ ਉਚਾਰਦੇ ਤੇ ਦੁਹਰਾਉਂਦੇ ਸਨ।[183] ਭਗਤ ਕਬੀਰ ਜੀ ਨੇ ਆਪਣੀ ਬਾਣੀ ਨੂੰ ਕੰਠ ਕਰਨ ਦੀ ਸੌਖ ਲਈ ਬਾਵਨ ਅੱਖਰੀ ਅਤੇ ਥਿੱਤੀ ਲਿਖੀਆਂ ਜਿਨ੍ਹਾਂ ਦੁਆਰਾ ਮਨੁੱਖ ਨੂੰ ਗੂੜ੍ਹ ਗਿਆਨ ਪ੍ਰਦਾਨ ਕੀਤਾ ।[184] ਉਨ੍ਹਾਂ ਦੀ ਇਹ ਬਾਣੀ ਜਨਸਾਧਾਰਨ ਦੀ ਜ਼ੁਬਾਨ ਤੇ ਚੜ੍ਹੀ ਹੋਈ ਹੈ ਜਿਸ ਤੋਂ ਸਪੱਸ਼ਟ ਹੈ ਕਿ ਕਠਿਨਤਮ ਵਿਸ਼ਾ ਵਸਤੂ ਨੂੰ ਯਾਦ ਕਰਨ ਲਈ ਵੀ ਇਹ ਵਿਧੀ ਬਹੁਤ ਸਾਰਥਕ ਹੈ ।

3.5.3.5. ਕ੍ਰਿਆ ਵਿਧੀ

ਭਗਤਜਨਾਂ ਨੇ ਆਪਣੀ ਸਿੱਖਿਆ ਨੂੰ ਅਧਿਕ ਵਿਹਾਰਕ ਤੇ ਉਪਯੋਗੀ

ਸਣਾਉਣ ਲਈ ਕਿਰਿਆ ਵਿਧੀ ਦੀ ਵਰਤੋਂ ਕੀਤੀ । ਬੁੱਤ-ਪੂਜਾ ਦਾ ਵਿਰੋਧ ਕਰਨ ਲਈ ਭਗਤ ਨਾਮਦੇਵ ਜੀ ਨੇ ਮੰਦਰ ਨੂੰ ਘੁਮਾਉਣ ਦੀ ਘਟਨਾ ਦੀ ਚਰਚਾ ਕੀਤੀ । ਧਨ ਦੋਲਤ ਦੇ ਤਿਆਗ ਦੀ ਸਿੱਖਿਆ ਲਈ ਰਵਿਦਾਸ ਜੀ ਨੇ ਪਾਰਸ ਨੂੰ ਅਣਡਿੱਠਾ ਕੀਤਾ । ਆਪਣੇ ਦ੍ਰਿੜ੍ਹ ਵਿਸ਼ਵਾਸ ਤੇ ਕਾਇਮ ਰਹਿਣ ਲਈ ਜ਼ੁਲਮ ਦਾ ਟਾਕਰਾ ਕਰਨ ਦੀ ਸਿੱਖਿਆ ਦੇਣ ਲਈ ਭਗਤ ਨਾਮਦੇਵ ਤੇ ਕਬੀਰ ਜੀ ਨੇ ਤਤਕਾਲੀ ਸ਼ਾਸਕ ਤੋਂ ਤਸੀਹੇ ਸਹੇ। ਅਸਗਾਹ ਭਗਤੀ ਤੇ ਦ੍ਰਿੜ੍ਹ ਨਿਸ਼ਚਾ ਭਗਤ ਧੰਨੇ ਦੁਆਰਾ ਠਾਕਰਾਂ ਨੂੰ ਪ੍ਰਸ਼ਾਦ ਛਕਾਏ ਜਾਣ ਤੋਂ ਅਤੇ ਤਿਆਗ ਦੀ ਭਾਵਨਾ ਭਗਤ ਪੀਪਾ ਜੀ ਦੁਆਰਾ ਰਾਜਭਾਗ ਠੁਕਰਾ ਦੇਣ ਦੀ ਘਟਨਾ ਤੋਂ ਪੱਕਿਆਂ ਹੋ ਜਾਂਦੀ ਹੈ। ਸਾਰੇ ਭਗਤਜਨਾਂ ਦਾ ਜੀਵਨ ਵੀ ਨਿਰਲੇਪਤਾ, ਨਿਰਪੱਖਤਾ, ਨਿਰਭੈਤਾ ਤੇ ਕਿਰਤ ਦਾ ਜਿਉਂਦਾ ਜਾਗਦਾ ਉਦਾਹਰਣ ਸੀ। ਇਹ ਹੀ ਕਾਰਨ ਹੈ ਕਿ ਉਨ੍ਹਾਂ ਦੀ ਸਿੱਖਿਆ ਅੱਜ ਵੀ ਮਨੁੱਖਤਾ ਲਈ ਚਾਨਣਮੁਨਾਰਾ ਹੈ ।

ਇਸ ਪ੍ਰਕਾਰ ਉਨ੍ਹਾਂ ਦੀਆਂ ਸਿੱਖਿਆ ਵਿਧੀਆਂ ਭਾਵੇਂ ਸਰਬਪੱਖੀ ਤੇ ਵਿਸਤ੍ਰਿਤ ਨਹੀਂ ਹਨ ਪਰੰਤੂ ਸੀਮਿਤ ਹੋਣ ਦੇ ਬਾਵਜੂਦ ਵੀ ਉਪਯੋਗੀ, ਪ੍ਰਮਾਣਿਕ ਅਤੇ ਚਿਰਸਥਾਈ ਹਨ ।

3.5.4. <u>ਪਾਠਕ੍ਰਮ</u>

ਸਿੱਖਿਆਰਥੀ ਨੂੰ ਨਿਰਧਾਰਿਤ ਲਖਸ਼ ਤੱਕ ਪਹੁੰਚਾਉਣ ਦੇ ਉਦੇਸ਼ ਨਾਲ , ਨਿਰਮਾਣਿਤ ਸਮੂਹ ਸਿੱਖਿਆ ਅਨੁਭਵਾਂ ਨੂੰ ਪਾਠਕ੍ਰਮ ਆਖਿਆ ਜਾਂਦਾ ਹੈ। ਇਸ ਵਿੱਚ ਅਕਾਦਮਿਕ ਵਿਸ਼ਿਆਂ ਤੋਂ ਇਲਾਵਾ ਸਿਖਿਆਰਥੀ ਦੁਆਰਾ ਆਪਣੇ ਸੰਗੀਆਂ ਤੇ ਅਧਿਆਪਕਾਂ ਨਾਲ ਸੰਪਰਕ ਦੌਰਾਨ ਅਤੇ ਪੁਸਤਕਾਲਯ, ਪ੍ਰਯੋਗਸ਼ਾਲਾ, ਕਾਰਜਸ਼ਾਲਾ ਤੇ ਖੇਡਮੈਦਾਨ ਵਿੱਚ ਗ੍ਰਹਿਣ ਕੀਤੇ ਅਨੁਭਵ ਵੀ ਸ਼ੰਮਿਲਤ ਹੁੰਦੇ ਹਨ। ਇਨ੍ਹਾਂ ਅਰਥਾਂ ਵਿਚ ਸਿੱਖਿਆਰਥੀ ਦਾ ਸਮੂਹ ਆਲਾ-ਦੁਆਲਾ ਹੀ ਪਾਠਕ੍ਰਮ ਬਣ ਜਾਂਦਾ ਹੈ ਜੋ ਉਸਦੇ ਜੀਵਨ ਦੇ ਹਰ ਪਹਿਲੂ ਨੂੰ ਛੂਹਦਾ ਅਤੇ ਉਸਦੇ ਸੰਤੁਲਿਤ ਤੇ ਸਰਬਾਂਗੀ ਵਿਅੱਕਤਿਤਵ ਦੀ ਉਸਾਰੀ ਵਿਚ ਸਹਾਇਕ ਹੁੰਦਾ ਹੈ।[185] ਇੱਕ ਉਤਮ ਪਾਠਕ੍ਰਮ ਸਿੱਖਿਆਰਥੀ ਦੇ ਮਾਨਸਿਕ ਆਤਮਿਕ, ਸਮਾਜਿਕ ਤੇ ਆਰਥਿਕ ਵਿਕਾਸ ਲਈ ਲੋੜੀਂਦੀ ਸਮੱਗਰੀ ਉਪਲਬਧ ਕਰਵਾਉਂਦਾ ਹੈ ।

ਭਗਤਜਨਾਂ ਨੇ ਦੁਨਿਆਵੀ ਸਕੂਲੀ ਸਿੱਖਿਆ ਲਈ ਕੋਈ ਪ੍ਰਤੱਖ, ਸੀਮਾਬੱਧ ਤੇ ਵਿਸ਼ੇਸ਼ ਵਿਸ਼ੇ ਤਾਂ ਨਿਰਧਾਰਿਤ ਨਹੀਂ ਕੀਤੇ ਪਰੰਤੂ ਉਨ੍ਹਾਂ ਦੀ ਬਾਣੀ ਵਿਚੋਂ ਇੱਕ ਵਿਸ਼ਾਲ

Sri Satguru Jagjit Singh Ji eLibrary NamdhariElibrary@gmail.com

ਪਾਠਕ੍ਰਮ ਦੇ ਸੁੱਤੋਸਿੱਧ ਹੀ ਸਪਸ਼ਟ ਸੰਕੇਤ ਮਿਲਦੇ ਹਨ। ਉਹ ਭਾਵੇਂ ਮਨ ਨੂੰ ਸਮਝਾਉਣ ਲਈ ਵੇਦ, ਪੁਰਾਨ ਅਤੇ ਸਿਮ੍ਰਿਤੀਆਂ ਪੜ੍ਹ ਕੇ ਗਿਆਨ ਪ੍ਰਾਪਤ ਕਰਨ ਦੇ ਵਿਰੁੱਧ ਨਹੀਂ ਹਨ ਪਰੰਤੂ ਉਹ ਇਸ ਤੋਂ ਵੀ ਅੱਗੇ ਆਪਾਚੀਨਣ, ਅੰਤਰਖੋਜ ਅਤੇ ਅਹੰਕਾਰ ਤਿਆਗ ਦੇ ਮਾਧਿਅਮ ਦੁਆਰਾ ਜੀਵਨ-ਮੁਕਤੀ ਪ੍ਰਾਪਤ ਕਰਨ ਲਈ ਯਤਨਸ਼ੀਲ ਹਨ। ਇਸ ਲਈ ਪੁਸਤਕਾਂ ਨੂੰ ਵਿਵੇਕ ਸਹਿਤ ਘੋਖਣ ਦੀ ਆਵੱਸ਼ਕਤਾ ਹੈ।[186] ਭਗਤ ਫਰੀਦ ਜੀ ਉਸ ਪਾਠਕ੍ਰਮ ਦੀ ਪ੍ਰੋੜ੍ਹਤਾ ਕਰਦੇ ਹਨ ਜਿਸ ਨਾਲ "ਬੁਰੇ ਦਾ ਭਲਾ ਕਰਨ", "ਨਿਵਣੁ" ਤੇ "ਫਿੱਕਾ ਨਾ ਗਲਾਇ" ਜਿਹੇ ਸਦਾਚਾਰਕ ਮੁੱਲਾਂ ਦੀ ਉਤਪਤੀ ਹੋਵੇ ਅਤੇ ਅਜਿਹੇ " ਅਕਲਿ ਲਤੀਫੁ" ਪੈਦਾ ਹੋਣ ਜਿਹੜੇ "ਕਾਲੇ ਲੇਖ" ਲਿਖਣ ਤੋਂ ਗੁਰੇਜ਼ ਕਰਨ। ਭਗਤ ਤ੍ਰਿਲੋਚਨ ਜੀ " ਅੰਤਰਿ ਮਲਿ ਨਿਰਮਲ" ਭਗਤ ਨਾਮਦੇਵ ਜੀ " ਮਨ ਕਪਟੁ ਨ ਕੀਜੈ" , ਰਵਿਦਾਸ ਜੀ ਤ੍ਰਿਸ਼ਨਾ ਨੂੰ ਖ਼ਤਮ ਕਰਕੇ ਗਿਆਨ ਉਪਜਾਉਣ, ਭਗਤ ਪੀਪਾ ਜੀ 'ਪਿੰਡੇ' ਵਿਚੋਂ ਹੀ ਬ੍ਰਹਿਮੰਡ ਨੂੰ ਖੋਜਣ ਅਤੇ ਭਗਤ ਪਰਮਾਨੰਦ ਜੀ 'ਅਨਪਾਵਨੀ ਭਗਤੀ' ਨੂੰ ਉਪਜਾਉਣ ਵਾਲਾ ਪਾਠਕ੍ਰਮ ਚਾਹੁੰਦੇ ਹਨ ।

ਭਗਤਜਨਾਂ ਨੇ ਭਾਵੇਂ ਖ਼ੁਦ ਕਿਸੇ ਵਿਵਸਾਇਕ ਸਿੱਖਿਆ ਦੀ ਸਿਖਲਾਈ ਨਹੀਂ ਦਿੱਤੀ ਪਰੰਤੂ ਉਨ੍ਹਾਂ ਦੇ ਵਿਅਕਤੀਗਤ ਸੰਸਾਰਿਕ ਜੀਵਨ ਅਤੇ ਬਾਣੀ ਵਿਚ ਮਿਲਦੇ ਸੰਕੇਤਾਂ ਤੋਂ ਇਹ ਗੱਲ ਸਪੱਸ਼ਟ ਹੈ ਕਿ ਉਹ ਕਿਰਤ ਕਰਨ ਵਿੱਚ ਅਟੁੱਟ ਵਿਸ਼ਵਾਸ ਰਖਦੇ ਸਨ। ਇਸ ਕਾਰਨ ਹੀ ਭਗਤ ਫਰੀਦ ਜੀ ਨੇ "ਬਾਰਿ ਪਰਾਇਐ ਬੈਸਣਾ" ਨੂੰ ਨਿੰਦਿਆ ਹੈ ਅਤੇ ਭਗਤ ਕਬੀਰ ਜੀ ਨੇ "ਹਾਥੁ ਪਾਉ ਕਰਿ ਕਾਮੁ" ਦਾ ਉਪਦੇਸ਼ ਦਿੱਤਾ ਹੈ। ਉਹ ਅਜਿਹਾ ਸਿੱਖਿਆ ਪਾਠਕ੍ਰਮ ਚਾਹੁੰਦੇ ਹਨ ਜਿਹੜਾ ਮਨੁੱਖ ਨੂੰ ਇੱਕ ਗੌਰਵਮਈ ਤੇ ਸੰਪੂਰਨ ਜੀਵਨ ਬਤੀਤ ਕਰਨ ਦੇ ਯੋਗ ਬਣਾ ਦੇਵੇ ।

## 3.6. ਸਾਰਾਂਸ਼

ਭਗਤਬਾਣੀ ਦਾ ਮੂਲ ਆਧਾਰ ਭਾਰਤੀ ਦਰਸ਼ਨ ਹੀ ਹੈ। ਸਮੇਂ ਅਤੇ ਪਰਿ-ਸਥਿਤੀਆਂ ਵਿਚ ਆਏ ਪਰਿਵਰਤਨ ਨਾਲ ਮੂਲ ਭਾਰਤੀ ਸਮਾਜਿਕ ਤੇ ਸਦਾਚਾਰਕ ਕੀਮਤਾਂ ਵਿੱਚ ਜੋ ਨਿਘਾਰ ਆ ਚੁੱਕਾ ਸੀ ਉਸਨੂੰ ਭਗਤਜਨਾਂ ਨੇ ਨਿਡਰ ਤੇ ਨਿਰਪੱਖ ਹੋ ਕੇ ਨੰਗਾ ਕੀਤਾ। ਉਨ੍ਹਾਂ ਦੇ ਵਿਚਾਰ ਨਿੱਜੀ ਅਨੁਭੂਤੀ ਤੇ ਆਧਾਰਿਤ ਸਨ। ਉਹ ਸ਼ੁੱਧ ਦਾਰਸ਼ਨਿਕਾਂ ਨਾਲੋਂ ਸਿੱਖਿਆ ਸ਼ਾਸਤਰੀ ਅਧਿਕ ਜਾਪਦੇ ਹਨ ਕਿਉਂਕਿ ਉਹ ਆਪਣੇ ਵਿਚਾਰਾਂ ਦਾ ਉਪਯੋਗ ਕਰਕੇ ਆਮ ਲੋਕਾਂ

ਦੀ ਜੀਵਨ ਦਸ਼ਾ ਸੁਧਾਰਨ ਲਈ ਯਤਨਸ਼ੀਲ ਸਨ। ਉਨ੍ਹਾਂ ਦੀ ਸਿੱਖਿਆ ਲਖਸ਼, ਮਨੁੱਖ ਦਾ ਜੀਵਨ-ਮੁਕਤੀ ਸੀ। ਉਹ ਇੱਕ ਕਰਮਯੋਗੀ ਤੇ ਆਦਰਸ਼ ਅਧਿਆਪਕ ਸਨ। ਉਨ੍ਹਾਂ ਦੀਆਂ ਸਿੱਖਿਆ ਵਿਧੀਆਂ ਸਪੱਸ਼ਟ, ਸੁਹਿਰਦ ਤੇ ਵਿਖਾਵਾ ਰਹਿਤ ਸਨ। ਉਨ੍ਹਾਂ ਦੀ ਸਿੱਖਿਆ ਦਾ ਪਾਠਕ੍ਰਮ ਕੁਝ ਵਿਸ਼ੇਸ਼ ਵਿਵਸਾਇਕ ਵਿਸ਼ਿਆਂ ਤੱਕ ਹੀ ਸੀਮਿਤ ਨਾ ਹੋ ਕੇ ਮਨੁੱਖ ਦੇ ਸੰਪੂਰਨ ਵਿਅੱਕਤਿਤਵ ਦੀ ਉਸਾਰੀ ਲਈ ਸੀ। ਭਗਤ ਜਨਾਂ ਦਾ ਸਿੱਖਿਆ ਦਰਸ਼ਨ, ਆਪਣੇ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਦੀ ਮਸ਼ਾਲ ਵਿੱਚ ਲੋੜੀਂਦਾ ਈਧਨ ਪਾ ਕੇ ਇਸਨੂੰ ਪੂਰਨ ਸਮਰੱਥਾ ਤੱਕ ਪ੍ਰਜਵਲਿਤ ਕਰਨ ਦਾ ਸੁਹਿਰਦ ਮਾਧਿਅਮ ਹੈ।

---

Sri Satguru Jagjit Singh Ji eLibrary NamdhariElibrary@gmail.com

## ਟਿੱਪਣੀਆਂ ਤੇ ਹਵਾਲੇ


1. ਤਾਰਾ ਚੰਦ(ਡਾ.) ਇਨਫਲੂਐਂਸ ਆਫ ਇਸਲਾਮ ਆਨ ਇੰਡੀਅਨ ਕਲਚਰ, ਫਸਟ ਐਡੀਸ਼ਨ, ਪੰ.6
2. ਸ੍ਰੀ ਗੁਰੂ ਅਰਜਨ ਦੇਵ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ.੧, ਪੰਨਾ-145, 1288, 1242.
3. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-1, ਪਉੜੀ 30, ਪੰਨਾ- 15.
4. ਮਨਮੋਹਨ ਸਿੰਘ(ਡਾ.) ਗੁਰਮਤਿ ਕਾਵਿ ਅਤੇ ਭਗਤੀ ਧਾਰਾ, ਪੰਨਾ- 97-98.
5. ਕ੍ਰਿਸ਼ਣਾ ਗੋਸਵਾਮੀ(ਡਾ.) ਸੰਤ ਕਾਵਯ ਕੀ ਪ੍ਰਵਿਰਤੀਆਂ, ਪੰਨਾ- 22.
6. ਵੈਂਕਟ ਸ਼ਰਮਾ(ਡਾ.), ਭਕਤੀ ਕਾਵਯ ਕਾ ਅੰਤਰਦਰਸ਼ਨ, ਪੰਨਾ- 91.
7. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ:1, ਪੰਨਾ- 662-63, 1242-43, 473.
8. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-1, ਪਉੜੀ 17-22, ਪੰਨਾ-9-11.
9. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ:1, ਪੰਨਾ- 722, 471, 1284, 467.
10. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-1, ਪਉੜੀ 19, ਪੰਨਾ-9 ਅਤੇ 13.
11. ਜੀ.ਸੀ. ਨਾਰੰਗ(ਡਾ.) ਟਰਾਂਸਫਰਮੇਸ਼ਨ ਆਫ ਸਿੱਖਿਜ਼ਮ, ਪੰਨਾ- 19-20.
12. ਜੀ.ਐਸ. ਛਾਬੜਾ(ਡਾ.) ਐਡਵਾਂਸਡ ਹਿਸਟਰੀ ਆਫ ਦਾ ਪੰਜਾਬ, ਪੰਨਾ- 29.
13. ਅਮਰਜੀਤ ਸਿੰਘ ਗਰੇਵਾਲ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰਨਾ-548.
14. -ਓਹੀ-, ਪੰਨਾ- 356.
15. ਧਰਮਪਾਲ ਸਿੰਗਲ(ਡਾ.)(ਸੰਪਾ.) ਭਗਤਾਂ ਦੀ ਬਾਣੀ, -ਭੂਮਿਕਾ, ਪੰਨਾ- 8.
16. ਆਚਾਰਯ ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ- 11.
17. ਕਾਲਾ ਸਿੰਘ ਬੇਦੀ(ਡਾ.) ਗੁਰੂ ਨਾਨਕ ਸ਼ਬਦ ਰਤਨਾਕਰ, ਪੰਨਾ- 290.
18. ਮਨਮੋਹਨ ਸਹਿਗਲ(ਡਾ.) ਗੁਰੂ ਗ੍ਰੰਥ ਸਾਹਿਬ-ਇੱਕ ਸੱਭਿਆਚਾਰਕ ਸਰਵੇਖਣ, ਪੰਨਾ-499.
19. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ ਮਹਾਨਕੋਸ਼, ਪੰਨਾ-902.
20. ਸ੍ਰੀਮਦ ਭਾਗਵਤ ਪੁਰਾਣ ਸਕੰਧ-3, ਅਧਿਆਇ 25, ਸ਼ਲੋਕ 32-33.


Sri Satguru Jagjit Singh Ji eLibrary NamdhariElibrary@gmail.com

21. ਗੁਰੂ ਅਰਜਨ ਦੇਵ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਮ:3,ਪੰਨਾ-66,28.

22. ਹਜ਼ਾਰੀ ਪ੍ਰਸਾਦ ਦ੍ਵਿਵੇਦੀ,(ਡਾ.) ਮੱਧਕਾਲੀਨ ਧਰਮ ਸਾਧਨਾ, ਪੰਨਾ- 142.

23. ਧਰਮਪਾਲ ਸਿੰਗਲ(ਡਾ.) (ਸੰਪਾ.) ਭਗਤਾਂ ਦੀ ਬਾਣੀ, ਭੂਮਿਕਾ ਪੰਨਾ- 7.

24. ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿਤ ਕੋਸ਼, ਭਾਗ ਤੀਜਾ,ਪੰਨਾ- 187.

25. ਐਨਸਾਈਕਲੋਪੀਡੀਆ ਆਫ਼ ਰਿਲੀਜਨ ਐਂਡ ਐਥਿਕਸ, ਵੋਲਿਯੂਮ-2, ਪੰਨਾ- 539.

26. ਨਾਰਦਭਕਤੀ ਸੂਤ੍ਰ, 4-5.

27. ਭਗਤ ਸਿੰਘ ਵੇਦੀ, ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ, ਪੰਨਾ- 4.

28. ਸ੍ਰੀਮਦ ਭਾਗਵਤ ਪੁਰਾਣ, ਸਕੰਧ 7,ਅਧਿਆਇ 5, ਸ਼ਲੋਕ 23-24.

29. ਸਲਕਾਰ ਸਿੰਘ(ਡਾ.)(ਸੰਪਾ.) ਨਾਨਕ ਪ੍ਰਕਾਸ਼ ਪੱਤ੍ਰਿਕਾ-ਭਗਤੀ ਵਿਸ਼ੇਸ਼ ਅੰਕ, ਦੂਜਾ ਸੰਸਕਰਣ ਪੰਨਾ- 185,188.

30. -ਉਹੀ-, ਪੰਨਾ- 19.

31. ਆਚਾਰਯ ਪਰਸ਼ੂ ਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ,ਪੰਨਾ- 17-18.

32. ਭਗਤ ਸਿੰਘ ਵੇਦੀ, ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ, ਪੰਨਾ- 98-99.

33. ਸੁਸਮਿਤਾ ਪਾਂਡੇ, ਬਰਥ ਆਫ਼ ਭਕਤੀ ਇੰਨ ਇੰਡੀਅਨ ਰਿਲੀਜਨਜ਼ ਐਂਡ ਆਰਟ,ਪੰਨਾ-1.

34. ਸ੍ਰੀਮਦ ਭਗਵਤ ਗੀਤਾ, 7.16,7.17,7.18.

35. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ-ਮਹਾਨ ਕੋਸ਼, ਪੰਨਾ- 901.

36. ਆਚਾਰਯ ਪਰਸ਼ੂਰਾਮ ਚਤੁਰਵੇਦੀ,ਸੰਤ ਸਾਹਿਤਯ ਕੀ ਭੂਮਿਕਾ, ਪੰਨਾ-62.

37. ਕ੍ਰਿਸ਼ਨਾ ਗੋਸਵਾਮੀ(ਡਾ.) ਸੰਤ ਕਾਵਯ ਕੀ ਪ੍ਰਵਿਰਤੀਆਂ, ਪੰਨਾ- 10.

38. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ,ਮ.3 ਪੰਨਾ- 1129,ਮ.5,ਪੰਨਾ- 816.

39. ਅਕਾਲੀ ਕੌਰ ਸਿੰਘ, ਗੁਰੂ ਸ਼ਬਦ ਰਤਨ ਪ੍ਰਕਾਸ਼,ਪੰਨਾ-ਭੂਮਿਕਾ(ਸ)

40. ਜੋਧ ਸਿੰਘ(ਡਾ.) ਦਾ 'ਅਜੂਨੀ' ਮਾਸਿਕ ਪੱਤ੍ਰਿਕਾ, ਮਾਰਚ,96,ਵਿਚ ਲੇਖ ਪੰਨਾ-48.

Sri Satguru Jagjit Singh Ji eLibrary NamdhariElibrary@gmail.com

41. ਦਰਸ਼ਨ ਸਿੰਘ(ਡਾ.) ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ, ਪੰਨਾ- 39.

42. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ-ਮਹਾਨਕੋਸ਼, ਪੰਨਾ- 436.

43. ਪ੍ਰਿੰਸੀਪਲ ਸਤਿਬੀਰ ਸਿੰਘ, ਜਸਵੀਰ ਕੌਰ(ਸੰਪਾ.) ਤੂੰ ਸਾਂਝਾ ਸਾਹਿਬ ਬਾਪੁ ਹਮਾਰਾ, ਪੰਨਾ- 11.

44. ਅਮਰਜੀਤ ਸਿੰਘ ਗਰੇਵਾਲ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰ.270.

45. ਕਿਰਪਾਲ ਸਿੰਘ ਕਸੇਲ(ਸੰਪਾ.) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ-ਪਹਿਲਾ, ਪੰਨਾ-264.

46. ਮਨਮੋਹਨ ਸਹਿਗਲ(ਡਾ.) ਗੁਰੂ ਗ੍ਰੰਥ ਸਾਹਿਬ-ਇੱਕ ਸਭਿਆਚਾਰਕ ਸਰਵੇਖਣ, ਪੰਨਾ- 33.

47. ਸ੍ਰੀ ਗੁਰੂ ਅਰਜਨ ਦੇਵ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਜੈ ਦੇਵ ਜੀ, ਪੰਨਾ-526

48. -ਉਹੀ-, ਭਗਤ ਫਰੀਦ ਜੀ, ਪੰਨਾ- 488,794,1377-1384.

49. -ਉਹੀ-, ਭਗਤ ਤ੍ਰਿਲੋਚਨ ਜੀ, ਪੰਨਾ- 525-26,695.

50. ਭਗਤ ਨਾਮਦੇਵ ਜੀ, ਪੰਨਾ- 345,485,486,525,656-57,692-94,718,
727,857-58,873-75,972-73,988,1105,
1163-67,1195-96,1252-53, 1292-93,1318,
1350-51.

51. -ਉਹੀ-, ਭਗਤ ਰਾਮਾਨੰਦ ਜੀ, ਪੰਨਾ- 1195.

52. -ਉਹੀ- ਭਗਤ ਸਧਨਾ ਜੀ, ਪੰਨਾ- 858.

53. -ਉਹੀ-, ਭਗਤ ਬੇਣੀ ਜੀ, ਪੰਨਾ- 93,974,1351.

54. -ਉਹੀ-, ਭਗਤ ਰਵਿਦਾਸ ਜੀ, ਪੰਨੇ- 93,345-46,486-87,525,657-59,694,
710,793-94,858,875,973-74,1106,
1124,1167,1196,1293,1377.

55. -ਉਹੀ-, ਭਗਤ ਕਬੀਰ ਜੀ, ਪੰਨੇ- 91-92, 323-45,475-85, 524-25,654-56,
691-92,727,792-93,855-57,870-73,
968-72,1102-05,1123,1157-62,1193-96,
1251-53,1349-50,1364-77.

56. -ਉਹੀ-, ਭਗਤ ਧੰਨਾ ਜੀ, ਪੰਨਾ- 487,488,695.

Sri Satguru Jagjit Singh Ji eLibrary NamdhariElibrary@gmail.com

57. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਪੀਪਾ ਜੀ, ਪੰਨਾ- 695.

58. -ਉਹੀ-, ਭਗਤ ਸੈਣ ਜੀ, ਪੰਨਾ-695.

59. -ਉਹੀ- ਭਗਤ ਪਰਮਾਨੰਦ ਜੀ, ਪੰਨਾ- 1253.

60. -ਉਹੀ-, ਭਗਤ ਸੂਰਦਾਸ ਜੀ, ਪੰਨਾ- 1253.

61. -ਉਹੀ- ਭਗਤ ਭੀਖਣ ਜੀ, ਪੰਨਾ- 659.

62. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪਉੜੀ-10, ਪੰਨਾ-107.

63. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ, ਪੰਨਾ-330, 846, ਭਗਤ ਰਵਿਦਾਸ, ਪੰ.1106
ਭਗਤ ਧੰਨਾ ਜੀ, ਪੰਨਾ-487-88.

64. -ਉਹੀ-, ਗੁਰੂ ਅਰਜਨ ਦੇਵ ਜੀ, ਪੰਨਾ- 1192.

65. ਡੀ.ਸੀ. ਰਾਇ(ਸੰਪਾ.) ਪੁਰਾਤਨ ਕਾਵਿ, ਪੰਨਾ- 51-52.

66. ਕਿਰਪਾਲ ਸਿੰਘ ਕਸੇਲ, (ਸੰਪਾ.) ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ-ਪਹਿਲਾ, ਪੰ.386-88.

67. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪੰਨਾ-108.

68. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਗੁਰੂ ਅਰਜਨ ਦੇਵ ਜੀ, ਪੰਨਾ- 1192.

69. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪਉੜੀ-11, ਪੰਨਾ-107 .

70. ਰਾਮਕੁਮਾਰ ਵਰਮਾ(ਡਾ.) ਹਿੰਦੀ ਸਾਹਿਤਯ ਕਾ ਆਲੋਚਨਾਤਮਿਕ ਇਤਿਹਾਸ, ਪੰਨਾ-218.

71. ਨਿਸ਼ੀਕਾਂਤ ਮਿਰਾਜਕਰ(ਡਾ.) ਸਭੈ ਘਟ ਰਾਮੁ ਬੋਲੈ, ਪੰਨਾ- 43.

72. ਖੋਜ ਦਰਪਣ, ਜਨਵਰੀ 1995, ਪੰਨਾ-43.

73. ਅਮਰਜੀਤ ਸਿੰਘ ਗਰੇਵਾਲ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰ.549.

74. ਭਾਈ ਕਾਨ੍ਹ ਸਿੰਘ ਨਾਭਾ, ਗੁਰੂ ਸ਼ਬਦ ਰਤਨਾਕਰ-ਮਹਾਨਕੋਸ਼, ਪੰਨਾ- 1036.

75. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪਉੜੀ-15, ਪੰਨਾ-

76. ਸੰਤ ਨਾਭਾ ਜੀ, ਭਗਤਮਾਲ, ਮੂਲਛੰਦ ।

77. ਕਿਰਪਾਲ ਸਿੰਘ ਕਸੇਲ(ਸੰਪਾ.) ਪੰਜਾਬੀ ਸਾਹਿਤ ਦਾ ਇਤਿਹਾਸ-ਭਾਗ-ਪਹਿਲਾ, ਪੰਨਾ- 110.

78. ਗਿਆਨੀ ਗੁਰਦਿੱਤ ਸਿੰਘ, ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ(ਭਗਤ ਬਾਣੀ ਭਾਗ), ਪੰ.22.

Sri Satguru Jagjit Singh Ji eLibrary NamdhariElibrary@gmail.com

79. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਸੈਣੁ ਜੀ, ਪੰਨਾ- 635.

80. ਆਚਾਰਯ ਪਰਸ਼ੂਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪਰੰਪਰਾ, ਪੰਨਾ-98.

81. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭੱਟ ਕਲ, ਪੰਨਾ-1390.

82. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪਉੜੀ-14, ਪੰਨਾ-

83. ਧਰਮਪਾਲ ਸਿੰਗਲ(ਡਾ.(ਸੰਪਾ.) ਭਗਤਾਂ ਦੀ ਬਾਣੀ, ਪੰਨਾ- 227.

84. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪਉੜੀ-17, ਪੰਨਾ-110

85. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ:5, ਪੰਨਾ- 1192, 487-88.

86. ਗਿਆਨ ਚੰਦਰ ਕੌਲ, ਗੁਰੂ ਰਵਿਦਾਸ ਬਾਣੀ ਦਾ ਦਾਰਸ਼ਨਿਕ ਅਧਿਐਨ(ਪੀ. ਐਚ. ਡੀ. ਥੀਸਿਸ) ਪੰਨਾ- 336.

87. ਅਮਰਜੀਤ ਸਿੰਘ ਗਰੇਵਾਲ(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰਨਾ-523.

88. ਧਰਮਪਾਲ ਸਿੰਗਲ(ਡਾ.)(ਸੰਪਾ.) ਭਗਤਾਂ ਦੀ ਬਾਣੀ, ਪੰਨਾ- 230.

89. -ਓਹੀ- ਗੁਰੂ ਰਵਿਦਾਸ ਜੀਵਨ ਤੇ ਵਿਚਾਰਧਾਰਾ, ਪੰਨਾ- 135.

90. ਹਜ਼ਾਰੀ ਪ੍ਰਸਾਦ ਦ੍ਵਿਵੇਦੀ, ਕਬੀਰ, ਪੰਨਾ- 348.

91. ਆਚਾਰਯ ਰਾਮਚੰਦ੍ਰ ਸ਼ੁਕਲ, ਹਿੰਦੀ ਸਾਹਿਤਯ ਕਾ ਇਤਿਹਾਸ, ਪੰਨਾ-69.

92. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ.5, ਪੰਨਾ- 1192, 1207.

93. ਪਰਸ਼ੂਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪ੍ਰੰਪਰਾ, ਪੰਨਾ-178.

94. ਪਦਮ ਗੁਰਚਰਨ ਸਿੰਘ ਦਾ ਖੋਜ ਦਰਪਣ, ਜਨਵਰੀ 1995, ਵਿਚ ਲੇਖ ਪੰ.39.

95. ਰਾਮ ਕੁਮਾਰ ਵਰਮਾ(ਡਾ.) ਹਿੰਦੀ ਸਾਹਿਤਯ ਕਾ ਆਲੋਚਨਾਤਮਿਕ ਇਤਿਹਾਸ, ਪੰਨਾ-222.

96. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ:5, ਪੰਨਾ- 1192.

97. ਗਿਆਨੀ ਪ੍ਰਤਾਪ ਸਿੰਘ, ਭਗਤ ਦਰਸ਼ਨ, ਪੰਨਾ- 177.

98. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪਉੜੀ-13, ਪੰਨਾ-108.

99. ਗਿਆਨੀ ਨਰੈਣ ਸਿੰਘ ਜੀ, ਭਗਤ ਬਾਣੀ ਸਟੀਕ, ਪੰਨਾ- 282.

Sri Satguru Jagjit Singh Ji eLibrary NamdhariElibrary@gmail.com

100. ਭਾਈ ਗੁਰਦਾਸ ਜੀ, ਵਾਰਾਂ ਗਿਆਨ ਰਤਨਾਵਲੀ, ਵਾਰ-10, ਪਉੜੀ-16, ਪੰਨਾ-

101. ਧਰਮਪਾਲ ਸਿੰਗਲ(ਡਾ.) (ਸੰਪਾ.) ਭਗਤਾਂ ਦੀ ਬਾਣੀ, ਪੰਨਾ- 284.

102. ਅਮਰਜੀਤ ਸਿੰਘ ਗਰੇਵਾਲ, ਵਿਸਮਾਦੁ ਨਾਦ ਨੰਬਰ-1, ਪੰਨਾ- 7.

103. ਗਣਪਤਿ ਚੰਦ੍ਰ ਗੁਪਤ(ਡਾ.), ਹਿੰਦੀ ਸਾਹਿਤਯ ਕਾ ਵੈਗਿਆਨਿਕ ਇਤਿਹਾਸ ਪ੍ਰਥਮ-ਖੰਡ, ਪੰਨਾ- 182.

104. ਪ੍ਰੇਮਸ਼ੰਕਰ, ਭਕਤੀ ਕਾਵਯ ਕਾ ਸਮਾਜਸ਼ਾਸਤਰ, ਪੰਨਾ- 135.

105. ਤਾਰਨ ਸਿੰਘ(ਡਾ.) ਸਿੱਖ, ਸਿੱਖੀ ਅਤੇ ਸਿਧਾਂਤ, ਪੰਨਾ- 207.

106. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਨਾਮਦੇਵ ਜੀ, ਪੰਨਾ- 1351.

107. -ਉਹੀ- ਭਗਤ ਰਾਮਾਨੰਦ ਜੀ, ਪੰਨਾ- 1195.

108. -ਉਹੀ- ਭਗਤ ਕਬੀਰ ਜੀ, ਪੰਨਾ- 871.

109. -ਉਹੀ-, ਭਗਤ ਰਵਿਦਾਸ, ਪੰਨਾ- 346, 875.

110. -ਉਹੀ-, ਭਗਤ ਸੈਣ ਜੀ, ਪੰਨਾ- 695.

111. -ਉਹੀ- ਭਗਤ ਧੰਨਾ ਜੀ, ਪੰਨਾ- 488.

112. -ਉਹੀ- ਭਗਤ ਜੈ ਦੇਵ ਜੀ, ਪੰਨਾ- 526.

113. -ਉਹੀ- ਭਗਤ ਭੀਖਣ ਜੀ, ਪੰਨਾ- 659.

114. ਆਚਾਰਯ ਪਰਸ਼ੂਰਾਮ ਚਤੁਰਵੇਦੀ, ਉੱਤਰੀ ਭਾਰਤ ਕੀ ਸੰਤ ਪ੍ਰੰਪਰਾ, ਪੰਨਾ-14.

115. ਬਲਕਾਰ ਸਿੰਘ(ਡਾ.) ਨਾਨਕ ਪ੍ਰਕਾਸ਼ ਪੱਤ੍ਰਿਕਾ, ਭਗਤੀ ਵਿਸ਼ੇਸ਼ ਅੰਕ ਦੂਜਾ ਸੰਸਕਰਣ, ਪੰ.63.

116. ਬਲਕਾਰ ਸਿੰਘ(ਡਾ.) (ਸੰਪਾ.) ਨਾਨਕ ਪ੍ਰਕਾਸ਼ ਪੱਤ੍ਰਿਕਾ-ਭਗਤੀ ਵਿਸ਼ੇਸ਼ ਅੰਕ, ਪੰਨਾ-112.

117. ਅਮਰਜੀਤ ਸਿੰਘ ਗਰੇਵਾਲ(ਡਾ.)(ਸੰਪਾ.) ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, ਪੰਨਾ- 2.

118. ਧਰਮਪਾਲ ਸਿੰਗਲ(ਡਾ.(ਸੰਪਾ.), ਭਗਤਾਂ ਦੀ ਬਾਣੀ, ਪੰਨਾ-97.

119. ਪਰਮਜੀਤ ਕੌਰ, ਗੁਰੂ ਰਵਿਦਾਸ ਬਾਣੀ ਵਿੱਚ ਬ੍ਰਹਮ ਦਾ ਸੰਕਲਪ(ਪੀ.ਐਚ.ਡੀ.ਥੀਸਿਸ), ਪੰਨਾ- 259.

120. ਤਾਰਨ ਸਿੰਘ(ਡਾ.), ਸਿੱਖ, ਸਿੱਖੀ ਅਤੇ ਸਿਧਾਂਤ, ਪੰਨਾ- 209-10.

121. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ, ਪੰਨਾ-344-45, ਭਗਤ ਧੰਨਾ ਜੀ ਪੰ.487, ਭਗਤ ਸੂਰਦਾਸ ਜੀ, ਪੰਨਾ- 1253.

122. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਰਵਿਦਾਸ ਪੰਨਾ-487,988, ਭਗਤ ਪੀਪਾ ਜੀ ਪੰ.695.

123. ਧਰਮਪਾਲ ਸਿੰਗਲ(ਡਾ.)(ਸੰਪਾ.), ਭਗਤਾਂ ਦੀ ਬਾਣੀ, ਪੰਨਾ- 13.

124. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਫਰੀਦ ਜੀ, ਪੰਨਾ- 1380,1383.

125. -ਉਹੀ- ਭਗਤ ਕਬੀਰ ਜੀ, ਪੰਨਾ- 481,482,1350.

126. ਮਨਮੋਹਨ ਸਿੰਘ(ਡਾ.), ਗੁਰਮਤਿ ਕਾਵਿ ਅਤੇ ਭਗਤੀਧਾਰਾ, ਪੰਨਾ-58.

127. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਨਾਮਦੇਵ ਪੰਨਾ-486,693,1351.

128. -ਉਹੀ- ਭਗਤ ਕਬੀਰ ਪੰਨਾ-480,481,482,857.

129. -ਉਹੀ-, ਭਗਤ ਰਵਿਦਾਸ, ਪੰਨਾ- 486.

130. -ਉਹੀ- ਭਗਤ ਰਵਿਦਾਸ ਪੰਨਾ- 93, ਭਗਤ ਕਬੀਰ ਪੰਨਾ- 331-32.

131. ਮਨਮੋਹਨ ਸਿੰਘ(ਡਾ.) ਗੁਰਮਤਿ ਕਾਵਿ ਅਤੇ ਭਗਤੀਧਾਰਾ, ਪੰਨਾ-74.

132. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਮ:1, ਪੰਨਾ- 1010.

133. -ਉਹੀ- ਭਗਤ ਕਬੀਰ ਜੀ, ਪੰਨਾ- 332,326,327,335.

134. -ਉਹੀ- ਭਗਤ ਰਵਿਦਾਸ ਜੀ, ਪੰਨਾ- 875,1167,345.

135. -ਉਹੀ- ਭਗਤ ਨਾਮਦੇਵ ਜੀ, ਪੰਨਾ- 657,857-58,988,1105.

136. ਮਨਮੋਹਨ ਸਹਿਗਲ(ਡਾ.) ਗੁਰੂ ਗ੍ਰੰਥ ਸਾਹਿਬ ਇੱਕ ਸੱਭਿਆਚਾਰਕ ਸਰਵੇਖਣ, ਪੰਨਾ-333.

137. ਕਿਰਪਾਲ ਸਿੰਘ ਕਸੇਲ(ਸੰਪਾ.) ਸਾਹਿਤ ਅਧਿਐਨ ਸੋਰੋਜ਼-ਭਗਤ ਨਾਮਦੇਵ, ਪੰਨਾ-61

138. ਪਰਸ਼ੂਰਾਮ ਚਤੁਰਵੇਦੀ, ਹਿੰਦੀ ਸਾਹਿਤਯ ਕਾ ਬ੍ਰਿਹਤ ਇਤਿਹਾਸ, ਭਾਗ-ਚੌਥ, ਪੰਨਾ-103.

139. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭੀਖਣ ਸੋਰਠਿ ਪੰ. 659, ਕਬੀਰ ਧਨਾਸਰੀ, ਪੰ.691, ਜੈਦੇਵ ਪੰ.526, ਫਰੀਦ ਸ਼ਲੋਕ 71, ਪੰ. , ਕਬੀਰ ਗਉੜੀ ਵਾਰ ਪੰ. 344, ਧਨਾਸਰੀ 692,971, ਕਬੀਰ ਰਾਮਕਲੀ ਪੰਨਾ-969, ਭਗਤ ਨਾਮਦੇਵ ਜੀ ਪੰ.1292-93.

ਰਵਿਦਾਸ ਪਉੜੀ 346, ਰਾਗ ਆਸਾ 486, ਸੈਣ ਧਨਾਸਰੀ, 695, ਭਗਤ ਧੰਨਾ ਧਨਾਸਰੀ 695, ਭਗਤ ਰਾਮਾਨੰਦ ਪੰਨਾ-1195, ਰਵਿਦਾਸ ਆਸਾ 486, ਭਗਤ ਬੈਣੀ ਪੰਨਾ-93, ਕਬੀਰ ਸੋਰਠਿ ਪੰ.656, ਕਬੀਰ ਰਾਮਕਲੀ ਪੰ.969, ਫਰੀਦ ਸਲੋਕ 60 ਪੰ.1381, ਫਰੀਦ ਸਲੋਕ 61 ਪੰ ਰਵਿਦਾਸ ਸੋਰਠਿ ਪੰਨਾ- 659.

140. ਮਨਮੋਹਨ ਸਹਿਗਲ(ਡਾ.) ਗੁਰੂ ਗ੍ਰੰਥ ਸਾਹਿਬ- ਇਕ ਸੱਭਿਆਚਾਰਕ ਸਰਵੇਖਣ, ਪੰ.508.

141. ਕ੍ਰਿਸ਼ਨਾ ਗੋਸਵਾਮੀ(ਡਾ.), ਸੰਤ ਕਾਵਯ ਕੀ ਪ੍ਰਵਿਰਤੀਆਂ, ਪੰਨਾ-46.

142. ਬਲਕਾਰ ਸਿੰਘ(ਡਾ.)(ਸੰਪਾ.) ਨਾਨਕ ਪ੍ਰਕਾਸ਼ ਪੱਤ੍ਰਿਕਾ-ਭਗਤੀ ਵਿਸ਼ੇਸ਼ ਅੰਕ, ਦੂਜਾ ਸੰਸਕਰਨ, ਪੰਨਾ- 113.

143. ਕਿਰਪਾਲ ਸਿੰਘ ਕਸੇਲ(ਸੰਪਾ.) ਸਾਹਿੱਤ ਅਧਿਐਨ ਸੀਰੀਜ਼-ਭਗਤ ਨਾਮਦੇਵ, ਪੰਨਾ-50.

144. ਆਚਾਰਯ ਪਰਸ਼ੂ ਰਾਮ ਚਤੁਰਵੇਦੀ, ਸੰਤ ਸਾਹਿਤਯ ਕੀ ਰੂਪਰੇਖਾ, ਪੰਨਾ-49-50.

145. ਕਿਰਪਾਲ ਸਿੰਘ ਕਸੇਲ(ਸੰਪਾ.)ਸਾਹਿਤ ਅਧਿਐਨ ਸੀਰੀਜ਼-ਭਗਤ ਨਾਮਦੇਵ, ਪੰਨਾ-51 .

146. ਅਮਰਜੀਤ ਕੌਰ, ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਦੀ ਬਾਣੀ ਦਾ ਸਮਾਜਿਕ ਸੰਦਰਭ ਵਿੱਚ ਤੁਲਨਾਤਮਕ ਅਧਿਐਨ, (ਪੀ.ਐਚ.ਡੀ. ਥੀਸਿਸ), ਪੰਨਾ-31.

147. ਅਮਰਜੀਤ ਸਿੰਘ ਗਰੇਵਾਲ(ਡਾ.) (ਸੰਪਾ.), ਸ੍ਰੀ ਗੁਰੂ ਗ੍ਰੰਥ ਦੀ ਮਨੁੱਖਤਾ ਨੂੰ ਦੇਣ, ਪੰ.522.

148. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਰਵਿਦਾਸ, ਪੰਨਾ- 1293,345.

149. ਰਿੱਗਵੇਦ, ਮੰਡਲ-10, ਸੂਕਤ 90, ਮੰਤ੍ਰ-12.

150. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰਨਾ- 324,483,1350.

151. -ਉਹੀ-, ਭਗਤ ਰਵਿਦਾਸ, ਪੰਨਾ- 112,858,818.

152. ਪ੍ਰੇਮ ਸ਼ੰਕਰ, ਭਕਤੀ ਕਾਵਯ ਕਾ ਸਮਾਜਸ਼ਾਸਤਰ, ਪੰਨਾ- 142.

153. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਫਰੀਦ ਸਲੋਕ 19, ਪੰਨਾ- 1377, ਸਲੋਕ-42, ਭਗਤ ਤ੍ਰਿਲੋਚਨ ਪੰਨਾ-525, ਕਬੀਰ ਪੰ.345, 480, 1102.

154. ਮਨਮੋਹਨ ਸਹਿਗਲ(ਡਾ.), ਗੁਰੂ ਗ੍ਰੰਥ ਸਾਹਿਬ ਇੱਕ ਸਭਿਆਚਾਰਕ ਸਰਵੇਖਣ, ਪੰ.598.

155. ਗੁਰਚਰਨ ਸਿੰਘ ਸੰਘਾ(ਸੰਪਾ.), ਸੱਚਖੰਡ ਪੱਤਰ ਨਵੰਬਰ, 1996, ਹਿੰਦੀ ਵਿਭਾਗ, ਪੰ.14-15.

Sri Satguru Jagjit Singh Ji eLibrary NamdhariElibrary@gmail.com

156. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰ 324,483, ਭਗਤ ਰਵਿਦਾਸ ਪੰਨਾ- 858.

157. ਮੈਕਲਿਉਡ ਡਬਲਯੂ ਐਚ, ਗੁਰੂ ਨਾਨਕ ਐਂਡ ਦਾ ਸਿੱਖ ਰਿਲੈਜ਼ਨ, ਪੰਨਾ- 230.

158. -ਉਹੀ- , ਗੁਰਮਤਿ ਪ੍ਰਕਾਸ਼ ਨਵੰਬਰ, 1966 ਵਿੱਚ ਸੀਤਾ ਰਾਮ ਬਾਹਰੀ(ਡਾ.) ਦਾ ਲੇਖ "ਸੰਤ ਮਤ ਅਤੇ ਨਾਨਕ ਪੰਥ, ਪੰਨਾ- 186.

159. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਨਾਮਦੇਵ ਪੰਨਾ-973, ਤ੍ਰਿਲੋਚਨ ਪੰਨਾ-525, ਭਗਤ ਕਬੀਰ ਪੰ 324,331,332,479,483,1102,1349, 1377, ਬੇਣੀ ਪੰਨਾ- 1351.

160. ਆਚਾਰਯ ਪਰਸ਼ੂਰਾਮ ਚਤੁਰਵੇਦੀ, ਸੰਤ ਸਾਹਿਤਯ ਕੀ ਰੂਪਰੇਖਾ, ਪੰਨਾ-49-52.

161. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਫਰੀਦ ਪੰ 488, ਭਗਤ ਨਾਮਦੇਵ ਪੰ 1166, ਭਗਤ ਪਰਮਾਨੰਦ, ਪੰਨਾ- 1253.

162. -ਉਹੀ-, ਭਗਤ ਕਬੀਰ ਸ਼ਲੋਕ 213, ਪੰਨਾ-1376, ਭਗਤ ਨਾਮਦੇਵ ਪੰ 485.

163. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰ 342,656,1253,1377, ਭਗਤ ਬੇਣੀ ਪੰ 93, ਭਗਤ ਫਰੀਦ ਸਲੋਕ 29,46.

164. ਅਮਰਜੀਤ ਸਿੰਘ ਗਰੇਵਾਲ(ਡਾ.) (ਸੰਪਾ.) ਸ੍ਰੀ ਗੁਰੂ ਗ੍ਰੰਥ ਦੀ ਮਨੁੱਖਤਾ ਨੂੰ ਦੇਣ, ਪੰ 524

165. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਫਰੀਦ ਸ਼ਲੋਕ 75,78,127,129,130 ਪੰ 1383-84

166. -ਉਹੀ- ਭਗਤ ਕਬੀਰ, ਪੰਨਾ- 1123,1350,1372, ਭਗਤ ਰਵਿਦਾਸ ਪੰ.658, 793,875,710.

167. ਸਰਦਾਰ ਸਿੰਘ(ਡਾ.) (ਸੰਪਾ.), ਨਾਨਕ ਪ੍ਰਕਾਸ਼ ਪੱਤ੍ਰਿਕਾ-ਭਗਤੀ ਵਿਸ਼ੇਸ਼ ਅੰਕ, ਪੰਨਾ-216.

168. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ, ਪੰਨਾ- 1349.

169. ਰਮੇਸ਼ ਚੰਦਰ ਮਿਸ਼ਰ, ਸੰਤ ਸਾਹਿਤਯ ਔਰ ਸਮਾਜ, ਪੰਨਾ-551.

170. ਮੈਥਲੀ ਪ੍ਰਸ਼ਾਦ ਭਾਰਦੁਆਜ, ਮੱਧਯਕਾਲੀਨ ਸਾਹਿਤਯ ਚਿੰਤਨ, ਪੰਨਾ-77.

171. ਮੁਹੰਮਦ ਹਦਾਯਤੁੱਲਾ, ਕਬੀਰ- ਦ ਅਪੋਸਟਲ ਆਫ ਹਿੰਦੂ ਮੁਸਲਿਮ ਯੂਨਿਟੀ, ਪੰਨਾ- 13.

172. ਆਸ਼ਸੀ ਫ਼ਿਲਿਪ, ਮਾਡਰਨ ਟਰੈਂਡਜ਼ ਆਫ ਹਿੰਦੂਇਜ਼ਮ, ਪੰ 78.

173. ਮਨਮੋਹਨ ਸਹਿਗਲ(ਡਾ.) ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ ਪਹਿਲਾ ਸੰਸਕਰਣ, ਪੰਨਾ- 121.

174. ਦਰਸ਼ਨ ਸਿੰਘ(ਡਾ.), ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ- 57.

175. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰਨਾ- 1102,1160.

176. -ਉਹੀ- ਭਗਤ ਨਾਮਦੇਵ ਪੰ. 1166, ਭਗਤ ਰਾਮਾਨੰਦ ਪੰ. 1195, ਭਗਤ ਕਬੀਰ ਪੰ.334, 476, ਭਗਤ ਭੀਖਣ, ਪੰਨਾ- 659.

177. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰਨਾ- 331,340,480, ਭਗਤ ਰਵਿ ਦਾਸ ਪੰਨਾ-875,974.

178. ਰਿਗਵੇਦ ਮੰਡਲ 10, ਸੂਕਤ 191, ਮੰਤ੍ਰ 2,3,4; ਅਥਰਵਵੇਦ, ਕਾਂਡ-6, ਸੂਕਤ 64, ਮੰਤ੍ਰ 1,2,3.

179. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰ.870,481, 343,324,965, ਭਗਤ ਰਵਿਦਾਸ ਪੰ.694,487, ਭਗਤ ਧੰਨਾ ਪੰ.487, ਭਗਤ ਪਰਮਾਨੰਦ ਪੰਨਾ- 1253.

180. ਮਨਮੋਹਨ ਸਿਹਗਲ(ਡਾ.) ਗੁਰੂ ਗ੍ਰੰਥ ਸਾਹਿਬ- ਇੱਕ ਸਭਿਆਚਾਰਕ ਸਰਵੇਖਣ, ਪੰਨਾ-385.

181. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰਨਾ-971, ਭਗਤ ਨਾਮਦੇਵ ਪੰ.874, ਭਗਤ ਭੀਖਣ ਪੰ. 659, ਭਗਤ ਕਬੀਰ ਪੰ.1350,655, 656.

182. -ਉਹੀ-, ਭਗਤ ਫਰੀਦ ਸਲੋਕ 30,70,71 ਪੰਨਾ-1379,1381, ਭਗਤ ਕਬੀਰ ਪੰ.1377, 478, ਭਗਤ ਨਾਮਦੇਵ ਪੰ.-485.

183. ਐਫ. ਈ. ਕੇਯ, ਐਜੂਕੇਸ਼ਨ ਇਨ ਐਂਸੇਂਟ ਐਂਡ ਲੇਟਰ ਟਾਈਮਜ਼, ਪੰਨਾ-106,142 .

184. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ, ਪੰਨਾ- 340-44.

185. ਸੈਕੰਡਰੀ ਐਜੂਕੇਸ਼ਨ ਕਮੀਸ਼ਨ ਰਿਪੋਰਟ, 1952-53, ਪੰਨਾ-85.

186. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਭਗਤ ਕਬੀਰ ਪੰ. 340,476,477,1350.

Sri Satguru Jagjit Singh Ji eLibrary NamdhariElibrary@gmail.com

## ਅਧਿਆਇ ਛੇਵਾਂ

# ਆਧੁਨਿਕ ਭਾਰਤੀ ਸਿੱਖਿਆ

Sri Satguru Jagjit Singh Ji eLibrary NamdhariElibrary@gmail.com

## ਆਧੁਨਿਕ ਭਾਰਤੀ ਸਿੱਖਿਆ

ਸਿੱਕ ਪ੍ਰਤਿਸ਼ਠਾਵਾਨ ਤੇ ਤੇਜੱਸਵੀ ਪੁਰਾਤਨ ਭਾਰਤੀ ਸਿੱਖਿਆ ਵਿਸ਼ੇਸ਼ ਪਰਿਸਥਿਤੀਆਂ ਦੇ ਕਾਰਨਵਸ਼ ਮੁਸਲਿਮ ਕਾਲ ਤੱਕ ਅਧੋਗਤੀ ਦੇ ਰਸਤੇ ਤੇ ਪੈ ਕੇ ਆਪਣੇ ਨਿਮਨਤਮ ਪੱਧਰ ਤੱਕ ਪੁੱਜ ਚੁੱਕੀ ਸੀ। ਜਿਸਦੀ ਉਪਜ ਦੁਰਾਚਾਰੀ ਮਨੁੱਖਾਂ ਨੇ ਇੱਕ ਭ੍ਰਿਸ਼ਟ ਸਮਾਜ ਨੂੰ ਜਨਮ ਦਿੱਤਾ। ਭਾਰਤ ਵਿਚ ਅੰਗਰੇਜ਼ੀ ਸ਼ਾਸਨ ਦੇ ਆਗਮਨ ਨੂੰ ਆਧੁਨਿਕ ਸਿੱਖਿਆ ਕਾਲ ਮੰਨਿਆ ਜਾ ਸਕਦਾ ਹੈ। ਇਸ ਸਿੱਖਿਆ ਵਿਵਸਥਾ ਦੀ ਨੀਂਹ ਸੰਨ 1834 ਵਿੱਚ ਲਾਰਡ ਮੈਕਾਲੇ ਦੇ ਅਧੋਗਾਮੀ ਨਿਸਪੰਦਨ ਸਿੱਧਾਂਤ ( Theory of downward filtration ) ਨੇ ਰੱਖੀ। ਲਾਰਡ ਮੈਕਾਲੇ ਅੰਗਰੇਜ਼ੀ ਸਾਹਿੱਤ ਤੇ ਸੰਸਕ੍ਰਿਤੀ ਨੂੰ ਸਰਵੋਚ ਮੰਨਦੇ ਸਨ। ਉਨ੍ਹਾਂ ਦਾ ਵਿਚਾਰ ਸੀ ਕਿ ਭਾਰਤ ਅਤੇ ਅਰਬ ਦੇ ਸਾਰੇ ਸਾਹਿੱਤ ਦਾ ਮੁੱਲ ਇੱਕ ਚੰਗੇ ਯੂਰਪੀ ਪੁਸਤਕਾਲੇ ਦੀ ਇੱਕ ਅਲਮਾਰੀ ਦੀਆਂ ਪੁਸਤਕਾਂ ਤੋਂ ਵੱਧ ਨਹੀਂ ਹੈ । ਉਹ ਭਾਰਤੀ ਧਾਰਮਿਕ ਗ੍ਰੰਥਾਂ ਨੂੰ ਅੰਧਵਿਸ਼ਵਾਸ਼ ਤੇ ਮੂਰਖਤਾ ਭਰਪੂਰ ਆਖਦੇ ਸਨ। ਉਨ੍ਹਾਂ ਅਨੁਸਾਰ ਬ੍ਰਿਟਿਸ਼ ਸਰਕਾਰ ਦਾ ਮੁੱਖ ਉਦੇਸ਼ ਭਾਰਤ ਵਾਸੀਆਂ ਵਿੱਚ ਪੱਛਮੀ ਸਾਹਿਤ ਤੇ ਵਿਗਿਆਨ ਦਾ ਪ੍ਰਚਾਰ ਕਰਨਾ ਹੋਣਾ ਚਾਹੀਦਾ ਹੈ ਤਾਂ ਜੋ ਇੱਕ ਅਜਿਹਾ ਵਰਗ ਉਤਪੰਨ ਹੋ ਸਕੇ ਜਿਹੜਾ ਰੰਗ ਤੇ ਰੂਪ ਵਿੱਚ ਤਾਂ ਭਾਰਤੀ ਹੋਵੇ ਪਰੰਤੂ ਰੁਚੀਆਂ, ਵਿਚਾਰਾਂ, ਨੈਤਿਕ ਆਦਰਸ਼ਾਂ ਅਤੇ ਬੁੱਧੀ ਵਿੱਚ ਪੂਰੀ ਤਰ੍ਹਾਂ ਅੰਗਰੇਜ਼ ਹੋਵੇ ।[1]

ਸੰਨ 1854 ਵਿੱਚ ਚਾਰਲਸ ਵੁੱਡਜ਼ ਨੇ ਭਾਵੇਂ ਸਿੱਖਿਆ ਵਿਵਸਥਾ ਵਿੱਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ ਪਰੰਤੂ ਇਸ ਵਿੱਚ ਭਾਰਤੀਅਤਾ ਨੂੰ ਕੋਈ ਸਥਾਨ ਨਹੀਂ ਦਿੱਤਾ ਗਿਆ। ਇਸ ਨਾਲ ਸਿੱਖਿਆ ਦਾ ਉਦੇਸ਼ ਗਿਆਨ ਪ੍ਰਾਪਤੀ ਨਾ ਹੋ ਕੇ ਪਰੀਖਿਆ ਵਿੱਚ ਸਫ਼ਲਤਾ ਪ੍ਰਾਪਤ ਕਰਨ ਅਤੇ ਨੌਕਰੀ ਲੈਣ ਤੱਕ ਹੀ ਸੀਮਿਤ ਰਹਿ ਗਿਆ। ਇਹ ਦੁਰਪ੍ਰਭਾਵ ਵਰਤਮਾਨ ਸਮੇਂ ਤੱਕ ਵੀ ਚਲਿਆ ਆ ਰਿਹਾ ਹੈ। ਇਸ ਸਿੱਖਿਆ ਵਿਚ ਭਾਰਤੀ ਭਾਸ਼ਾ, ਸਾਹਿਤ, ਧਰਮ ਤੇ ਦਰਸ਼ਨ ਦੀ ਅਣਦੇਖੀ ਕਰਕੇ ਪੱਛਮੀ ਸੱਭਿਅਤਾ ਵੱਲ ਤੁਰਨ ਦੀ ਪ੍ਰੇਰਨਾ ਦਿੱਤੀ ਜਾਂਦੀ ।

### 4.1. ਆਧੁਨਿਕ ਭਾਰਤੀ ਸਿੱਖਿਆ ਚਿੰਤਕ

ਭਾਰਤੀ ਸੱਭਿਅਤਾ ਦੇ ਕੁਝ ਹਿਤੈਸ਼ੀ ਸਿੱਖਿਆ-ਚਿੰਤਕਾਂ ਨੇ ਭਰਤ ਜਨਾਂ

ਦੁਆਰਾ ਪੁਨਰ ਨਿਰਧਾਰਿਤ ਭਾਰਤੀ ਸਿੱਖਿਆ ਦਰਸ਼ਨ ਦੇ ਅਨੁਕੂਲ ਸਿੱਖਿਆ ਵਿਵਸਥਾ ਸਥਾਪਿਤ ਕਰਨ ਲਈ ਸੁਹਿਰਦ ਉਪਰਾਲੇ ਕੀਤੇ । ਇਨ੍ਹਾਂ ਵਿਚੋਂ ਸਵਾਮੀ ਵਿਵੇਕਾਨੰਦ, ਸ੍ਰੀ ਰਬਿੰਦਰ ਨਾਥ ਟੈਗੋਰ, ਸ੍ਰੀ ਅਰਵਿੰਦੂ ਘੋਸ਼ ਅਤੇ ਮਹਾਤਮਾ ਗਾਂਧੀ ਜੀ ਨੇ ਸਿੱਖਿਆ ਪੱਧਤੀਆਂ ਦਾ ਨਿਰਮਾਣ ਕਰਕੇ ਵਿਹਾਰਿਕ ਰੂਪ ਦੇਣ ਲਈ ਵੀ ਢੁਕਵੇਂ ਯਤਨ ਕੀਤੇ। ਇਥੇ ਸੰਖੇਪ ਵਿੱਚ ਇਨ੍ਹਾਂ ਸਿੱਖਿਆ ਪ੍ਰਣਾਲੀਆਂ ਦੇ ਉੱਘੜਵੇਂ ਲੱਛਣਾਂ ਦਾ ਵਰਣਨ ਕਰਨਾ ਜ਼ਰੂਰੀ ਹੈ ।

4.1.1. ਸ੍ਵਾਮੀ ਵਿਵੇਕਾਨੰਦ

ਇਸ ਸਿੱਖਿਆ ਚਿੰਤਕ ਦੇ ਵਿਚਾਰ ਵੇਦਾਂਤ ਦਰਸ਼ਨ ਤੇ ਆਧਾਰਿਤ ਹਨ ।

4.1.1.1. ਪਰਮ ਸਿੱਖਿਆ ਲਖਸ਼

ਸ੍ਵਾਮੀ ਵਿਵੇਕਾਨੰਦ ਅਨੁਸਾਰ ਮਨੁੱਖੀ ਆਤਮਾ ਉਸ ਸਰਬਕਲਾ ਸੰਪੂਰਨ ਤੇ ਅਟੱਲ ਪਰਮਾਤਮਾ ਜਾਂ ਬ੍ਰਹਮ ਸਮਾਨ ਹੈ। ਇਹ ਬ੍ਰਹਮ ਹੀ ਰੂਪਾਂਤਰਨ ਪ੍ਰਕਿਰਿਆ ਦੁਆਰਾ ਮਨੁੱਖੀ ਸਰੀਰਾਂ ਵਿੱਚ ਸੰਚਾਰ ਕਰਕੇ ਭਿੰਨ ਭਿੰਨ ਆਤਮਾਵਾਂ ਦੇ ਰੂਪ ਵਿੱਚ ਵਿਚਰਦਾ ਹੈ। ਇਸ ਲਈ ਵਿਭਿੰਨ ਮਨੁੱਖਾਂ ਵਿੱਚ ਵੱਖ ਵੱਖ ਆਤਮਾਵਾਂ ਵਾਸਤਵ ਵਿੱਚ ਇੱਕ ਹੀ ਬ੍ਰਹਮ ਦੀ ਸ਼ਕਤੀ ਤੇ ਭਾਵਨਾ ਹਨ। ਅਰਥਾਤ ਹਰ ਵਿਅਕਤੀਗਤ ਆਤਮਾ ਆਪਣੇ ਮੂਲ ਰੂਪ ਵਿੱਚ ਇੱਕ ਹੀ ਸਰਬਸਮਰੱਥ ਬ੍ਰਹਮ ਹੈ। ਇਸ ਲਈ ਆਤਮਾ ਅਤੇ ਸੰਪੂਰਨਤਾ ਸਮਾਨਾਰਥੀ ਹਨ। ਆਤਮਾ ਦਾ ਪ੍ਰਗਟਾਵਾ ਹੀ ਸੰਪੂਰਨਤਾ ਦੀ ਅਭਿਵਿਅਕਤੀ ਹੈ। ਮਨੁੱਖ ਅੰਦਰ ਮੌਜੂਦ ਸੰਪੂਰਨਤਾ ਨੂੰ ਵਿਅਕਤ ਕਰਨਾ ਹੀ ਸਿੱਖਿਆ ਦਾ ਪ੍ਰਮੁੱਖ ਕਾਰਜ ਹੈ ।

ਸ੍ਵਾਮੀ ਜੀ ਦਾ ਵਿਚਾਰ ਹੈ ਕਿ ਸੰਪੂਰਨ ਤੇ ਸਰਬ ਸ਼ਕਤੀਮਾਨ ਬ੍ਰਹਮ ਦਾ ਅੰਸ਼ ਹੋਣ ਕਾਰਨ ਮਨੁੱਖ ਅਥਾਹ ਗਿਆਨ ਦਾ ਭੰਡਾਰ ਹੈ। ਗਿਆਨ ਦੀ ਇਸ ਅਮੀਰੀ ਦੇ ਬਾਵਜੂਦ ਮਨੁੱਖ ਲਾਚਾਰ, ਬੇਬਸ ਤੇ ਨੀਚ ਹੈ, ਇਸਦਾ ਕਾਰਨ ਮਨੁੱਖ ਦਾ ਆਪਣੇ ਬਹੁਮੁੱਲੇ ਖ਼ਜ਼ਾਨੇ ਤੋਂ ਅਗਿਆਨੀ ਹੋਣਾ ਹੈ । ਇਹ ਅਗਿਆਨਤਾ ਭਾਵ ਮਾਇਆ ਹੀ ਉਸਨੂੰ ਆਪਣੀ ਸਮਰੱਥਾ ਤੋਂ ਵਾਂਝਿਆ ਰਖਦੀ ਹੈ। ਇਹ ਮਾਇਆ ਗਿਆਨ ਦੇ ਸਰੋਤ ਪਰਮ ਆਤਮਾ

ਅਤੇ ਮਨੁੱਖੀ ਚੇਤਨਤਾ ਵਿਚਕਾਰ ਦੀਵਾਰ ਬਣ ਜਾਂਦੀ ਹੈ। ਭਾਵੇਂ ਆਤਮਾ ਇੱਕ ਨਾਸ਼ਵਾਨ ਤੇ ਸਥੂਲ ਭੌਤਿਕ ਸਰੀਰ ਵਿੱਚ ਵਾਸ ਕਰਦੀ ਹੈ ਪਰੰਤੂ ਉਹ ਇਸ ਦੇ ਬੰਧਨ ਤੇ ਪ੍ਰਭਾਵ ਅਧੀਨ ਨਹੀਂ ਹੈ। ਜੀਵਾਤਮਾ ਅਛੂਹ ਤੇ ਅਪ੍ਰਭਾਵਿਤ ਰਹਿੰਦੀ ਹੈ। ਮਾਇਆ ਦੇ ਭਰਮ ਅਧੀਨ ਮਨੁੱਖੀ ਆਤਮਾ ਆਪਣੇ ਆਪ ਨੂੰ ਸਰੀਰ ਨਾਲ ਇਕਮਿਕ ਕਰ ਲੈਂਦੀ ਹੈ। ਇਹ ਭ੍ਰਾਂਤੀ-ਪੂਰਨ ਮੇਲ ਹੀ ਆਤਮਿਕ ਬੰਧਨ ਦੀ ਜਨਮਦਾਤੀ ਹੈ। ਇਸ ਅਵਸਥਾ ਵਿੱਚ ਜੀਵਾਤਮਾ ਆਪਣੀ ਵਾਸਤਵਿਕਤਾ ਨੂੰ ਭੁੱਲ ਕੇ ਇੱਕ ਸੀਮਿਤ ਤੇ ਲਾਚਾਰ ਮੰਦਭਾਗੇ ਜੀਵ ਵਾਂਗ ਵਿਹਾਰ ਕਰਨ ਲੱਗਦੀ ਹੈ। ਇਹ ਸਦੈਵ ਨਾਸ਼ਵਾਨ ਸੰਸਾਰਿਕ ਵਸਤੂਆਂ ਪਿੱਛੇ ਭੱਜਦੀ ਫਿਰਦੀ ਹੈ। ਇਨ੍ਹਾਂ ਨੂੰ ਗ੍ਰਹਿਣ ਕਰਕੇ ਉਹ ਪ੍ਰਸੰਨ ਹੁੰਦੀ ਹੈ ਅਤੇ ਗੰਵਾ ਕੇ ਦੁਖੀ ਹੁੰਦੀ ਹੈ। ਇਸ ਤੋਂ ਹੀ ਹਉਮੈ ਅਤੇ ਮੈਂ ਦਾ ਸੰਕਲਪ ਉਪਜਦਾ ਹੈ। ਇਹ ਮਨੁੱਖੀ ਹਉਮੈ ਹੋਰ ਦੁਨਿਆਵੀ ਜੀਵਾਂ ਦਾ ਵਿਰੋਧ ਕਰਦੀ ਹੈ। ਇਸ ਲਈ ਹਉਮੈ ਆਤਮਾ ਦਾ ਵਾਸਤਵਿਕ ਰੂਪ ਨਾ ਹੋ ਕੇ ਕੇਵਲ ਇਸਦੀ ਆਕਾਸ਼ੀ ਸੀਮਾਬੱਧਤਾ ਹੈ। ਇਸ ਕਾਰਨ ਮਨੁੱਖੀ ਗਿਆਨ ਇੰਦਰੀਆਂ ਅਤੇ ਅੰਤਹਕਰਨ ਵਸਤੂਆਂ ਦੀ ਸੀਮਿਤ ਚੇਤਨਤਾ ਲਈ ਸਾਧਨ ਬਣ ਜਾਂਦੇ ਹਨ ।[2]

ਮਾਇਆ ਕਾਰਨ ਜੀਵਾਤਮਾ ਵਿੱਚ ਆਇਆ ਨਿਘਾਰ ਸਥਾਈ ਤੇ ਅੰਤਿਮ ਨਹੀਂ ਹੁੰਦਾ । ਦੂਸ਼ਿਤ ਮਨੁੱਖੀ ਆਤਮਾ ਦੇ ਆਪਣੇ ਸ਼ੁੱਧ ਸਰੂਪ ਵਿਚ ਪਰਤਣ ਦੇ ਅਵਸਰ ਮੌਜੂਦ ਰਹਿੰਦੇ ਹਨ। ਯੋਗਾ ਪ੍ਰਕਿਰਿਆ ਦੁਆਰਾ ਆਤਮਾ ਮੁਕਤ ਹੋ ਸਕਦੀ ਹੈ ਜਿਸ ਨਾਲ ਇਸਦੀਆਂ ਅਨੁਭਵੀ ਤੇ ਪਰਾਅਨੁਭਵੀ ਭਿੰਨਤਾਵਾਂ ਸਦਾ ਲਈ ਖ਼ਤਮ ਹੋ ਜਾਂਦੀਆਂ ਹਨ । ਇਸ ਪ੍ਰਕਾਰ ਬ੍ਰਹਮ ਨਾਲ ਪੁਨਰਮਿਲਣ ਹੋ ਜਾਂਦਾ ਹੈ ।

ਸ੍ਵਾਮੀ ਵਿਵੇਕਾਨੰਦ ਜੀ ਨੇ ਵਿਅਕਤੀ ਅਤੇ ਪੁਰਸ਼ ਵਿੱਚ ਅੰਤਰ ਨੂੰ ਵੀ ਸਪੱਸ਼ਟ ਕੀਤਾ ਹੈ । ਉਨ੍ਹਾਂ ਅਨੁਸਾਰ ਆਪਣੀਆਂ ਫੌਰੀ ਆਵੱਸ਼ਕਤਾਵਾਂ ਤੇ ਅੰਤਰ ਪ੍ਰਵਿਰਤੀਆਂ ਦੀ ਪੂਰਤੀ ਲਈ ਮਨੋਵੇਗਾਂ ਅਧੀਨ ਕਾਰਜ ਕਰਦਾ ਮਨੁੱਖ ਵਿਅਕਤੀ ਹੁੰਦਾ ਹੈ ਜਦੋਂ ਕਿ ਆਪਣੀਆਂ ਨਿਮਨ ਲਾਲਸਾਵਾਂ ਤੇ ਨਿਯੰਤਰਨ ਰਖਦਿਆਂ ਉੱਚਤਮ ਇਨਸਾਨੀ ਮੁੱਲਾਂ ਅਨੁਸਾਰ ਕਾਰਜਸ਼ੀਲ ਮਨੁੱਖ ਇੱਕ ਪੁਰਸ਼ ਬਣ ਜਾਂਦਾ ਹੈ। ਇੱਕ ਵਿਅਕਤੀ ਸਵੈਤ੍ਰਿਪਤੀ ਲਈ ਸਾਧਨ

ਸਕਦਾ ਹੈ ਤਾਂ ਪੁਰਸ਼ ਆਪਣੇ ਆਪ ਵਿੱਚ ਹੀ ਅੰਤਿਮ ਹੁੰਦਾ ਹੈ। ਵਿਅਕਤੀ ਇੱਛਾਵਾਂ ਦਾ ਗੁਲਾਮ ਹੁੰਦਾ ਹੈ ਪਰੰਤੂ ਪੁਰਸ਼ ਇਨ੍ਹਾਂ ਦਾ ਸਵਾਮੀ ਅਤੇ ਮੁਕਤ ਤੇ ਸੁਤੰਤਰ ਹੁੰਦਾ ਹੈ। ਮਨੁੱਖੀ ਸੁਭਾਉ ਵਿੱਚ ਨਿਹਿਤ ਪਾਵਨ ਪ੍ਰਕਿਰਤੀ ਅਤੇ ਮਨੁੱਖ ਵਿੱਚ ਪਰਮਾਤਮਾ ਦੀ ਸਾਕਾਰਤਾ ਹੀ ਆਤਮ-ਸਿੱਧੀ ਜਾਂ ਆਤਮ ਗਿਆਨ ਹੈ ਜਿਸਨੂੰ ਸੰਪੂਰਨਤਾ ਵੀ ਆਖਿਆ ਜਾਂਦਾ ਹੈ। ਵਿਵੇਕਾਨੰਦ ਜੀ ਇਸ ਸੰਪੂਰਨਤਾ ਨੂੰ ਪਰਮਾਰਥਕ ਭਾਵ ਵਿੱਚ ਸਿੱਖਿਆ ਦਾ ਮੁੱਖ ਉਦੇਸ਼ ਮੰਨਦੇ ਹਨ ।

### 4.1.1.2. ਦੁਨਿਆਵੀ ਸਿੱਖਿਆ ਲਖਸ਼

ਸ੍ਵਾਮੀ ਵਿਵੇਕਾਨੰਦ ਅਨੁਸਾਰ ਮਨੁੱਖ ਵਿੱਚ ਸਦਭਾਵਨਾ, ਸ਼ੁੱਭਕਾਮਨਾ ਤੇ ਸਰਬੱਤ ਦਾ ਭਲਾ ਜਿਹੀਆਂ ਉੱਚ ਕਦਰਾਂ ਕੀਮਤਾਂ ਦੀ ਉਤਪੱਤੀ ਕਰਕੇ ਉਸਨੂੰ ਇਨਸਾਨ ਬਣਾਉਣਾ ਸਿੱਖਿਆ ਦਾ ਕਾਰਜ ਹੈ। " ਵਿਅਕਤੀ ਦੀਆਂ ਸੋਚਣ ਤੇ ਪ੍ਰਗਟ ਕਰਨ ਦੀਆਂ ਆਦਤਾਂ , ਉਸਦੇ ਵਿਹਾਰ, ਰੁਚੀਆਂ, ਕਾਰਜਵਿਧੀ ਤੇ ਵਿਅਕਤੀਗਤ ਜੀਵਨ ਦਰਸ਼ਨ ਵਿੱਚੋਂ ਵਿਅਕਤ ਵਰਤਾਉ ਦੇ ਸਮੁੱਚੇ ਰੂਪ ਨੂੰ ਸਖਸ਼ੀਅਤ ਆਖਿਆ ਜਾਂਦਾ ਹੈ ।"[3] ਸਵਾਮੀ ਵਿਵੇਕਾਨੰਦ ਦਾ ਵਿਚਾਰ ਹੈ ਕਿ ਮਨੁੱਖੀ ਸਖਸ਼ੀਅਤ ਵਿੱਚ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਹੁੰਦੀ ਹੈ। ਸਾਡਾ ਸਰੀਰ, ਵਿਸ਼ਿਸ਼ਟਤਾ ਬੁੱਧੀ ਅਤੇ ਅਧਿਆਤਮਿਕਤਾ ਦੂਜਿਆਂ ਨੂੰ ਪ੍ਰਭਾਵਿਤ ਕਰਦੀਆਂ ਅਤੇ ਆਪ ਉਨ੍ਹਾਂ ਤੋਂ ਪ੍ਰਭਾਵਿਤ ਹੁੰਦੀਆਂ ਹਨ। ਉਤਮ ਸਿੱਖਿਆ ਦਾ ਲਖਸ਼ ਵਿਅਕਤਿਤ੍ਵ ਦਾ ਸੰਪੂਰਨ ਵਿਕਾਸ ਕਰਨਾ ਹੈ ।

ਸ੍ਵਾਮੀ ਜੀ ਮਨੁੱਖੀ ਮਨ ਨੂੰ ਉਚਿਆਉਣ ਦਾ ਕਾਰਜ ਵੀ ਸਿੱਖਿਆ ਨੂੰ ਸੌਂਪਦੇ ਹਨ। ਜਦੋਂ ਕਿਸੇ ਇਕਸੁਰ ਪ੍ਰਕਿਰਿਆ ਦੁਆਰਾ ਮਨੁੱਖੀ ਕਿਰਿਆਵਾਂ ਨੂੰ ਉਨ੍ਹਾਂ ਦੇ ਨਿਮਨ ਪੱਧਰ ਤੋਂ ਉੱਚ ਪੱਧਰ ਤੱਕ ਉਠਾਇਆ ਜਾਂਦਾ ਹੈ ਤਾਂ ਵਿਹਾਰ ਵਿਚ ਆਈ ਸ਼ੁੱਧਤਾ ਨੂੰ ਉਚਿਆਉਣਾ ਆਖਿਆ ਜਾਂਦਾ ਹੈ ।[4] ਉਨ੍ਹਾਂ ਦਾ ਵਿਸ਼ਵਾਸ਼ ਸੀ ਕਿ ਪੱਛਮੀ ਸੱਭਿਅਤਾ ਮਨੁੱਖੀ ਮਨ ਦੀ ਬਜਾਏ ਬੁੱਧੀ ਦੇ ਵਿਕਾਸ ਤੇ ਵਧੇਰੇ ਜ਼ੋਰ ਦਿੰਦੀ ਹੈ ਜਿਸ ਕਾਰਨ ਸੁਸਿੱਖਿਅਤ ਮਨੁੱਖ ਦਸ ਗੁਣਾ ਵਧੀਕ ਸਵਾਰਥੀ ਹੋ ਜਾਂਦਾ ਹੈ। ਜਦੋਂ ਕਿਸੇ ਸਥਿਤੀ ਵਿੱਚ ਮਨ ਅਤੇ ਬੁੱਧੀ ਵਿਚਕਾਰ ਟਕਰਾਉ ਪੈਦਾ ਹੋ ਜਾਵੇ ਤਾਂ ਹਿਰਦੇ ਪਿੱਛੇ ਚੱਲਣਾ ਉਚਿਤ ਹੈ। ਹਿਰਦਾ ਹੀ ਮਨੁੱਖ ਨੂੰ ਰੂਹਾਨੀਅਤ ਦੀ ਉਸ ਉੱਚਤਮ ਪੱਧਰ ਤੱਕ ਲੈ ਕੇ ਜਾਂਦਾ ਹੈ ਜਿਥੇ ਬੌਧਿਕਤਾ ਨਹੀਂ ਪੁੱਜ ਸਕਦੀ । ਹਿਰਦਾ , ਬੌਧਿਕਤਾ ਤੋਂ ਪਰੇ ਅੰਤਰਪ੍ਰੇਰਣਾ ਤੱਕ ਪੁੱਜਦਾ

Sri Satguru Jagjit Singh Ji eLibrary NamdhariElibrary@gmail.com

ਹੈ। ਇਸ ਲਈ ਵਿਵੇਕਾਨੰਦ ਜੀ ਹਿਰਦੇ ਦੇ ਵਿਕਾਸ ਉਤੇ ਬਲ ਦਿੰਦੇ ਹਨ । ਹਿਰਦੇ ਰਾਹੀਂ ਹੀ ਪਰਮਾਤਮਾ ਬੋਲਦਾ ਹੈ। ਉਚਿਆਉਣ ਦਾ ਅਰਥ ਮਾਨਸਿਕ ਗੁਣਾਂ ਨੂੰ ਸੋਧ ਦੇਣੀ ਅਤੇ ਆਤਮਿਕ ਪਰਿਵਰਤਨ ਹੈ। ਇਸਦੀ ਅਭਿਵਿਅਕਤੀ ਮਨ ਦੀ ਅਚਨਚੇਤ ਤਬਦੀਲੀ ਅਤੇ ਭਾਵੁਕ ਪੁਨਰਸੁਰਜੀਤੀ ਰਾਹੀਂ ਹੁੰਦੀ ਹੈ ਜਿਸਦੇ ਫਲਸਰੂਪ ਮਨੁੱਖ ਦਾ ਜੀਵਨ ਪ੍ਰਤੀ ਦ੍ਰਿਸ਼ਟੀ-ਕੋਣ ਆਂਤਰਿਕ ਤਰਤੀਬ ਅਤੇ ਆਦਤਾਂ ਬਦਲ ਜਾਂਦੀਆਂ ਹਨ। ਆਤਮਿਕ ਪੱਧਰ ਤੇ ਇਹ ਪਰਿਵਰਤਨ ਮੁੱਖ ਤੌਰ ਤੇ ਕਰਮਯੋਗ ਭਾਵ ਸ਼ੁੱਭ ਕਾਰਜ, ਭਗਤੀਯੋਗ, ਰਾਜਯੋਗ ਤੇ ਜਨਯੋਗ ਵਿਧੀਆਂ ਦੁਆਰਾ ਵਾਪਰਦਾ ਹੈ।[5] ਇਸ ਪ੍ਰਕਾਰ ਸਵਾਮੀ ਵਿਵੇਕਾਨੰਦ ਸਿੱਖਿਆ ਨੂੰ ਮਨੁੱਖ ਦੀ ਆਤਮਿਕ ਉਚਿਆਈ, ਸਵੈਪੂਰਨਤਾ ਅਤੇ ਆਤਮ ਸਿੱਧੀ ਲਈ ਅਨਿਵਾਰੀ ਮੰਨਦੇ ਹਨ ।

ਸੁਆਮੀ ਵਿਵੇਕਾਨੰਦ ਜੀ ਦਾ ਵਿਸ਼ਵਾਸ ਹੈ ਕਿ ਉੱਤਮ ਸਿੱਖਿਆ ਮਨੁੱਖ ਵਿੱਚ ਆਤਮ ਵਿਸ਼ਵਾਸ ਪੈਦਾ ਕਰਨ ਅਤੇ ਉਸਦੀਆਂ ਨੀਂਦਗ੍ਰਸਤ ਸਮਰੱਥਾਵਾਂ ਨੂੰ ਜਾਗ੍ਰਿਤ ਕਰਨ ਦੇ ਸਮਰੱਥ ਹੈ। ਸਿੱਖਿਆ ਦਾ ਪ੍ਰਯੋਜਨ ਮਨੁੱਖ ਨੂੰ " ਉਠੋ, ਜਾਗੋ ਤੇ ਲਖਸ਼ ਪ੍ਰਾਪਤ ਹੋਣ ਤੱਕ ਰੁਕੋ ਮੱਤ" ਦਾ ਮੰਤਰ ਪੜ੍ਹਾ ਕੇ ਉਸ ਵਿੱਚ ਕੁਝ ਕਰ ਸਕਣ ਦਾ ਉਤਸ਼ਾਹ ਉਤਪੰਨ ਕਰਨਾ ਹੈ।[6] ਸੁਆਮੀ ਜੀ ਅਜਿਹੇ ਮਨੁੱਖ ਸਿਰਜਣਾ ਚਾਹੁੰਦੇ ਸਨ ਜੋ ਆਪਣੀਆਂ ਮੁਢਲੀਆਂ ਜੀਵਨ ਆਵੱਸ਼ਕਤਾਵਾਂ ਦੀ ਪੂਰਤੀ ਕਰਨ ਦੇ ਸਮਰੱਥ ਹੋਣ। ਇਹ ਸ਼ਕਤੀ ਸਿੱਖਿਆ ਹੀ ਪ੍ਰਦਾਨ ਕਰਨ ਦੇ ਯੋਗ ਹੈ। ਅਜਿਹਾ ਹੋਣ ਨਾਲ ਇੱਕ ਮਨੁੱਖ ਦੂਜੇ ਦੇ ਅਧਿਕਾਰਾਂ ਤੇ ਸਾਧਨਾਂ ਵਿੱਚ ਵਿਘਨ ਨਹੀਂ ਪਾਏਗਾ ਅਤੇ ਆਪਣਾ ਪੇਟ ਭਰਨ ਲਈ ਸਮਾਜਿਕ ਲੁੱਟ ਨਹੀਂ ਕਰੇਗਾ । ਇਸਦੇ ਫਲਸਰੂਪ ਮਨੁੱਖਵਾਦ ਅਤੇ ਵਿਸ਼ਵ ਭਾਈਚਾਰੇ ਦੀ ਭਾਵਨਾ ਵਿਕਸਿਤ ਹੋਵੇਗੀ ।

4.1.1.3. ਅਨੁਭਵੀ ਤੇ ਪਰਾਅਨੁਭਵੀ ਸਿੱਖਿਆ

ਸੁਆਮੀ ਵਿਵੇਕਾਨੰਦ ਜੀ ਸਿੱਖਿਆ ਨੂੰ ਉਸਦੇ ਅੰਤਰਮੁਖੀ ਤੇ ਬਾਹਰਮੁਖੀ ਦੋਵਾਂ ਪੱਖਾਂ ਤੋਂ ਵਾਚਦੇ ਹਨ। ਇਹ ਦੋਵੇਂ ਸਿੱਖਿਆ ਦੇ ਉੱਚਤਮ ਲਖਸ਼ ਅਰਥਾਤ ਦੈਵੀ ਜੋਤ ਅਤੇ ਸੰਪੂਰਨਤਾ ਤੇ ਪੁੱਜ ਕੇ ਅੰਤਰ ਸੰਬੰਧਿਤ ਹੋ ਜਾਂਦੇ ਹਨ। ਜੇ ਇਹ ਲਖਸ਼ ਅੰਸ਼ਕ ਪ੍ਰਾਪਤ ਹੋਏ ਤਾਂ ਸਿੱਖਿਆ ਕੇਵਲ ਬਾਹਰਮੁਖੀ ਪੱਧਰ ਤੱਕ ਹੀ ਸੀਮਿਤ ਰਹਿ ਜਾਂਦੀ ਹੈ ।[7]

Sri Satguru Jagjit Singh Ji eLibrary NamdhariElibrary@gmail.com

ਨਿਰੰਤਰ ਅਭਿਆਸ ਨਾਲ ਸਿੱਖਿਆ ਆਪਣੇ ਅੰਤਰਮੁਖੀ ਪੱਧਰ ਵਿੱਚ ਪ੍ਰਵੇਸ਼ ਹੁੰਦੀ ਹੈ ਜਿਸ ਤੋਂ ਸਰੀਰ ਉੱਚਤਮ ਲਖਸ਼, ਸੰਪੂਰਨਤਾ ਦੀ ਉਪਲਬਧੀ ਨਹੀਂ ਹੁੰਦੀ। ਇਸ ਲਈ ਸਰਵੋਤਮ ਲਖਸ਼ ਦੀ ਪ੍ਰਾਪਤੀ ਲਈ ਸਿੱਖਿਆ ਦੀ ਬਾਹਰਮੁਖਤਾ ਇਸਦੀ ਅੰਤਰਮੁਖਤਾ ਤੇ ਨਿਰਭਰ ਹੈ ਜਦੋਂ ਕਿ ਅੰਤਰਮੁਖਤਾ ਸਿੱਖਿਆ ਦੀ ਬਾਹਰਮੁਖਤਾ ਬਗੈਰ ਅਰਥਹੀਨ ਤੇ ਖਾਲੀ ਹੈ। ਬਾਹਰ-ਮੁਖੀ ਸਾਧਨਾਂ ਤੋਂ ਉਪਲਬਧ ਪਦਾਰਥ ਨਾਲ ਹੀ ਅੰਤਰਮੁਖੀ ਪ੍ਰਕਿਰਿਆ ਭਾਵ ਅੰਤਰਧਿਆਨ ਦੀ ਵਿਧੀ ਕਾਰਜ ਕਰਦੀ ਹੈ। ਇਸ ਪ੍ਰਕਾਰ ਸਿੱਖਿਆ ਆਪਣੇ ਇਨ੍ਹਾਂ ਦੋਵੇਂ ਪੱਖਾਂ ਦੀ ਪਰਸਪਰ ਕਿਰਿਆ ਨਾਲ ਹੀ ਪਰਮ ਲਖਸ਼ ਨੂੰ ਪ੍ਰਾਪਤ ਕਰ ਸਕਦੀ ਹੈ ।

ਸ੍ਵਾਮੀ ਵਿਵੇਕਾਨੰਦ ਜੀ ਦਾ ਵਿਚਾਰ ਹੈ ਕਿ ਮਨੁੱਖੀ ਆਤਮਾ ਅਤੇ ਸੱਚ ਇੱਕ ਸਮਾਨ ਹਨ ਪਰੰਤੂ ਮਨੁੱਖ ਆਪਣੇ ਪਰਾਅਨੁਭਵੀ ਤੇ ਅਨੁਭਵੀ ਦੋਵੇਂ ਪੱਖਾਂ ਤੋਂ ਇਸ ਵਾਸਤਵਿਕਤਾ ਬਾਰੇ ਅਣਜਾਣ ਹੈ। ਸੱਚ ਦੀ ਪਰਾਅਨੁਭਵੀ ਪ੍ਰਕਿਰਤੀ ਕੇਵਲ ਆਤਮ-ਅਨੁਭੂਤੀ ਜਾਂ ਅੰਤਰਗਿਆਨ ਦੁਆਰਾ ਹੀ ਪਛਾਣੀ ਜਾਂਦੀ ਹੈ। ਸੱਚ ਦਾ ਗਿਆਨ ਤਰਕ ਤੋਂ ਉੱਪਰ ਹੈ। ਇੰਦਰੀਆਂ ਦੁਆਰਾ ਪ੍ਰਾਪਤ ਗਿਆਨ ਸਾਪੇਖਿਕ ਹੋਣ ਕਾਰਨ ਆਭਾਸੀ ਹੁੰਦਾ ਹੈ, ਸੱਚ, ਪਰਮਤੱਤ ਦਾ ਧੁੰਦਲਾ ਪ੍ਰਤੀਬਿੰਬ ਹੁੰਦਾ ਹੈ। ਸੰਪੂਰਨ ਤੇ ਕੁਲੀਨ ਗਿਆਨ ਨੂੰ ਬ੍ਰਹਮ ਨਾਲ ਜੁੜੀਆਂ ਮਨੁੱਖੀ ਆਤਮਾਵਾਂ ਦੀ ਸਵੈਅਨੁਭੂਤੀ ਦੁਆਰਾ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ।

ਸ੍ਵਾਮੀ ਜੀ ਗਿਆਨ ਰਚਨਾ ਦੇ ਸੰਦਰਭ ਵਿੱਚ ਬਾਹਰੀ ਅਥਵਾ ਭੌਤਿਕ ਸੰਸਾਰ ਨੂੰ ਪੂਰੀ ਤਰ੍ਹਾਂ ਨਕਾਰਦੇ ਨਹੀਂ । ਉਨ੍ਹਾਂ ਦਾ ਵਿਚਾਰ ਹੈ ਕਿ ਗਿਆਨ-ਉਸਾਰੀ ਲਈ ਭੌਤਿਕੀ ਸੰਸਾਰ ਹੀ ਅਵਸਰ ਪ੍ਰਦਾਨ ਕਰਦਾ ਹੈ। ਵਸਤੂ-ਗਿਆਨ ਤਾਂ ਹੀ ਉਪਜਦਾ ਹੈ ਜਦੋਂ ਮਨੁੱਖੀ ਮਨ ਆਪਣੀ ਚੇਤਨਤਾ ਵਿੱਚ ਮੌਜੂਦ ਵਿਚਾਰਾਂ ਅਤੇ ਬਾਹਰੋਂ ਪ੍ਰਾਪਤ ਵਿਚਾਰਾਂ ਵਿੱਚ ਸੰਗਤੀ ਜਾਂ ਸੁਮੇਲ ਪਾਉਂਦਾ ਹੈ। ਅੰਤਰਦ੍ਰਿਸ਼ਟੀ ਭਾਵ ਫੁਰਨਿਆਂ ਤੋਂ ਗ੍ਰਹਿਣ ਕੀਤਾ ਪਰਾਅਨੁਭਵੀ ਗਿਆਨ ਕੇਵਲ ਮਹਾਤਮਾਵਾਂ ਅਤੇ ਦਾਰਸ਼ਨਿਕਾਂ ਤੱਕ ਹੀ ਸੀਮਿਤ ਰਹਿ ਜਾਂਦਾ ਹੈ। ਭੌਤਿਕ ਸੰਸਾਰ ਦੇ ਦੁੱਖਾਂ ਅਤੇ ਸੁੱਖਾਂ ਵਿੱਚ ਗ੍ਰਸਤ ਸਾਧਾਰਨ ਲੋਕਾਂ ਲਈ ਇਸਦੀ ਬਹੁਤੀ ਮਹੱਤਤਾ ਨਹੀਂ ਹੈ। ਉਨ੍ਹਾਂ ਲਈ ਦੈਨਿਕ ਜੀਵਨ ਵਿੱਚ ਸਹਾਈ ਅਨੁਭਵੀ ਸਿੱਖਿਆ ਅਤਿ ਆਵੱਸ਼ਕ ਹੈ।

Sri Satguru Jagjit Singh Ji eLibrary NamdhariElibrary@gmail.com

### 4.1.1.4. ਸਰੀਰਕ ਸਿੱਖਿਆ

ਵਿਵੇਕਾਨੰਦ ਜੀ ਭਾਵੇਂ ਬ੍ਰਹਮ ਗਿਆਨ ਜਾਂ ਆਤਮ ਵਿੱਦਿਆ ਨੂੰ ਸਰਵੋਤਮ ਮੰਨਦੇ ਹਨ ਪਰੰਤੂ ਮਨੁੱਖੀ ਸਰੀਰ ਦੇ ਉਚਿਤ ਵਿਕਾਸ ਨੂੰ ਵੀ ਸਿੱਖਿਆ ਵਿਚ ਮਹੱਤਵਪੂਰਨ ਸਥਾਨ ਦੇਣ ਦੀ ਪ੍ਰੋੜ੍ਹਤਾ ਕਰਦੇ ਹਨ। ਇਸ ਪ੍ਰਕਾਰ ਉਹ ਆਤਮਿਕ-ਅਨੁਭੂਤੀ ਅਰਥਾਤ ਸਿੱਖਿਆ ਨੂੰ ਮਨੁੱਖ ਤੇ ਉਸਦੇ ਆਤਮਿਕ ਕਵਚ ਰੂਪੀ ਸਮੂਹ ਸਰੀਰਕ ਅੰਗਾਂ ਦੇ ਅਧਿਐਨ ਦੀ ਪ੍ਰਕਿਰਿਆ ਵਜੋਂ ਸਵੀਕਾਰ ਕਰਦੇ ਹਨ। ਆਤਮਾ ਨੂੰ ਮਨੁੱਖ ਬਣਨ ਲਈ ਸਰੀਰ ਧਾਰਨ ਕਰਨਾ ਪੈਂਦਾ ਹੈ। ਇਸ ਲਈ ਨਿਰੋਲ ਆਤਮਿਕ ਸਿੱਖਿਆ ਅਧੂਰੀ ਹੈ। ਇਸ ਵਿੱਚ ਮਨੁੱਖੀ ਸਰੀਰ ਤੇ ਇਸਦੇ ਅੰਗਾਂ ਦੀ ਸਿੱਖਿਆ ਦਾ ਸੰਮਿਲਤ ਹੋਣਾ ਅਤਿ ਆਵੱਸ਼ਕ ਹੈ। ਵਿਅਕਤੀ ਦੇ ਪ੍ਰਬੋਧਨ ਤੇ ਮੁਕਤੀ ਦਾ ਲਖਸ਼ ਵੀ ਭੌਤਿਕ ਸਰੀਰ ਅਤੇ ਇਸਦੇ ਮਨੋਵਿਗਿਆਨਿਕ ਪੱਖਾਂ ਦੇ ਅਧਿਐਨ ਬਗੈਰ ਪ੍ਰਾਪਤ ਨਹੀਂ ਕੀਤਾ ਜਾ ਸਕਦਾ । ਸਿੱਖਿਆ ਲਈ ਅਨਿਵਾਰੀ ਹੈ ਕਿ ਉਹ ਮਨੁੱਖੀ ਗਿਆਨ ਇੰਦਰੀਆਂ, ਬੁੱਧੀ ਅਤੇ ਆਤਮਾ ਦਾ ਅਧਿਐਨ ਕਰੇ ਕਿਉਂ ਜੋ ਇਹ ਆਤਮਾ ਜਾਂ ਸੱਚ ਨਾਲ ਸੰਬੰਧਿਤ ਹਨ। ਸ੍ਵਾਮੀ ਵਿਵੇਕਾਨੰਦ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਬਲਵਾਨ ਸਰੀਰ ਵਿਚ ਹੀ ਸ਼ਕਤੀਸ਼ਾਲੀ ਆਤਮਾ ਦਾ ਨਿਵਾਸ ਹੁੰਦਾ ਹੈ। ਇਸ ਲਈ ਉਹ ਮੰਦਰ ਜਾਣ ਨਾਲੋਂ ਫੁਟਵਾਲ ਦੇ ਮੈਦਾਨ ਵਿਚ ਜਾਣ ਤੇ ਸਰੀਰ ਨੂੰ ਸੰਪੁਸ਼ਟ ਕਰਨ ਦੇ ਹੱਕ ਵਿਚ ਹਨ ।

### 4.1.1.5. ਪ੍ਰਕਿਰਤੀ ਦੀ ਸਿੱਖਿਆ

ਸਿੱਖਿਆ ਦੇ ਦੀਰਘ ਲਖਸ਼ ਦੀ ਸਾਕਾਰਤਾ ਲਈ ਭੌਤਿਕ ਸੰਸਾਰ, ਪ੍ਰਕਿਰਤੀ ਬ੍ਰਹਿਮੰਡ ਤੇ ਗ੍ਰਹਿਆਂ ਆਦਿ ਦਾ ਅਧਿਐਨ ਆਵੱਸ਼ਕ ਹੈ। ਸਮਾਜਿਕ ਵਰਤਾਰਿਆਂ ਦੀ ਸੰਪੂਰਨ ਵਿਆਖਿਆ ਲਈ ਮਨੁੱਖੀ ਪ੍ਰਕਿਰਤੀ ਨੂੰ ਸਮਝਣਾ ਜ਼ਰੂਰੀ ਹੈ। ਸਮੂਹ ਸੰਸਾਰ ਅਤੇ ਸਮਾਜ ਨੂੰ ਇੱਕ ਹੀ ਸੱਚ ਦੇ ਵਿਭਿੰਨ ਅੰਗਾਂ ਵਜੋਂ ਵਿਚਾਰਨਾ ਉਪਯੋਗੀ ਹੈ । ਸ੍ਵਾਮੀ ਜੀ ਸਮੁੱਚੇ ਮਨੁੱਖ ਦੀ ਸਿੱਖਿਆ ਅਤੇ ਸੱਚ ਦੇ ਏਕੀਕਰਨ ਤੇ ਜ਼ੋਰ ਦਿੰਦੇ ਹਨ । ਸਦਾਚਾਰਕ ਵਿਕਾਸ, ਵਿਅਕਤਿਤ੍ਵ ਉਸਾਰੀ, ਨੈਤਿਕ ਤੇ ਆਤਮਿਕ ਉਚਿਆਈ ਇੱਕ ਹੀ ਸੱਚ ਦੇ ਸਹਿਸੰਬੰਧਿਕ ਹਨ ਜੋ ਕਿ ਅੰਤ ਵਿੱਚ ਮਨੁੱਖ ਦੀ ਮੁਕਤੀ, ਸੰਪੂਰਨਤਾ ਤੇ ਪ੍ਰਫੁਲੀਨਤਾ ਵਿੱਚ ਸਹਾਈ ਹੁੰਦੇ ਹਨ ।[8]

Sri Satguru Jagjit Singh Ji eLibrary NamdhariElibrary@gmail.com

4.1.1.6. ਮਾਨਵੀ ਏਕਤਾ ਦੀ ਸਿੱਖਿਆ

ਸੱਚ ਦੀ ਏਕਤਾ ਦੇ ਵਿਚਾਰ ਵਿੱਚੋਂ ਹੀ ਮਾਨਵਤਾ ਦੀ ਏਕਤਾ ਦਾ ਵਿਚਾਰ ਉਪਜਦਾ ਹੈ। ਵਿਵੇਕਾਨੰਦ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਦੇ ਪ੍ਰਗਟ ਰੂਪ ਮਨੁੱਖ ਦੀ ਪੂਜਾ ਕੀਤੇ ਬਗੈਰ ਅਪ੍ਰਗਟ ਪਰਮਾਤਮਾ ਨੂੰ ਪ੍ਰਾਪਤ ਕਰਨਾ ਸੰਭਵ ਨਹੀਂ। ਜੇ ਅਸੀਂ ਸਾਧਰ ਮਨੁੱਖੀ ਚਿਹਰੇ ਵਿੱਚ ਪਰਮਾਤਮਾ ਨੂੰ ਵੇਖ ਸਕਣ ਤੋਂ ਅਸਮਰਥ ਹੈ ਤਾਂ ਉਹ ਨਿਰਜੀਵ ਪਦਾਰਥ ਤੋਂ ਤਿਆਰ ਕੀਤੇ ਬੁੱਤਾਂ ਅਤੇ ਕਾਲਪਨਿਕ ਕਹਾਣੀਆਂ ਵਿਚੋਂ ਪ੍ਰਭੂ ਨੂੰ ਤਲਾਸ਼ ਨਹੀਂ ਸਕਦਾ। ਪੂਜਣਯੋਗ ਇੱਕੋ ਇੱਕ ਮੰਦਿਰ ਮਨੁੱਖੀ ਆਤਮਾ ਹੈ। ਉਹ ਪੂਰੀ ਦ੍ਰਿੜ੍ਹਤਾ ਨਾਲ ਆਸ਼ਵਾਸਨ ਦਿੰਦੇ ਹਨ ਕਿ ਜਦੋਂ ਅਸੀਂ ਪਰਮਾਤਮਾ ਨੂੰ ਹਰ ਮਨੁੱਖ ਰੂਪੀ ਮੰਦਿਰ ਵਿੱਚ ਬਿਰਾਜਮਾਨ ਵੇਖਾਂਗੇ ਅਤੇ ਹਰ ਮਨੁੱਖ ਸਾਹਮਣੇ ਸਤਿਕਾਰ ਪੂਰਬਕ ਖੜ੍ਹ ਕੇ ਉਨ੍ਹਾਂ ਵਿੱਚ ਪਰਮਾਤਮਾ ਦੇ ਦਰਸ਼ਨ ਕਰ ਲਵਾਂਗੇ ਤਾਂ ਅਸੀਂ ਹਰ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਹੋ ਜਾਵਾਂਗੇ ।[9]

ਇਸ ਮਾਨਵਵਾਦੀ ਦ੍ਰਿਸ਼ਟੀਕੋਣ ਦੇ ਆਧਾਰ ਤੇ ਹੀ ਸੁਆਮੀ ਜੀ ਨੇ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਿੱਖਿਆ ਤੇ ਜ਼ੋਰ ਦਿੱਤਾ। ਉਨ੍ਹਾਂ ਦਾ ਕਥਨ ਸੀ ਕਿ ਅਸੀਂ ਆਪਣੀ ਸੀਮਿਤ ਜਿਹੀ ਸਖਸ਼ੀਅਤ ਵਿੱਚ ਹੀ ਪ੍ਰਸੰਨਤਾ ਅਨੁਭਵ ਕਰ ਰਹੇ ਹਾਂ। ਜੇ ਸਮੂਹ ਬ੍ਰਹਿਮੰਡ ਨੂੰ ਹੀ ਅਸੀਂ ਆਪਣਾ ਸਰੀਰ ਮੰਨ ਲਈਏ ਤਾਂ ਇਹ ਪ੍ਰਸੰਨਤਾ ਕਿੰਨੀ ਅਧਿਕ ਹੋਵੇਗੀ ? ਜਿਸ ਮਨੁੱਖ ਨੇ ਇਹ ਅਹਿਸਾਸ ਕਰ ਲਿਆ ਉਹ ਮੁਕਤ ਹੋ ਕੇ ਆਪਣੇ ਨਿੱਜੀ ਸੁਪਨਿਆਂ ਤੋਂ ਬਾਹਰ ਨਿਕਲ ਗਿਆ ਅਤੇ ਆਪਣੇ ਆਪ ਨੂੰ ਪਹਿਚਾਣ ਗਿਆ ।[10]

4.1.1.7. ਧਾਰਮਿਕ ਸਿੱਖਿਆ

ਸੁਆਮੀ ਵਿਵੇਕਾਨੰਦ ਜੀ ਧਰਮ ਨੂੰ ਸਿੱਖਿਆ ਦਾ ਅੰਤਹਕਰਨ ਮੰਨਦੇ ਹਨ ਪਰੰਤੂ ਇਹ ਧਰਮ ਵਿਅਕਤੀ ਦਾ ਹੰਢਾਇਆ ਹੋਇਆ ਅਨੁਭਵ ਹੋਵੇ । ਨ ਕਿ ਕੇਵਲ ਕਿਸੇ ਵਿਸ਼ੇਸ਼ ਮੱਤ ਜਾਂ ਪੰਥ ਦੇ ਨਿਯਮਾਂ ਦੀ ਜਾਣਕਾਰੀ। ਉਹ ਆਖਦੇ ਹਨ ਕਿ ਅਸੀਂ ਭਾਵੇਂ ਸਾਰੀ ਉਮਰ ਗੱਲਾਂ ਕਰੀ ਜਾਈਏ ਅਤੇ ਦਲੀਲਾਂ ਦੇਈ ਜਾਈਏ ਪਰੰਤੂ ਸੱਚ ਨੂੰ ਹੰਢਾਏ ਬਗੈਰ ਇਸਦਾ ਇੱਕ ਸ਼ਬਦ ਵੀ ਨਹੀਂ ਸਮਝ ਸਕਦੇ ।[11] ਉਨ੍ਹਾਂ ਦਾ ਵਿਚਾਰ ਹੈ ਕਿ ਕੇਵਲ

ਪੁਸਤਕਾਂ ਨਾਲ ਚਿੰਬੜੇ ਰਹਿਣ ਨਾਲ ਤਾਂ ਮਨੁੱਖੀ ਮਨ ਵਿੱਚ ਨਿਘਾਰ ਤੇ ਭ੍ਰਿਸ਼ਟਤਾ ਆਉਂਦੀ ਹੈ। ਅਸੀਮ ਪਰਮਾਤਮਾ ਦਾ ਸੰਪੂਰਨ ਗਿਆਨ ਕਿਸੇ ਇੱਕ ਪੁਸਤਕ ਵਿੱਚ ਕਿਵੇਂ ਸਮੋਇਆ ਜਾ ਸਕਦਾ ਹੈ ? ਧਾਰਮਿਕ ਸਿੱਖਿਆ ਬਾਰੇ ਸ੍ਵਾਮੀ ਜੀ ਦੇ ਇਹ ਵਿਚਾਰ ਭਗਤ ਜਨਾਂ ਦੇ ਸ੍ਵੈਅਨੁਭੂਤੀ ਵਿਚਾਰਾਂ ਨਾਲ ਮੇਲ ਖਾਂਦੇ ਹਨ ।

4.1.1.8. ਅਧਿਆਪਕ

ਸ੍ਵਾਮੀ ਵਿਵੇਕਾਨੰਦ ਜੀ ਅਧਿਆਪਕ ਦੇ ਵਿਅਕਤੀਗਤ ਜੀਵਨ ਦੀ ਸ਼ੁੱਧਤਾ ਅਤੇ ਸ਼ੁੱਧ ਆਚਾਰਨ ਤੇ ਵਧੇਰੇ ਬਲ ਦਿੰਦੇ ਹਨ। ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਨਿੱਜ ਲਾਭਾਂ ਦਾ ਤਿਆਗੀ ਤੇ ਸਮਰਪਤ ਵਿਅਕਤੀ ਹੀ ਆਦਰਸ਼ ਅਧਿਆਪਕ ਬਣਨ ਦੇ ਯੋਗ ਹੈ। ਇਹ ਅਧਿਆਪਕ, ਵਿਦਿਆਰਥੀ ਦੇ ਅੰਦਰਲੇ ਅਧਿਆਪਕ ਨੂੰ ਉਕਸਾਉਂਦਾ ਤੇ ਪ੍ਰੇਰਿਤ ਕਰਦਾ ਹੈ। ਸਿੱਖਿਆਰਥੀ ਆਪਣੀ ਅੰਤ੍ਰਿਕ ਸੂਝ ਨਾਲ ਹੀ ਬਾਹਰੀ ਗੱਲਾਂ ਨੂੰ ਸਮਝਦਾ ਅਤੇ ਆਪਣੀ ਆਤਮਾ ਵਿੱਚ ਅਨੁਭਵ ਕਰਦਾ ਹੈ। ਬਾਹਰੀ ਗਿਆਨ ਠੋਸ ਕੇ ਤਾਂ ਸਗੋਂ ਅਧਿਆਪਕ ਆਪਣੇ ਵਿਦਿਆਰਥੀ ਦੀ ਅੰਤਰਾਤਮਾ ਨੂੰ ਦੂਸ਼ਿਤ ਕਰ ਦਿੰਦਾ ਹੈ। ਅਧਿਆਪਕ ਦਾ ਕਰਤੱਵ ਹੈ ਕਿ ਉਹ ਆਪਣੇ ਸਿੱਖਿਆਰਥੀ ਅੰਦਰ ਵਿਦਮਾਨ ਗਿਆਨ ਨੂੰ ਪ੍ਰਜਵਲਿਤ ਕਰੇ ਅਤੇ ਉਸਨੂੰ ਆਪਣੀਆਂ ਲੱਤਾਂ, ਹੱਥਾਂ, ਕੰਨਾ ਤੇ ਅੱਖਾਂ ਦੀ ਉਚਿਤ ਵਰਤੋਂ ਕਰਨ ਦੀ ਸਿਖਲਾਈ ਦੇਵੇ ।[12]

4.1.2. ਸ੍ਰੀ ਰਾਵਿੰਦਰ ਨਾਥ ਟੈਗੋਰ

ਸ੍ਵਾਮੀ ਵਿਵੇਕਾਨੰਦ ਵਾਂਙ ਹੀ ਰਾਵਿੰਦਰ ਨਾਥ ਟੈਗੋਰ ਜੀਵਨ-ਮੁੱਲਾਂ ਨੂੰ ਭਾਰਤੀ ਸਿੱਖਿਆ ਦਾ ਧੁਰਾ ਮੰਨਦੇ ਹਨ। ਆਉ ਉਨ੍ਹਾਂ ਵਲੋਂ ਪ੍ਰਚਾਰੇ ਜੀਵਨ ਮੁੱਲਾਂ ਦਾ ਸੰਖੇਪ ਅਧਿਐਨ ਕਰੀਏ । ਵਿਸ਼ਵ ਭਾਰਤੀ ਅਤੇ ਸ਼ਾਂਤੀਨਿਕੇਤਨ ਦੇ ਸੰਸਥਾਪਕ ਇਸ ਸਿੱਖਿਆ ਸ਼ਾਸਤਰੀ ਦਾ ਸਿੱਖਿਆ ਦਰਸ਼ਨ ਆਪਣੇ ਸੁਭਾਉ ਤੇ ਵਿਹਾਰ ਪੱਖੋਂ ਬਹੁਪਸਾਰੀ ਸੀ ।

4.1.2.1. ਮਨੁੱਖੀ ਜੀਵਨ ਤੇ ਇਸਦਾ ਲਖਸ਼

ਸ੍ਰੀ ਰਵਿੰਦਰ ਨਾਥ ਟੈਗੋਰ ਦਾ ਵਿਚਾਰ ਹੈ ਕਿ ਪਰਮਾਤਮਾ, ਮਨੁੱਖ ਦਾ ਇੱਕ ਪਰਮ ਆਦਰਸ਼ ਹੈ ਜਿਸ ਵੱਲ ਉਹ ਨਿਰੰਤਰ ਵਿਕਾਸ ਕਰਦਾ ਹੋਇਆ ਵਧਦਾ ਹੈ । ਮਨੁੱਖ ਇਸ ਆਦਰਸ਼ ਨਾਲ ਪਿਆਰ-ਏਕਤਾ ਸਥਾਪਿਤ ਕਰਨੀ ਲੋਚਦਾ ਹੈ। ਇਸ ਵਿੱਚ

Sri Satguru Jagjit Singh Ji eLibrary NamdhariElibrary@gmail.com

ਹੀ ਮਨੁੱਖ ਇੱਕ ਆਦਰਸ਼ ਪਿਤਾ, ਦੋਸਤ ਤੇ ਪ੍ਰੇਮੀ ਦੀ ਤਲਾਸ਼ ਕਰਦਾ ਹੈ। ਵਿਕਾਸ ਦੇ ਅੰਤਿਮ ਪੜਾਉ ਤੇ ਪੁੱਜ ਕੇ ਵੀ ਮਨੁੱਖੀ ਆਤਮਾ ਪਰਮਾਤਮਾ ਤੋਂ ਭਿੰਨ ਰਹਿੰਦੀ ਹੈ। ਅਜਿਹੀ ਸਰਵਸ੍ਰੇਸ਼ਟ ਆਤਮਾ ਸੰਪੂਰਨਤਾ ਗ੍ਰਹਿਣ ਕਰ ਲੈਂਦੀ ਹੈ। ਮਨੁੱਖੀ ਆਤਮਾ ਅਤੇ ਬ੍ਰਹਮ ਦਾ ਇਹ ਅੰਤਰ 'ਸਦਾ ਰਹੇ' ਤੇ 'ਬਣੇ ਰਹੇ' ਵਾਲਾ ਹੈ। ਪਰਮਾਤਮਾ ਸੰਪੂਰਨਤਾ ਦਾ ਅੰਤਿਮ ਤੇ ਅਨੰਤ ਆਦਰਸ਼ ਹੈ ਜਦੋਂ ਕਿ ਮਨੁੱਖ ਉਸ ਆਦਰਸ਼ ਦੀ ਪ੍ਰਾਪਤੀ ਲਈ ਨਿਰੰਤਰ ਅਗਲੀ ਪ੍ਰਕਿਰਿਆ ਹੈ। ਪਰਮਾਤਮਾ ਵਿੱਚ ਮਨੁੱਖ ਅਤੇ ਪ੍ਰਕਿਰਤੀ ਨੂੰ ਸਮਾਨ ਸਥਾਨ ਪ੍ਰਾਪਤ ਹੈ। ਇਹ ਦੋਵੇਂ ਹੀ ਪਰਮਾਤਮਾ ਦਾ ਪ੍ਰਗਟਾਉ ਖੇਤਰ ਹਨ।[13]

ਟੈਗੋਰ ਜੀ ਦਾ ਵਿਸ਼ਵਾਸ਼ ਹੈ ਕਿ ਸੰਸਾਰਿਕ ਪਦਾਰਥਾਂ ਦਾ ਲੋਭ ਹੀ ਮਨੁੱਖੀ ਆਤਮਾ ਨੂੰ ਸਰਬਵਿਆਪੀ ਸ਼ਕਤੀ ਦੇ ਸਰਵੋਤਮ ਗੁਣ, ਸੱਚ ਤੋਂ ਪਰੇ ਮੋੜਦਾ ਹੈ, ਪਰਮਾਤਮਾ ਤੇ ਆਤਮਾ ਦੇ ਇਸ ਪਾੜੇ ਨੂੰ ਮਨੁੱਖ ਧਨ-ਦੌਲਤ ਨਾਲ ਭਰਨ ਦੀ ਕੋਸ਼ਿਸ਼ ਕਰਦਾ ਹੈ ਜੋ ਕਿ ਸੰਭਵ ਨਹੀਂ। ਇਹ ਪਾੜਾ ਪਦਾਰਥਾਂ ਦੀ ਚਮਕੀਲੀ ਦਲਦਲ ਥੱਲੇ ਛੁਪਿਆ ਕਾਇਮ ਰਹਿੰਦਾ ਹੈ। ਮਨੁੱਖ ਵੀ ਆਪਣੇ ਅਸਤਿਤ੍ਵ ਦੇ ਆਭਾਸੀ ਤੱਤਾਂ ਨੂੰ ਅਨੁਭਵ ਕਰਦਾ ਰਹਿੰਦਾ ਹੈ। ਉਸਨੂੰ ਅਹਿਸਾਸ ਹੈ ਕਿ ਉਸਦਾ ਕਲਿਆਣ ਪਰਦੇ ਪਿੱਛੇ ਛੁਪੇ ਮਹਾਨ ਰਹੱਸ ਨਾਲ ਜੁੜਨ ਵਿੱਚ ਹੈ ਜਿੱਥੋਂ ਇੱਕ ਵਡੇਰੇ ਜੀਵਨ ਦਾ ਆਰੰਭ ਹੁੰਦਾ ਹੈ। ਇਹ ਪਰਮ ਜੀਵਨ ਮਨੁੱਖ ਨੂੰ ਦੁਨਿਆਵੀ ਸੰਸਾਰ ਤੋਂ ਕਿਤੇ ਵੱਧ ਸ੍ਰੇਸ਼ਟਤਾ ਤੇ ਉੱਤਮਤਾ ਬਖਸ਼ਦਾ ਹੈ।[14] ਜਿਸ ਮਨੁੱਖ ਦੀ ਆਂਤਰਿਕ ਦ੍ਰਿਸ਼ਟੀ ਉਸਦੀ ਚੇਤਨਤਾ ਨਾਲ ਪ੍ਰਕਾਸ਼ਿਤ ਹੋ ਜਾਂਦੀ ਹੈ ਉਹ ਹਰ ਪ੍ਰਕਾਰ ਦੀਆਂ ਆਕਾਸ਼ੀ ਦੁਨਿਆਵੀ ਭਿੰਨਤਾਵਾਂ ਦੀ ਰੂਹਾਨੀ ਏਕਤਾ ਨੂੰ ਅਨੁਭਵ ਕਰਨ ਲਗਦਾ ਹੈ। ਉਸਦਾ ਮਨ ਸੰਸਾਰਿਕ ਵਸਤੂਆਂ ਪਿਛੇ ਲੜਖੜਾਉਂਦਾ ਨਹੀਂ। ਹਨ੍ਹੇਰੇ ਵਿਚ ਅਲੱਗ ਅਲੱਗ ਵਸਤੂਆਂ ਨਾਲ ਟਕਰਾਉਣ ਕਾਰਨ ਉਪਜਿਆ ਭਿੰਨਤਾ ਦਾ ਅਹਿਸਾਸ ਪ੍ਰਕਾਸ਼ ਹੁੰਦਿਆਂ ਹੀ ਇੱਕ ਨਿਰੰਤਰ ਵਿਸ਼ਾਲ ਸਮੁੱਚਤਾ ਵਿੱਚ ਬਦਲ ਜਾਂਦਾ ਹੈ। ਜਾਗ੍ਰਿਤ ਮਨੁੱਖ ਅਨੁਭਵ ਕਰਨ ਲਗ ਪੈਂਦਾ ਹੈ ਕਿ ਮਾਨਸਿਕ ਸ਼ਾਂਤੀ ਅੰਤਿਮ ਸੱਚ ਵਿੱਚ ਵਾਸ ਕਰਦੀ ਹੈ ਨਾ ਕਿ ਬਾਹਰੀ ਆਡੰਬਰਾਂ ਵਿੱਚ। ਉਸ ਮਨੁੱਖ ਨੂੰ ਗਿਆਨ ਹੋ ਜਾਂਦਾ ਹੈ ਕਿ ਪਰਮ ਵਾਸਤਵਿਕਤਾ ਨਾਲ ਮਿਲਾਪ ਦਾ ਸਜੀਵੀ ਮਾਧਿਅਮ ਸੁੰਦਰਤਾ ਹੈ। ਇਹ ਮਿਲਨ ਪਿਆਰ ਨਾਲ ਹੀ ਸੰਪੂਰਨਤਾ ਗ੍ਰਹਿਣ ਕਰਦਾ ਹੈ।

ਟੈਗੋਰ ਜੀ ਦਾ ਵਿਚਾਰ ਹੈ ਕਿ ਮਨੁੱਖ ਆਪਣੇ ਅੰਦਰ ਇੱਕ ਪਰਾਅਨੁਭਵੀ ਪਰਮ ਸੱਚ ਨੂੰ ਮਹਿਸੂਸ ਕਰਦਾ ਹੈ। ਇਸ ਸੱਚ ਦੀ ਅਨੁਭੂਤੀ ਲਈ ਸਵੈ ਦੀ ਨਕਾਰਤਾ ਦੀ ਨਹੀਂ ਸਗੋਂ ਸਮਰਪਣ ਦੀ ਆਵੱਸ਼ਕਤਾ ਹੈ। ਮਨੁੱਖੀ ਜੀਵਨ ਦਾ ਅੰਤਿਮ ਲਕਸ਼ ਮਾਨਵੀ ਸੀਮਾਵਾਂ ਤੋਂ ਪਰੇ ਸਰਬਵਿਆਪੀ ਆਤਮਾ ਵਿੱਚ ਲੀਨ ਹੋ ਕੇ ਪੂਰਨ ਮੁਕਤੀ ਪ੍ਰਾਪਤ ਕਰਨਾ ਹੈ। ਮਨੁੱਖ ਦੇ ਦੁਨਿਆਵੀ ਬਾਹਰਮੁਖੀ ਕਾਰਜ ਭਾਵੇਂ ਬਹੁਮੁੱਲੇ ਸਿੱਟੇ ਪ੍ਰਾਪਤ ਕਰਦੇ ਰਹਿਣ ਪਰੰਤੂ ਉਸਦੇ ਵਿਅਕਤਿਤਵ ਦੀ ਆਂਤਰਿਕ ਸੰਪੂਰਨਤਾ ਦੀ ਕੀਮਤ ਬਹੁਤ ਅਧਿਕ ਹੈ। ਇਹ ਸੰਪੂਰਨਤਾ ਹੀ ਮਨੁੱਖ ਦੀ ਆਤਮਿਕ ਸੁਤੰਤਰਤਾ ਅਤੇ ਮਾਨਵੀ ਕਲਿਆਣ ਦਾ ਅਮੁੱਕ ਖਜਾਨਾ ਹੈ। ਚੰਗਿਆਈ, ਮਨੁੱਖ ਨੂੰ ਉਸਦੀ ਸਵਾਰਥ ਭਾਵਨਾ ਤੋਂ ਮੁਕਤ ਕਰਦੀ ਹੈ ਜਿਸ ਦੇ ਫਲਸਰੂਪ ਉਹ ਪੂਰੀ ਮਾਨਵਤਾ ਨਾਲ ਇਕਮਿੱਕ ਹੋ ਜਾਂਦਾ ਹੈ । ਇਸ ਪ੍ਰਵਿਰਤੀ ਨਾਲ ਜਿੱਥੇ ਮਨੁੱਖ ਆਪਣੇ ਸੰਗੀਆਂ ਲਈ ਉਪਯੋਗੀ ਬਣਦਾ ਹੈ ਉਥੇ ਇੱਕ ਅਜਿਹੀ ਮੁਕਤ ਆਤਮਾ ਵਜੋਂ ਸਿੱਧ ਹੁੰਦਾ ਹੈ ਜੋ ਕੇਵਲ ਨਿੱਜੀ ਇੱਛਾਵਾਂ ਤੇ ਲਾਲਸਾਵਾਂ ਦਾ ਦਾਸ ਨਹੀਂ। ਚੰਗਿਆਈ ਵੀ ਪਿਆਰ ਵਾਂਗ ਮਨੁੱਖੀ ਸਵੈ ਦੀ ਸੁਤੰਤਰਤਾ ਹੈ। ਮਨੁੱਖ ਨੂੰ ਆਪਣੇ ਧੁਰ ਅੰਦਰੋਂ ਨਾ ਕੇਵਲ ਸੰਸਾਰਿਕ ਕਾਰਜਾਂ ਲਈ ਸਗੋਂ ਆਤਮਿਕ ਸਿੱਧੀ ਲਈ ਸੁਹਿਰਦ ਹੋਣਾ ਚਾਹੀਦਾ ਹੈ। ਇਹ ਆਤਮਿਕਤਾ ਹੀ ਉਸ ਅਜ਼ਲੀ ਤੇ ਸੰਪੂਰਨ ਬ੍ਰਹਮ ਨਾਲ ਇਕਸੁਰ ਹੁੰਦੀ ਹੈ ।[15]

ਪੁਰਾਤਨ ਭਾਰਤੀ ਦਰਸ਼ਨ ਦਾ ਅਨੁਸਰਨ ਕਰਦਿਆਂ ਟੈਗੋਰ ਜੀ ਨੇ ਮਨੁੱਖ ਦਾ ਪਰਮ ਲਖਸ਼ ਉਸ ਜੀਵਨ ਦੀ ਤਿਆਰੀ ਨਿਰਧਾਰਿਤ ਕੀਤਾ ਜੋ ਮੌਤ ਤੋਂ ਪਰੇ ਤੱਕ ਵਿਸਤ੍ਰਿਤ ਹੈ ਅਤੇ ਹਰ ਪ੍ਰਕਾਰ ਦੀਆਂ ਪਰਿਸਥਿਤੀਆਂ ਤੋਂ ਉੱਪਰ ਹੈ। ਉਨ੍ਹਾਂ ਨੇ ਆਵਾਹਨ ਕੀਤਾ ਕਿ ਆਉ ਉਸ ਪਰਮ ਸੱਚ ਦੀ ਤਲਾਸ਼ ਕਰੀਏ ਜੋ ਸਾਨੂੰ ਅਗਿਆਨਤਾ ਦੇ ਬੰਧਨਾਂ ਤੋਂ ਮੁਕਤ ਕਰਵਾ ਕੇ ਆਂਤਰਿਕ ਪ੍ਰਕਾਸ਼ ਤੇ ਪਿਆਰ ਦੀ ਦੌਲਤ ਉਪਲਬਧ ਕਰਵਾਏ ।[16]

4.1.2.2. ਸਿੱਖਿਆ ਉਦੇਸ਼

ਰਾਬਿੰਦਰ ਨਾਥ ਟੈਗੋਰ ਜੀ ਪੁਰਾਤਨ ਭਾਰਤੀ ਆਸ਼ਰਮ ਸਕੂਲਾਂ ਦੇ ਆਤਮਿਕ ਸ਼ਿਸ਼ਟਾਚਾਰ ਤੋਂ ਭਲੀ ਭਾਂਤ ਪਰਿਚਿਤ ਸਨ ਜਿਸ ਨੂੰ ਉਨ੍ਹਾਂ ਨੇ ਆਪਣੇ ਸ਼ਾਂਤੀਨਿਕੇਤਨ ਵਿੱਚ ਉਜਾਗਰ ਕਰਨ ਲਈ ਹਰ ਸੰਭਵ ਉਪਰਾਲਾ ਕੀਤਾ। ਇਸਦੇ ਨਾਲ ਹੀ ਉਨ੍ਹਾਂ ਨੇ

ਆਧੁਨਿਕ ਸਮਾਜ ਦੀਆਂ ਆਵੱਸ਼ਕਤਾਵਾਂ ਨੂੰ ਵੀ ਨਹੀਂ ਅਣਗੌਲਿਆ । ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ ਰਚਨਾਤਮਿਕ ਕਿਰਿਆ ਨੂੰ ਪ੍ਰੋਤਸਾਹਿਤ ਕੀਤਾ । ਉਨ੍ਹਾਂ ਦੁਆਰਾ ਸਥਾਪਿਤ ਵਿਸ਼ਵ ਭਾਰਤੀ ਸੰਸਥਾ ਦਾ ਉਦੇਸ਼ ਸਿੱਖਿਆਰਥੀ ਨੂੰ ਇੱਕ ਅਜਿਹੇ ਜੀਵਨ ਦਾ ਧਾਰਨੀ ਬਣਾਉਣਾ ਸੀ ਜੋ ਬੌਧਿਕ ਤੇ ਆਰਥਿਕ ਪੱਖੋਂ ਚੇਤੰਨ ਹੋਣ ਦੇ ਨਾਲ ਨਾਲ ਆਤਮਿਕ ਸੁਤੰਤਰਤਾ ਤੇ ਪਰਮ ਸੰਪੂਰਨਤਾ ਦਾ ਅਭਿਲਾਸ਼ੀ ਹੋਵੇ। ਪੁਰਾਤਨ ਭਾਰਤੀ ਆਸ਼ਰਮ ਸਮਾਜ ਤੋਂ ਨਵੇਕਲੇ ਰਹਿੰਦੇ ਹੋਏ ਵੀ ਉਸਨੂੰ ਜੀਵਨ ਤੇ ਪ੍ਰਕਾਸ਼ ਵੰਡਦੇ ਸਨ। ਇਨ੍ਹਾਂ ਆਸ਼ਰਮਾਂ ਵਿੱਚ ਪੜ੍ਹਾਈ ਪੂਰੀ ਕਰਨ ਉਪਰੰਤ ਘਰੇਲੂ ਤੇ ਸਮਾਜਿਕ ਜੀਵਨ ਵਿੱਚ ਵਿਅੱਸਤ ਵਿਅਕਤੀ ਇੱਕ ਸਦੀਵੀ ਤੇ ਆਂਤਰਿਕ ਦ੍ਰਿਸ਼ਟੀ ਦੇ ਧਾਰਨੀ ਹੁੰਦੇ ਸਨ ।[17]

ਟੈਗੋਰ ਜੋ ਮਨੁੱਖ ਦੇ ਆਤਮਿਕ ਵਿਕਾਸ 'ਤੇ ਅਧਿਕ ਬਲ ਦਿੰਦੇ ਹਨ। ਉਹ ਆਤਮਿਕ ਨਾਲੋਂ ਮਾਨਸਿਕ ਤੇ ਸਰੀਰਕ ਪੱਖੋਂ ਅਧਿਕ ਵਿਕਸਿਤ ਵਿਅਕਤੀ ਦੀ ਤੁਲਨਾ ਇੱਕ ਅਜਿਹੇ ਜਿਰਾਫ ਜਾਨਵਰ ਨਾਲ ਕਰਦੇ ਹਨ ਜਿਸਦਾ ਸਿਰ ਬਾਕੀ ਦੇ ਸਰੀਰ ਨਾਲੋਂ ਮੀਲਾਂ ਦੂਰ ਹੋਵੇ। ਅਜਿਹਾ ਹੋਣ ਨਾਲ ਅੰਗਾਂ ਵਿਚਕਾਰ ਸਾਮਾਨਯ ਆਦਾਨ ਪ੍ਰਦਾਨ ਵੀ ਕਠਿਨ ਹੋ ਜਾਂਦਾ ਹੈ। ਟੈਗੋਰ ਦਾ ਰੂਹਾਨੀ ਸੰਸਾਰ ਭੌਤਿਕ ਸੰਸਾਰ ਦਾ ਹੀ ਇੱਕ ਅਨਿੱਖੜਵਾਂ ਅੰਗ ਹੈ।

ਟੈਗੋਰ ਆਦਰਸ਼ ਸਕੂਲ ਨੂੰ ਅਜਿਹਾ ਆਸ਼ਰਮ ਮੰਨਦੇ ਹਨ ਜਿੱਥੇ ਜੀਵਨ ਦੇ ਉਚਤਮ ਮਨੋਰਥ ਦੀ ਸਿੱਧੀ ਲਈ ਮਨੁੱਖ ਇਕੱਤ੍ਰ ਹੋਣ । ਸਿੱਖਿਆ ਨੂੰ ਮਨੁੱਖ ਦੇ ਆਰਥਿਕ ਬੌਧਿਕ, ਸੁਹਜਾਤਮਿਕ, ਸਮਾਜਿਕ ਤੇ ਆਤਮਿਕ ਵਿਕਾਸ ਲਈ ਕਾਰਗਰ ਹੋਣਾ ਅਨਿਵਾਰੀ ਹੈ। ਇਸ ਪ੍ਰਕਾਰ ਇੱਕ ਪਾਸੇ ਟੈਗੋਰ ਨੇ ਨਿਤਾਪ੍ਰਤੀ ਕਿਰਿਆਵਾਂ ਲਈ ਸਿੱਖਿਆ ਦੇ ਵਿਆਪੀਕਰਨ ਦੀ ਪ੍ਰੋੜ੍ਹਤਾ ਕੀਤੀ ਹੈ ਅਤੇ ਤਾਂ ਦੂਜੇ ਪਾਸੇ ਉਨ੍ਹਾਂ ਨੇ ਵਿਅਕਤੀ ਦੀ ਸਮੁੱਚੀ ਸਖਸ਼ੀਅਤ ਦੇ ਵਿਕਾਸ ਤੇ ਜ਼ੋਰ ਦਿੱਤਾ ਹੈ। ਇਹ ਉਪਲਬਧੀ ਸੁਤੰਤਰਤਾ ਦੇ ਵਾਤਾਵਰਨ ਵਿੱਚ ਸਿਰਜਨਾਤਮਿਕ ਭਾਵਨਾ ਤੇ ਸ਼ਕਤੀ ਅਤੇ ਸੁਹਜਮਈ ਚੇਤਨਤਾ ਨੂੰ ਜਾਗ੍ਰਿਤ ਕਰਨ ਨਾਲ ਹੀ ਸੰਭਵ ਹੋ ਸਕਦੀ ਹੈ ।[18] ਟੈਗੋਰ ਜੋ ਸਕੂਲ ਨੂੰ ਅਜਿਹੀ ਪ੍ਰਯੋਗਸ਼ਾਲਾ ਆਖਦੇ ਹਨ ਜਿਸ ਵਿੱਚ ਕੇਵਲ ਗਿਆਨ ਦਾ ਪ੍ਰਚਾਰ ਜਾਂ ਵਿਕਾਸ ਹੀ ਨਾ ਕੀਤਾ ਜਾਵੇ ਸਗੋਂ ਮਨੁੱਖ ਨੂੰ ਆਪਣਾ ਦੁਨਿਆਵੀ ਜੀਵਨ ਬਿਤਾਉਣ ,ਸਵੈ-ਰੱਖਿਆ ਤੇ ਸਵੈਨਿਯੰਤਰਨ ਕਰਨ, ਆਤਮਿਕ ਤੌਰ ਤੇ ਮਹਾਨ ਰਹਿਣ ਅਤੇ ਮਾਨਵੀ ਕਲਿਆਣ ਲਈ ਘੋਲ ਕਰਨ ਦੀ ਸ਼ਕਤੀ ਪ੍ਰਦਾਨ ਕੀਤੀ ਜਾਵੇ ।[19]

www.archive.org/details/namdhari



ਉਹ ਪਰਤੰਤਰਤਾ, ਖੰਡਿਰਕਤਾ, ਤਰਕਹੀਨਤਾ, ਅਗਿਆਨਤਾ ਉਦਾਸੀਨਤਾ, ਵੈਰਵਿਰੋਧ, ਸੰਕੀਰਨਤਾ ਤੇ ਨਿਖੇੜ ਦੀ ਬਜਾਏ ਸੁਤੰਤਰਤਾ, ਸਜੀਵਤਾ, ਦਲੀਲਬਾਜ਼ੀ, ਗਿਆਨ, ਸੂਝ, ਹਮਦਰਦੀ, ਉਦਾਰਦਿਲੀ ਤੇ ਸੰਜੋਜਨ ਲਿਆਉਣਾ ਸਿੱਖਿਆ ਦਾ ਪ੍ਰਮੁੱਖ ਉਦੇਸ਼ ਮੰਨਦੇ ਹਨ। ਅਜਿਹਾ ਹੋਣ ਨਾਲ ਰਾਸ਼ਟਰੀਅਤਾ, ਸਮਾਜਿਕ ਪਦਵੀ ਸੰਪ੍ਰਦਾਇ, ਮੱਤ ਤੇ ਧਰਮ ਤੋਂ ਨਿਰਪੇਖ ਇੱਕ ਮਾਨਵਤਾਵਾਦੀ ਵਿਸ਼ਵ ਭਾਈਚਾਰਾ ਸਥਾਪਿਤ ਹੋ ਸਕੇਗਾ। ਸਿੱਖਿਆ ਪ੍ਰਤੀ ਆਪਣੀ ਇਸ ਧਰਬਾਗੀ ਦ੍ਰਿਸ਼ਟੀ ਦੀ ਸਾਕਾਰਤਾ ਲਈ ਟੈਗੋਰ ਜੀ ਨੇ ਤੇਈ ਸਾਲ ਤੱਕ ਅਣਥੱਕ ਯਤਨ ਕੀਤੇ ।[20]

## 4.1.2.3. ਮਾਨਵਤਾਵਾਦ

ਰਾਵਿੰਦਰ ਨਾਥ ਟੈਗੋਰ ਜੀ ਮਨੁੱਖ ਨੂੰ ਪਰਮ ਸ੍ਰੇਸ਼ਠ ਮੰਨਦੇ ਹੋਏ ਪਰਮਾਤਮਾ ਨੂੰ ਵੀ ਮਨੁੱਖਤਾ ਦੇ ਸੰਦਰਭ ਵਿੱਚ ਹੀ ਵਿਚਾਰਦੇ ਹਨ। ਉਹ ਮਨੁੱਖਾਂ ਨੂੰ ਵਾਸਤਵਿਕ ਸੱਚ ਆਖਦੇ ਹਨ। ਉਹ ਮਨੁੱਖ ਦੇ ਸਰਵੰਵਿਕਾਸ ਦੇ ਸਮਰਥਕ ਹਨ। ਉਹ ਮਾਨਵੀ-ਪਰਮਾਤਮਾ ਦੇ ਵਿਚਾਰ ਨੂੰ ਈਸ਼ਵਰੀ-ਮਨੁੱਖ ਦੇ ਸੰਕਲਪ ਨਾਲ ਪੂਰਨ ਕਰਨਾ ਚਾਹੁੰਦੇ ਹਨ । ਟੈਗੋਰ, ਮਨੁੱਖ ਨੂੰ ਪਰਮਾਤਮਾ ਦੇ ਸਾਰੇ ਪ੍ਰਗਟਾਵਿਆਂ ਵਿਚੋਂ ਅਦੁੱਤੀ ਆਖਦੇ ਹਨ ਕਿਉਂਕਿ ਇਸ ਵਿੱਚ ਖੁਦ ਪਰਮਾਤਮਾ ਇੱਕ ਵਿਲੱਖਣ ਲਹਿਜੇ ਨਾਲ ਪ੍ਰਕਾਸ਼ਮਾਨ ਹੁੰਦਾ ਹੈ।[21] ਪਰਮਾਤਮਾ ਦੀ ਅਨੁਭਵਤਾ ਮਨੁੱਖੀ ਅੱਖਾਂ ਵਿੱਚ ਨੀਝ ਲਗਾ ਕੇ ਅਤੇ ਮਨੁੱਖੀ ਹੱਥਾਂ ਦੀ ਛੋਹ ਪ੍ਰਾਪਤ ਕਰਕੇ ਹੀ ਹੁੰਦੀ ਹੈ। ਟੈਗੋਰ ਦਾ ਧਰਮ ਮਨੁੱਖ ਦਾ ਧਰਮ ਹੈ ਜਿਸ ਵਿੱਚ ਅਨੰਤ ਪਰਮਾਤਮਾ ਵੀ ਸੀਮਿਤ ਮਨੁੱਖਤਾ ਦੁਆਰਾ ਪਰਿਭਾਸ਼ਿਤ ਹੁੰਦਾ ਹੈ ।

## 4.1.2.4. ਪ੍ਰਕਿਰਤੀਵਾਦ

ਟੈਗੋਰ ਜੀ ਮਨੁੱਖ ਅਤੇ ਪ੍ਰਕਿਰਤੀ ਨੂੰ ਪਰਮਾਤਮਾ ਦਾ ਅਟੁੱਟ ਅੰਗ ਮੰਨਦੇ ਹਨ। ਪ੍ਰਭੂ ਮਿਲਣ ਦੀ ਪ੍ਰਬਲ ਮਨੁੱਖੀ ਅਭਿਲਾਸ਼ਾ ਨੂੰ ਕੇਵਲ ਪ੍ਰਕਿਰਤੀ ਨਾਲ ਸੰਯੋਗ ਦੁਆਰਾ ਹੀ ਸੰਤੁਸ਼ਟ ਕੀਤਾ ਜਾ ਸਕਦਾ ਹੈ। ਪ੍ਰਕਿਰਤੀ ਹੀ ਆਤਮਿਕ ਵਿਕਾਸ, ਵਿਸਤਾਰ ਅਤੇ ਪ੍ਰਭੂ-ਪ੍ਰਾਪਤੀ ਲਈ ਸਾਧਨ ਮਾਤਰ ਹੈ। ਮਨੁੱਖ ਦੀਆਂ ਧਾਰਮਿਕ ਭਾਵਨਾਵਾਂ ਦਾ ਮੂਲ ਵੀ ਉਸਦੀ ਅਗਿਆਤ ਤੇ ਅਨੰਤ ਲੋੜਾਂ ਹੈ। ਇਸ ਲਈ ਧਾਰਮਿਕ ਸਿੱਖਿਆ ਵੀ ਪ੍ਰਕਿਰਤੀ ਦੀ ਗੋਦ ਵਿਚ ਹੀ ਸੰਭਵ ਹੋ ਸਕਦੀ ਹੈ ਕਿਉਂਕਿ ਇਸ ਨਾਲ ਆਨੰਦ ਤੇ ਸਨੇਹ ਦੀ ਉਤਪਤੀ

Sri Satguru Jagjit Singh Ji eLibrary NamdhariElibrary@gmail.com

ਹੁੰਦੀ ਹੈ।[22] ਟੈਗੋਰ ਪੂਜਾ ਲਈ ਮੰਦਿਰਾਂ, ਬਾਹਰੀ ਕਰਮਕਾਂਡਾਂ ਤੇ ਰਸਮਾਂ ਦੀ ਲੋੜ ਨਹੀਂ ਸਮਝਦੇ। ਉਨ੍ਹਾਂ ਅਨੁਸਾਰ ਬਾਹਰੀ ਪ੍ਰਕਿਰਤੀ ਤੇ ਮਨੁੱਖੀ ਰੂਹ ਦੇ ਸੰਗਮ ਭਾਵ ਆਸ਼ਰਮ ਹੀ ਸਾਡੀ ਪੂਜਾ ਦੇ ਮੰਦਿਰ ਹੋਣੇ ਚਾਹੀਦੇ ਹਨ ।[23]

4.1.2.5. ਧਾਰਮਿਕ ਸਿੱਖਿਆ

ਰਵਿੰਦਰ ਨਾਥ ਜੀ ਅਨੁਸਾਰ ਧਰਮ ਕੋਈ ਅੰਸ਼ਿਕ ਵਸਤੂ ਨਹੀਂ ਜਿਸ ਦਾ ਵਿਤਰਨ ਸਕੂਲ ਪਾਠਕ੍ਰਮ ਵਿੱਚ ਦੂਜੇ ਵਿਸ਼ਿਆਂ ਵਾਂਗ ਨਿਸ਼ਚਿਤ ਸਪਤਾਹਿਕ ਜਾਂ ਰੋਜ਼ਾਨਾ ਸਮਾਂਸਾਰਨੀ ਵਿੱਚ ਕੀਤਾ ਜਾ ਸਕੇ। ਧਰਮ ਤਾਂ ਸਾਡੇ ਸੰਪੂਰਨ ਜੀਵਨ ਦੀ ਸਚਾਈ ਅਤੇ ਪਰਮਾਤਮਾ ਨਾਲ ਸਾਡੇ ਨਿੱਜੀ ਸੰਬੰਧਾਂ ਦੀ ਚੇਤਨਤਾ ਹੈ। ਇਹ ਸਾਡੇ ਜੀਵਨ ਦਾ ਮੂਲ ਨਾਭੀਕੇਂਦਰ ਹੈ। ਮਨੁੱਖ ਆਪਣੇ ਬਚਪਨ ਵਿੱਚ ਹੀ ਅਜਿਹੇ ਸਥਾਨਾਂ ਤੇ ਨਿਵਾਸ ਕਰਕੇ ਧਰਮ ਗ੍ਰਹਿਣ ਕਰ ਸਕਦਾ ਹੈ ਜਿੱਥੇ ਰੂਹਾਨੀ ਸੰਸਾਰ ਦੇ ਸੱਚ ਨੂੰ ਬਣਾਉਟੀ ਦੁਨਿਆਵੀ ਲੋੜਾਂ ਨਾਲ ਧੁੰਦਲਾ ਨਾ ਕੀਤਾ ਗਿਆ ਹੋਵੇ, ਜਿੱਥੇ ਜੀਵਨ ਸਾਦਾ ਅਤੇ ਪ੍ਰਕਿਰਤੀ ਵਿਚਕਾਰ ਘਿਰਿਆ ਹੋਵੇ। ਟੈਗੋਰ ਲਈ ਅਜਿਹੇ ਧਰਮ ਤੋਂ ਬਿਨਾਂ ਸਿੱਖਿਆ ਮਿੱਥਿਆ ਹੈ। ਟੈਗੋਰ ਨੇ ਇੱਕ ਸੰਪ੍ਰਦਾਇਕਤਾ ਰਹਿਤ 'ਮਨੁੱਖ ਦੇ ਧਰਮ' ਨੂੰ ਹੰਢਾਇਆ ਤੇ ਪ੍ਰਚਾਰਿਆ ।

4.1.3. ਸ੍ਰੀ ਅਰਵਿੰਦੂ ਘੋਸ਼

ਸ੍ਰੀ ਅਰਵਿੰਦੂ ਜੀ ਭਾਰਤ ਦੇ ਮਹਾਨ ਦਾਰਸ਼ਨਿਕ ਹਨ। ਆਧੁਨਿਕ ਭਾਰਤੀ ਦਰਸ਼ਨ ਨੂੰ ਉਨ੍ਹਾਂ ਦਾ ਵਡਮੁੱਲਾ ਯੋਗਦਾਨ ਹੈ। ਭਾਰਤ ਦੇ ਪੁਰਾਤਨ ਵਿਰਸੇ ਨੂੰ ਉਨ੍ਹਾਂ ਨੇ ਨਾ ਕੇਵਲ ਘੋਖਿਆ ਹੀ ਸਗੋਂ ਉਸਦੀ ਪੁਨਰ ਵਿਆਖਿਆ ਵੀ ਕੀਤੀ ਹੈ।[24] ਉਨ੍ਹਾਂ ਦੇ ਸਿੱਖਿਆ ਦਰਸ਼ਨ ਨੂੰ ਵਿਹਾਰਕ ਰੂਪ ਦੇਣ ਲਈ ਇੱਕ ਅੰਤਰਰਾਸ਼ਟਰੀ ਯੂਨੀਵਰਸਿਟੀ ਤੇ ਭਾਰਤਵਰਸ਼ ਵਿੱਚ ਕਈ ਸਕੂਲ ਖੋਲ੍ਹੇ ਗਏ ।

4.1.3.1. ਪਰਮਾਤਮਾ ਅਤੇ ਮਨੁੱਖ

ਅਰਵਿੰਦੂ ਜੀ ਦੇ ਵਿਚਾਰਾਂ ਦਾ ਸੋਮਾ ਉਪਨਿਸ਼ਦਾਂ ਦਾ ਮੂਲ ਵੇਦਾਂਤ ਹੈ ਨਾ ਕਿ ਪਰਾਭੌਤਿਕੀ ਦਰਸ਼ਨ ਦੀਆਂ ਵਿਭਿੰਨ ਪੱਧਤੀਆਂ। ਉਹ ਜੀਵਨ ਨੂੰ ਸਰਬਵਿਆਪੀ ਤੇ

Sri Satguru Jagjit Singh Ji eLibrary NamdhariElibrary@gmail.com

ਅਵਿਨਾਸ਼ੀ ਮੰਨਦੇ ਹਨ। ਆਕ੍ਰਿਤੀਆਂ ਅਤੇ ਵਿਵਸਥਾਵਾਂ ਅਨੁਸਾਰ ਵਿਭਿੰਨ ਪ੍ਰਤੀਤ ਹੁੰਦੇ ਸੰਸਾਰਿਕ ਜੀਵਾਂ ਵਿੱਚ ਇੱਕ ਹੀ ਸਾਂਝੀ ਸ਼ਕਤੀ ਕਾਰਜਯੁਕਤ ਹੈ। ਸਮੂਹ ਬਨਸਪਤੀ ਤੇ ਜੀਵ-ਜਗਤ ਵਿੱਚ ਉਤਪਤੀ, ਵਿਕਾਸ, ਭੋਜਨ, ਜਣਨਕਿਰਿਆ, ਬਾਂਝਪਣ ਅਤੇ ਨੀਂਦਗ੍ਰਸਤ ਜਿਹੀਆਂ ਸਮਾਨ ਪ੍ਰਕਿਰਿਆਵਾਂ ਕਾਰਨ ਪ੍ਰਾਣੀਆਂ ਵਿੱਚ ਕੋਈ ਅੰਤਰ ਨਹੀਂ ਹੈ ।[25]

ਸ੍ਰੀ ਅਰਬਿੰਦੂ ਜੀ ਮਾਦੇ ਭਾਵ ਪਦਾਰਥ ਅਤੇ ਰੂਹ ਵਿਚਕਾਰ ਕੋਈ ਅਨਿਵਾਰੀ ਅੰਤਰ ਨਹੀਂ ਮੰਨਦੇ। ਉਨ੍ਹਾਂ ਦਾ ਵਿਚਾਰ ਹੈ ਕਿ ਆਤਮਾ ਦੀਆਂ ਸਮੂਹ ਸ਼ਕਤੀਆਂ ਪਦਾਰਥ ਵਿੱਚ ਨੀਂਦਗ੍ਰਸਤ ਹਨ। ਕ੍ਰਮਵਿਕਾਸ ਦਾ ਮਨੋਰਥ ਇਨ੍ਹਾਂ ਸ਼ਕਤੀਆਂ ਨੂੰ ਪ੍ਰਤੱਖ ਕਰਨਾ ਤੇ ਪ੍ਰਗਟਾਉਣਾ ਹੈ। ਇਸ ਪ੍ਰਕਾਰ ਨਾਸ਼ਵਾਨ ਸੰਸਾਰ ,ਪਰਮਾਤਮਾ ਦਾ ਪ੍ਰਤਿਦਵੰਦੀ ਨਹੀਂ ਹੋ ਸਕਦਾ। ਸੰਸਾਰ ਅਜਿਹਾ ਸਥਾਨ ਹੈ ਜਿਥੋਂ ਦੈਵੀਸ਼ਕਤੀ ਵਿਆਪਤ ਰਹਿੰਦੀ ਹੈ। ਉਹ ਹਰ ਥਾਂ ਵਿਆਪਕ ਹੈ। ਪਰਮਾਤਮਾ ਹੀ ਧਾੜੇ ਸਾਰਿਆਂ ਵਿੱਚ ਵਸਦਾ ਅਤੇ ਹਰ ਪ੍ਰਭਾਵ ਨੂੰ ਮਹਿਸੂਸਦਾ ਹੈ। ਸੁੰਦਰਤਾ, ਗਿਆਨ, ਸ਼ਕਤੀ ਤੇ ਪਿਆਰ ਪਰਮਾਤਮਾ ਦੇ ਪ੍ਰਮੁੱਖ ਲੱਛਣ ਹਨ। ਪ੍ਰਕਿਰਤਾਂ ਦੇ ਖਣਿਜ ਪਦਾਰਥਾਂ ਵਿੱਚ ਦਬੀ ਚੇਤਨਤਾ ਨੇ ਧੀਮੇ ਤੇ ਅਨੇਕ ਰੂਪੀ ਆਰੋਹਾਂ ਦੁਆਰਾ ਮਨੁੱਖ ਰੂਪ ਵਿੱਚ ਪ੍ਰਵੇਸ਼ ਕਰਨ ਲਈ ਪਹਿਲਾਂ ਜੀਵਨ-ਸੱਤਾ ਤੇ ਮਾਨਸਿਕ ਜਗਤਾਂ ਦੇ ਪੜਾਵਾਂ ਨੂੰ ਪਾਰ ਕੀਤਾ। ਭਾਵੇਂ ਵਰਤਮਾਨ ਮਨੁੱਖ ਵਿੱਚ ਬੌਧਿਕਤਾ ਦੀ ਬਹੁਲਤਾ ਹੈ ਪਰੰਤੂ ਉਸ ਦੀ ਇਹ ਅੰਤਿਮ ਅਵਸਥਾ ਨਹੀਂ ਹੈ। ਇਸ ਸਾਕਾਰ ਚੇਤਨਤਾ ਦੇ ਆਰੋਹ ਵਿੱਚ ਅਗਲੀ ਪ੍ਰਜਾਤੀ ਮਾਨਸਿਕ ਖੇਤਰ ਤੋਂ ਉਚੇਰੇ ਖੇਤਰ ਦੇ ਦਬਾਉ ਅਧੀਨ ਪੁੱਟੀ ਜਾਵੇਗੀ। ਜਿਸਦਾ ਸਿੱਟਾ ਪਰਮ ਉੱਤਮ ਮਨ ਹੋਵੇਗਾ ।[26]

4.1.3.2. ਸਿੱਖਿਆ ਉਦੇਸ਼

ਅਰਵਿੰਦੂ ਜੀ ਦਾ ਵਿਚਾਰ ਹੈ ਕਿ ਆਮ ਮਨੁੱਖਾਂ ਦੀ ਆਤਮਾ ਦੇ ਕਾਰਜ ਉਸ ਦੀਆਂ ਮਾਨਸਿਕ ਇੱਛਾਵਾਂ, ਮਨੋਕਾਮਨਾਵਾਂ ਤੇ ਆਵੇਸ਼ਾਂ ਕਾਰਨ ਧੁੰਦਲਾਏ, ਜੀਵਨ ਦੀਆਂ ਨੰਗੀਆਂ ਸਚਾਈਆਂ ਨਾਲ ਸਖ਼ਤਾਏ ਅਤੇ ਦੁਨਿਆਵੀ ਪਰੰਪਰਾਵਾਂ ਨਾਲ ਰਲਗੱਡ ਕੀਤੇ ਹੁੰਦੇ ਹਨ। ਇਸ ਨਾਲ ਆਤਮਾ ਦੀ ਪਵਿੱਤਰਤਾ ਤੇ ਭਰੋਸੇਯੋਗਤਾ ਦਾ ਪਤਨ ਹੋ ਜਾਂਦਾ ਹੈ । ਸਿੱਖਿਆ ਦਾ ਮਨੋਰਥ ਇਨ੍ਹਾਂ ਦੁਰਪ੍ਰਭਾਵਾਂ ਤੇ ਵਿਕਾਰਾਂ ਤੋਂ ਆਤਮਾ ਨੂੰ ਛੁਟਕਾਰਾ ਦਿਵਾਉਣਾ ਹੈ। ਇਸ ਪ੍ਰਕਾਰ ਸਿੱਖਿਆ ਦਾ ਕਾਰਜ ਮਨੁੱਖ ਦੀ ਨਜ਼ਰ, ਆਵਾਜ਼, ਸੁਆਦ, ਗੰਧ, ਸਪਰਸ਼ ਤੇ ਮਨ ਆਦਿ ਸੰਵੇਦਨਾਵਾਂ ਦਾ ਉਚਿਤ ਵਿਕਾਸ ਕਰਨਾ ਹੈ। ਸਿੱਖਿਆ ਹੀ ਇਨ੍ਹਾਂ ਸੰਵੇਦਨਾਵਾਂ ਨੂੰ ਖੁੰਢੀਆਂ ਤੇ ਜਖ਼ਮੀ ਹੋਣ ਤੋਂ ਬਚਾ ਕੇ ਦਰੁਸਤ ਤੇ ਪ੍ਰਬੀਨ ਕਰਨ ਵਿੱਚ

Sri Satguru Jagjit Singh Ji eLibrary NamdhariElibrary@gmail.com

ਧਾਰਮਿਕ ਸਕਦੀ ਹੈ।[27] ਉਹ ਸਿੱਖਿਆ ਹੀ ਸੱਚੀ ਤੇ ਜੀਵਿਤ ਹੈ ਜੋ ਵਿਅਕਤੀ ਦੀਆਂ ਅਵਿੱਅਕਤ ਸ਼ਕਤੀਆਂ ਨੂੰ ਉਜਾਗਰ ਕਰਕੇ ਵਿਕਸਿਤ ਕਰਦੀ ਹੈ। ਸਿੱਖਿਆ ਹੀ ਮਨੁੱਖ ਦੇ ਨਿਜ ਨੂੰ ਸਮੂਹ ਮਨੁੱਖਤਾ ਦੀ ਆਤਮਾ ਨਾਲ ਜੋੜਦੀ ਹੈ ।

ਉਨ੍ਹਾਂ ਦਾ ਦ੍ਰਿੜ ਵਿਸ਼ਵਾਸ਼ ਹੈ ਕਿ ਆਧੁਨਿਕ ਮਾਨਵੀ ਸਮੱਸਿਆਵਾਂ ਦੇ ਸਮਾਧਾਨ ਲਈ ਪੁਰਾਤਨ ਰੂਹਾਨੀ ਗਿਆਨ ਦਾ ਅਧਿਐਨ ਤੇ ਅਭਿਆਸ ਉਪਯੋਗੀ ਸਿੱਧ ਹੋ ਸਕਦਾ ਹੈ। ਇਸ ਅਧਿਆਤਮਿਕਤਾ ਨੂੰ ਵਰਤਮਾਨ ਦਰਸ਼ਨ, ਸਾਹਿਤ, ਕਲਾ, ਵਿਗਿਆਨ ਤੇ ਯੋਗ ਪਰਕ ਗਿਆਨ ਦੇ ਨਵੇਂ ਰੂਪਾਂ ਵਿਚ ਢਾਲਣਾ ਅਗਲਾ ਕਦਮ ਹੈ। ਇਹ ਕਾਰਜ ਭਾਵੇਂ ਕਠਿਨ ਹੈ ਪਰੰਤੂ ਅਤਿ ਆਵੱਸ਼ਕ ਹੈ ।[28]

ਅਰਵਿੰਦੂ ਜੀ ਦੀ ਧਾਰਨਾ ਹੈ ਕਿ ਹਰ ਮਨੁੱਖ ਦੇ ਅੰਤਹਕਰਨ ਵਿੱਚ ਇੱਕ ਮਹਾਨ ਚੇਤਨਤਾ ਦੀ ਸੰਭਾਵਨਾ ਛੁਪੀ ਹੋਈ ਹੁੰਦੀ ਹੈ ਜਿਸ ਨਾਲ ਉਹ ਉਚੇਰਾ ਤੇ ਵਿਸ਼ਾਲ ਜੀਵਨ ਜੀਉਣ ਦੇ ਯੋਗ ਹੋ ਸਕਦਾ ਹੈ। ਵਾਸਤਵ ਵਿੱਚ ਸਾਰੇ ਅਨੂਠੇ ਮਨੁੱਖਾਂ ਦੀਆਂ ਗਤੀ-ਵਿਧੀਆਂ ਨੂੰ ਇਹ ਚੇਤਨਤਾ ਹੀ ਨਿਯੰਤ੍ਰਿਤ ਤੇ ਆਯੋਜਿਤ ਕਰਦੀ ਹੈ। ਜਿਸ ਕਾਰਜ ਨੂੰ ਮਨੁੱਖੀ ਮਨ ਜਾਣਨ ਤੇ ਕਰਨ ਤੋਂ ਅਸਮਰਥ ਹੁੰਦਾ ਹੈ ਉਸਨੂੰ ਇਹ ਚੇਤਨਤਾ ਹੀ ਕਰਦੀ ਹੈ। ਇਹ ਮਨੁੱਖੀ ਮਨ ਵਿੱਚ ਪ੍ਰਕਾਸ਼ ਵਾਂਗ ਰਚਮਿਚ ਕੇ ਬਾਹਰੀ ਚੇਤਨਤਾ ਦੇ ਮੋਟੇ ਕਵਚ ਵਿਚੋਂ ਕਿਰਦੀ ਰਹਿੰਦੀ ਹੈ। ਅਧਿਭੌਤਿਕ ਅਰਥਾਤ ਮਾਨਸਿਕ ਸਿੱਖਿਆ ਜੀਵਨ ਦੇ ਲਕਸ਼ਾਂ ਅਤੇ ਹੋਂਦ ਦੇ ਕਾਰਨਾਂ ਦਾ ਗਿਆਨ ਦਿੰਦੀ ਹੈ । ਜੇ ਅਸੀਂ ਆਪਣੀ ਮਨੋਸ਼ਕਤੀ ਨੂੰ ਉਭਾਰ ਕੇ ਇਸਨੂੰ ਆਪਣਾ ਮਾਰਗ ਦਰਸ਼ਕ ਬਣਾ ਲਈਏ ਤਾਂ ਇਹ ਸਿੱਖਿਆ ਦੇ ਬਹੁਤੇ ਕਾਰਜਾਂ ਨੂੰ ਸੰਭਾਲ ਲਵੇਗੀ। ਇਸ ਨਾਲ ਮਨੁੱਖੀ ਪ੍ਰਬਲਤਾਵਾਂ ਦੀ ਸਾਕਾਰਤਾ ਲਈ ਉਸ਼ਦੀਆਂ ਸਮਰੱਥਤਾਵਾਂ ਦਾ ਵਿਕਾਸ ਹੋਵੇਗਾ। ਵਿਅਕਤੀ ਅੰਦਰੋਂ ਇਸ ਵਾਸਤਵਿਕ ਮਨੁੱਖ ਦਾ ਅਵਾਹਨ ਕਰਨਾ ਹੀ ਸਿੱਖਿਆ ਦਾ ਸੱਚਾ ਉਦੇਸ਼ ਹੈ। ਇਸਦੇ ਫਲਸਰੂਪ ਮਨੁੱਖ ਦਾ ਇੱਕ ਅੰਦਰਲਾ ਦਰ ਖੁਲ੍ਹਦਾ ਹੈ ਜਿਸ ਵਿਚੋਂ ਚੁੰਧਿਆਉ ਪ੍ਰਕਾਸ਼ ਨਿਕਲੇਗਾ। ਇਹ ਪ੍ਰਕਾਸ਼ ਹੀ ਮਨੁੱਖ ਨੂੰ ਅਨਾਸ਼ਮਾਨਤਾ ਦੀ ਭਾਵਨਾ ਵਾਲਾ ਦ੍ਰਿੜ੍ਹ ਤੇ ਠੋਸ ਅਨੁਭਵ ਬਖਸ਼ੇਗਾ ਜਿਸ ਨਾਲ ਮਨੁੱਖ ਹਰ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਹੋ ਕੇ ਸਿੱਧਾਂ ਖਲੋ ਜਾਵੇਗਾ। ਉਹ ਆਪਣੀ ਮੰਜ਼ਿਲ ਦਾ ਗਿਆਤਾ ਤੇ ਸੁਆਮੀ ਬਣ ਜਾਵੇਗਾ । ਸ੍ਰੀ ਅਰਵਿੰਦੂ ਜੀ ਅਧਿਭੌਤਿਕ ਸਿੱਖਿਆ ਦਾ ਮਨੋਰਥ ਦੁਨੀਆਂ ਵਿਚ

Sri Satguru Jagjit Singh Ji eLibrary NamdhariElibrary@gmail.com

ਵਿਚਰਦਿਆਂ ਮਨੁੱਖ ਨੂੰ ਉੱਚ-ਅਨੁਭੂਤੀ ਕਰਵਾਉਣਾ ਅਤੇ ਆਤਮਿਕ ਸਿੱਖਿਆ ਦਾ ਲਖਸ਼ ਉਸਨੂੰ ਪ੍ਰਤੱਖ ਪ੍ਰਕਿਰਤਕ ਪ੍ਰਗਟਾਵਿਆਂ ਤੋਂ ਪਰੇ ਲਿਜਾ ਕੇ ਅਪ੍ਰਗਟ ਬ੍ਰਹਮ ਵਿੱਚ ਲੀਨ ਕਰਨਾ ਮੰਨਦੇ ਹਨ ।

ਸਿੱਖਿਆ ਦਾ ਕਰਤੱਵ ਹੈ ਕਿ ਉਹ ਮਨੁੱਖ ਨੂੰ ਆਪਣੇ ਅੰਦਰ ਹੀ ਝਾਕਦੇ ਅਗਵਾਈ ਪ੍ਰਾਪਤ ਕਰਨ ਦੀ ਪ੍ਰੇਰਨਾ ਦੇਵੇ ਤਾਂ ਜੋ ਆਤਮਾ ਆਪਣੀ ਹੋਂਦ ਦਾ ਪ੍ਰਗਟਾਵਾ ਕਰਦਿਆਂ ਪਰਿਚਾਲਕ ਦੀ ਭੂਮਿਕਾ ਨਿਭਾ ਸਕੇ। ਇਸ ਨਾਲ ਮਨੁੱਖ ਆਪਣੇ ਅੰਦਰਲੇ ਤੇ ਬਾਹਰਲੇ ਸੰਸਾਰਾਂ ਦੀ ਉਪਯੁਕਤ ਵਰਤੋਂ ਕਰਨੀ ਸਿੱਖ ਜਾਵੇਗਾ ।

4.1.3.3. ਸਿੱਖਿਆ ਵਿਧੀ

ਅਰਵਿੰਦੂ ਜੀ ਜਾਹਨ ਦਵੇ ਦੇ ਇਸ ਵਿਚਾਰ ਨਾਲ ਸਹਿਮਤ ਹਨ ਕਿ ਸਿਖਿਆਰਥੀ ਹੀ ਸਿੱਖਿਆ ਪ੍ਰਕਿਰਿਆ ਦਾ ਆਰੰਭ, ਮੱਧ ਤੇ ਅੰਤ ਹੁੰਦਾ ਹੈ। ਉਸਦਾ ਵਿਕਾਸ ਤੇ ਵਾਧਾ ਸਿੱਖਿਆ ਦਾ ਆਦਰਸ਼ ਅਤੇ ਸਵੈਅਨੁਭੂਤੀ ਲਕਸ਼ ਹੈ। ਬਾਹਰੀ ਵਿਸ਼ਾ ਵਸਤੂ ਵਿਦਿਆਰਥੀ ਦੇ ਅੰਦਰ ਥੌਪਿਆ ਨਹੀਂ ਜਾ ਸਕਦਾ । ਸਿੱਖਣਾ ਤਾਂ ਇੱਕ ਕਿਰਿਆਸ਼ੀਲਤਾ ਹੈ ਜਿਸਦੀ ਵਿਵਸਥਾ ਅੰਦਰੋਂ ਹੀ ਉਗਮਦੀ ਹੈ। ਸਿੱਖਿਆ ਗੁਣਵੱਤਾ ਤੇ ਮਾਤਰਾ ਦਾ ਨਿਰਣਾਇਕ, ਵਿਸ਼ਾ ਵਸਤੂ ਨਾ ਹੋ ਕੇ ਵਿਦਿਆਰਥੀ ਆਪ ਹੈ ।[29] ਅਰਵਿੰਦੂ ਜੀ ਦਾ ਵਿਚਾਰ ਹੈ ਕਿ ਹਰ ਮਨੁੱਖ ਦੇ ਅੰਦਰ ਕੁਝ ਦੈਵੀ ਅਤੇ ਕੁੱਝ ਉਸਦਾ ਆਪਣਾ ਹੁੰਦਾ ਹੈ। ਸਿੱਖਿਆ ਨੇ ਦੋਵਾਂ ਦੇ ਸ੍ਰੇਸ਼ਠ ਗੁਣਾਂ ਨੂੰ ਵਿਕਸਿਤ ਕਰਨਾ ਹੈ। ਇਸ ਲਈ ਵਿਦਿਆਰਥੀ ਦੇ ਮਨ ਨਾਲ ਸਲਾਹ ਕਰਨੀ ਆਵੱਸ਼ਕ ਹੈ। ਮਾਂ-ਬਾਪ ਜਾਂ ਅਧਿਆਪਕਾਂ ਦੀ ਇੱਛਾ ਦੇ ਅਨੁਕੂਲ ਬੱਚੇ ਨੂੰ ਜ਼ਬਰਦਸਤੀ ਕੋਈ ਵਿਸ਼ੇਸ਼ ਰੂਪ ਦੇਣਾ ਜ਼ੁਲਮ, ਅਗਿਆਨਤਾ ਤੇ ਵਹਿਮ ਹੈ । ਸਿਖਿਆਰਥੀ ਨੂੰ ਪੁਸਤਕਾਂ ਦੇ ਭਾਰ ਹੇਠ ਕੁਚਲ ਦੇਣਾ ਵੀ ਅਨਰਥ ਹੈ । ਸਿੱਖਿਆ ਦਾ ਮੰਤਵ ਕਿਸੇ ਤੱਥ ਜਾਂ ਸੂਚਨਾ ਨੂੰ ਯਾਦ ਕਰਵਾਉਣਾ ਨਹੀਂ ਸਗੋਂ ਸਿੱਖਿਆਰਥੀ ਨੂੰ ਇਸ ਜਾਣਕਾਰੀ ਦੇ ਸਰੋਤਾਂ ਦਾ ਗਿਆਨ ਦੇਣਾ ਹੈ ਤਾਂ ਜੋ ਉਹ ਆਪ ਹੀ ਆਪਣੇ ਵਿਕਾਸ ਲਈ ਇਸਦੀ ਉਪਯੁਕਤ ਵਰਤੋਂ ਕਰਨੀ ਸਿੱਖ ਜਾਵੇ ।

4.1.3.4. ਅਧਿਆਪਕ

ਸ੍ਰੀ ਅਰਵਿੰਦੂ ਅਨੁਸਾਰ ਸੱਚਾ ਅਧਿਆਪਕ, ਇੱਕ ਉਸਤਾਦ ਜਾਂ ਸੁਆਮੀ

ਨਹੀਂ ਸਗੋਂ ਮਾਰਗਦਰਸ਼ਕ ਤੇ ਸਹਾਇਕ ਹੁੰਦਾ ਹੈ । ਉਸਦਾ ਕੰਮ ਵਿਦਿਆਰਥੀ ਨੂੰ ਸੁਝਾਉ ਦੇਣਾ ਹੈ ਨਾ ਕਿ ਕਿਸੇ ਉਪਦੇਸ਼ ਨੂੰ ਗਲੇ ਮੜ੍ਹਨਾ ਹੈ। ਉਹ ਵਿਦਿਆਰਥੀ ਦੇ ਮਨ ਨੂੰ ਸਿਖਲਾਈ ਨਹੀਂ ਦਿੰਦਾ ਕੇਵਲ ਉਸਦੇ ਗਿਆਨ ਔਜਾਰਾਂ ਨੂੰ ਤਿੱਖੇ ਕਰਦਾ ਹੈ। ਇਸ ਪ੍ਰਕਾਰ ਉਹ ਬੱਚੇ ਨੂੰ ਖੁਦ ਗਿਆਨ ਪ੍ਰਾਪਤੀ ਲਈ ਉਤਸਾਹਿਤ ਤੇ ਪ੍ਰੇਰਿਤ ਕਰਦਾ ਹੈ। ਆਦਰਸ਼ ਅਧਿਆਪਕ ਆਪਣੇ ਵਿਦਿਆਰਥੀ ਦੇ ਅੰਦਰਲੇ ਗਿਆਨ ਨੂੰ ਆਪ ਬਾਹਰ ਨਹੀਂ ਕੱਢਦਾ ਕੇਵਲ ਇਸ ਗਿਆਨ ਦੇ ਸਥਾਨ ਅਤੇ ਪ੍ਰਾਪਤੀ ਸਾਧਨਾਂ ਬਾਰੇ ਉਸਨੂੰ ਜਾਣੂ ਕਰਵਾਉਂਦਾ ਹੈ ।[30] ਇੱਕ ਆਦਰਸ਼ ਅਧਿਆਪਕ ਆਪਣੇ ਸਿਖਿਆਰਥੀ ਅੰਦਰ ਮੌਜੂਦ ਮਨ ਦੀ ਆਤਰਿਕ ਸ਼ਕਤੀ ਅਰਥਾਤ ਫੁਰਨੇ ਨੂੰ ਉਤਸਾਹਿਤ ਕਰਦਾ ਹੈ। ਇਸ ਸ਼ਕਤੀ ਦਾ ਵਿਗਾਸਉ ਮਨੁੱਖਤਾ ਲਈ ਅਤਿ ਮਹੱਤਵ-ਪੂਰਨ ਹੈ। ਇਸ ਲਈ ਉਕਾਸੀਆਂ, ਚੰਚਲਤਾਵਾਂ ਤੇ ਪੱਖਪਾਤਾਂ ਦਾ ਵਿਲੋਪਨ ਕਰਕੇ ਇਸ ਸ਼ਕਤੀ ਦਾ ਵਿਕਾਸ ਕਰਨ ਦੀ ਆਵੱਸ਼ਕਤਾ ਹੈ ।[31]

### 4.1.3.5. ਸਮੁੱਚੀ ਸਿੱਖਿਆ

ਸ੍ਰੀ ਅਰਵਿੰਦੂ ਜੀ ਦੁਆਰਾ ਸੰਪੂਰਨ ਸਿੱਖਿਆ ਲਈ ਸੁਝਾਈਆਂ ਪੰਜ ਪ੍ਰਮੁੱਖ ਕ੍ਰਿਆਵਾਂ ਸਰੀਰਕ, ਜੀਵਨਮਈ ਭਾਵ ਪ੍ਰਾਣ-ਆਧਾਰੀ, ਮਾਨਸਿਕ, ਮਨੋਬਲੀ ਤੇ ਆਤਮਿਕ ਹਨ। ਇਹ ਸਿੱਖਿਆ ਪੜਾਉ ਵਿਅਕਤੀ ਦੇ ਵਿਕਾਸ ਨਾਲ ਪਾਰ ਕੀਤੇ ਜਾਂਦੇ ਹਨ ।

ਇਸ ਸੰਸਾਰ ਵਿੱਚ ਰਹਿੰਦਿਆਂ ਦੈਵੀ ਜੀਵਨ ਉਸਾਰ ਕੇ ਇਸਦੀ ਸੰਪੂਰਨਤਾ ਪ੍ਰਾਪਤ ਕਰਨ ਦਾ ਸਿੱਖਿਆ ਲਖਸ਼ ਸਰੀਰ ਦਾ ਰੂਪਾਂਤਰਨ ਕੀਤੇ ਬਗੈਰ ਸੰਭਵ ਨਹੀਂ ਹੈ । ਇਸ ਲਈ ਸਰੀਰ ਨੂੰ ਵੀ ਸੰਪੂਰਨਤਾ ਹਾਸਲ ਕਰਨੀ ਪੈਂਦੀ ਹੈ। ਇਸ ਅਵਸਥਾ ਵਿੱਚ ਸਰੀਰ ਅੰਦਰ ਪ੍ਰਕਾਸ਼ ਤੇ ਸੁੰਦਰਤਾ ਪਸਰ ਜਾਂਦੀ ਹੈ ਜਿਸ ਨਾਲ ਦੈਵੀ ਜੀਵਨ ਇੱਕ ਦੈਵੀ ਸਰੀਰ ਗ੍ਰਹਿਣ ਕਰ ਲੈਂਦਾ ਹੈ ।

ਮਨੁੱਖ ਨੂੰ ਸਦਾਚਾਰਕ ਪੱਖੋਂ ਵਿਕਸਿਤ ਕਰਨ ਲਈ ਉਸਦੀਆਂ ਇੱਛਾਵਾਂ , ਸੰਵੇਦਨਾਵਾਂ, ਭਾਵਨਾਵਾਂ ,ਰੁਚੀਆਂ, ਰਿੰਤਾਵਾਂ, ਪ੍ਰਤੀਕ੍ਰਿਆਵਾਂ ਤੇ ਮਨੋਵੇਗਾਂ ਜਿਹੇ ਪ੍ਰਾਣ ਆਧਾਰਾਂ ਨੂੰ ਨਿਯੰਤ੍ਰਿਤ ਤੇ ਵਿਕਸਿਤ ਕਰਨਾ ਅਨਿਵਾਰੀ ਹੈ ।

ਗਿਆਨ ਦੀ ਉੱਚਤਮ ਪਰਤ ਨਾਲ ਸੰਬੰਧਿਤ ਵਿਸ਼ੇਸ਼ ਸ਼ਕਤੀਆਂ ਜਿਵੇਂ ਪ੍ਰਕ੍ਰਿਤਾਸੰਪੰਨ ਵਿਵੇਕ, ਸੱਚ ਦੀ ਅੰਤਰਆਤਮਿਕ ਸੋਝੀ ਤੇ ਗਿਆਨ ਦੀ ਪ੍ਰਤੱਖ ਸੋਝੀ ਆਦਿ ਕਾਰਜ-ਰੁਚੀਆਂ ਤੋਂ ਬਿਨਾ ਮਨੁੱਖਤਾ ਦਾ ਵਰਤਮਾਨ ਪੱਧਰ ਤੋਂ ਪੁੱਜਣਾ ਅਸੰਭਵ ਸੀ। ਇਹ ਮਾਨਸਿਕ ਸਿੱਖਿਆ ਦਾ ਕਾਰਜ ਹੈ ।

ਸਿੱਖਿਆ ਦੇ ਅੰਤਮ ਪੜਾਉ ਮਨੁੱਖ ਦੀ ਅੰਦਰਲੀ ਸ਼ਕਤੀ ਨੂੰ ਉਕਸਾ ਕੇ ਉਸਨੂੰ ਸਵੈਅਨੁਭੂਤੀ ਕਰਵਾਉਣਾ ਅਤੇ ਆਤਮਿਕ ਸਿੱਖਿਆ ਨਾਲ ਉਸਨੂੰ ਬ੍ਰਹਮ ਵਿੱਚ ਲੀਨ ਹੋਣ ਦੇ ਸਮਰੱਥ ਬਣਾਉਣਾ ਹੈ ।

4.1.3.6. ਧਾਰਮਿਕ ਸਿੱਖਿਆ

ਸ਼੍ਰੀ ਅਰਵਿੰਦੂ ਜੀ ਦਾ ਮੱਤ ਹੈ ਕਿ ਧਾਰਮਿਕ ਸਿੱਖਿਆ, ਅਰਥਹੀਨ ਹੈ ਜੇ ਇਸਦੇ ਉਪਦੇਸ਼ਾਂ ਨੂੰ ਹੰਢਾਇਆ ਨਾ ਜਾਵੇ। ਵਿਭਿੰਨ ਪ੍ਰਕਾਰ ਦੀ ਸਾਧਨਾ, ਆਤਮਿਕ ਸਵੈ-ਸਿਖਲਾਈ ਤੇ ਅਭਿਆਸ ਆਦਿ ਧਾਰਮਿਕ ਜੀਵਨ ਦੀ ਤਿਆਰੀ ਮਾਤਰ ਹਨ। ਪ੍ਰਾਰਥਨਾ, ਸਤਿਕਾਰ ਤੇ ਧਾਰਮਿਕ ਕਰਮਕਾਂਡ ਆਤਮਿਕ ਵਿਕਾਸ ਲਈ ਤਾਂ ਹੀ ਸਹਾਇਕ ਹੋ ਸਕਦੇ ਹਨ ਜੇ ਉਨ੍ਹਾਂ ਨੂੰ ਆਪਣੇ ਆਪ ਵਿੱਚ ਮੰਜ਼ਿਲ ਨਾ ਬਣਾਇਆ ਜਾਵੇ। ਸੱਚਾ ਧਾਰਮਿਕ ਆਦਰਸ਼ ਇਨਸਾਨੀਅਤ, ਦੇਸ਼ ਤੇ ਦੁਨੀਆਂ ਲਈ ਜੀਉਣਾ ਹੈ। ਇਸ ਆਦਰਸ਼ ਬਾਰੇ ਬੱਚਿਆਂ ਨੂੰ ਜਾਣਕਾਰੀ ਦੇਣ ਲਈ ਉਪਯੁਕਤ ਵਿਸ਼ਾ ਸਮੱਗਰੀ ਪਾਠਕ੍ਰਮ ਵਿਚ ਸ਼ਾਮਿਲ ਕਰਨੀ ਅਨਿਵਾਰੀ ਹੈ । ਸ਼੍ਰੀ ਅਰਵਿੰਦੂ ਜੀ ਅਨੁਸਾਰ ਸਦਾਚਾਰਕ ਪਾਠ ਪੁਸਤਕਾਂ ਨੂੰ ਪੜ੍ਹਾਉਣ ਦਾ ਨੁਕਸਾਨ ਇਹ ਹੈ ਕਿ ਇਸ ਨਾਲ ਨੈਤਿਕ ਚਿੰਤਨ ਯਾਂਤ੍ਰਿਕ ਜਾਂ ਮਸ਼ੀਨੀ ਤੇ ਬਨਾਉਟੀ ਬਣ ਜਾਂਦਾ ਹੈ। ਜੋ ਕਿ ਘਾਤਕ ਹੈ। ਇਸ ਲਈ ਵਿਅਕਤੀਗਤ ਉਦਾਹਰਨ, ਦੈਨਿਕ ਸੰਵਾਦ, ਪਵਿੱਤਰ ਪੁਸਤਕਾਂ ਦਾ ਨਿੱਤਨੇਮ ਪਾਠ ,ਸ਼ੁਭ ਸੰਗਤ ਤੇ ਸਤਿਸੰਗਤ ਆਦਿ ਵਿਧੀਆਂ ਹੀ ਧਾਰਮਿਕ ਸਿੱਖਿਆ ਪ੍ਰਦਾਨ ਕਰਨ ਲਈ ਸਰਵੋਤਮ ਤੇ ਉਚਿਤ ਹਨ ।[32]

4.1.4. ਮਹਾਤਮਾ ਗਾਂਧੀ

ਅੰਗਰੇਜ਼ੀ ਸਿੱਖਿਆ ਦੇ ਭਾਰਤੀਆਂ ਉੱਤੇ ਪੈ ਰਹੇ ਦੁਰਪ੍ਰਭਾਵ ਨੂੰ ਅਨੁਭਵ ਕਰਦਿਆਂ ਮਹਾਤਮਾ ਗਾਂਧੀ ਜੀ ਨੇ ਭਾਰਤੀ ਰੰਗਤ ਵਾਲੀ ਇੱਕ ਸੰਪੂਰਨ ਸਿੱਖਿਆ ਪੱਧਤੀ ਦਾ ਨਿਰਮਾਣ ਕੀਤਾ ਜਿਸਨੂੰ ਵਾਰਧਾ ਸਕੀਮ ਜਾਂ ਬੇਸਿਕ ਸਿੱਖਿਆ ਆਖਿਆ ਗਿਆ ।

Sri Satguru Jagjit Singh Ji eLibrary NamdhariElibrary@gmail.com

4.1.4.1. ਮਨੁੱਖੀ ਜੀਵਨ ਲਖਸ਼

ਪੁਰਾਤਨ ਭਾਰਤੀ ਵਿਚਾਰਧਾਰਾ ਦੇ ਅਨੁਕੂਲ ਹੀ ਮਹਾਤਮਾ ਗਾਂਧੀ ਜੀ ਮਨੁੱਖੀ ਆਤਮਾ ਦੇ ਵਿਕਾਸ ਤੇ ਅਧਿਕ ਜ਼ੋਰ ਦਿੰਦੇ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਮਨੁੱਖ ਨੂੰ ਬਿਨਸਣਹਾਰ ਤੇ ਅਲਪਕਾਲੀਨ ਪਦਾਰਥਿਕ ਸ਼ਕਤੀਆਂ ਪਿੱਛੇ ਲੱਗਣ ਦੀ ਬਜਾਏ ਆਪਣੇ ਅੰਦਰਲੀ ਆਤਮਿਕ ਸ਼ਕਤੀ ਨੂੰ ਅਨੁਭਵ ਕਰਨਾ ਚਾਹੀਦਾ ਹੈ। ਮਨੁੱਖੀ ਜੀਵਨ ਦਾ ਉਦੇਸ਼ ਆਤਮਿਕ-ਅਨੁਭੂਤੀ ਹੋਣਾ ਚਾਹੀਦਾ ਹੈ। ਸਵੈ-ਅਨੁਭੂਤੀ ਨੂੰ ਸਵੈ- ਤਿਆਗ ਤੇ ਪ੍ਰਾਸ਼ਚਿਤ ਨਾਲ ਅਤੇ ਆਤਮਿਕ ਅਨੁਭੂਤੀ ਨੂੰ ਸੱਚ ਦੀ ਤਲਾਸ਼, ਅਹਿੰਸਾ ਦੇ ਅਮਲ ਤੇ ਜੀਵ-ਸੇਵਾ ਦੁਆਰਾ ਸਾਧਿਆ ਜਾ ਸਕਦਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਮਨੁੱਖ ਦਾ ਆਤਮਿਕ ਵਿਕਾਸ ਉਸਦੀ ਆਚਰਨ-ਉਸਾਰੀ ਕਰਦਾ ਹੈ ਅਤੇ ਉਸਨੂੰ ਈਸ਼ਵਰੀ ਗਿਆਨ ਤੇ ਸਵੈਅਨੁਭੂਤੀ ਦੀ ਪ੍ਰਾਪਤੀ ਦੇ ਯੋਗ ਬਣਾਉਂਦਾ ਹੈ। ਉਹ ਮਨੁੱਖੀ ਵਿਹਾਰ ਵਿੱਚ ਸੱਚ ਤੇ ਪਵਿੱਤਰਤਾ ਨੂੰ ਪ੍ਰਮੁੱਖ ਸਥਾਨ ਦਿੰਦੇ ਹੋਏ ਇਨ੍ਹਾਂ ਦੋਵਾਂ ਦੇ ਬਲ ਨੂੰ ਸਮੂਹ ਗਿਆਨ, ਪੜ੍ਹਾਈ ਤੇ ਵਿਦਵੱਤਾ ਦੇ ਸਮੁੱਚੇ ਬਲ ਨਾਲੋਂ ਅਧਿਕ ਮੰਨਦੇ ਹਨ।[33]

ਮਹਾਤਮਾ ਗਾਂਧੀ ਜੀ ਧਰਮਰਹਿਤ ਜੀਵਨ ਨੂੰ ਸਿਧਾਂਤ ਰਹਿਤ ਆਖਦੇ ਹੋਏ ਉਸਦੀ ਤੁਲਨਾ ਪਤਵਾਰ ਰਹਿਤ ਕਿਸ਼ਤੀ ਨਾਲ ਕਰਦੇ ਹਨ ਜੋ ਥਾਂ ਥਾਂ ਤੇ ਭਟਕਦੀ ਹੋਈ ਕਿਸੇ ਮੰਜ਼ਿਲ ਤੇ ਪਹੁੰਚਣ ਤੋਂ ਅਸਮਰਥ ਹੁੰਦੀ ਹੈ, ਉਹ ਪਰਮਾਤਮਾ ਦੀ ਪ੍ਰਾਪਤੀ ਲਈ ਜੰਗਲਾਂ ਵਿੱਚ ਵਿਰੱਕਤ ਜੀਵਨ ਬਤੀਤ ਕਰਨ ਨੂੰ ਵਿਅਰਥ ਸਮਝਦੇ ਹਨ। ਇਹ ਉਪਲਬਧੀ ਤਾਂ ਸਮਾਜ ਵਿੱਚ ਰਹਿੰਦਿਆਂ ਮਨੁੱਖੀ-ਸੇਵਾ ਦੁਆਰਾ ਸੰਭਵ ਹੈ। ਪਰਮਾਤਮਾ ਦਾ ਗਿਆਨ ਸਵੈ-ਅਨੁਭੂਤੀ, ਸਵੈ ਨਿਯੰਤ੍ਰਨ, ਸੰਜਮ ਤੇ ਸਦਾਚਾਰ ਜਿਹੇ ਮਾਨਵੀ ਸਾਧਨਾਂ ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ। ਅਜਿਹੇ ਗੁਣਾਂ ਦੇ ਧਾਰਨੀ ਵਿਅਕਤੀਆਂ ਵਾਲਾ ਸਮਾਜ ਵੀ ਰੂਹਾਨੀ ਹੋਵੇਗਾ, ਜਿਸ ਵਿੱਚ ਸਮਾਨਤਾ, ਇਨਸਾਫ, ਸੱਚ ਤੇ ਅਹਿੰਸਾ ਭਾਰੂ ਹੋਵੇਗੀ। ਅਜਿਹੇ ਆਦਰਸ਼ ਸਮਾਜ ਵਿੱਚ ਧਰਮ ਹੀ ਰਾਜਨੀਤਿਕ, ਆਰਥਿਕ, ਵਿੱਦਿਅਕ ਤੇ ਸਮਾਜਿਕ ਸਮੂਹ ਕਿਰਿਆਵਾਂ ਵਿੱਚ ਵਿਆਪਕ ਹੋਵੇਗਾ ।[34]

4.1.4.2. ਸਿੱਖਿਆ ਲਖਸ਼

ਮਹਾਤਮਾ ਗਾਂਧੀ ਜੀ ਅਨੁਸਾਰ ਸਿੱਖਿਆ ਦਾ ਉਦੇਸ਼ ਸਵੈ ਅਨੁਭੂਤੀ,

Sri Satguru Jagjit Singh Ji eLibrary NamdhariElibrary@gmail.com

ਗਿਆਨ ਤੇ ਅਧਿਆਤਮਵਾਦ ਦੁਆਰਾ ਪਰਮਾਤਮਾ ਨਾਲ ਮਨੁੱਖ ਦੀ ਏਕਤਾ ਸਥਾਪਿਤ ਕਰਨਾ ਹੈ। ਉਹ ਸਿੱਖਿਆ ਨੂੰ ਮਨੁੱਖੀ ਸਰੀਰ, ਮਨ ਤੇ ਆਤਮਾ ਵਿਚੋਂ ਸਰਬਾਂਗੀ ਸਰਵਸ੍ਰੇਸ਼ਟ ਨੂੰ ਪ੍ਰਗਟ ਕਰਨ ਦਾ ਸਾਧਨ ਮੰਨਦੇ ਹਨ। ਉਨ੍ਹਾਂ ਦੇ ਵਿਹਾਰਕ ਸਿੱਖਿਆ ਲਖਸ਼ਾਂ ਵਿੱਚ ਸੱਭਿਆਚਾਰ ਦੀ ਸੰਭਾਲ, ਵਿਅੱਕਤਿਤ੍ਵ ਦਾ ਇਕਸੁਰ ਵਿਕਾਸ, ਸੰਪੂਰਨ ਜੀਵਨ ਦੀ ਤਿਆਰੀ ਤੇ ਸਦਾਚਾਰਕ ਉਸਾਰੀ ਸ਼ਾਮਿਲ ਹਨ। ਉਨ੍ਹਾਂ ਦੀ ਸਿੱਖਿਆ ਪੱਧਤੀ ਦੇ ਪ੍ਰਮੁੱਖ ਲੱਛਣ ਹਨ : - ਮੁਫ਼ਤ ਤੇ ਲਾਜ਼ਮੀ ਪ੍ਰਾਇਮਰੀ ਸਿੱਖਿਆ, ਕਲਾ ਕੇਂਦਰਿਤ ਸਿੱਖਿਆ, ਸਵੈ ਆਸ਼ਰਿਤ ਤੇ ਸਵੈ ਪੂਰਨ ਸਿੱਖਿਆ, ਮਾਂ ਬੋਲੀ ਮਾਧਿਅਮ ਵਾਲੀ ਤੇ ਅਹਿੰਸਾ ਆਧਾਰਿਤ ਸਿੱਖਿਆ ।

ਮਹਾਤਮਾ ਗਾਂਧੀ ਜੀ ਜਿੱਥੇ ਭਾਰਤਵਾਸੀਆਂ ਨੂੰ ਹਰ ਪ੍ਰਕਾਰ ਦੀ ਵਿਸ਼ਵ-ਪੱਧਰੀ ਉਦਾਰਵਾਦੀ ਸਿੱਖਿਆ ਪ੍ਰਦਾਨ ਕਰਨ ਦੇ ਸਮਰਥਕ ਹਨ ਉਥੇ ਆਪਣੇ ਭਾਰਤੀ ਸੱਭਿਆਚਾਰ ਨੂੰ ਕਿਸੇ ਪ੍ਰਕਾਰ ਵੀ ਅਣਗੌਲਿਆ ਕਰਨ ਦੇ ਕੱਟੜ ਵਿਰੋਧੀ ਸਨ। ਉਨ੍ਹਾਂ ਨੇ ਆਖਿਆ ਸੀ, " ਮੈਂ ਆਪਣੇ ਘਰ ਦੁਆਲੇ ਕੰਧਾਂ ਉਸਾਰਨੀਆਂ ਤੇ ਇਸਦੀਆਂ ਖਿੜਕੀਆਂ ਨੂੰ ਬੰਦ ਨਹੀਂ ਕਰਨਾ ਚਾਹੁੰਦਾ। ਮੈਂ ਚਾਹੁੰਦਾ ਹਾਂ ਕਿ ਸਾਰੇ ਦੇਸ਼ਾਂ ਦਾ ਸੱਭਿਆਚਾਰ ਮੇਰੇ ਘਰ ਵੱਲ ਅਧਿਕਤਮ ਸ਼ੁੱਧਤਾ ਨਾਲ ਵਗੇ। ਪਰੰਤੂ ਕਿਸੇ ਬਾਹਰੀ ਸੱਭਿਆਚਾਰ ਦੇ ਬਲ ਨਾਲ ਮੇਰੇ ਪੈਰ ਹੀ ਚੁੱਕੇ ਜਾਣ ਇਸਨੂੰ ਮੈਂ ਪ੍ਰਵਾਨ ਨਹੀਂ ਕਰਦਾ ।"[35]

4.1.4.3. ਸਿੱਖਿਆ ਵਿਧੀ ਤੇ ਪਾਠਕ੍ਰਮ

ਮਹਾਤਮਾ ਗਾਂਧੀ ਜੀ ਦੇ ਸਿੱਖਿਆ ਸੰਕਲਪ ਨੂੰ ਵਿਹਾਰਕ ਰੂਪ ਦੇਣ ਲਈ ਗਠਿਤ ਕੀਤੀ ਡਾ. ਜ਼ਾਕਿਰ ਹੁਸੈਨ ਕਮੇਟੀ ਨੇ ਸਿੱਖਿਆ ਵਿੱਚ ਪਿਆਰ, ਸੱਚ, ਇਨਸਾਫ਼, ਸਹਿਕਾਰਤਾ, ਰਾਸ਼ਟਰੀ ਏਕਤਾ , ਮਨੁੱਖੀ ਭਾਈਚਾਰਾ ਤੇ ਸਮਾਨਤਾ ਜਿਹੀਆਂ ਨੈਤਿਕ ਕਦਰਾਂ ਕੀਮਤਾਂ ਤੇ ਅਧਿਕ ਬਲ ਦੇਣ ਦੀ ਸਿਫ਼ਾਰਸ ਕੀਤੀ । ਉਨ੍ਹਾਂ ਦਾ ਵਿਚਾਰ ਸੀ ਕਿ ਅਹਿੰਸਾ ਤੇ ਸੱਚ ਦੀ ਹਿੰਸਾ ਤੇ ਬੇਈਮਾਨੀ ਉਤੇ ਸ੍ਰੇਸ਼ਟਤਾ ਨੂੰ ਪ੍ਰਗਟਾਉਂਦੇ ਪਾਠ ਸਿੱਖਿਆ ਪਾਠਕ੍ਰਮ ਵਿੱਚ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ।[36]

ਗਾਂਧੀ ਜੀ ਦੀ ਧਾਰਨਾ ਸੀ ਕਿ ਸਾਰੇ ਧਰਮਾਂ ਦੇ ਮੂਲ ਸਦਾਚਾਰਕ ਸਿੱਧਾਂਤ ਸਾਂਝੇ ਹਨ। ਇਹ ਸਿਧਾਂਤ ਵਿਦਿਆਰਥੀਆਂ ਨੂੰ ਪੜ੍ਹਾਏ ਜਾਣੇ ਚਾਹੀਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਧਾਰਮਿਕ ਸਚਾਈਆਂ ਨੂੰ ਕੇਵਲ ਸ਼ਬਦਾਂ ਜਾਂ ਪੁਸਤਕਾਂ ਨਾਲ ਪੜ੍ਹਾਉਣਾ ਹੀ ਕਾਫ਼ੀ ਨਹੀਂ। ਵਿਦਿਆਰਥੀ ਇਨ੍ਹਾਂ ਸਚਾਈਆਂ ਨੂੰ ਅਧਿਆਪਕਾਂ ਦੇ ਰੋਜ਼ਾਨਾ ਜੀਵਨ ਤੋਂ ਹੀ ਗ੍ਰਹਿਣ ਕਰ ਸਕਦਾ ਹੈ। ਜੇ ਅਧਿਆਪਕ ਆਪ ਸੱਚ ਤੇ ਇਨਸਾਫ਼ ਦੇ ਨਿਯਮਾਂ ਦਾ ਪਾਲਣ ਕਰਦਾ ਹੈ ਤਾਂ ਹੀ ਵਿਦਿਆਰਥੀ ਸਿੱਖ ਸਕਦੇ ਹਨ ਕਿ ਇਹ ਸ਼ੁਭ ਗੁਣ ਸਾਰੇ ਧਰਮਾਂ ਦਾ ਆਧਾਰ ਹੈ।[37]

### 4.1.5. ਭਗਤਾਂ ਦੀ ਸਿੱਖਿਆ ਨਾਲ ਅਨੁਰੂਪਤਾ

ਭਗਤਜਨਾਂ ਦੀ ਸਿੱਖਿਆ ਦਾ ਉਦੇਸ਼ ਵਿਅਕਤੀ ਦੀਆਂ ਅੰਤ੍ਰਿਕ ਦੈਵੀ ਸ਼ਕਤੀਆਂ ਨੂੰ ਬਾਹਰਮੁਖੀ ਸਦਾਚਾਰਕ ਕੀਮਤਾਂ ਵਿੱਚ ਰੂਪਾਂਤਰਿਤ ਕਰਕੇ ਉਸਦੇ ਵਿਅਕਤਿਤ੍ਵ ਦਾ ਸੰਪੂਰਨ ਤੇ ਸਰਬਾਂਗੀ ਵਿਕਾਸ ਕਰਨਾ ਹੈ ਤਾਂ ਜੋ ਇੱਕ ਮਾਨਵਵਾਦੀ ਸਮਾਜ ਦੀ ਸਥਾਪਨਾ ਹੋ ਸਕੇ। ਇਸ ਮੰਤਵ ਦੀ ਪੂਰਤੀ ਲਈ ਇੱਕ ਅਜਿਹੇ ਪਤਿਭਾਸ਼ਾਲੀ, ਨਿਸ਼ਠਾਵਾਨ, ਸਦਗੁਣ ਸੰਪੰਨ, ਸੱਚੇ, ਸੁਹਿਰਦ ਤੇ ਅਨੁਭਵੀ ਅਧਿਆਪਕ ਦੀ ਆਵੱਸ਼ਕਤਾ ਹੈ ਜਿਹੜਾ ਆਪ ਸੰਪੂਰਨਤਾ ਦੇ ਨਿਕਟ ਪੁੱਜਿਆ ਹੋਣ ਕਰਕੇ ਆਪਣੇ ਸ਼ਿਸ਼ ਨੂੰ ਇਸ ਅਵਸਥਾ ਤੱਕ ਪਹੁੰਚਾਉਣ ਲਈ ਯੋਗ ਸਾਧਨ ਬਣ ਸਕੇ। ਇਸ ਕਾਰਜ ਲਈ ਸਾਧਕ ਦੀ ਲਗਨ ਕਾਰਜਸ਼ੀਲਤਾ ਤੇ ਸਵੈਅਨੁਭਵ ਦੀ ਪਰਮ ਆਵਸ਼ਕਤਾ ਹੁੰਦੀ ਹੈ ਪੁਸਤਕਾਂ ਤਾਂ ਕੇਵਲ ਲੋੜ ਅਨੁਸਾਰ ਅਗਵਾਈ ਹੀ ਪ੍ਰਦਾਨ ਕਰ ਸਕਦੀਆਂ ਹਨ। ਭਗਤਜਨਾਂ ਨੇ ਆਪਣੀ ਸਿੱਖਿਆ ਵਿੱਚ ਧਰਮ ਦੇ ਕੱਟੜ ਵਿਧਾਨਾਂ ਦੀ ਬਜਾਏ ਉਸਦੇ ਮਾਨਵ ਕਲਿਆਣਕਾਰੀ ਸਰੂਪ ਨੂੰ ਪ੍ਰਮੁੱਖ ਸਥਾਨ ਦਿੱਤਾ ਹੈ। ਗੱਲ ਕਿ ਭਗਤਜਨਾਂ ਦੀ ਸਿੱਖਿਆ ਧਾਰਮਿਕ ਮਾਨਵਵਾਦੀ ਹੈ।

ਭਗਤਜਨਾਂ ਦੀ ਸਿੱਖਿਆ ਵਿਚਾਰਧਾਰਾ ਅਤੇ ਆਧੁਨਿਕ ਭਾਰਤੀ ਸਿੱਖਿਆ ਸ਼ਾਸਤ੍ਰੀਆਂ ਦੀਆਂ ਸਿੱਖਿਆ ਪੱਧਤੀਆਂ ਦਾ ਤੁਲਨਾਤਮਿਕ ਅਧਿਐਨ ਕਰਨ ਤੇ ਸਪੱਸ਼ਟ ਹੋ ਜਾਂਦਾ ਹੈ ਕਿ ਇਨ੍ਹਾਂ ਦੇ ਲਖਸ਼ਾਂ ਤੇ ਵਿਧੀਆਂ ਵਿੱਚ ਬਹੁਤ ਅਧਿਕ ਸਮਾਨਤਾ ਹੈ। ਦ੍ਰਿਸ਼ਟਮਾਨ ਆਭਾਸੀ ਅੰਤਰ ਕੇਵਲ ਪ੍ਰਸਥਿਤੀਆਂ ਦੀ ਪਰਛਾਇਆਂ ਕਾਰਨ ਹੈ।

### 4.1.6 ਸਾਰਾਂਸ਼

ਉਪਰੋਕਤ ਚੋਣਵੇਂ ਆਧੁਨਿਕ ਭਾਰਤੀ ਸਿੱਖਿਆ ਸ਼ਾਸਤਰੀਆਂ ਨੇ ਜੀਵਾਤਮਾ ਨੂੰ

Sri Satguru Jagjit Singh Ji eLibrary NamdhariElibrary@gmail.com

ਪਰਮਾਤਮਾ ਦਾ ਅੰਸ਼ ਮੰਨਦੇ ਹੋਏ ਇਸਨੂੰ ਜੀਵਨ ਮੁਕਤ ਤੇ ਸੰਪੂਰਨ ਕਰਕੇ ਅਨੰਤ ਵਿੱਚ ਸੁਮੇਲ ਕਰਨ ਨੂੰ ਹੀ ਮਨੁੱਖੀ ਜੀਵਨ ਲਖਸ਼ ਨਿਰਧਾਰਿਤ ਕੀਤਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਆਤਮਿਕ ਸਿੱਖਿਆ ਦੁਆਰਾ ਸਤਯੰ, ਸ਼ਿਵੰ ਤੇ ਸੁਦਰੰ ਜਿਹੀਆਂ ਸਦਾਚਾਰਕ ਕਦਰਾਂ ਕੀਮਤਾਂ ਦੀ ਉਤਪਤੀ ਨਾਲ ਹੀ ਸੰਭਵ ਹੈ। ਇਸ ਲਈ ਸਿੱਖਿਆ ਦਾ ਉਦੇਸ਼ ਮਨੁੱਖ ਅੰਦਰ ਮੌਜੂਦ ਗਿਆਨ ਦੇ ਅਮੁੱਕ ਤੇ ਬਹੁਮੁੱਲੇ ਭੰਡਾਰ ਨੂੰ ਤਲਾਸ਼ ਕੇ ਬਾਹਰ ਕੱਢਣਾ ਅਤੇ ਉਸਦੇ ਵਿਕਾਸ ਤੇ ਉਪਯੋਗ ਲਈ ਸੇਧ ਦੇਣਾ ਹੈ। ਇਹ ਕਾਰਜ ਇੱਕ ਅਨੁਭਵੀ, ਸੱਚ ਦਾ ਪੁਜਾਰੀ, ਪ੍ਰਤਿਸ਼ਠਾਵਾਨ ਤੇ ਪਰਕਰਮੀ ਅਧਿਆਪਕ ਹੀ ਕਰ ਸਕਦਾ ਹੈ । ਧਾਰਮਿਕ ਸਿੱਖਿਆ ਦੀਆਂ ਮੂਲ ਧਾਰਨਾਵਾਂ ਨੂੰ ਸਾਰੇ ਸਿੱਖਿਆ ਪਾਠਕ੍ਰਮ ਵਿੱਚ ਸਮੋਏ ਜਾਣ ਦੀ ਵੀ ਪ੍ਰੇਰਣਾ ਕੀਤੀ ਜਾਂਦੀ ਹੈ ।

ਇਨ੍ਹਾਂ ਵਿਚਾਰਾਂ ਤੋਂ ਸਪੱਸ਼ਟ ਹੈ ਕਿ ਆਧੁਨਿਕ ਭਾਰਤੀ ਸਿੱਖਿਆ ਚਿੰਤਕਾਂ ਨੇ ਭਗਤਜਨਾਂ ਦੁਆਰਾ ਸੰਸ਼ੋਧਿਤ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਨੂੰ ਸਮਕਾਲੀ ਪ੍ਰਸਥਿਤੀਆਂ ਦੇ ਅਨੁਕੂਲ ਢਾਲਣ ਦਾ ਯਤਨ ਕੀਤਾ। ਇਨ੍ਹਾਂ ਸੁਹਿਰਦ ਉਪਰਾਲਿਆਂ ਦੇ ਬਾਵਜੂਦ ਵਰਤਮਾਨ ਭਾਰਤੀ ਸਿੱਖਿਆ ਨੂੰ ਵਿਭਿੰਨ ਗੰਭੀਰ ਸਮੱਸਿਆਵਾਂ ਦਰਪੇਸ਼ ਹਨ ਜੋ ਕਿ ਸਿੱਖਿਆ ਸ਼ਾਸਤ-ਰੀਆਂ ਲਈ ਚਿੰਤਾ ਦਾ ਵਿਸ਼ਾ ਹੈ ।

## 4.2. ਵਰਤਮਾਨ ਸਿੱਖਿਆ ਅਵਸਥਾ

### 4.2.1. ਸਥਿਤੀ ਤੇ ਸਮੱਸਿਆ

ਸਿੱਖਿਆ ਵਿਵਸਥਾ ਦੀ ਸਫ਼ਲਤਾ ਦਾ ਮਾਪਦੰਡ ਉਸ ਦੁਆਰਾ ਉਪਜਾਏ ਸਿੱਖਿਅਤ ਵਿਅਕਤੀਆਂ ਦੇ ਸਿਰਜੇ ਸਮਾਜ ਦੀਆਂ ਕਦਰਾਂ ਕੀਮਤਾਂ ਹੁੰਦੀਆਂ ਹਨ। ਅਜੋਕੇ ਸਮਾਜਿਕ ਵਾਤਾਵਰਨ ਤੋਂ ਪ੍ਰਤੱਖ ਹੈ ਕਿ ਵਰਤਮਾਨ ਭਾਰਤੀ ਸਿੱਖਿਆ ਪ੍ਰਣਾਲੀ ਆਪਣਾ ਇਹ ਨਿਰਧਾਰਿਤ ਕਰਤੱਵ ਪੂਰਾ ਕਰਨ ਤੋਂ ਬੁਰੀ ਤਰ੍ਹਾਂ ਅਸਫ਼ਲ ਰਹੀ ਹੈ। ਆਧੁਨਿਕ ਮਨੁੱਖ ਸੰਕੀਰਨ ਸੰਪ੍ਰਦਾਇਕਤਾ, ਖੇਤਰੀਵਾਦ, ਪੱਖਪਾਤਾਂ ਤੇ ਕੱਟੜਵਾਦ ਕਾਰਨ ਟਕਰਾਵਾਂ ਤੇ ਜੰਗਾਂ ਵਿੱਚ ਅਚੰਭਾਜਨਕ ਪ੍ਰਗਤੀ ਦੇ ਬਾਵਜੂਦ ਸਿੱਖਿਆ ਨੇ ਮਨੁੱਖ ਨੂੰ ਸ਼ਾਂਤੀਪੂਰਬਕ

ਜੀਵਨ ਬਤੀਤ ਕਰਨ ਦੀ ਜਾਚ ਨਹੀਂ ਸਿਖਾਈ । ਭਾਰਤੀ ਲੋਕ ਤਾਂ ਅਜੇ ਵੀ ਵਹਿਮਾਂ ਭਰਮਾਂ ਤੇ ਸੰਕੀਰਨ ਦ੍ਰਿਸ਼ਟੀਕੋਨਾਂ ਤੋਂ ਆਪਣਾ ਪੱਲਾ ਨਹੀਂ ਛੁਡਵਾ ਸਕੇ। ਅਸੀਂ ਮਨੁੱਖੀ ਭ੍ਰਾਤਰੀਭਾਵ ਤੋਂ ਕੋਹਾਂ ਦੂਰ ਹਾਂ ।[38]

ਭਾਰਤ ਨੂੰ 1947 ਵਿੱਚ ਆਜ਼ਾਦੀ ਮਿਲਣ ਉਪਰੰਤ, ਸਰਕਾਰ ਵਲੋਂ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948), ਸੈਕੰਡਰੀ ਸਿੱਖਿਆ ਕਮੀਸ਼ਨ(1952-53) ਤੇ ਕੋਠਾਰੀ ਸਿੱਖਿਆ ਕਮੀਸ਼ਨ (1964—66) ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਰਾਸ਼ਟਰੀ ਸਿੱਖਿਆ ਨੀਤੀ (1968) ਅਤੇ ਫਿਰ ਮੌਜੂਦਾ ਰਾਸ਼ਟਰੀ ਸਿੱਖਿਆ ਨੀਤੀ (1986) ਨਿਰਧਾਰਿਤ ਕੀਤੀ ਗਈ। ਇਸਦੇ ਬਾਵਜੂਦ ਸਿੱਖਿਆ ਪ੍ਰਣਾਲੀ ਦਾ ਮੁਲੰਕਣ ਕਰਨ ਲਈ ਸਥਾਪੀ ਆਚਾਰਯ ਰਾਮਾ ਮੂਰਤੀ ਕਮੇਟੀ ਨੇ 1990 ਵਿੱਚ ਪੇਸ਼ ਕੀਤੀ ਰਿਪੋਰਟ ਵਿੱਚ ਅਤਿ ਨਿਰਾਸ਼ਾਜਨਕ ਸਥਿਤੀ ਦਾ ਪ੍ਰਗਟਾਵਾ ਕੀਤਾ ਹੈ। ਇਸ ਅਨੁਸਾਰ ਹਰ ਪਾਸੇ ਆਰਥਿਕ ਅਸੰਤੋਸ਼, ਸੱਭਿਆਚਾਰਕ ਅਧੋਗਤੀ ਤੇ ਸਮਾਜਿਕ ਵਿਘਟਨ ਹੈ । 'ਦੇਸ਼ ਦੇ ਨੌਜਵਾਨ ਵਿਦਰੋਹ ਤੇ ਉਤਰ ਆਏ ਹਨ ਅਤੇ ਅਹਿੰਸਾ ਉਨ੍ਹਾਂ ਦਾ ਜੀਵਨ ਢੰਗ ਬਣ ਗਈ ਹੈ ।[39] ਉਹ ਜੀਵਨ ਦੀਆਂ ਵਾਸਤਵਿਕ ਅਤੇ ਸੁਆਦੀਆਂ ਚੁੰਧਿਆਊ ਤੇ ਭੁਲੇਖਾਪਾਊ ਪਦਾਰਥਿਕ ਵਸਤੂਆਂ ਵਿਚਕਾਰ ਅੰਤਰ ਸਮਝਣ ਦੇ ਯੋਗ ਨਹੀਂ ਬਣ ਸਕੇ ।[40] ਇੱਕ ਸੁਸਿਖਿਅਤ ਤੇ ਲਾਭਕਾਰੀ ਨਾਗਰਿਕ ਲਈ ਉਸਦੇ ਵਿਅੱਕਤਿਤ੍ਵ ਦਾ ਸੰਤੁਲਿਤ ਤੇ ਸਮਸੁਰ ਵਿਕਾਸ ਅਤਿ ਆਵੱਸ਼ਕ ਹੈ । ਇਸ ਲਈ ਜਿਸ ਮਨੁੱਖ ਨੇ ਕੇਵਲ ਆਪਣੀ ਚੇਤਨਤਾ ਤੇ ਸੂਝ ਨੂੰ ਹੀ ਵਿਕਸਿਤ ਕੀਤਾ ਹੈ ਉਸਨੂੰ ਅਸਿੱਖਿਅਤ ਆਖਣਾ ਹੀ ਉਚਿਤ ਹੋਵੇਗਾ ।[41]

4.2.2. ਕਾਰਨ

ਵਿਭਿੰਨ ਸਿੱਖਿਆ ਅਤੇ ਸਮਾਜ ਸ਼ਾਸਤ੍ਰੀਆਂ ਨੇ ਅਜੋਕੀ ਭਾਰਤੀ ਸਿੱਖਿਆ ਦੀਆਂ ਸੀਮਾਵਾਂ ਤੇ ਊਣਤਾਈਆਂ ਦੀ ਸਮੀਖਿਆ ਆਪਣੇ ਆਪਣੇ ਦ੍ਰਿਸ਼ਟੀਕੋਣਾਂ ਤੋਂ ਕੀਤੀ ਹੈ । ਇੱਕ ਪ੍ਰਮੁੱਖ ਕਾਰਨ ਵਰਤਮਾਨ ਸਿੱਖਿਆ ਵਿਵਸਥਾ ਹੈ। ਬ੍ਰਿਟਿਸ਼ਕਾਲੀਨ ਸਿੱਖਿਆ ਪਰਿਕਲਪਣਾਵਾਂ ਤੇ ਲਖਸ਼ਾਂ ਉੱਤੇ ਆਧਾਰਿਤ ਹੋਣਾ ਹੈ ਜਿਸਦਾ ਮਨੋਰਥ ਕੇਵਲ ਪਰਤੰਤਰ ਤੇ ਯੰਤ੍ਰਿਕ ਪ੍ਰਵਿਰਤੀ ਵਾਲੇ ਬੁੱਧੀਜੀਵੀ ਤੇ ਕਾਮੇ ਪੈਦਾ ਕਰਨਾ ਸੀ। ਆਧੁਨਿਕ ਸਿੱਖਿਆ ਨੇ ਆਪਣੇ ਪੁਰਾਤਨ ਭਾਰਤੀ ਸੱਭਿਆਚਾਰ, ਵਿਰਸੇ ਤੇ ਪ੍ਰੰਪਰਾਵਾਂ ਦਾ ਮੁਲੰਕਣ ਕਰਕੇ

ਇਸਨੂੰ ਅਪਣਾਉਣ ਲਈ ਕੋਈ ਸੁਹਿਰਦ ਉਪਰਾਲਾ ਨਹੀਂ ਕੀਤਾ ।[42]

ਸਿੱਖਿਆ ਦੁਆਰਾ ਨੌਜਵਾਨਾਂ ਦੀ ਵਾਧੂ ਸ਼ਕਤੀ ਨੂੰ ਉੱਚ ਆਤਮਿਕ ਦਿਸ਼ਾ ਵਿੱਚ ਪਰਵਰਤਿਤ ਨਾ ਕਰ ਸਕਣਾ ਵੀ ਇਸ ਦੀ ਅਸਫ਼ਲਤਾ ਦਾ ਕਾਰਨ ਹੈ। ਇਸ ਨਾਲ ਉਨ੍ਹਾਂ ਦੀ ਸਖਸ਼ੀਅਤ ਉੱਤੇ ਨਾਕਾਰਾਤਮਿਕ ਪ੍ਰਭਾਵ ਪਿਆ ਹੈ। ਇਸ ਲਈ ਵਿਦਿਆਰਥੀਆਂ ਨੂੰ ਰੂਹਾਨੀ ਗਿਆਨ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਨਾ ਆਵੱਸ਼ਕ ਹੈ ।[43]

ਡਾ. ਰਾਧਾਕ੍ਰਿਸ਼ਨਨ ਅਜੋਕੀ ਅਸ਼ਾਂਤੀ ਲਈ ਜਿੱਥੇ ਮਨੁੱਖਾਂ ਵਿੱਚ ਸੁਚੱਜੀ ਜੀਵਨ ਜਾਚ ਨੂੰ ਪ੍ਰਫੁਲਿਤ ਕਰਨ ਲਈ ਧਰਮ ਦੀ ਨੈਤਿਕ ਪ੍ਰਭਾਵਹੀਨਤਾ ਨੂੰ ਉੱਤਰਦਾਈ ਠਹਿਰਾਉਂਦੇ ਹਨ ਉੱਥੇ ਪੁਰਾਤਨ ਵਿਸ਼ਵਾਸ਼ਾਂ ਉੱਤੇ ਨਵੇਂ ਗਿਆਨ ਦੇ ਪਏ ਭਾਰ ਨੂੰ ਵੀ ਇਸਦਾ ਕਾਰਨ ਮੰਨਦੇ ਹਨ ।[44] ਇਸਦਾ ਭਾਵ ਹੈ ਕਿ ਇਹ ਸਿੱਖਿਆ ਮਨੁੱਖ ਨੂੰ ਨਵੀਆਂ ਪ੍ਰਸਥਿਤੀਆਂ ਦੇ ਅਨੁਕੂਲ ਢਲਣ ਦੇ ਯੋਗ ਬਣਾਉਣ ਤੋਂ ਅਸਮਰਥ ਰਹੀ ਹੈ ।

ਇਹ ਸਿੱਖਿਆ ਨੌਜਵਾਨਾਂ ਨੂੰ ਸਵਸਥ ਤੇ ਸਦੀਵੀ ਜੀਵਨ ਮੁੱਲਾਂ ਨਾਲ ਲੈਸ ਨਹੀਂ ਕਰ ਸਕੀ ਜਿਸ ਕਾਰਨ ਇਨ੍ਹਾਂ ਦੀ ਬਹੁਗਿਣਤੀ ਸੈਜਮੇਲਾ ਤੇ ਆਪਹੁਦਰੀਆਂ ਕਰਨ ਨੂੰ ਹੀ ਜੀਵਨ-ਉਦੇਸ਼ ਮੰਨਦੇ ਹਨ । ਕੁਝ ਅਜਿਹੇ ਅੰਧਵਿਸ਼ਵਾਸੀ ਵੀ ਹਨ ਜਿਹੜੇ ਤੱਥਾਂ ਦੀ ਪੜ੍ਹਤਾਲ ਕੀਤੇ ਬਗ਼ੈਰ ਹੀ ਗੁਮਰਾਹ ਹੋ ਕੇ ਵਹਿਮਾਂ-ਭਰਮਾਂ ਵਿੱਚ ਫਸ ਜਾਂਦੇ ਹਨ ।[45] ਇਸ ਪ੍ਰਕਾਰ ਸਕੂਲ ਨੂੰ ਰੂਹਾਨੀਅਤ ਦਾ ਘਰ ਬਣਾ ਕੇ ਵਿਦਿਆਰਥੀਆਂ ਵਿੱਚ ਉੱਚ ਕਦਰਾਂ ਕੀਮਤਾਂ ਉਪਜਾਉਣੀਆਂ ਅਤਿ ਆਵੱਸ਼ਕ ਹਨ। ਇਸ ਵਿਚਾਰ ਨਾਲ ਤਾਂ ਧਰਮ ਨਿਰਪੇਖੀ ਚਿੰਤਕ ਵੀ ਸਹਿਮਤ ਹਨ ।[46]

ਵਿਗਿਆਨ ਅਤੇ ਧਰਮ ਦੋਵੇਂ ਹੀ ਆਪਣੇ ਆਪਣੇ ਦ੍ਰਿਸ਼ਟੀਕੋਣਾਂ ਤੋਂ ਸੱਚ ਦੀ ਤਲਾਸ਼ ਤੇ ਮਨੁੱਖੀ ਕਲਿਆਣ ਲਈ ਨਿਰੰਤਰ ਯਤਨਸ਼ੀਲ ਰਹੇ ਹਨ। ਜਿੱਥੇ ਵਿਗਿਆਨ ਨੇ ਪਦਾਰਥਾਂ ਦੇ ਬਾਹਰਮੁਖੀ ਅਧਿਐਨ ਸਦਕਾ ਮਨੁੱਖਤਾ ਲਈ ਅਥਾਹ ਸੁੱਖ-ਸੁਵਿਧਾਵਾਂ ਉਪਲਬਧ ਕਰਵਾਈਆਂ ਹਨ, ਉੱਥੇ ਧਰਮ ਨੇ ਮਨੁੱਖ ਨੂੰ ਉੱਤਮ ਜੀਵਨ ਜਾਚ ਦੀ ਸਿਖਲਾਈ ਦਿੱਤੀ ਹੈ ।ਦੋਵਾਂ ਦੀਆਂ ਕੁਝ ਸੀਮਾਵਾਂ ਹਨ । ਪ੍ਰਸਿੱਧ ਬਰਤਾਨਵੀ ਵਿਗਿਆਨੀ ਅਰਨੈਸਟ ਰੁਦਰਫੋਰਡ ਨੇ ਆਖਿਆ ਸੀ ਕਿ ਮਨੁੱਖ ਹਵਾਵਾਂ ਦੀ ਦਿਸ਼ਾ ਦਾ ਪਤਾ ਲਗਾ ਲਵੇਗਾ ।

ਉਹ ਸੂਰਜੀ ਕਿਰਨਾਂ ਦਾ ਭੇਦ ਵੀ ਬੁੱਝ ਲਵੇਗਾ । ਉਹ ਇਸ ਧਰਤੀ ਉੱਤੇ ਵਿਚਰਦੇ ਹਰ ਪਦਾਰਥ ਦੀ ਥਾਹ ਵੀ ਪਾ ਲਏਗਾ ਪਰੰਤੂ ਇੱਕ ਬੁਝਾਰਤ ਉਹ ਕਦੇ ਨਹੀਂ ਬੁੱਝ ਸਕਦਾ ਉਹ ਹੈ ਜ਼ਿੰਦਗੀ । ਵਿਗਿਆਨ ਜੀਵਨ ਦਾ ਰਹੱਸ ਨਹੀਂ ਬੁੱਝ ਸਕਿਆ । ਇਸ ਲਈ ਧਰਮ ਤੇ ਵਿਗਿਆਨ ਦਾ ਸੁਮੇਲ ਮਾਨਵਤਾ ਲਈ ਲਾਭਕਾਰੀ ਸਿੱਧ ਹੋ ਸਕਦਾ ਹੈ। ਵਰਤਮਾਨ ਸਿੱਖਿਆ ਦਾ ਅਧਿਕ ਜ਼ੋਰ ਵਿਗਿਆਨ ਤੇ ਤਕਨਾਲੋਜੀ ਦੀ ਪ੍ਰਗਤੀ ਵੱਲ ਹੀ ਹੈ ਜਦੋਂ ਕਿ ਦਿਲ ਤੇ ਦਿਮਾਗ ਦੇ ਵਿਕਾਸ ਨੂੰ ਅਣਗੌਲਿਆ ਜਾ ਰਿਹਾ ਹੈ। ਜਵਾਹਰ ਲਾਲ ਨਹਿਰੂ ਜੀ ਨੇ ਇਨ੍ਹਾਂ ਦੋਵਾਂ ਦੀ ਮਹੱਤਤਾ ਨੂੰ ਮਹਿਸੂਸਦਿਆਂ ਭਾਰਤੀਆਂ ਨੂੰ ਪ੍ਰੇਰਨਾ ਦਿੱਤੀ ਸੀ ਕਿ ਆਉ ਪੂਰੀ ਸ਼ਕਤੀ ਤੇ ਜ਼ੋਰ ਨਾਲ ਉਦਯੋਗਿਕ ਪ੍ਰਗਤੀ ਵੱਲ ਵਧੀਏ ਅਤੇ ਨਾਲ ਹੀ ਯਾਦ ਰੱਖੀਏ ਕਿ ਸਹਿਨਸ਼ੀਲਤਾ, ਦਇਆ ਤੇ ਸਿਆਣਪ ਦੀਆਂ ਭਾਵਨਾਵਾਂ ਤੋਂ ਬਿਨਾ ਪਦਾਰਥਕ ਧੰਨ ਦੌਲਤ ਧੂੜ ਤੇ ਭਸਮ ਵਿੱਚ ਬਦਲ ਸਕਦੀ ਹੈ।[47] ਇਸ ਲਈ ਵਿਗਿਆਨ ਨੂੰ ਭਾਰਤੀ ਸੱਭਿਆਚਾਰਕ ਤਾਣੇ-ਬਾਣੇ ਵਿੱਚ ਹੀ ਬੁਣਿਆ ਜਾਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਇਸਦੀਆਂ ਜੜ੍ਹਾਂ ਭਾਰਤੀ ਭੂਮੀ ਵਿੱਚ ਪੱਕੀਆਂ ਹੋ ਜਾਣਗੀਆਂ ਅਤੇ ਇਸਦਾ ਵਿਕਾਸ ਭਾਰਤੀ ਉੱਚ ਦਾਰਸ਼ਨਿਕ ਵਿਚਾਰਾਂ ਤੋਂ ਪ੍ਰਭਾਵਿਤ ਹੋ ਸਕੇਗਾ ।[48]

4.2.3. ਸਮਾਧਾਨ

ਸਿੱਖਿਆ ਸ਼ਾਸਤ੍ਰੀਆਂ ਨੇ ਅਜੋਕੀ ਭਾਰਤੀ ਸਿੱਖਿਆ ਦੀਆਂ ਸਮੱਸਿਆਵਾਂ ਦੇ ਸਮਾਧਾਨ ਲਈ ਦੋ ਪ੍ਰਮੁੱਖ ਸੁਝਾ ਦਿੱਤੇ ਹਨ ।

4.2.3.1. ਧਾਰਮਿਕ ਸਿੱਖਿਆ ਦਾ ਸੰਮਿਲਨ

ਬਹੁਗਿਣਤੀ ਆਧੁਨਿਕ ਭਾਰਤੀ ਸਿੱਖਿਆ ਵਿਚਾਰਵਾਨਾਂ ਦੀ ਰਾਇ ਹੈ ਕਿ ਵਰਤਮਾਨ ਸਿੱਖਿਆ ਦੀਆਂ ਊਣਤਾਈਆਂ ਨੂੰ ਇਸ ਵਿੱਚ ਧਾਰਮਿਕ ਸਿੱਖਿਆ ਨੂੰ ਸ਼ਾਮਿਲ ਕਰਕੇ ਦੂਰ ਕੀਤਾ ਜਾ ਸਕਦਾ ਹੈ ਪਰੰਤੂ ਇਸਦੀ ਸਮਾਵੇਸ਼ ਵਿਧੀ ਬਾਰੇ ਉਨ੍ਹਾਂ ਵਿਚ ਤੀਬਰ ਮੱਤਭੇਦ ਹਨ ।

ਇੱਕ ਮਤ ਧਰਮ ਸਿਧਾਂਤਾਂ ਨੂੰ ਸਿੱਖਿਆ ਪਾਠਕ੍ਰਮ ਵਿੱਚ ਵਿਸ਼ੇ ਵਜੋਂ ਸ਼ਾਮਲ ਕਰਨ ਦਾ ਸਮਰਥਕ ਹੈ । ਉਨ੍ਹਾਂ ਦਾ ਆਖਣਾ ਹੈ ਕਿ ਪਿਛਲੇ ਪੰਜਾਹ ਸਾਲਾਂ ਦੇ ਕੌੜੇ ਅਨੁਭਵ ਨੇ ਵਿਖਾ ਦਿੱਤਾ ਹੈ ਕਿ ਧਰਮ ਤੋਂ ਬਿਨਾਂ ਸਿੱਖਿਆ ਅਮਲੀ ਰੂਪ ਵਿੱਚ ਧਰਮ

ਰਹਿਤ ਨਾ ਰਹਿ ਕੇ ਅਧਾਰਮਿਕ ਬਣ ਜਾਂਦੇ ਹਨ । ਧਰਮ-ਸਿਧਾਂਤਾਂ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਨਾ ਕਰਨ ਨਾਲ ਵਿਦਿਆਰਥੀ ਧਰਮ ਨੂੰ ਮਹੱਤਵਹੀਨ, ਰੋਜ਼ਾਨਾ ਜੀਵਨ ਲਈ ਅਨੁਉਪਯੋਗੀ ਅਤੇ ਗੰਭੀਰ ਕਾਰਜਾਂ ਦੇ ਅਸਮਰਥ ਸਮਝਣ ਲਗ ਪੈਂਦੇ ਹਨ। ਧਰਮ ਨੂੰ ਮਨੁੱਖ ਦੇ ਨਿੱਜੀ ਘੇਰੇ ਤੱਕ ਸੀਮਿਤ ਰੱਖਣ ਨਾਲ ਉਹ ਸਵਾਰਥੀ ਤੇ ਵਿਤਰੇਕਵਾਦੀ ਜੀਵਨ ਬਤੀਤ ਕਰਨ ਲਗ ਪਿਆ ਹੈ। ਉਹ ਹਰ ਸਮੱਸਿਆ ਦਾ ਸਮਾਧਾਨ ਆਪਣੇ ਹੀ ਮਨੋਰਥ ਦੀ ਸਿੱਧੀ ਲਈ ਮਨਮਰਜ਼ੀ ਅਨੁਸਾਰ ਕਰਨ ਲਗ ਪਿਆ ਹੈ। ਇਸ ਕਾਰਨ ਉਸਦਾ ਸਦਾਚਾਰਕ ਪੱਧਰ ਘਟੀਆ ਹੋ ਗਿਆ ਹੈ। ਇਸ ਲਈ ਧਰਮ ਨੂੰ ਹੀ ਸਿੱਖਿਆ ਦਾ ਆਧਾਰ ਤੇ ਪਰਿਚਾਲਕ ਬਣਾਉਣਾ ਚਾਹੀਦਾ ਹੈ ।[49] ਡਾ. ਰਾਧਾਕ੍ਰਿਸ਼ਨਨ ਦਾ ਵੀ ਵਿਚਾਰ ਹੈ ਕਿ ਹੁਣ ਹੋਰ ਸਮੇਂ ਲਈ ਧਾਰਮਿਕ ਸਿਖਲਾਈ ਨੂੰ ਘਰ ਤੇ ਭਾਈਚਾਰੇ ਲਈ ਨਹੀਂ ਛੱਡਿਆ ਜਾ ਸਕਦਾ। ਸਿੱਖਿਆ ਨੂੰ ਨਿਰੋਲ ਪਦਾਰਥਿਕ ਵਿਗਿਆਨ ਵੀ ਨਹੀਂ ਸਮਝਿਆ ਜਾਣਾ ਚਾਹੀਦਾ ।[50] ਬ੍ਰੋਡੀ ਦਾ ਸੁਝਾ ਹੈ ਕਿ ਧਾਰਮਿਕ ਸੰਸਥਾਵਾਂ ਨੂੰ ਪੂਰੀ ਵਿਦਵਤਾ ਤੇ ਦਿਆਨਤਦਾਰੀ ਨਾਲ ਧਰਮ ਦਰਸ਼ਨ ਦੀ ਸਿੱਖਿਆ ਵਿਦਿਆਰਥੀਆਂ ਨੂੰ ਦੇਣੀ ਚਾਹੀਦੀ ਹੈ ।[51]

ਧਾਰਮਿਕ ਸਿੱਖਿਆ ਨੂੰ ਆਮ ਸਿੱਖਿਆ ਵਿੱਚ ਸ਼ਾਮਿਲ ਕਰਨ ਦੇ ਸਮਰਥਕਾਂ ਦਾ ਦੂਜਾ ਧੜਾ ਇਸਨੂੰ ਪਾਠਕ੍ਰਮ ਦੇ ਤਾਣੇ-ਬਾਣੇ ਵਿੱਚ ਸਮੋ ਕੇ ਵਿਦਿਆਰਥੀਆਂ ਦਾ ਆਤਮਿਕ ਵਿਕਾਸ ਕਰਨ ਦੀ ਪ੍ਰੇਰਣਾ ਕਰਦਾ ਹੈ। ਇਨ੍ਹਾਂ ਵਿੱਚ ਪ੍ਰਮੁੱਖ ਸਵਾਮੀ ਵਿਵੇਕਾਨੰਦ ਜੀ , ਰਬਿੰਦਰ ਨਾਥ ਟੈਗੋਰ, ਸ੍ਰੀ ਅਰਬਿੰਦੂ ਘੋਸ਼ ਤੇ ਮਹਾਤਮਾ ਗਾਂਧੀ ਹਨ ਜਿਨ੍ਹਾਂ ਦੇ ਵਿਚਾਰਾਂ ਬਾਰੇ ਪਹਿਲਾਂ ਹੀ ਵਿਸਤ੍ਰਿਤ ਚਰਚਾ ਕੀਤੀ ਜਾ ਚੁੱਕੀ ਹੈ। ਯੂਨੀਵਰਸਿਟੀ ਐਜੂਕੇਸ਼ਨ ਕਮੀਸ਼ਨ (1948) ਦੀ ਰਿਪੋਰਟ ਵਿੱਚ ਚੇਤਾਵਨੀ ਦਿੱਤੀ ਗਈ ਸੀ ਕਿ ਜੇ ਅਸੀਂ ਆਪਣੇ ਬੱਚਿਆਂ ਵਿੱਚ ਸ਼ਾਂਤੀ ਤੇ ਭਰਾਤਰੀਭਾਵ ਦਾ ਵਿਕਾਸ ਕੀਤੇ ਬਗੈਰ ਧਰਮ ਸੂਤਰਾਂ ਦੀ ਸਿੱਖਿਆ ਦੇਵਾਂਗੇ ਤਾਂ ਉਨ੍ਹਾਂ ਵਿੱਚ ਲੜਾਈ ਝਗੜੇ ਤੇ ਵੈਰ ਵਿਰੋਧ ਦੀ ਭਾਵਨਾ ਭੜਕੇਗੀ ਕਿਉਂਕਿ ਉਨ੍ਹਾਂ ਨੂੰ ਆਪਣੇ ਅੱਡਰੇ ਅੱਡਰੇ ਪੰਥਾਂ ਤੇ ਗੁੱਟਾਂ ਦੀ ਸੁਚੇਤਤਾ ਹੋ ਜਾਵੇਗੀ। ਜੇ ਧਰਮ ਅਨੁਭੂਤੀ ਹੈ ਤਾਂ ਇਸਨੂੰ ਕੇਵਲ ਧਰਮ ਸਿਧਾਂਤਾਂ ਦੀ ਜਾਣਕਾਰੀ ਨਾਲ ਹੀ ਗ੍ਰਹਿਣ ਨਹੀਂ ਕੀਤਾ ਜਾ ਸਕਦਾ। ਇਸ ਨੂੰ ਤਾਂ ਅਨੁਸ਼ਾਸਨ ਤੇ ਸਿਖਲਾਈ ਦੁਆਰਾ ਹੀ ਪ੍ਰਾਪਤ ਕਰਨਾ ਉਚਿਤ ਹੈ। ਇਸ ਲਈ ਰਸਮੀ ਧਾਰਮਿਕ ਸਿੱਖਿਆ ਦੀ ਬਜਾਏ

ਆਤਮਿਕ ਸਿਖਲਾਈ ਦੀ ਆਵਸ਼ਕਤਾ ਹੈ । [52]

ਧਾਰਮਿਕ ਸਿੱਖਿਆ ਪ੍ਰਦਾਨ ਕਰਨ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਕ ਹੋਰ ਸੁਝਾਅ ਹੈ ਕਿ ਇਸ ਜ਼ਿੰਮੇਵਾਰੀ ਨੂੰ ਘਰ ਅਤੇ ਸਕੂਲ ਵਿੱਚ ਵੰਡ ਦੇਣਾ ਚਾਹੀਦਾ ਹੈ। ਅਜਿਹਾ ਕਰਨ ਨਾਲ ਮਾਨਵਤਾ ਦੀਆਂ ਇਨ੍ਹਾਂ ਦੋ ਪ੍ਰਮੁੱਖ ਸੰਸਥਾਵਾਂ ਵਿਚਕਾਰ ਇੱਕ ਡੂੰਘਾ ਤੇ ਨਜ਼ਦੀਕੀ ਸੰਬੰਧ ਕਾਇਮ ਹੋ ਜਾਵੇਗਾ । ਨਿਰਸੰਦੇਹ ਰੂਹਾਨੀ ਜੀਵਨ ਲਈ ਮਾਂ-ਬਾਪ ਦੁਆਰਾ ਪ੍ਰਦਾਨ ਕੀਤੀ ਸਿੱਖਿਆ ਸਕੂਲਾਂ ਦੀ ਧਾਰਮਿਕ ਸਿੱਖਿਆ ਨਾਲੋਂ ਕਿਤੇ ਅਧਿਕ ਸ੍ਰੇਸ਼ਟ ਹੋਵੇਗੀ । ਇਸ ਨਾਲ ਹਿਤਮੰਦ ਰਾਸ਼ਟਰੀ ਏਕਤਾ ਦੀ ਸਥਾਪਨਾ ਹੋਵੇਗੀ ਜੋ ਕਿ ਅਜੋਕੇ ਭਾਰਤ ਲਈ ਅਤਿ ਆਵੱਸ਼ਕ ਹੈ । [53]

ਪੁਰਾਤਨ ਭਾਰਤੀ ਸਿੱਖਿਆ ਵਿਵਸਥਾ ਵਿੱਚ ਧਾਰਮਿਕ ਸਿੱਖਿਆ ਨੂੰ ਸੁਭਾਵਕ ਤੇ ਸਹਿਜ ਵਿਧੀ ਨਾਲ ਸੰਮਿਲਤ ਕੀਤਾ ਹੋਇਆ ਸੀ। ਇਹ ਸਿੱਖਿਆ ਦਰਅਸਲ ਪੁਰਾਤਨ ਰਿਸ਼ੀਆਂ ਮੁਨੀਆਂ ਦੇ ਉਮਰ ਭਰ ਦੇ ਗੰਭੀਰ ਚਿੰਤਨ ਤੇ ਅਨੁਭਵ ਦਾ ਸਿੱਟਾ ਸੀ। ਇਹ ਵਿਚਾਰ ਤਰਕ ਦੀਆਂ ਕਸਵੱਟੀਆਂ ਤੇ ਪੂਰੇ ਉੱਤਰਨ ਉਪਰੰਤ ਸਹਿਨਸ਼ੀਲਤਾ, ਧੀਰਜ ਤੇ ਕਠਿਨ ਮਿਹਨਤ ਸਦਕਾ ਪਰਵਾਨ ਚੜ੍ਹੇ ਸਨ। ਇਨ੍ਹਾਂ ਨੂੰ ਵੇਲਾ ਵਿਹਾ ਚੁੱਕੇ ਸਮਝ ਕੇ ਪਰੇ ਨਹੀਂ ਸੁੱਟਣਾ ਉਚਿਤ ਨਹੀਂ । [54] ਅਜੋਕੀ ਭਾਰਤੀ ਸਿੱਖਿਆ ਦਾ ਦੁਖਾਂਤ ਹੀ ਇਹ ਹੈ ਕਿ ਉਸਨੂੰ ਤੇਜੱਸਵੀ ਤੇ ਸਿਰਮੌਰ ਆਤਮਿਕ ਪਿਛੋਕੜ ਤੋਂ ਵੰਚਿਤ ਕਰ ਦਿੱਤਾ ਗਿਆ ਹੈ ਜਾਂ ਉਸ ਬਾਰੇ ਸਭ ਕੁਝ ਭੁਲਾ ਦਿੱਤਾ ਗਿਆ ਹੈ। ਉਹ ਆਪਣੇ ਧੁਰ ਅੰਦਰੋਂ ਬੁਰੀ ਤਰ੍ਹਾਂ ਖਾਲੀ ਹੈ । [55]

4.2.3.2. ਪੁਰਾਤਨ ਭਾਰਤੀ ਸਿੱਖਿਆ ਦੀ ਆਵਸ਼ਕਤਾ

ਇਤਿਹਾਸ ਸਾਖੀ ਭਰਦਾ ਹੈ ਕਿ ਉਹ ਕੌਮਾਂ ਹੀ ਉੱਨਤੀ ਕਰਦੀਆਂ ਹਨ ਜਿਹੜੀਆਂ ਆਪਣੇ ਸੁਦੇਸ਼ੀ ਚਿੰਤਕਾਂ ਦੇ ਵਿਚਾਰਾਂ ਤੋਂ ਰੋਸ਼ਨੀ ਪ੍ਰਾਪਤ ਕਰਦੀਆਂ ਹਨ। ਇਸ ਲਈ ਸਾਨੂੰ ਵੀ ਪੁਰਾਤਨ ਭਾਰਤੀ ਦਾਰਸ਼ਨਿਕਾਂ ਦੀ ਸਿੱਖਿਆ ਦਾ ਅਨੁਸਰਨ ਕਰਨਾ ਚਾਹੀਦਾ ਹੈ ਕਿਉਂਕਿ ਉਹ ਹੀ ਭਾਰਤੀ ਜ਼ਮੀਨ ਵਿੱਚ ਪ੍ਰਫੁਲਿਤ ਹੋ ਸਕਣ ਵਾਲੇ ਸਮਾਧਾਨ

Sri Satguru Jagjit Singh Ji eLibrary NamdhariElibrary@gmail.com

ਪ੍ਰਦਾਨ ਕਰਨ ਦੇ ਸਮਰੱਥ ਹੋ ਸਕਦੇ ਹਨ ।[56] ਡਾ. ਸ਼ੰਕਰ ਦਿਆਲ ਸ਼ਰਮਾ ਵੀ ਸਿੱਖਿਆ ਵਿੱਚ ਅਨੁਸ਼ਾਸਨ ਤੇ ਲਗਨ ਦੀ ਮਹਾਨ ਭਾਰਤੀ ਪ੍ਰੰਪਰਾ ਨੂੰ ਹੌਲੀ-ਹੌਲੀ ਪਾਠਕ੍ਰਮ ਵਿੱਚ ਮੁੜ ਸ਼ਾਮਿਲ ਕਰਨ ਨੂੰ ਆਵੱਸ਼ਕ ਸਮਝਦੇ ਹਨ ।[57] ਪੁਰਾਤਨ ਭਾਰਤੀ ਸਿੱਖਿਆ ਪ੍ਰਬੰਧ ਦੇ ਵਿਸ਼ੇਸ਼ ਲੱਛਣਾਂ ਵਿਚੋਂ ਵਿਦਿਆਰਥੀ ਵੱਲ ਨਿੱਜੀ ਧਿਆਨ ,ਮਨੀਟਰ ਵਿਵਸਥਾ, ਗੁਰੂਕੁਲ ਆਦਰਸ਼, ਸਾਦਾ ਜੀਵਨ ਤੇ ਉੱਚ ਵਿਚਾਰ, ਸਮੂਹਿਕ ਸਿੱਖਿਆ, ਉਪਯੋਗੀ ਤੇ ਉਦਾਰ ਸਿੱਖਿਆ ਦਾ ਸੁਮੇਲ ਅਤੇ ਸ਼ਹਿਰੀ ਜੀਵਨ ਦੀ ਖਲਬਲੀ ਤੋਂ ਦੂਰ ਆਸ਼ਰਮਾਂ ਦੀ ਸਥਾਪਤੀ ਆਦਿ ਬਦਲੀਆਂ ਪ੍ਰਸਥਿਤੀਆਂ ਅਨੁਸਾਰ ਢਾਲ ਕੇ ਲਾਗੂ ਕੀਤਿਆਂ ਆਧੁਨਿਕ ਸਮੇਂ ਵਿੱਚ ਵੀ ਉਪਯੋਗੀ ਸਿੱਧ ਹੋ ਸਕਦੇ ਹਨ ।[58]

## 4.3. ਸਾਰਾਂਸ਼

ਵਰਤਮਾਨ ਸਿੱਖਿਆ ਵਿਦਿਆਰਥੀਆਂ ਵਿੱਚ ਰੂਹਾਨੀ ਕਦਰਾਂ ਕੀਮਤਾਂ ਉਤਪੰਨ ਕਰਨ ਵਿੱਚ ਅਸਫ਼ਲ ਰਹੀ ਹੈ ਜਿਸਦੇ ਫਲਸਰੂਪ ਸਮਾਜ ਵਿੱਚ ਭ੍ਰਾਤਰੀਭਾਵ ਤੇ ਸੁਮੇਲਤਾ ਦਾ ਅਭਾਵ ਆ ਰਿਹਾ ਹੈ। ਇਸ ਅਸਫ਼ਲਤਾ ਦਾ ਮੁੱਖ ਕਾਰਨ ਉਸਦਾ ਆਪਣੇ ਭਾਰਤੀ ਸੱਭਿਆਚਾਰ ਨਾਲੋਂ ਨਿੱਖੜ ਕੇ ਧਾਰਮਿਕ ਅੰਸ਼ ਤੋਂ ਵੰਚਿਤ ਹੋ ਜਾਣਾ ਹੈ। ਇਸ ਸਮੱਸਿਆ ਦੇ ਉਚਿਤ ਤੇ ਚਿਰਸਥਾਈ ਸਮਾਧਾਨ ਲਈ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਹੀ ਯੋਗ ਅਗਵਾਈ ਪ੍ਰਦਾਨ ਕਰਨ ਦੇ ਸਮਰੱਥ ਹੈ ।

Sri Satguru Jagjit Singh Ji eLibrary NamdhariElibrary@gmail.com

## ਟਿੱਪਣੀਆਂ ਤੇ ਹਵਾਲੇ


1. ਟੀ.ਆਰ. ਸ਼ਰਮਾ, ਭਾਰਤੀ ਸਿੱਖਿਆ ਤੇ ਇਸ ਦੀਆਂ ਸਮੱਸਿਆਵਾਂ, ਪੰਨਾ- 77-80.
2. ਐਸ.ਸੀ. ਚੈਟਰਜੀ ਐਂਡ ਡੀ. ਦੱਤਾ, ਐਨ ਇਨਟਰੋਡਕਸ਼ਨ ਟੂ ਇੰਡੀਅਨ ਫਿਲਾਸਫੀ, ਪੰ. 399.
3. ਵੁੱਡਵਰਥ ਐਂਡ ਮਾਰਕੁਇਸ, ਸਾਈਕੋਲੋਜੀ, ਪੰਨਾ- 87-88.
4. ਟੀ.ਐਸ.ਅਵਿਨਾਸ਼ਲਿੰਗਮ, ਐਜੂਕੇਸ਼ਨਲ ਫਿਲਾਸਫੀ ਆਫ ਸਵਾਮੀ ਵਿਵੇਕਾਨੰਦ, ਪੰਨਾ-116.
5. ਮੁਸ਼ਾਰਫ ਹੁਸੈਨ(ਡਾ.) ਸਵਾਮੀ ਵਿਵੇਕਾਨੰਦਜ਼ ਫਿਲਾਸਫੀ ਆਫ ਐਜੂਕੇਸ਼ਨ, ਪੰਨਾ-82-85.
6. ਦ ਕਮਪਲੀਟ ਵਰਕਸ ਆਫ ਸਵਾਮੀ ਵਿਵੇਕਾਨੰਦ, ਪੰਨਾ- 57-58.
7. ਮੁਸ਼ਾਰਫ ਹੁਸੈਨ(ਡਾ.) ਸਵਾਮੀ ਵਿਵੇਕਾਨੰਦਜ਼ ਫਿਲਾਸਫੀ ਆਫ ਐਜੂਕੇਸ਼ਨ, ਪੰਨਾ-8.
8. -ਉਹੀ-, ਪੰਨਾ- 43-44.
9. ਐਸ. ਪੀ. ਚੌਬੇ(ਡਾ.) ਰੀਸੈਂਟ ਐਜੂਕੇਸ਼ਨਲ ਫਿਲਾਸਫੀਜ਼ ਇਨ ਇੰਡੀਆ, ਪੰਨਾ- 52.
10. ਸਵਾਮੀ ਵਿਵੇਕਾਨੰਦ, ਦ ਸਾਇੰਸ ਐਂਡ ਫਿਲਾਸਫੀ ਆਫ ਰਿਲੀਜ਼ਨ, ਪੰਨਾ- 183-89.
11. ਐਸ. ਪੀ. ਚੌਬੇ(ਡਾ.), ਰੀਸੈਂਟ ਐਜੂਕੇਸ਼ਨਲ ਫਿਲਾਸਫੀਜ਼ ਇਨ ਇੰਡੀਆ, ਪੰਨਾ-61 .
12. ਟੀ.ਐਸ. ਅਵਿਨਾਸ਼ਲਿੰਗਮ (ਸੰਪਾ.) ਵਿਵੇਕਾਨੰਦ ਐਜੂਕੇਸ਼ਨ, ਪੰਨਾ- 2-4.
13. ਐਸ.ਪੀ. ਚੌਬੇ(ਡਾ.) ਰੀਸੈਂਟ ਐਜੂਕੇਸ਼ਨਲ ਫਿਲਾਸਫੀਜ਼ ਇਨ ਇੰਡੀਆ, ਪੰਨਾ- 183 -85.
14. ਰਾਬਿੰਦਰਨਾਥ ਟੈਗੋਰ, ਦ ਰਿਲੀਜ਼ਨ ਆਫ ਮੈਨ, ਪੰਨਾ- 91.
15. -ਉਹੀ-, ਪੰਨਾ- 121.
16. ਵੀ.ਆਰ.ਤਨੇਜਾ(ਡਾ.), ਐਜੂਕੇਸ਼ਨਲ ਥੋਟ ਐਂਡ ਪ੍ਰੈਕਟਿਸ, ਪੰਨਾ- 156.
17. ਐਸ.ਪੀ. ਚੌਬੇ(ਡਾ.), ਰੀਸੈਂਟ ਐਜੂਕੇਸ਼ਨਲ ਫਿਲਾਸਫੀਜ਼ ਇਨ ਇੰਡੀਆ, ਪੰਨਾ- 207-12.
18. ਅਰੁਨ ਸੇਥੋਪਾਧਿਆਇ, ਇੰਡੀਅਨ ਐਸੋਸੀਏਸ਼ਨ ਆਫ ਸੋਸ਼ਲ ਸਾਇੰਸ ਇੰਸਟੀਚਿਊਸ਼ਨਜ਼- ਕੁਆਟਰਲੀ ਅਪ੍ਰੈਲ-ਜੂਨ, 1995, ਪੰਨਾ- 15.


Sri Satguru Jagjit Singh Ji eLibrary NamdhariElibrary@gmail.com

19. ਰਬਿੰਦਰ ਨਾਥ ਟੈਗੋਰ, ਏ ਪੋਇਟਜ਼ ਸਕੂਲ, ਵਿਸ਼ਵ ਭਾਰਤੀ ਬੁਲੇਟਿਨ ਨੰ: 9, ਪੰ.24.

20. ਐਚ.ਬੀ. ਮੁਖਰਜੀ, ਐਜੂਕੇਸ਼ਨ ਫਾਰ ਫੁੱਲਨੈਸ, ਪੰਨਾ-86.

21. ਪੀਅਰਸਨ ਡਬਲਯੂ.ਡੀ., ਸ਼ਾਂਤੀਨਿਕੇਤਨ, ਬਰਡ ਸੀਰੀਜ਼, 1916.

22. ਵੀ.ਆਰ.ਤਨੇਜਾ(ਡਾ.), ਐਜੂਕੇਸ਼ਨਲ ਥਾਟ, ਐਂਡ ਪ੍ਰੈਕਟਿਸ, ਪੰਨਾ- 161.

23. ਰਾਧਾਕ੍ਰਿਸ਼ਨਨ(ਡਾ.) ਦ ਫਿਲਾਸਫੀ ਆਫ ਰਬਿੰਦਰਨਾਥ ਟੈਗੋਰ, ਪੰਨਾ- 121.

24. ਹਰਮਿੰਦਰ ਸਿੰਘ ਬੇਦੀ, ਮਹਾਨ ਦਾਰਸ਼ਨਿਕ ਸ੍ਰੀ ਅਰਬਿੰਦੂ, ਪੰਨਾ- 1.

25. ਐਸ.ਪੀ. ਚੋਬੇ(ਡਾ.) ਗ੍ਰੇਟ ਐਜੂਕੇਸ਼ਨਲ ਫਿਲਾਸਫੋਜ਼ ਇਨ ਇੰਡੀਆ, ਪੰਨਾ- 92,96.

26. ਪੀ.ਬੀ. ਸੇਂਟ ਹਿਲੇਰੇ, ਐਜੂਕੇਸ਼ਨ ਐਂਡ ਦਾ ਏਮਜ਼ ਆਫ ਹਿਊਮਨ ਲਾਈਫ, ਪੰਨਾ-27 -29.

27. ਸ੍ਰੀ ਅਰਬਿੰਦੂ, ਏ ਸਿਸਟਮ ਆਫ ਨੈਸ਼ਨਲ ਐਜੂਕੇਸ਼ਨ, ਚੋਥਾ ਐਡੀਸ਼ਨ, ਪੰਨਾ-9.

28. ਸ੍ਰੀ ਅਰਬਿੰਦੂ, ਦ ਰੀਨੇਸੈਂਸ ਇਨ ਇੰਡੀਆ, ਚੋਥਾ ਐਡੀਸ਼ਨ, ਪੰਨਾ- 6.

29. ਜੋਹਨ ਦਵੇ, ਦ ਚਾਈਲਡ ਐਂਡ ਦਾ ਕਰੀਕੁਲਮ, ਪੰਨਾ-9.

30. ਸ੍ਰੀ ਅਰਬਿੰਦੂ ਐਂਡ ਦ ਮਦਰ ਆਨ ਐਜੂਕੇਸ਼ਨ, ਪੰਨਾ- 2.

31. ਐਸ.ਪੀ. ਚੋਬੇ(ਡਾ.) ਗ੍ਰੇਟ ਐਜੂਕੇਸ਼ਨਲ ਫਿਲਾਸਫੋਜ਼ ਇਨ ਇੰਡੀਆ, ਪੰਨਾ-101.

32. ਪੀ.ਬੀ. ਸੇਂਟ ਹਿਲੇਰੇ, ਐਜੂਕੇਸ਼ਨ ਐਂਡ ਦ ਏਮਜ਼ ਆਫ ਹਿਊਮਨ ਲਾਈਫ, ਪੰਨਾ-51 .

33. ਸਲੈਕਟਿਡ ਵਰਕਸ ਆਫ ਮਹਾਤਮਾ ਗਾਂਧੀ, ਵੋਲਿਊਮ, ਛੇਵਾਂ, ਪੰਨਾ- 529.

34. ਵੀ.ਆਰ. ਤਨੇਜਾ (ਡਾ. ) ਐਜੂਕੇਸ਼ਨਲ ਥੋਟ ਐਂਡ ਪ੍ਰੈਕਟਿਸ, ਪੰਨਾ- 183.

35. ਗਾਂਧੀ ਐਮ. ਕੇ, ਯੰਗ ਇੰਡੀਆ, ਜੂਨ 1, 1921.

36. ਐਸ. ਪੀ. ਚੋਬੇ(ਡਾ.) ਗ੍ਰੇਟ ਐਜੂਕੇਸ਼ਨਲ ਫਿਲਾਸਫੋਜ਼ ਇਨ ਇੰਡੀਆ, ਪੰਨਾ-171.

37. -ਉਹੀ-, ਪੰਨਾ- 170.

38. ਅਮ੍ਰਿਤ ਕੋਰ ਰੈਨਾ(ਡਾ.) ਦ ਐਜੂਕੇਸ਼ਨਲ ਫਿਲਾਸਫੀ ਆਫ ਦਾ ਸਿੱਖ ਗੁਰੂਜ਼, ਪੰਨਾ-197.

39. ਟੂਵਾਰਡਜ਼ ਐਨ ਇਨਲਾਈਟਨਡ ਐਂਡ ਹਿਊਮੈਨੇ ਸੋਸਾਇਟੀ ਪਾਰਟ-1, ਪੰਨਾ-5.

40. ਕੇ.ਜੀ. ਸਯਦੈਨ, ਐਜੂਕੇਸ਼ਨ, ਕਲਚਰ ਐਂਡ ਦਾ ਸੋਸ਼ਲ ਆਰਡਰ, ਪੰਨਾ- 24.

41. ਪੀ.ਡੀ. ਸ਼ੁਕਲਾ, ਚੈਂਜਿੰਗ ਫੇਸਟਸ ਆਫ ਇੰਡੀਅਨ ਐਜੂਕੇਸ਼ਨ, ਪੰਨਾ- 33.

42. ਆਚੁਤ ਕੁਮਾਰ ਸਿੰਘ(ਡਾ.), ਐਜੂਕੇਸ਼ਨ ਐਂਡ ਨੈਸ਼ਨਲ ਕਰੈਕਟਰ, ਪੰਨਾ-67.

43. ਸਵਾਮੀ ਰੰਗਾਨਾਥਨ, ਕੈਲਕਟਾ ਯੂਨੀਵਰਸਿਟੀ ਕਨਵੋਕੇਸ਼ਨ ਐਡਰੈਸ, ਪੰਨਾ- 30.

44. ਐਸ. ਰਾਧਾਕ੍ਰਿਸ਼ਨਨ(ਡਾ.) ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, ਪੰਨਾ-36.

45. ਐਮ. ਵਰਮਾ, ਦ ਫਿਲਾਸਫੀ ਆਫ ਇੰਡੀਅਨ ਐਜੂਕੇਸ਼ਨ, ਪੰਨਾ- 171.

46. ਜਾਹਨ ਐਸ. ਬਰੂਬੇਕਰ, ਮਾਡਰਨ ਫਿਲਾਸਫੀਜ਼ ਆਫ ਐਜੂਕੇਸ਼ਨ, ਚੌਥੀ ਐਡੀਸ਼ਨ, ਪੰਨਾ-189.

47. ਆਜ਼ਾਦ ਮੈਮੋਰੀਅਲ ਲੈਕਚਰਜ, 1962.

48. ਰਿਪੋਰਟ ਆਫ ਦਾ ਐਜੂਕੇਸ਼ਨ ਕਮਿਸ਼ਨ(1964–66), 1971, ਪੰਨਾ- 727.

49. ਅਸਟਨ ਹੈ. ਚਸੂਜਾ, ਦ ਹਿਊਮਨ ਫੈਕਟਰ ਇਨ ਐਜੂਕੇਸ਼ਨ, ਪੰਨਾ-89-90.

50. ਐਨ.ਬੀ. ਸੇਨ(ਸੰਪਾ.) ਡਾਇਨਾਮਿਕਸ਼ ਆਫ ਐਜੂਕੇਸ਼ਨ ਇਨ ਫਰੀ ਇੰਡੀਆ, ਪੰਨਾ-203.

51. ਹੈਰੀ ਐਸ. ਬਰੋਡੀ, ਬਿਲਡਿੰਗ ਏ ਫਿਲਾਸਫੀ ਆਫ ਐਜੂਕੇਸ਼ਨ, ਪੰਨਾ- 271.

52. ਯੂਨੀਵਰਸਿਟੀ ਐਜੂਕੇਸ਼ਨ ਕਮੀਸ਼ਨ ਰਿਪੋਰਟ, ਪੰਨਾ- 294-95.

53. ਅਨਿਬਨਾਸ਼ ਬਾਸੂ, ਐਜੂਕੇਸ਼ਨ ਇਨ ਮਾਡਰਨ ਇੰਡੀਆ, ਪੰਨਾ- 171.

54. ਸਪੀਅਰ ਪੀ., ਇੰਡੀਆ, ਪਾਕਿਸਤਾਨ ਐਂਡ ਦ ਵੈਸੱਟ, ਪੰਨਾ- 23.

55. ਆਚੁਤ ਕੁਮਾਰ ਸਿੰਘ(ਡਾ.) ਐਜੂਕੇਸ਼ਨ ਫਾਰ ਟੂਡੇ ਐਂਡ ਟੂਮਾਰੋ, ਪੰਨਾ- 67.

56. ਟੀ.ਐਸ. ਸੋਢੀ, ਰੈਲੇਵੈਂਸ ਆਫ ਐਜੂਕੇਸ਼ਨਲ ਫਿਲਾਸਫੀ ਆਫ ਗੁਰੂ ਨਾਨਕ, 1995 .

57. ਸ਼ੰਕਰ ਦਿਆਲ ਸ਼ਰਮਾ(ਡਾ.) ਹਾਰੇਜਨਜ਼ ਆਫ ਇੰਡੀਅਨ ਐਜੂਕੇਸ਼ਨ, ਪੰਨਾ-3.

58. ਏ. ਐਸ. ਅਲਟੇਕਰ, ਐਜੂਕੇਸ਼ਨ ਇਨ ਐਂਸ਼ੈਂਟ ਇੰਡੀਆ, ਪੰਨਾ- 265.


Sri Satguru Jagjit Singh Ji eLibrary NamdhariElibrary@gmail.com

# ਅਧਿਆਇ ਪੰਜਵਾਂ

## ਨਿਸ਼ਕਰਸ਼

Sri Satguru Jagjit Singh Ji eLibrary NamdhariElibrary@gmail.com

# ਨਿਸ਼ਕਰਸ਼

ਪਿਛਲੇ ਚਾਰ ਅਧਿਆਇਆਂ ਵਿੱਚ ਵਿਸ਼ਾਗਤ ਅਧਿਐਨ ਨਾਲ ਸੰਬੰਧਿਤ ਪਰਿਭਾਸ਼ਕ ਸ਼ਬਦਾਂ ਦੇ ਭਾਵਾਰਥਾਂ ਤੇ ਅੰਤਰਸੰਬੰਧਾਂ ਨੂੰ ਨਿਸ਼ਚਿਤ ਕਰਨ ਉਪਰੰਤ ਭਾਰਤੀ ਸਿੱਖਿਆ ਦਰਸ਼ਨ ਦੇ ਪ੍ਰਮੁੱਖ ਲਖਸ਼ਾਂ ਤੇ ਪ੍ਰਾਪਤੀਆਂ ਨੂੰ ਭਗਤਾਂ ਦੀ ਬਾਣੀ ਵਿਚੋਂ ਤਲਾਸ਼ ਕਰਕੇ ਇਨ੍ਹਾਂ ਦੀ ਆਧੁਨਿਕ ਭਾਰਤੀ ਸਿੱਖਿਆ ਵਿਵਸਥਾ ਲਈ ਉਪਯੋਗਤਾ ਨੂੰ ਸਥਾਪਿਤ ਕਰਨ ਦਾ ਪ੍ਰਯਤਨ ਕੀਤਾ ਗਿਆ ਹੈ। ਵਿਚਾਰਅਧੀਨ ਪੰਜਵੇਂ ਅਧਿਆਇ ਵਿੱਚ ਉਪਰੋਕਤ ਅਧਿਆਇਗਤ ਖੰਡਿਤ ਸਾਰਾਂਸ਼ਾਂ ਨੂੰ ਇੱਕ ਲੜੀ ਵਿੱਚ ਪਰੋ ਕੇ ਅੰਤਿਮ ਨਿਸ਼ਕਰਸ਼ ਕੱਢਣ ਦੀ ਕੋਸ਼ਿਸ਼ ਕੀਤੀ ਜਾਵੇਗੀ ਤਾਂ ਜੋ ਸ਼ੋਧ-ਪ੍ਰਬੰਧ ਦੀ ਸਾਰਥਕਤਾ ਨੂੰ ਪ੍ਰਗਟ ਕੀਤਾ ਜਾ ਸਕੇ। ਇਸ ਮੰਤਵ ਲਈ ਅਧਿਆਇ ਵਾਰ ਪੁਨਰ ਵਿਵੇਚਨ ਉਚਿਤ ਹੋਵੇਗਾ ।

ਪਹਿਲੇ ਅਧਿਆਇ ਵਿੱਚ ਸਿੱਖਿਆ, ਦਰਸ਼ਨ, ਸਿੱਖਿਆ ਦਰਸ਼ਨ, ਧਾਰਮਿਕ ਸਿੱਖਿਆ ਤੇ ਧਾਰਮਿਕ ਸਿੱਖਿਆ ਸਾਹਿਤ ਜਿਹੇ ਵਿਸ਼ਾਲ ਤੇ ਬਹੁਚਰਚਿਤ ਉਪ ਵਿਸ਼ਿਆਂ ਦਾ ਮੂਲ ਪਰਿਚੈ ਕਰਵਾਇਆ ਗਿਆ ਹੈ ।

ਸਿੱਖਿਆ ਜਾਂ ਵਿੱਦਿਆ ਦੇ ਭਾਵ, ਉਦੇਸ਼ਾਂ ਤੇ ਵਿਧੀਆਂ ਬਾਰੇ ਭਾਵੇਂ ਵਿਭਿੰਨ ਦਾਰਸ਼ਨਿਕਾਂ ਵਿੱਚ ਮੱਤਭੇਦ ਹਨ ਪਰੰਤੂ ਬਹੁਪ੍ਰਵਾਨਿਤ ਤੇ ਗੰਭੀਰ ਚਿੰਤਕ, ਸਿੱਖਿਆ ਨੂੰ ਅਜਿਹਾ ਅਦੁੱਤੀ ਮਾਧਿਅਮ ਮੰਨਦੇ ਹਨ ਜੋ ਮਨੁੱਖ ਦੇ ਵਿਅਕਤਿਤ੍ਵ ਦਾ ਪੂਰਨ ਵਿਕਾਸ ਕਰਕੇ ਉਸਨੂੰ ਮਾਨਵਤਾ ਲਈ ਉਪਯੋਗੀ ਬਣਾ ਸਕਣ ਦੇ ਸਮਰੱਥ ਹੈ । ਸਿੱਖਿਆ ਹੀ ਮਨੁੱਖ ਦੀ ਮੁਕਤੀਦਾਤਾ, ਕਲਿਆਣਕਾਰੀ ਤੇ ਪੱਥ ਪ੍ਰਦਰਸ਼ਕ ਹੈ । ਇੱਕ ਉਸਾਰੂ, ਦੂਰਦਰਸ਼ੀ ਤੇ ਸੋਧ - ਪ੍ਰਾਪਤ ਸਿੱਖਿਆ ਦੀ ਪਿੱਠਭੂਮੀ ਵਿੱਚ ਉਸਦੇ ਉਦੇਸ਼ਾਂ ਤੇ ਵਿਧੀਆਂ ਦਾ ਨਿਰਧਾਰਕ ਤੇ ਵਿਵਹਾਰਿਕ ਨਿਰਣਾਇਕ ਨਿਯਮਬੱਧ ਵਿਚਾਰਕ੍ਰਮ ਅਰਥਾਤ ਦਰਸ਼ਨ ਹੁੰਦਾ ਹੈ। ਦਰਸ਼ਨ ਦੇ ਤੱਤਸ਼ਾਸਤਰ, ਗਿਆਨਸ਼ਾਸਤਰ , ਆਚਾਰ ਸ਼ਾਸਤਰ ਤੇ ਤਰਕ ਸ਼ਾਸਤਰ ਚਾਰ ਪ੍ਰਮੁੱਖ ਤੱਤ ਹਨ ਜਿਨ੍ਹਾਂ ਦੇ ਆਧਾਰ ਤੇ ਇਹ ਵਿਸ਼ਵਾਸਯੋਗ ਤੇ ਵੈਧ ਵਿਧੀਆਂ ਦੁਆਰਾ ਸ੍ਰਿਸ਼ਟੀ ਦੇ ਮੂਲ ਤੱਤਾਂ ਨੂੰ ਨਿਰਧਾਰ ਕੇ ਉਸਦੇ ਗਿਆਨ ਨੂੰ ਪ੍ਰਮਾਣਿਕ ਕਰਦਿਆਂ ਪਰਮ ਤੇ ਸਦੀਵੀ ਮਨੁੱਖੀ ਕਦਰਾਂ ਕੀਮਤਾਂ ਨੂੰ ਨਿਸ਼ਚਿਤ ਕਰਦਾ ਹੈ ।

Sri Satguru Jagjit Singh Ji eLibrary NamdhariElibrary@gmail.com

ਸਿੱਖਿਆ ਤੇ ਦਰਸ਼ਨ ਪਰਸਪਰ ਸੰਬੰਧਿਤ ਪਰਸਪਰ ਨਿਰਭਰ ਤੇ ਇਕ ਦੂਜੇ ਤੇ ਪੂਰਕ ਹਨ। ਦਰਸ਼ਨ ਮਨੁੱਖ ਦੇ ਸਫ਼ਲ ਜੀਵਨ ਨੂੰ ਪਰਿਭਾਸ਼ਿਤ ਕਰਦਾ ਹੈ ਤਾਂ ਸਿੱਖਿਆ ਇਸਨੂੰ ਸਾਕਾਰ ਰੂਪ ਪ੍ਰਦਾਨ ਕਰਦੀ ਹੈ। ਦਰਸ਼ਨ ਦੁਆਰਾ ਨਿਰਧਾਰਿਤ ਮਾਪਦੰਡਾਂ ਦਾ ਉਪਯੋਗ ਵਿਹਾਰਿਕ ਰੂਪ ਵਿੱਚ ਸਿੱਖਿਆ ਹੀ ਕਰਦੀ ਹੈ। ਦਰਸ਼ਨ, ਸਿੱਖਿਆ ਦਾ ਦਰਪਣ ਨਿਰੀਖਿਅਕ, ਚਾਨਣਮੁਨਾਰਾ ਤੇ ਮਾਰਗ ਦਰਸ਼ਕ ਹੈ। ਦਰਸ਼ਨ ਰਹਿਤ ਸਿੱਖਿਆ ਦਿਸ਼ਾਹੀਣ ਅਤੇ ਸਿੱਖਿਆ ਵਿਹੂਣਾ ਦਰਸ਼ਨ ਮਾਤਰ ਸਿੱਧਾਂਤਵਾਦ ਤੇ ਫ਼ਲਰਹਿਤ ਬੌਧਿਕ ਚਰਚਾ ਹੈ। ਇਸ ਕਾਰਨ ਹੀ ਹਰ ਮਹਾਨ ਦਰਸ਼ਨਵੇਤਾ ਇੱਕ ਸ੍ਰੇਸ਼ਠ ਤੇ ਸਫ਼ਲ ਸਿੱਖਿਆ ਸ਼ਾਸਤ੍ਰੀ ਅਵੱਸ਼ ਹੁੰਦਾ ਹੈ।

ਵਿਵਿਧ ਦ੍ਰਿਸ਼ਟੀਕੋਣਾਂ ਤੋਂ ਦਰਸ਼ਨ ਤੱਤਾਂ ਦੀ ਵਿਆਖਿਆ ਅਨੁਸਾਰ ਸਮੂਹ ਸਿੱਖਿਆ ਦਰਸ਼ਨਵੇਤਾ ਵਿਭਿੰਨ ਸ਼੍ਰੇਣੀਆਂ ਵਿਚ ਵਿਭਾਜਿਤ ਹਨ ਜਿਨ੍ਹਾਂ ਵਿਚੋਂ ਪਰਿਣਾਮਵਾਦੀ, ਪ੍ਰਕਿਰਤੀਵਾਦੀ, ਵਿਚਾਰਵਾਦੀ ਤੇ ਮਾਨਵਵਾਦੀ ਪ੍ਰਮੁੱਖ ਹਨ। ਪਰਿਣਾਮਵਾਦੀ ਸਿੱਖਿਆ ਚਿੰਤਨ ਮਨੁੱਖ ਦੀਆਂ ਨਿਰੋਲ ਪਦਾਰਥਵਾਦੀ ਆਵੱਸ਼ਕਤਾਵਾਂ ਦੀ ਪੂਰਤੀ ਲਈ ਫੌਰੀ ਸਾਧਨ ਉਪਲਬਧ ਕਰਵਾਉਣ ਲਈ ਉਤਾਵਲਾ ਰਹਿਣ ਕਾਰਨ ਗੰਭੀਰ ਤੇ ਸੰਪੂਰਨ ਦਰਸ਼ਨ ਅਖਵਾਉਣ ਦਾ ਅਧਿਕਾਰੀ ਨਹੀਂ। ਪ੍ਰਕਿਰਤੀਵਾਦ ਵੀ ਵਿਗਿਆਨਿਕ ਪ੍ਰਵਿਰਤੀ ਦਾ ਪ੍ਰਵੇਗ ਮਾਤਰ ਹੈ। ਇਸ ਲਈ ਇਹ ਦੋਵੇਂ ਦਰਸ਼ਨ ਬਹੁਪੱਖੀ ਮਨੁੱਖੀ ਸਮੱਸਿਆਵਾਂ ਦਾ ਸਮਾਧਾਨ ਪ੍ਰਸਤੁਤ ਕਰਨ ਤੋਂ ਅਸਮਰਥ ਹੋਣ ਕਾਰਨ ਅਪੂਰਨ ਹਨ। ਮਾਨਵਵਾਦ ਵੀ ਸ੍ਰਿਸ਼ਟੀ ਦੇ ਸਮੂਹ ਜੀਵਾਂ ਵਿਚੋਂ ਕੇਵਲ ਇੱਕ ਉੱਤਮ ਰਚਨਾ ਅਰਥਾਤ ਮਨੁੱਖ ਦੇ ਕਲਿਆਣ ਲਈ ਹੀ ਚਿੰਤਾਤੁਰ ਤੇ ਯਤਨਸ਼ੀਲ ਰਹਿਣ ਕਾਰਨ ਇਕਾਂਗੀ ਜਾਂ ਇੱਕ ਪਾਸੜ ਹੈ। ਇਹ ਦਰਸ਼ਨ ਕਿਸੇ ਠੋਸ ਆਧਾਰ ਦੀ ਅਣਹੋਂਦ ਕਾਰਨ ਪ੍ਰਤਿਕੂਲ ਪਰਿਸਥਿਤੀਆਂ ਦਾ ਸਾਹਮਣਾ ਕਰਨ ਦੇ ਅਸਮਰਥ ਹੋ ਕੇ ਲੜਖੜਾ ਜਾਂਦਾ ਹੈ। ਇਸ ਪ੍ਰਕਾਰ ਮਾਨਵਵਾਦ ਸੰਮਿਲਤ ਵਿਚਾਰਵਾਦ ਹੀ ਇੱਕ ਸੰਪੂਰਨ ਸਿੱਖਿਆ ਦਰਸ਼ਨ ਹੈ। ਵਾਸਤਵ ਵਿੱਚ ਸਿੱਖਿਆ ਵਿਵਸਥਾ ਇੱਕ ਹੀ ਦਰਸ਼ਨ ਤੇ ਸੰਪੂਰਨ ਰੂਪ ਵਿੱਚ ਆਧਾਰਿਤ ਨਹੀਂ ਹੁੰਦੀ। ਉਸਦੇ ਲਖਸ਼ ਨੂੰ ਤਾਂ ਵਿਚਾਰਵਾਦ ਨਿਰਧਾਰਿਤ ਕਰਦਾ ਹੈ ਪਰੰਤੂ ਵਿਧੀਆਂ ਅਤੇ ਵਾਤਾਵਰਨ ਪਰਿਣਾਮਵਾਦ ਤੇ ਪ੍ਰਕਿਰਤੀਵਾਦ ਤੋਂ ਪ੍ਰਤੱਖ ਜਾਂ ਪ੍ਰੋਖ ਤੌਰ ਤੇ ਪ੍ਰਭਾਵਿਤ ਹੁੰਦੇ ਹਨ। ਇੱਕ ਉੱਤਮ ਸਿੱਖਿਆ ਪੱਧਤੀ ਦੀਆਂ ਸਮੂਹ ਕਿਰਿਆਵਾਂ ਵਿੱਚ ਵਿਚਾਰਵਾਦ ਦੀ ਆਤਮਾ ਝਲਕਦੀ ਹੈ।

Sri Satguru Jagjit Singh Ji eLibrary NamdhariElibrary@gmail.com

ਵਿਚਾਰਵਾਦੀ ਦਰਸ਼ਨ ਦਾ ਆਧਾਰ ਧਰਮ ਹੈ ਜੋ ਇੱਕ ਅਜਿਹੀ ਜੀਵਨ-ਵਿਧੀ ਹੈ ਜਿਸ ਵਿੱਚ ਦੁਨਿਆਵੀ ਪੱਧਰ ਤੋਂ ਵੀ ਉਚੇਰੀਆਂ ਅਵਸਥਾਵਾਂ ਦੀ ਪ੍ਰਾਪਤੀ ਲਈ ਯਤਨ ਕੀਤੇ ਜਾਂਦੇ ਹਨ। ਧਰਮ ਹੀ ਮਨੁੱਖ ਨੂੰ ਸਦਾਚਾਰਕ ਤੇ ਮਾਨਵੀ ਮੁੱਲਾਂ ਦਾ ਅਨੁਸਰਨ ਕਰਨ ਦੀ ਪ੍ਰੇਰਨਾ ਬਖਸ਼ਦਾ ਹੈ। ਧਰਮ, ਵਿਚਾਰਵਾਦੀ ਸਿੱਖਿਆ ਦਰਸ਼ਨ ਦੀ ਵਿਹਾਰਕ ਅਭਿਵਿਅਕਤੀ ਹੈ। ਦਰਸ਼ਨ ਵੰਚਿਤ ਆਪਹੁਦਰੇ ਅਨਿਯੰਤ੍ਰਿਤ ਧਰਮ ਅਸਹਿਨਸ਼ੀਲਤਾ ਤੇ ਸੰਕੀਰਨਤਾ ਵੱਸ ਹੋ ਕੇ ਮਨੁੱਖ ਵਿਰੋਧੀ ਰੂਪ ਧਾਰਨ ਕਰ ਲੈਂਦੇ ਹਨ। ਇਸ ਪ੍ਰਕਾਰ ਧਰਮ ਆਧਾਰਿਤ ਵਿਚਾਰਵਾਦੀ ਸਿੱਖਿਆ ਦਰਸ਼ਨ ਹੀ ਕਲਿਆਣਕਾਰੀ, ਸੱਚ-ਪੁਜਾਰੀ ਤੇ ਸੁੰਦਰਤਾ-ਉਪਾਸ਼ਕ ਹੋਣ ਕਾਰਨ ਮਨੁੱਖਤਾ ਲਈ ਉਪਯੋਗੀ ਹੈ।

ਸਿੱਖਿਆ ਦਰਸ਼ਨ ਦੇ ਵਿਚਾਰਾਂ ਦਾ ਪ੍ਰਚਾਰ ਤੇ ਸੰਚਾਰ ਕਰਨ ਲਈ ਸਾਹਿਤ ਇੱਕ ਮਹੱਤਵਪੂਰਨ ਤੇ ਪ੍ਰਭਾਵਸ਼ਾਲੀ ਸਾਧਨ ਹੈ। ਕਵਿਤਾ, ਸਾਹਿਤ ਦਾ ਇੱਕ ਉੱਤਕ੍ਰਿਸ਼ਟ ਰੂਪ ਹੈ ਜੋ ਜੀਵਨ ਦੀ ਉਚੇਰੀ ਗੰਭੀਰਤਾ ਤੋਂ ਉਪਜਦਾ ਹੈ। ਇਹ ਸੱਚ ਦੀ ਅਭਿਵਿਅਕਤੀ ਹੁੰਦੀ ਹੈ। ਧਾਰਮਿਕ ਕਵਿਤਾ ਤਾਂ ਦਿੱਵਹੋਂਦ ਸੰਪੰਨ ਸਰਵਾਰਥ ਪ੍ਰਕਾਸ਼ ਦ੍ਰਿਸ਼ਟੀ ਹੁੰਦੀ ਹੈ। ਇਸ ਪ੍ਰਕਾਰ ਦਰਸ਼ਨ ਤੇ ਧਾਰਮਿਕ ਕਵਿਤਾ ਦਾ ਪਵਿੱਤਰ ਰਿਸ਼ਤਾ ਹੈ। ਦਰਸ਼ਨ ਦੇ ਭਾਵਹੀਨ ਵਿਚਾਰ ਮਨੁੱਖੀ ਅੰਤਹਕਰਨ ਵਿੱਚ ਪ੍ਰਵੇਸ਼ ਨਹੀਂ ਕਰਦੇ ਜਦੋਂ ਕਿ ਦਾਰਸ਼ਨਿਕ ਵਿਚਾਰਾਂ ਤੋਂ ਸੱਖਣੀ ਕਵਿਤਾ ਕੋਈ ਸਾਰਥਕ ਤੇ ਉਪਯੋਗੀ ਪ੍ਰਭਾਵ ਉਤਪੰਨ ਕਰਨ ਤੋਂ ਵਾਂਝੀ ਰਹਿ ਜਾਂਦੀ ਹੈ। ਉੱਤਮ ਸਾਹਿਤ ਦਾ ਪ੍ਰੇਰਨਾ-ਸਰੋਤ ਤੇ ਵਿਸ਼ਾ-ਵਸਤੂ ਵੀ ਦਰਸ਼ਨ ਹੁੰਦਾ ਹੈ। ਦਾਰਸ਼ਨਿਕ ਵਿਚਾਰ ਇੱਕ ਉੱਚੀ ਤੇ ਸਦੀਵੀ ਕਵਿਤਾ ਦੇ ਵਿਸ਼ੇ ਤਾਂ ਹੀ ਬਣ ਸਕਦੇ ਹਨ ਜੇ ਇਸਦਾ ਰਚਨਹਾਰਾ ਕੋਈ ਅਨੁਭਵੀ ਦਰਸ਼ਨਵੇਤਾ ਤੇ ਕਵੀ ਦੋਵੇਂ ਹੋਵੇ। ਇਸ ਤੋਂ ਸਪਸ਼ਟ ਹੋ ਰਿਹਾ ਕਿ ਇੱਕ ਧਾਰਮਿਕ ਕਾਵਿ ਹੀ ਉੱਤਮ ਸਿੱਖਿਆ ਦਰਸ਼ਨ ਬਣ ਸਕਣ ਦੇ ਯੋਗ ਹੈ। ਇਸ ਕਸਵੱਟੀ ਤੇ ਪੁਰਾਣਾ ਭਾਰਤੀ ਸਿੱਖਿਆ ਦਾਰਸ਼ਨਿਕ ਸਾਹਿਤ ਪੂਰਾ ਉੱਤਰਦਾ ਹੈ ਅਤੇ ਭਾਰਤੀ ਭਗਤਾਂ ਦੀ ਬਾਣੀ ਸਾਡੀ ਸਿੱਖਿਆ ਪ੍ਰਣਾਲੀ ਨੂੰ ਇਸੇ ਦਿਸ਼ਾ ਵਿਚ ਗਤੀਸ਼ੀਲ ਕਰਦੀ ਦਿਸਦੀ ਹੈ।

ਦੂਜੇ ਅਧਿਆਇ ਵਿੱਚ ਪੁਰਾਤਨ ਭਾਰਤੀ ਸਿੱਖਿਆ, ਦਾਰਸ਼ਨਿਕ ਸਾਹਿਤ ਦੀ ਵਿਸਥਾਰ ਪੂਰਵਕ ਵਿਆਖਿਆ ਕੀਤੀ ਗਈ ਹੈ। ਇਸਦਾ ਪਹਿਲਾ ਖੰਡ ਸਿੱਖਿਆ ਸਿਧਾਂਤਵਾਦ ਅਰਥਾਤ ਦਰਸ਼ਨ ਨਾਲ ਸੰਬੰਧਿਤ ਹੈ।

Sri Satguru Jagjit Singh Ji eLibrary NamdhariElibrary@gmail.com

ਭਾਰਤੀ ਦਰਸ਼ਨ ਦਾ ਮੂਲ ਸਰੋਤ ਮਹਾਨ ਰਿਸ਼ੀਆਂ ਮੁਨੀਆਂ ਦੁਆਰਾ ਰਚੇ ਦਾਰਸ਼ਨਿਕ ਸਾਹਿਤ ਦੇ ਅਦੁੱਤੀ ਭੰਡਾਰ ਵੇਦ ਅਤੇ ਇਨ੍ਹਾਂ ਦੇ ਅੰਗ ਸੰਹਿਤਾ, ਬ੍ਰਾਹਮਣ, ਆਰਣਯਕ ਤੇ ਉਪਨਿਸ਼ਦ ਹਨ । ਭਾਰਤੀ ਦਰਸ਼ਨ ਦੀਆਂ ਨੌ ਪ੍ਰਮੁੱਖ ਸ਼ਾਖ਼ਾਵਾਂ ਨੂੰ ਵੈਦਿਕ ਸਿਧਾਂਤਾਂ ਨਾਲ ਅਸਹਿਮਤੀ ਅਤੇ ਸਹਿਮਤੀ ਅਨੁਸਾਰ ਮੋਟੇ ਤੌਰ ਤੇ ਅਵੈਦਿਕ ਜਾਂ ਨਾਸਤਿਕ ਅਤੇ ਵੈਦਿਕ ਜਾਂ ਆਸਤਿਕ ਦੋ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਪਹਿਲੀ ਸ਼੍ਰੇਣੀ ਵਿਚ ਚਾਰਵਾਕ, ਬੁੱਧ ਤੇ ਜੈਨ ਦਰਸ਼ਨ ਆਉਂਦੇ ਹਨ ਜਦੋਂ ਕਿ ਦੂਜੀ ਸ਼੍ਰੇਣੀ ਵਿੱਚ ਨਿਆਇ, ਵੈਸ਼ੇਸ਼ਿਕ, ਸਾਂਖ, ਯੋਗ, ਮੀਮਾਂਸਾ ਤੇ ਵੇਦਾਂਤ ਦਾਰਸ਼ਨਿਕ ਸ਼ਾਖਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ ।

ਸਾਰੀਆਂ ਦਾਰਸ਼ਨਿਕ ਸ਼ਾਖਾਵਾਂ ਨੇ ਮੂਲ ਸ੍ਰਿਸ਼ਟੀ ਤੱਤਾਂ ਬ੍ਰਹਮ, ਪਰਮਾਤਮਾ, ਜੀਵਾਤਮਾ, ਪ੍ਰਕਿਰਤੀ, ਭੌਤਿਕ ਸੰਸਾਰ, ਮਨੁੱਖੀ ਜੀਵਨ ਤੇ ਇਸਦੇ ਲਖ਼ਸ਼ ਅਤੇ ਮਾਇਆ ਤੇ ਮੁਕਤੀ ਆਦਿ ਨੂੰ ਬਿਆਨ ਕਰਨ ਲਈ ਗੰਭੀਰ ਯਤਨ ਕੀਤਾ ਹੈ। ਇਨ੍ਹਾਂ ਦੇ ਆਧਾਰ ਤੇ ਵਿਭਿੰਨ ਸਾਧਨਾਵਾਂ ਦਾ ਨਿਰਮਾਣ ਵੀ ਕੀਤਾ ਗਿਆ ਹੈ । ਇਨ੍ਹਾਂ ਸਿਧਾਂਤਾਂ ਨੂੰ ਵਿਹਾਰਕ ਰੂਪ ਦੇਣ ਹਿਤ ਵਿਭਿੰਨ ਪੰਥ ਤੇ ਸੰਪ੍ਰਦਾਇ ਵੀ ਹੋਂਦ ਵਿੱਚ ਆਏ ਜਿਨ੍ਹਾਂ ਵਿਚੋਂ ਕੁਝ ਤਾਂ ਸਿੱਧਾਂਤਾਂ ਦੀ ਕੱਟੜਤਾ ਕਾਰਨ ਜਨਸਾਧਾਰਨ ਤੋਂ ਟੁੱਟ ਕੇ ਇਸ ਹੱਦ ਤੱਕ ਸੰਕੁਚਿਤ ਹੋ ਗਏ ਕਿ ਪੁਸਤਕਾਂ ਵਿੱਚ ਬੰਦ ਹੋ ਗਏ ਜਾਂ ਅਰਥਹੀਨ ਕਰਮਕਾਂਡਾਂ ਵਿੱਚ ਰੂਪਾਂਤਰਿਤ ਹੋ ਗਏ। ਅਜਿਹੇ ਮਤਾਂ ਦੇ ਕੁਝ ਚਿੰਨ੍ਹ ਅਜੇ ਵੀ ਜੀਵਤ ਦਾਰਸ਼ਨਿਕ ਸਿਧਾਂਤਾਂ ਵਿਚ ਉਪਲਬਧ ਹੋ ਜਾਂਦੇ ਹਨ। ਚਾਰਵਾਕ ਦਰਸ਼ਨ ਨੇ ਪਦਾਰਥਕ ਵਿਚਾਰਧਾਰਾ ਦੀ ਨੀਂਹ ਰੱਖੀ ਜਦੋਂ ਕਿ ਯੋਗ ਦਾ ਅਸ਼ਟਾਂਗ ਮਾਰਗ ਭਾਰਤੀ ਸਾਧਨਾ ਵਿੱਚ ਰਲ ਮਿਲ ਗਿਆ। ਪਰਸਪਰ ਵਿਰੋਧੀ ਦਾਰਸ਼ਨਿਕ ਸ਼ਾਖਾਵਾਂ ਦੇ ਵਿਆਖਿਆਕਾਰਾਂ ਤੇ ਪ੍ਰਚਾਰਕਾਂ ਨੇ ਵੀ ਇੱਕ ਦੂਜੇ ਦੀਆਂ ਪਰਿਕਲਪਨਾਵਾਂ ਦਾ ਖੰਡਨ ਕਰਨ ਲਈ ਵਿਚਾਰਧਾਰਕ ਸੰਵਾਦ ਰਚਾਏ ਜਿਸਦੇ ਫਲਸਰੂਪ ਕੁਝ ਵਿਚਾਰਧਾਰਾਵਾਂ ਭਾਰਤੀ ਚਿੰਤਨ ਦੀ ਮੁੱਖ ਧਾਰਾ ਵਿਚੋਂ ਪਿਛੇ ਹਟ ਗਈਆਂ। ਸਦੀਆਂ ਤੱਕ ਦੇ ਨਿਰੰਤਰ ਵਾਦ-ਵਿਵਾਦੀ ਤੇ ਵਿਹਾਰਕ ਸੰਘਰਸ਼ ਉਪਰੰਤ ਅੱਠਵੀਂ ਸਦੀ ਤੱਕ ਵੇਦਾਂਤਿਕ ਵਿਚਾਰਧਾਰਾ ਭਾਰਤੀ ਮਾਨਸਿਕਤਾ ਵਿੱਚ ਸਮਾ ਕੇ ਉੱਘੜਵੇਂ ਰੂਪ ਵਿਚ ਪ੍ਰਮੁੱਖ ਭਾਰਤੀ ਦਰਸ਼ਨ ਵਜੋਂ ਸਥਾਪਿਤ ਹੋ ਗਈ ।

ਵੇਦਾਂਤਿਕ ਦਰਸ਼ਨ ਦੀ ਇੱਕ ਸ਼ਾਖ਼ਾ ਅਦ੍ਵੈਤਵਾਦ ਦੇ ਮਹਾਨ ਵਿਆਖਿਆਕਾਰ

Sri Satguru Jagjit Singh Ji eLibrary NamdhariElibrary@gmail.com

ਸ਼ੰਕਰਾਚਾਰੀਆ ਬ੍ਰਹਮ ਨੂੰ ਸ੍ਰਿਸ਼ਟੀ ਦਾ ਮੂਲ ਤੱਤ ਮੰਨ ਕੇ ਇਸਨੂੰ ਸੱਤ, ਚਿੱਤ ਤੇ ਆਨੰਦ ਦਾ ਸੁਮੇਲ ਸਚਿਦਾਨੰਦ ਆਖਦੇ ਹਨ ਜੋ ਕਿ ਸਰਬਸ਼ਕਤੀਮਾਨ, ਚੇਤਨ, ਜਗਤ ਦਾ ਉਪਾਦਾਨ ਤੇ ਨਿਮਿੱਤ ਕਾਰਨ ਹੈ। ਗਿਆਨ ਸਰੂਪ, ਚੇਤਨਸਰੂਪ, ਸਰਬਗਿਆਤਾ ਤੇ ਚੇਤਨ ਤੱਤ ਜੀਵਾਤਮਾ ਬ੍ਰਹਮ ਦਾ ਹੀ ਅੰਸ਼ ਹੈ। ਸ਼ੰਕਰ ਅਨੁਸਾਰ ਭੌਤਿਕ ਜਗਤ ਮਾਇਆ ਦੇ ਪ੍ਰਪੰਚ ਵਜੋਂ ਮਿੱਥਿਆ ਹੁੰਦਾ ਹੋਇਆ ਵੀ ਆਪਣੇ ਪਦਾਰਥਾਂ ਦੇ ਪਰਿਣਾਮਾਂ ਤੇ ਅਨੁਭਵ ਕਾਰਨ ਸੁਪਨਮਈ ਸੱਚ ਹੈ। ਇਸ ਪ੍ਰਕਾਰ ਇਹ ਭੌਤਿਕ ਸੰਸਾਰ ਸੱਤ ਤੇ ਅਸੱਤ ਦਾ ਅਨਿਰਵਚਨੀਯ ਸੰਯੁਕਤ ਰੂਪ ਹੈ। ਜੀਵਾਤਮਾ ਇਸ ਸੰਸਾਰਿਕ ਮਾਇਆ ਦੇ ਪ੍ਰਭਾਵ ਅਧੀਨ ਆਪਣੇ ਸ਼ੁੱਧ ਸਰੂਪ ਤੋਂ ਭਟਕ ਕੇ ਆਭਾਸੀ ਰੂਪ ਭੌਤਿਕ ਸਰੀਰ ਨੂੰ ਹੀ ਵਾਸਤਵਿਕ ਸਮਝਣ ਲਗਦੀ ਹੈ ਅਤੇ ਦੁਨਿਆਵੀ ਦੁੱਖਾਂ ਸੁੱਖਾਂ ਤੇ ਕਰਮਫ਼ਲਾਂ ਨੂੰ ਭੋਗਦੀ ਹੈ। ਇਸ ਕਰਕੇ ਜੀਵਾਤਮਾ ਜਨਮ ਮਰਨ ਦੇ ਚੱਕਰ ਵਿੱਚ ਪੈ ਜਾਂਦੀ ਹੈ। ਕਿਸੇ ਪਰਮਾਰਥੀ ਤੇ ਅਨੁਭਵੀ ਗੁਰੂ ਦੀ ਕਿਰਪਾ ਸਦਕਾ ਇਹ ਜੀਵਾਤਮਾ ਦੈਵੀ ਗਿਆਨ ਗ੍ਰਹਿਣ ਕਰਕੇ ਮੁਕਤੀ ਪ੍ਰਾਪਤ ਕਰਦੀ ਹੈ ਤੇ ਆਪਣੇ ਮੂਲ ਸਰੋਤ ਬ੍ਰਹਮ ਵਿੱਚ ਲੀਨ ਹੋ ਜਾਂਦੀ ਹੈ।

ਵੇਦਾਂਤ ਅਨੁਸਾਰ ਮੁਕਤੀ ਪ੍ਰਾਪਤ ਕਰਨਾ ਹੀ ਜੀਵਨ ਲਖਸ਼ ਹੈ। ਭਾਰਤੀ ਦਰਸ਼ਨ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿੱਚ ਮਨੁੱਖ ਨੂੰ ਸਦਾਚਾਰਕ ਸੰਸਾਰਿਕ ਜੀਵਨ ਬਤੀਤ ਕਰਦਿਆਂ ਹੀ ਜੀਵਨ-ਮੁਕਤੀ ਪ੍ਰਾਪਤ ਕਰਨ ਲਈ ਉਪਦੇਸ਼ ਦਿੱਤਾ ਗਿਆ ਹੈ। ਇਸ ਮੰਤਵ ਲਈ ਮਨੁੱਖੀ ਜੀਵਨ ਕਾਲ ਨੂੰ ਬ੍ਰਹਮਚਰਯ, ਗ੍ਰਹਿਸਥ, ਸੰਨਿਆਸ ਤੇ ਵਨਪ੍ਰਸਥ ਚਾਰ ਆਸ਼ਰਮਾਂ ਵਿੱਚ ਵੰਡ ਕੇ ਅੰਤਿਮ ਪੜਾਅ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪਹਿਲੇ ਤਿੰਨਾਂ ਵਿਚੋਂ ਗੁਜ਼ਰਨਾ ਅਨਿਵਾਰੀ ਕੀਤਾ ਗਿਆ ਹੈ। ਇਸ ਪ੍ਰਕਾਰ ਭਾਰਤੀ ਸਿੱਖਿਆ ਦਰਸ਼ਨ ਪਰਾਅਨੁਭਵੀ ਤੇ ਪਲਾਇਨਵਾਦੀ ਨਾ ਹੋਕੇ ਵਿਹਾਰਕ ਤੇ ਵਿਵਸਥਿਤ ਹੈ। ਜੀਵਨ ਦੇ ਆਤਮਿਕ ਪੱਖ ਨੂੰ ਅਣਗੌਲ ਕੇ ਨਿਰੋਲ ਪਦਾਰਥਿਕ ਉਪਲਬਧੀਆਂ ਨੂੰ ਹੀ ਜੀਵਨ ਲਖਸ਼ ਮਿੱਥਣ ਵਾਲੇ ਵਿਚਾਰਵਾਨ ਹੀ ਇਸਨੂੰ ਅਜਿਹੇ ਨਾਕਾਰਾਤਮਿਕ ਵਿਸ਼ੇਸ਼ਣਾਂ ਨਾਲ ਸੰਬੋਧਨ ਕਰਦੇ ਹਨ।

ਭਾਰਤੀ ਦਰਸ਼ਨ ਦੀਆਂ ਧਾਰਨਾਵਾਂ ਤੇ ਮਨੌਤਾਂ ਨੂੰ ਵਿਹਾਰਕ ਰੂਪ ਪ੍ਰਦਾਨ ਕਰਨ ਲਈ ਇੱਕ ਪ੍ਰਤਿਭਾਵਾਨ ਤੇ ਨਿਯਮਬੱਧ ਸਿੱਖਿਆ ਪੱਧਤੀ ਹੋਂਦ ਵਿੱਚ ਆਈ ਜਿਸਦੇ ਪ੍ਰਮੁੱਖ ਲੱਛਣਾਂ ਦਾ ਵਰਣਨ ਦੂਜੇ ਖੰਡ ਵਿੱਚ ਕੀਤਾ ਗਿਆ ਹੈ। ਪੁਰਾਤਨ ਸਿੱਖਿਆ

Sri Satguru Jagjit Singh Ji eLibrary NamdhariElibrary@gmail.com

ਦਾ ਸਮਾਂ 1000 ਈ. ਪੂ. ਤੋਂ ਲੈ ਕੇ 500 ਈ. ਤੱਕ ਮੰਨਿਆ ਜਾਂਦਾ ਹੈ ਜਿਸਨੂੰ ਵੈਦਿਕ, ਉਪਨਿਸ਼ਦਿਕ, ਧਰਮਸ਼ਾਸਤਰ ਤੇ ਪੌਰਾਣਿਕ ਚਾਰ ਕਾਲਾਂ ਵਿੱਚ ਵੰਡਿਆ ਗਿਆ ਹੈ । ਇਸ ਦੌਰਾਨ ਬੁੱਧ ਸਿੱਖਿਆ ਦਾ ਯੋਗਦਾਨ ਵੀ ਵਰਣਨਯੋਗ ਹੈ ਜਿਸ ਦੁਆਰਾ ਸਥਾਪਿਤ ਵਲਭੀ, ਨਾਲੰਦਾ ਤੇ ਵਿਕਰਮਸ਼ਿਲਾ ਯੂਨੀਵਰਸਿਟੀਆਂ ਵਿਸ਼ਵ ਵਿਖਿਆਤ ਸਨ ।

ਵੇਦਾਂ ਵਿੱਚ ਦੋ ਪ੍ਰਕਾਰ ਦੀ ਸਿੱਖਿਆ ਦਾ ਵਰਣਨ ਮਿਲਦਾ ਹੈ। ਪਰਾ ਵਿਦਿਆ ਬ੍ਰਹਮ ਦੇ ਗਿਆਨ ਨਾਲ ਅਤੇ ਅਪਰਾ ਵਿੱਦਿਆ ਦੁਨਿਆਵੀ ਵਿਸ਼ਿਆਂ ਨਾਲ ਸੰਬੰਧਿਤ ਹੈ । ਇਹ ਦੋਵੇਂ ਪ੍ਰਕਾਰ ਦੀ ਵਿੱਦਿਆ ਪਰਸਪਰ ਸੰਬੰਧਿਤ ਹੈ । ਪਰਾਵਿੱਦਿਆ ਦੀ ਪਰਮ-ਉਚਾਈ ਤੱਕ ਪੁੱਜਣ ਲਈ ਅਪਰਾਵਿੱਦਿਆ ਹੀ ਮਾਤਰ ਸਾਧਨ ਹੈ ਜਦੋਂ ਕਿ ਨਿਰੋਲ ਅਪਰਾਵਿੱਦਿਆ ਅਧੂਰੀ ਹੈ। ਭਾਰਤੀ ਸਿੱਖਿਆ ਪਰੰਪਰਾ ਵਿੱਚ ਦੋਵਾਂ ਨੂੰ ਹੀ ਮਹੱਤਤਾ ਦਿੱਤੀ ਗਈ ਹੈ। ਭਾਰਤੀ ਸਿੱਖਿਆ ਨੇ ਆਪਣੇ ਗੌਰਵਮਈ ਜੋਬਨ ਦੌਰਾਨ ਵਿਅਕਤੀਆਂ ਵਿੱਚ ਪਵਿੱਤਰਤਾ, ਪੁਰਸ਼ਾਰਥ, ਉਚ ਆਚਰਨ, ਸਮਾਜਿਕ ਕਰਤੱਵ ਪਾਲਣਾ ਤੇ ਈਮਾਨਦਾਰੀ ਜਿਹੇ ਸਦਗੁਣਾਂ ਦੀ ਉਤਪਤੀ ਤੇ ਵਿਕਾਸ ਕਰਕੇ ਸਰਬਾਂਗੀ ਵਿਅੱਕਤਿਤ੍ਵ ਦੀ ਉਸਾਰੀ ਕੀਤੀ। ਇਹ ਸਿੱਖਿਆ ਜਾਤਪਾਤ, ਨਸਲ ਤੇ ਲਿੰਗ ਭੇਦਾਂ ਦੇ ਵਿਤਕਰਿਆਂ ਤੋਂ ਮੁਕਤ ਹੋਣ ਕਾਰਨ ਸਰਬਵਿਆਪੀ ਸੀ। ਵੈਦਿਕ ਸਿੱਖਿਆ ਨੇ ਮਨੁੱਖ ਨੂੰ ਤਿੰਨ ਪ੍ਰਕਾਰ ਦੇ ਕਰਜ਼ੇ ਉਤਾਰਨ ਲਈ ਕਰਤਵਬੱਧ ਕਰਕੇ ਸਿੱਖਿਆ ਪ੍ਰਾਪਤੀ ਨੂੰ ਅਨਿਵਾਰੀ ਕੀਤਾ। ਇਹ ਸਿੱਖਿਆ ਪ੍ਰਣਾਲੀ ਭਾਰਤੀ ਸਭਿਆਚਾਰਕ ਸੰਪਤੀ ਦਾ ਸੁਰੱਖਿਅਤ ਤੇ ਸੰਚਾਰ ਕਰਨ ਵਿੱਚ ਵੀ ਪੂਰੀ ਤਰ੍ਹਾਂ ਸਫ਼ਲ ਰਹੀ। ਇਸ ਸਿੱਖਿਆ ਨੇ ਵਣਜ, ਦਸਤਕਾਰੀ, ਉਪਯੋਗੀ ਕਲਾਵਾਂ, ਚਕਿੱਤਸਾ, ਫੌਜੀ ਸਿਖਲਾਈ, ਖਗੋਲ ਤੇ ਜਨਿਤ ਵਿਸ਼ਿਆਂ ਨੂੰ ਵੀ ਪੂਰੀ ਮਹੱਤਤਾ ਦਿੱਤੀ । ਇਸ ਪ੍ਰਕਾਰ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਆਪਣੇ ਮੰਤਵ ਦੀ ਪੂਰਤੀ ਵਿੱਚ ਪੂਰਨ ਭਾਂਤ ਸਫ਼ਲ ਰਿਹਾ ।

ਪਰਿਸਥਿਤੀਆਂ ਦੇ ਜਮਾਂਦਰੂ ਨਾਟਾਲਣਯੋਗ ਤੇ ਬਾਹਰੀ ਮਜ਼ਬੂਰੀ ਗ੍ਰਸਤ ਕਾਰਨਾਂ ਵਸ ਇਹ ਸਿੱਖਿਆ ਪ੍ਰਣਾਲੀ ਅਧੋਗਤੀ ਦੇ ਪੱਥ ਤੇ ਪੈ ਕੇ ਪੌਰਾਣਿਕ ਕਾਲ ਤੱਕ ਅਤਿ ਨਿਰਾਸ਼ਾਜਨਕ ਅਵਸਥਾ ਗ੍ਰਹਿਣ ਕਰਦਿਆਂ ਅੱਠਵੀਂ ਸਦੀ ਤੱਕ ਆਪਣੇ ਨਿਮਨਤਮ ਪੱਧਰ ਤੇ ਪੁੱਜ ਗਈ। ਮੁਸਲਿਮ ਸ਼ਾਸਨ ਦੌਰਾਨ ਵੀ ਇਸਨੂੰ ਅਣਗੌਲਿਆ ਕਰਨ ਦੇ ਫਲਸਰੂਪ ਇਹ ਹੋਰ ਵੀ ਨਿੱਘਰ ਗਈ ।

ਤੀਜੇ ਅਧਿਆਇ ਵਿੱਚ ਭਗਤ ਜਨਾਂ ਦੀ ਸਿੱਖਿਆ ਵਿਚਾਰਧਾਰਾ ਨੂੰ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਦੇ ਸੰਦਰਭ ਵਿਚ ਘੋਖਿਆ ਗਿਆ ਹੈ। ਜਿਨ੍ਹਾਂ ਪੰਦਰਾਂ ਭਗਤਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ ਉਹ ਭਾਰਤ ਦੇ ਵਿਭਿੰਨ ਖੇਤਰਾਂ ਨਾਲ ਸੰਬੰਧਿਤ ਸਨ। ਇਨ੍ਹਾਂ ਦਾ ਸਮਾਂ ਵੀ ਬਾਰ੍ਹਵੀਂ ਸਦੀ ਤੋਂ ਲੈ ਕੇ ਸੋਲ੍ਹਵੀਂ ਸਦੀ ਤੱਕ ਮੰਨਿਆ ਜਾਂਦਾ ਹੈ ਜਿਸ ਦੌਰਾਨ ਪਠਾਨ ਤੇ ਮੁਗਲ ਮੁਸਲਿਮ ਸ਼ਾਸਕਾਂ ਨੇ ਰਾਜ ਕੀਤਾ। ਇਸ ਕਾਲ ਵਿੱਚ ਭਾਰਤ ਦੀ ਰਾਜਨੀਤਿਕ, ਸਮਾਜਿਕ, ਆਰਥਿਕ ਤੇ ਧਾਰਮਿਕ ਅਵਸਥਾ ਨਿਰਾਸ਼ਾਜਨਕ ਸੀ । ਸਿੱਖਿਆ ਵਿਵਸਥਾ ਦਿਸ਼ਾਹੀਨ, ਸੇਧ ਰਹਿਤ ਤੇ ਸੰਪ੍ਰਦਾਇਕ ਸੀ ।

ਸਮੇਂ ਤੇ ਸਥਾਨ ਦੀ ਵਿਭਿੰਨਤਾ ਦੇ ਬਾਵਜੂਦ ਭਗਤਾਂ ਦੀ ਵਿਚਾਰਧਾਰਾ ਵਿੱਚ ਪਰਸਪਰ ਸਮਾਨਤਾ ਹੈ ਜਿਸਦੀ ਨਿਰਵਿਵਾਦ ਪਰਮਾਣਿਕਤਾ ਇਸਨੂੰ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਨਮਾਨ ਯੋਗ ਸਥਾਨ ਮਿਲਣ ਨਾਲ ਹੀ ਸਿੱਧ ਹੋ ਜਾਂਦੀ ਹੈ । ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖ਼ੁਦ ਵੀ ਆਪਣੀ ਬਾਣੀ ਵਿੱਚ ਭਗਤਜਨਾਂ ਨੂੰ ਸਤਿਕਾਰਯੋਗ, ਅਨੁਭਵੀ ਤੇ ਪ੍ਰਭੂ ਪਿਆਰੇ ਆਖਿਆ ਹੈ। ਭਾਈ ਗੁਰਦਾਸ ਜੀ ਨੇ ਵੀ ਆਪਣੀ ਦਸਵੀਂ ਵਾਰ ਵਿੱਚ ਇਨ੍ਹਾਂ ਦੇ ਜੀਵਨ ਨਾਲ ਸੰਬੰਧਿਤ ਘਟਨਾਵਾਂ ਦਾ ਸ਼ਰਧਾਪੂਰਵਕ ਵਰਣਨ ਕੀਤਾ ਹੈ ।

ਭਗਤਾਂ ਨੇ ਜਿਸ ਉਪਾਸਨਾ ਵਿਧੀ ਦਾ ਉਪਯੋਗ ਕਰਕੇ ਉਪਦੇਸ਼ ਦਿੱਤਾ ਉਸਦੇ ਮੂਲ ਬੀਜ ਤਾਂ ਭਾਵੇਂ ਵੇਦਾਂ ਵਿਚ ਵੀ ਉਪਲਬਧ ਹਨ ਪਰੰਤੂ ਸਪੱਸ਼ਟ ਰੂਪ ਭਗਵਤਗੀਤਾ ਵਿੱਚ ਹੀ ਨਿੱਖਰ ਕੇ ਪ੍ਰਤੱਖ ਹੋਇਆ । ਵਿਭਿੰਨ ਪੜਾਵਾਂ ਵਿਚੋਂ ਲੰਘਦੀ ਹੋਈ ਭਗਤੀ ਪਰੰਪਰਾ ਮੱਧਕਾਲ ਵਿੱਚ ਪ੍ਰਵੇਸ਼ ਹੋਈ। ਇਸ ਕਾਲ ਵਿੱਚ ਸ਼ੰਕਰਾਚਾਰੀਆ, ਰਾਮਾਨੁਜਾਚਾਰੀਆ, ਮਾਧਵਾਚਾਰੀਆ, ਵੱਲਭਾਚਾਰੀਆ ਤੇ ਨਿੰਬਾਰਕਾਚਾਰੀਆ ਨੇ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਭਗਤੀ ਦੀ ਵਿਆਖਿਆ ਕੀਤੀ । ਰਾਮਾਨੰਦ ਜੀ ਨੇ ਇਸ ਪੱਧਤੀ ਨੂੰ ਦੱਖਣੀ ਭਾਰਤ ਤੋਂ ਉੱਤਰੀ ਭਾਰਤ ਵਿਚ ਸੰਚਾਰਿਤ ਕੀਤਾ । ਵਿਚਾਰਅਧੀਨ ਭਗਤ ਜਨਾਂ ਵਿੱਚੋਂ ਬਹੁਤੇ ਰਾਮਾਨੰਦ ਜੀ ਦੇ ਸ਼ਿਸ਼ ਸਨ। ਇਨ੍ਹਾਂ ਦੀ ਵਿਚਾਰਧਾਰਾ ਰਾਮਾਨੁਜ ਜੀ ਦੇ ਵਿਸ਼ਿਸ਼ਟਦ੍ਵੈਤਵਾਦੀ ਵਿਚਾਰਾਂ ਦੇ ਅਧਿਕ ਅਨੁਰੂਪ ਹੈ । ਭਾਵੇਂ ਇਸ ਵਿੱਚ ਭਾਰਤੀ ਦਰਸ਼ਨ ਦੀਆਂ ਦੂਜੀਆਂ ਸ਼ਾਖਾਵਾਂ ਦੇ ਕੁਝ ਲੱਛਣ ਤੇ ਪ੍ਰਤੀਕ ਵੀ ਪ੍ਰਤੱਖ ਜਾਂ ਪਰੋਖ ਰੂਪ ਵਿਚ ਮਿਲਦੇ ਹਨ ।

Sri Satguru Jagjit Singh Ji eLibrary NamdhariElibrary@gmail.com

ਭਗਤ ਜਨਾਂ ਨੇ ਬ੍ਰਹਮ ਨੂੰ ਸਰਬਸ਼ਕਤੀਮਾਨ, ਸਰਬ ਵਿਆਪਕ, ਦ੍ਰਿਸ਼ਟੀ ਸੰਚਾਲਕ, ਸੰਪੂਰਨ, ਰਚਨਹਾਰ, ਅਕਾਲ ਤੇ ਪਰਮਸੱਚ ਪ੍ਰਵਾਨ ਕੀਤਾ ਹੈ। ਉਹ ਜੀਵਾਤਮਾ ਨੂੰ ਇਸ ਬ੍ਰਹਮ ਦਾ ਅੰਸ਼ ਤਾਂ ਮੰਨਦੇ ਹਨ ਪਰੰਤੂ ਉਸਦੇ ਸਮਾਨ ਦਰਜਾ ਨਹੀਂ ਦਿੰਦੇ । ਸੰਪੂਰਨਤਾ ਗ੍ਰਹਿਣ ਕਰਕੇ ਪਰਮਾਤਮਾ ਵਿਚ ਲੀਨ ਹੋ ਜਾਣ ਤੇ ਵੀ ਜੀਵਾਤਮਾ ਪਰਮਾਤਮਾ ਨਹੀਂ ਬਣ ਸਕਦੀ। ਭਗਤਜਨਾਂ ਨੇ ਪ੍ਰਭੂ ਦੇ ਨਿਰਾਕਾਰੀ ਤੇ ਸਾਕਾਰੀ ਭੇਦਾਂ ਨੂੰ ਵੀ ਮਿਟਾ ਦਿੱਤਾ। ਉਹ ਆਪਣੇ ਨਿਰਾਕਾਰ ਇਸ਼ਟ ਪਰਮਾਤਮਾ ਤੱਕ ਭਗਤੀ ਦੁਆਰਾ ਪੁੱਜਣ ਲਈ ਸਾਧਨ ਵਜੋਂ ਉਸਦੇ ਸਾਕਾਰ ਰੂਪ ਦੀ ਕਲਪਣਾ ਕਰਦੇ ਹਨ। ਆਪਣੀ ਸਾਧਨਾਂ ਦੀ ਚਰਮ ਅਵਸਥਾ ਤੇ ਪੁੱਜ ਕੇ ਉਹ ਨਿਰਾਕਾਰੀ ਬਣ ਜਾਂਦੇ ਹਨ ।

ਭਗਤਜਨ ਸਾਧਾਰਨ ਲੋਕਾਂ ਵਿਚੋਂ ਉੱਠੇ ਸਨ ਅਤੇ ਉਨ੍ਹਾਂ ਨੇ ਦਬੇ ਕੁਚਲੇ ਲੋਕਾਂ ਦੇ ਕਲਿਆਣ ਲਈ ਹੀ ਬਾਣੀ ਦੀ ਰਚਨਾ ਕੀਤੀ । ਉਨ੍ਹਾਂ ਨੇ ਭਾਵੇਂ ਆਪਣੇ ਵਿਚਾਰਾਂ ਵਿੱਚ ਬੌਧਿਕਤਾ ਤੇ ਦਾਰਸ਼ਨਿਕਤਾ ਨੂੰ ਭਾਰੂ ਨਹੀਂ ਹੋਣ ਦਿੱਤਾ ਪਰੰਤੂ ਉਹ ਸੂਖਮ ਗਿਆਨ ਤੋਂ ਕੋਰੇ ਵੀ ਨਹੀਂ ਸਨ ਜਿਹਾ ਕਿ ਕੁਝ ਵਿਚਾਰਵਾਨ ਸੋਚਦੇ ਹਨ। ਇੰਵ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੀ ਸਵੈਅਨੁਭੂਤੀ ਵਿਚੋਂ ਸੁੱਤੋਸਿੱਧ ਨਿਕਲੇ ਪਵਿੱਤਰ ਸ਼ਬਦ ਪਰਮਸੱਚ ਦਾ ਪ੍ਰਗਟਾਵਾ ਸਨ ਜੋ ਕਿ ਭਾਰਤੀ ਦਰਸ਼ਨ ਦਾ ਸਾਰ ਹੈ। ਉਹ ਆਪਣੇ ਵਿਚਾਰਾਂ ਦੀ ਮੌਲਿਕਤਾ, ਨਿਰਛਲਤਾ, ਸਚਾਈ, ਸੁਭਾਵਿਕਤਾ ਤੇ ਸਰਲਤਾ ਕਾਰਨ ਹੀ ਨਿਧੜਕ, ਨਿਡਰ ਤੇ ਆਤਮ ਵਿਸ਼ਵਾਸ਼ੀ ਸਨ।

ਭਗਤ ਜਨਾਂ ਨੇ ਸਮਕਾਲੀ ਸਿੱਖਿਆ ਅਵਸਥਾ ਨੂੰ ਬੜੀ ਸ਼ਿੱਦਤ ਨਾਲ ਅਨੁਭਵ ਕੀਤਾ। ਉਨ੍ਹਾਂ ਨੇ ਆਪਣੀ ਸਿੱਖਿਆ ਦੁਆਰਾ ਸਦਗੁਣਾਂ ਤੋਂ ਸੱਖਣੇ ਤੇ ਕੁਰਾਹੇ ਪਏ ਲੋਕਾਂ ਦੀ ਮਾਨਸਿਕਤਾ ਨੂੰ ਪਦਾਰਥਕ ਲਾਲਸਾਵਾਂ ਤੋਂ ਮੁਕਤ ਕਰਕੇ ਪਵਿੱਤਰ ਕਰਨ ਦਾ ਯਤਨ ਕੀਤਾ । ਉਨ੍ਹਾਂ ਨੇ ਸੰਸਾਰਿਕ ਗ੍ਰਿਹਸਥੀ ਜੀਵਨ ਬਤੀਤ ਕਰਦਿਆਂ "ਅੰਜਨਿ ਮਾਹਿ ਨਿਰੰਜਨ" ਰਹਿ ਕੇ " ਚਿੱਤ ਨਿਰੰਜਨ ਨਾਲ" ਲਗਾ ਕੇ ਹੱਥਾਂ ਪੈਰਾਂ ਨਾਲ ਕਿਰਤ ਕਰਨ ਨੂੰ ਪਹਿਲ ਦਿੱਤੀ। ਉਨ੍ਹਾਂ ਦੀ ਨਵਧਾ ਭਗਤੀ ਵਿੱਚ ਸੇਵਾਭਾਵ, ਨਿਮਰਤਾ, ਸਮਰਪਣ ਤੇ ਸੰਤੋਖ ਆਦਿ ਸਦਾਚਾਰਕ ਮੁੱਲਾਂ ਦੀ ਭਰਮਾਰ ਹੈ। ਭਗਤਾਂ ਦੀ ਸਿੱਖਿਆ ਦਾ ਵਿਸ਼ੇਸ਼ ਲੱਛਣ ਇਹ ਹੈ ਕਿ ਇਸ ਵਿੱਚ ਵੇਦਾਂ, ਉਪਨਿਸ਼ਦਾਂ ਅਤੇ ਇਨ੍ਹਾਂ ਦੁਆਰਾ ਪ੍ਰਚਾਰੇ ਯੱਗਾਂ, ਸਾਧਨਾ-ਪੱਧਤੀਆਂ, ਧਾਰਮਿਕ ਚਿੰਨ੍ਹਾਂ, ਆਸ਼ਰਮ ਤੇ ਵਰਣ ਵਿਵਸਥਾ ਦੀ ਵਾਸਤਵਿਕ ਆਂਤਰਿਕ

ਭਾਵਨਾ ਦਾ ਖੰਡਨ ਨਹੀਂ ਕੀਤਾ ਕੇਵਲ ਉਨ੍ਹਾਂ ਦੇ ਉਪਯੋਗ ਢੰਗਾਂ ਵਿਚ ਬਾਹਰੀ ਵਿਖਾਵਿਆਂ, ਆਡੰਬਰਾਂ ਤੇ ਵਿਡੰਬਨਾਵਾਂ ਦੀ ਨਿਖੇਧੀ ਕੀਤੀ ਹੈ। ਇਹ ਨਿਖੇਧ ਵਿਧੀ ਆਮ ਲੋਕਾਂ ਨੂੰ ਉਸ ਸਮੇਂ ਦੇ ਸਵਾਰਥੀ, ਅਧਰਮੀ ਤੇ ਕੁਕਰਮੀ ਧਾਰਮਿਕ, ਸਮਾਜਿਕ ਤੇ ਰਾਜਨੀਤਿਕ ਆਗੂਆਂ ਦੀਆਂ ਮੱਕਾਰੀ ਭਰੀਆਂ ਚਾਲਾਂ ਤੋਂ ਮੁਕਤ ਕਰਾਉਣ ਲਈ ਆਵੱਸ਼ਕ ਵੀ ਸੀ। ਭਗਤ ਜਨ ਅਜਿਹੇ ਗੂੜ੍ਹ ਗਿਆਨੀ ਤੇ ਅਖੌਤੀ ਬੁੱਧੀਜੀਵੀਆਂ ਦੇ ਵੀ ਵਿਰੁੱਧ ਸਨ ਜਿਹੜੇ ਵੇਦਾਂ ਦੇ ਪਵਿੱਤਰ ਵਿਚਾਰਾਂ ਨੂੰ ਸ਼ਬਦਜਾਲਾਂ ਵਿੱਚ ਉਲਝਾ ਕੇ ਜਨਸਾਧਾਰਨ ਦੀ ਸਮਝ ਤੋਂ ਪਰੇ ਕਰਦੇ ਸਨ ।

ਭਗਤਾਂ ਨੇ ਆਪਣੀਆਂ ਪਾਰਲੌਕਿਕ ਪਰਿਕਲਪਣਾਵਾਂ ਰਾਹੀਂ ਇਸ ਸੰਸਾਰਿਕ ਜੀਵਨ ਤੋਂ ਸ਼੍ਰੇਸ਼ਟ ਮੁੱਲਾਂ, ਵਿਸ਼ਵਾਸਾਂ ਤੇ ਸੰਭਾਵਨਾਵਾਂ ਨੂੰ ਪ੍ਰਗਟਾਇਆ ਹੈ। ਉਨ੍ਹਾਂ ਦੁਆਰਾ ਪ੍ਰਤਿਪਾਦਿਤ ਸਿੱਖਿਆ ਦਾ ਉਦੇਸ਼ ਅਜਿਹੇ ਸਮਾਜ ਦੀ ਸਿਰਜਣਾ ਕਰਨਾ ਹੈ ਜਿੱਥੇ ਵਿਚਰਦਿਆਂ ਮਨੁੱਖ ਨੇ ਪਰਮਮੁਕਤੀ ਕਰਨੀ ਹੈ। ਉਨ੍ਹਾਂ ਨੇ ਵਿਹਾਰਕ ਜੀਵਨ ਵਿੱਚ ਨੇਕੀ ,ਈਮਾਨਦਾਰੀ, ਪਰਉਪਕਾਰ, ਸੇਵਾ, ਦਇਆ, ਕਿਰਤ, ਮਿੱਠਾਬੋਲਣਾ, ਤੇ ਪੁਰਸ਼ਾਰਥ ਜਿਹੇ ਪਾਵਨ ਮਾਨਵੀ ਗੁਣਾਂ ਨੂੰ ਪ੍ਰਫੁਲਿਤ ਕਰਨ ਤੇ ਬਲ ਦਿੱਤਾ। ਭਗਤ ਸਿੱਖਿਆ ਦਾ ਲਖਸ਼ ਮਨੁੱਖੀ ਵਿਅਕਤਿਤ੍ਵ ਦਾ ਸਰਬਪੱਖੀ ਵਿਕਾਸ ਕਰਨਾ ਹੈ ਤਾਂ ਜੋ ਜਾਤਪਾਤ ਤੇ ਲਿੰਗਭੇਦ, ਆਰਥਿਕ ਅਸਮਾਨਤਾ , ਧਾਰਮਿਕ ਵਿਤਕਰੇ, ਲੁੱਟ ਖਸੁੱਟ ਤੇ ਦੁੱਖਦਲਿੱਦਰ ਜਿਹੀਆਂ ਸਮਾਜਿਕ ਬੁਰਾਈਆਂ ਮਾਨਵਤਾ ਵਿਰੋਧੀ ਭੂਮਿਕਾ ਅਦਾ ਨਾ ਕਰ ਸਕਣ ।

ਪ੍ਰਭੂਮਿਲਾਪ ਲਈ ਇੱਕ ਉੱਚ ਆਚਰਣਿਕ ਤੇ ਅਨੁਭਵੀ ਸਤਿਗੁਰੂ ਦੀ ਕਿਰਪਾਦ੍ਰਿਸ਼ਟੀ ਨੂੰ ਅਨਿਵਾਰੀ ਕਰਕੇ ਭਗਤਾਂ ਨੇ ਅਧਿਆਪਕ ਦੀ ਸਮਾਜਿਕ ਪ੍ਰਤਿਸ਼ਠਾ ਨੂੰ ਉਚਿਆਇਆ। ਉਨ੍ਹਾਂ ਦੀਆਂ ਗੋਸ਼ਟੀ, ਕੀਰਤਨ, ਨਿਤਨੇਮ ਤੇ ਸਤਿਸੰਗਤ ਜਿਹੀਆਂ ਸਿੱਖਿਆ - ਵਿਧੀਆਂ ਸਰਲ, ਸਪੱਸ਼ਟ ਤੇ ਗੌਰਵਸਮੀ ਹਨ। ਇਨ੍ਹਾਂ ਵਿਚ ਯਾਦਪੱਧਰ ਤੋਂ ਲੈ ਕੇ ਚਿੰਤਨ ਪੱਧਰ ਦੀਆਂ ਸਾਰੀਆਂ ਵਿਧੀਆਂ ਸ਼ਾਮਿਲ ਹਨ। ਉਨ੍ਹਾਂ ਦੇ ਸਿੱਖਿਆ ਪਾਠਕ੍ਰਮ ਵਿੱਚ ਮਨੁੱਖੀ ਕਲਿਆਣ ਲਈ ਲੋੜੀਂਦੇ ਸਾਰੇ ਵਿਸ਼ੇ ਸ਼ਾਮਿਲ ਹਨ। ਇਸ ਪ੍ਰਕਾਰ ਭਗਤਾਂ ਦੀ ਸਰਬਵਿਆਪੀ ਤੇ ਮਾਨਵਵਾਦੀ ਸਿੱਖਿਆ ਦੀ ਸ਼੍ਰੇਣੀ ਵਿਸ਼ਵਪੱਧਰੀ, ਵਿਦਿਆਰਥੀ ਸਮੂਹ ਮਨੁੱਖਜਾਤੀ, ਵਿਸ਼ਾਵਸਤੂ ਸਾਰੀ ਸ੍ਰਿਸ਼ਟੀ ਤੇ ਵਿਧੀਆਂ ਸਹਿਜਸੁਭਾਵਿਕ ਤੇ ਸਪੱਸ਼ਟ ਹਨ ।

Sri Satguru Jagjit Singh Ji eLibrary NamdhariElibrary@gmail.com

ਮੱਧਕਾਲੀਨ ਭਗਤਾਂ ਦੀ ਸਿੱਖਿਆ ਉਨ੍ਹਾਂ ਜੀਵਨ ਮੁੱਲਾਂ ਨੂੰ ਮਹੱਤਤਾ ਦਿੰਦੀ ਹੈ ਜਿਨ੍ਹਾਂ ਦੀ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਨੇ ਉਤਪੱਤੀ ਤੇ ਪੁਸ਼ਟੀ ਕੀਤੀ। ਭਗਤਾਂ ਦਾ ਕਾਰਜਪੱਖੀ ਸਿੱਖਿਆ, ਸਮਾਜ ਸੇਵਾ, ਸਮੂਹ ਕਾਰਜਾਂ ਤੇ ਉਪਯੋਗੀ ਕਿਰਿਆਵਾਂ ਨੂੰ ਪ੍ਰੋਤਸਾਹਿਤ ਕਰਨਾ ਇਹ ਸਿੱਧ ਕਰਦਾ ਹੈ ਕਿ ਉਹ ਜੀਵਨ ਦੀਆਂ ਵਿਹਾਰਕਤਾਵਾਂ ਤੇ ਬਦਲੀਆਂ ਪ੍ਰਸਥਿਤੀਆਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ। ਇਸ ਦੇ ਬਾਵਜੂਦ ਕਿ ਭਗਤਾਂ ਨੇ ਆਪਣੇ ਵਿਚਾਰਾਂ ਤੇ ਆਧਾਰਿਤ ਕੋਈ ਵਿਵਸਥਿਤ ਤੇ ਸੀਮਾਬੱਧ ਸਿੱਖਿਆ ਪ੍ਰਬੰਧ ਪ੍ਰਸਤੁਤ ਨਹੀਂ ਕੀਤਾ, ਉਨ੍ਹਾਂ ਨੇ ਜਨਸਾਧਾਰਨ ਨੂੰ ਸਫ਼ਲਤਾਪੂਰਬਕ ਪੁਨਰ ਜਾਗ੍ਰਿਤ ਕਰਨ ਲਈ ਜਿਸ ਪ੍ਰਭਾਵਸ਼ਾਲੀ ਮਾਧਿਅਮ ਦਾ ਉਪਯੋਗ ਕੀਤਾ ਉਹ ਕਿਸੇ ਸੰਪੂਰਨ- ਸਿੱਖਿਆ-ਪੱਧਤੀ ਤੋਂ ਘੱਟ ਨਹੀਂ ਹੋ ਸਕਦਾ । ਇਸ ਲਈ ਭਾਰਤੀ ਸਿੱਖਿਆ ਪਰੰਪਰਾ ਵਿੱਚ ਮੱਧਕਾਲੀਨ ਭਾਰਤੀ ਭਗਤਾਂ ਦਾ ਯੋਗਦਾਨ ਅਤਿ ਮਹੱਤਵਪੂਰਨ ਹੈ ।

ਚੌਥੇ ਅਧਿਆਇ ਵਿਚ ਬ੍ਰਿਟਿਸ਼ ਸ਼ਾਸਨ ਤੋਂ ਆਰੰਭ ਹੋ ਕੇ ਵਰਤਮਾਨ ਸਮੇਂ ਤੱਕ ਚਾਲੂ ਆਧੁਨਿਕ ਸਿੱਖਿਆ ਵਿਵਸਥਾ ਦਾ ਆਲੋਚਨਾਤਮਕ ਚਿਤ੍ਰਣ ਕੀਤਾ ਗਿਆ ਹੈ। ਤਾਂ ਜੋ ਪਤਾ ਚੱਲ ਸਕੇ ਕਿ ਮੱਧਕਾਲੀਨ ਭਾਰਤੀ ਭਗਤਾਂ ਨੇ ਜਿਸ ਸਿੱਖਿਆ ਆਦਰਸ਼ ਨੂੰ ਆਪਣੇ ਜੀਵਨ ਦੇ ਵਿਸ਼ਿਸ਼ਟ ਅਨੁਭਵਾਂ ਰਾਹੀਂ ਸਾਕਾਰ ਕੀਤਾ ਸੀ ਉਸਦਾ ਪ੍ਰਗਟ ਜਾਂ ਅਪ੍ਰਗਟ ਪ੍ਰਤੱਖੀਕਰਨ ਸਾਡੇ ਆਪਣੇ ਸਮੇਂ ਦੇ ਚਿੰਤਕਾਂ ਤੇ ਸਿੱਖਿਆ ਸ਼ਾਸਤਰੀਆਂ ਨੇ ਕਿਨ੍ਹਾਂ ਰੂਪਾਂ ਵਿਚ ਸਾਕਾਰ ਕੀਤਾ ਹੈ । ਇਸ ਦੇ ਪਹਿਲੇ ਖੰਡ ਵਿਚ ਸੁਆਮੀ ਵਿਵੇਕਾਨੰਦ, ਰਾਵਿੰਦਰਨਾਥ ਟੈਗੋਰ, ਸ੍ਰੀ ਅਰਵਿੰਦੂ ਘੋਸ਼ ਤੇ ਮਹਾਤਮਾ ਗਾਂਧੀ ਚਾਰ ਪ੍ਰਮੁੱਖ ਭਾਰਤੀ ਸਿੱਖਿਆ ਸ਼ਾਸਤਰੀਆਂ ਦੇ ਵਿਚਾਰਾਂ ਦਾ ਅਨੁਸ਼ੀਲਨ ਤੇ ਮੁੱਲਾਂਕਣ ਕੀਤਾ ਗਿਆ ਹੈ ਜਿਨ੍ਹਾਂ ਨੇ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਤੋਂ ਰੋਸ਼ਨੀ ਪ੍ਰਾਪਤ ਕਰਕੇ ਆਧੁਨਿਕ ਭਾਰਤੀ ਸਿੱਖਿਆ ਨੂੰ ਪੁਨਰਵਿਵਸਥਿਤ ਕਰਨ ਦੇ ਗੰਭੀਰ ਤੇ ਵਿਹਾਰਿਕ ਉਪਰਾਲੇ ਕੀਤੇ । ਇਨ੍ਹਾਂ ਸਿੱਖਿਆ-ਸ਼ਾਸਤਰੀਆਂ ਨੇ ਆਪਣੇ ਵਿਚਾਰਾਂ ਨੂੰ ਵਿਹਾਰਿਕ ਰੂਪ ਦੇਣ ਲਈ ਸਿੱਖਿਆ ਪ੍ਰਣਾਲੀਆਂ ਦਾ ਗਠਨ ਕਰਕੇ ਆਪਣੇ ਆਪਣੇ ਢੰਗ ਨਾਲ ਸਿੱਖਿਆ ਸੰਸਥਾਵਾਂ ਵੀ ਚਾਲੂ ਕੀਤੀਆਂ ।

ਇਨ੍ਹਾਂ ਸਿੱਖਿਆ ਸ਼ਾਸਤਰੀਆਂ ਨੇ ਸਾਡੇ ਮਹਾਨ ਭਗਤਾਂ ਤੇ ਸੰਤਾਂ ਵਾਂਗ ਹੀ ਮਨੁੱਖ ਦੀਆਂ ਆਂਤਰਿਕ ਦੈਵੀ ਸ਼ਕਤੀਆਂ ਨੂੰ ਉਜਾਗਰ ਤੇ ਪ੍ਰਫੁੱਲਤ ਕਰਕੇ ਉਸ ਵਿੱਚ

ਸੰਪੂਰਨਤਾ ਲਿਆਉਣ ਨੂੰ ਸਿੱਖਿਆ ਦਾ ਪਰਮ ਉਦੇਸ਼ ਮੰਨਿਆ ਹੈ । ਅਜਿਹੇ ਮਨੁੱਖ ਦੀ ਆਤਮਾ ਆਪਣੇ ਮੂਲ ਸਰੋਤ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ । ਇਨ੍ਹਾਂ ਦੀ ਸਿੱਖਿਆ ਦਾ ਵਿਹਾਰਕ ਲਖਸ਼ ਵਿਅਕਤੀ ਦੀ ਸਖਸ਼ੀਅਤ ਦਾ ਸਰਬਾਂਗੀ ਵਿਕਾਸ ਕਰਕੇ ਇੱਕ ਸਵਸਥ ਤੇ ਪ੍ਰਭੁਤਾਸੰਪਨ ਸਮਾਜ ਦੀ ਸਿਰਜਣਾ ਕਰਨਾ ਹੈ। ਉਨ੍ਹਾਂ ਦਾ ਇਕਮੱਤ ਹੈ ਕਿ ਵਿਦਿਆਰਥੀਆਂ ਵਿੱਚ ਸਦਾਚਾਰਿਕ ਕਦਰਾਂ ਉਤਪੰਨ ਕਰਨ ਲਈ ਧਾਰਮਿਕ ਸਿਖਿਆ ਆਵੱਸ਼ਕ ਹੈ। ਪਰੰਤੂ ਧਰਮਸੂਤਰਾਂ ਨੂੰ ਪਾਠਕ੍ਰਮ ਵਿੱਚ ਸ਼ਾਮਿਲ ਕਰਨ ਦੀ ਬਜਾਏ ਧਰਮ ਨੂੰ ਪੂਰੇ ਸਕੂਲੀ ਵਾਤਾਵਰਨ ਵਿੱਚ ਸਮੋ ਕੇ ਵਿਦਿਆਰਥੀਆਂ ਵਿੱਚ ਸੰਚਾਰਿਤ ਕੀਤਾ ਜਾਵੇ। ਅਜਿਹੀ ਸਿੱਖਿਆ ਪ੍ਰਦਾਨ ਕਰਨ ਲਈ ਰੂਹਾਨੀ, ਨਿਸ਼ਠਾਵਾਨ ਤੇ ਪ੍ਰਤਿਭਾਸ਼ਾਲੀ ਅਧਿਆਪਕਾਂ ਦੀ ਪਰਮ ਆਵਸ਼ਕਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਅਨੁਭੂਤੀ ਰਹਿਤ ਨਿਰੋਲ ਪੁਸਤਕ ਗਿਆਨ ਨਾਲੋਂ ਕਿਰਿਆ ਆਧਾਰਿਤ ਵਿਹਾਰਕ ਸਿੱਖਿਆ ਅਧਿਕ ਉਪਯੋਗੀ ਤੇ ਸਾਰਥਕ ਹੁੰਦੀ ਹੈ ।

ਇਨ੍ਹਾਂ ਆਧੁਨਿਕ ਭਾਰਤੀ ਸਿੱਖਿਆ ਸ਼ਾਸਤ੍ਰੀਆਂ ਦੇ ਸਿੱਖਿਆ ਵਿਚਾਰ ਭਗਤ-ਜਨਾਂ ਦੇ ਵਿਚਾਰਾਂ ਨਾਲ ਇਕਸੁਰ ਹਨ। ਇਵੇਂ ਜਾਪਦਾ ਹੈ ਕਿ ਜਿਸ ਪੁਰਾਤਨ ਭਾਰਤੀ ਸਿੱਖਿਆ ਨੂੰ ਭਗਤਜਨਾਂ ਨੇ ਮੱਧਕਾਲੀਨ ਅਧੋਗਤੀ ਵਿਚੋਂ ਕੱਢ ਕੇ ਬਦਲੀਆਂ ਹੋਈਆਂ ਪ੍ਰਸਥਿਤੀਆਂ ਦੇ ਅਨੁਕੂਲ ਨਵਾਂ ਰੂਪ ਪ੍ਰਦਾਨ ਕਰਨ ਦੇ ਸੁਹਿਰਦ ਉਪਰਾਲੇ ਕੀਤੇ ਉਸਨੂੰ ਵਾਰਤਮਾਨ ਸੰਦਰਭ ਵਿੱਚ ਵਿਹਾਰਕ ਰੂਪ ਦੇਣ ਲਈ ਆਧੁਨਿਕ ਸਿੱਖਿਆ ਸ਼ਾਸਤ੍ਰੀਆਂ ਨੇ ਨਵੀਨ ਸਿੱਖਿਆ ਪੱਧਤੀਆਂ ਦਾ ਨਿਰਮਾਣ ਕੀਤਾ । ਇਹ ਵੀ ਸੱਚ ਹੈ ਕਿ ਵਿਗਿਆਨ ਤੇ ਤਕਨਾਲੋਜੀ ਦੀ ਅੰਨ੍ਹੀ ਦੌੜ ਵਿੱਚ ਸ਼ਾਮਿਲ ਹੋ ਜਾਣ ਕਾਰਨ ਭਾਰਤ ਸਰਕਾਰ ਨੇ ਇਨ੍ਹਾਂ ਪੱਧਤੀਆਂ ਨੂੰ ਸਫ਼ਲ ਕਰਨ ਵਿੱਚ ਸੁਹਿਰਦਤਾ ਨਹੀਂ ਵਿਖਾਈ ਜਿਸਦੇ ਫਲਸਰੂਪ ਇਹ ਸਰਬ ਵਿਆਪਕ ਤੇ ਲੋਕਪ੍ਰਿਯ ਨਹੀਂ ਹੋ ਸਕੀਆਂ। ਇਸ ਬੱਜਰ ਭੁੱਲ ਦੇ ਦੁਰਪ੍ਰਭਾਵ ਅਜੋਕੀ ਸਮਾਜਿਕ ਅਸ਼ਾਂਤੀ ਦੇ ਰੂਪ ਵਿੱਚ ਪ੍ਰਗਟ ਹੋ ਰਹੇ ਹਨ ।

ਇਸ ਅਧਿਆਇ ਦੇ ਦੂਜੇ ਖੰਡ ਵਿੱਚ ਅਜੋਕੇ ਸਮਾਜ ਅੰਦਰ ਵਿਆਪਕ ਅਸ਼ਾਂਤੀ, ਭ੍ਰਿਸ਼ਟਾਚਾਰ, ਅਨੁਸ਼ਾਸਨਹੀਨਤਾ ਤੇ ਆਚਰਣਿਕ ਗਿਰਾਵਟ ਲਈ ਵਰਤਮਾਨ ਸਿੱਖਿਆ ਨੂੰ ਉੱਤਰਦਾਈ ਠਹਿਰਾਇਆ ਗਿਆ ਹੈ। ਅਜੋਕੀ ਭਾਰਤੀ ਸਿੱਖਿਆ ਪ੍ਰਣਾਲੀ ਦਾ ਆਪਣੇ ਅਮੀਰ ਸੱਭਿਆਚਾਰਕ ਵਿਰਸੇ ਤੋਂ ਨਿਖੜ ਜਾਣਾ ਅਤੇ ਮਨੁੱਖ ਦੀਆਂ ਸਦਾਚਾਰਕ ਕੀਮਤਾਂ ਦੀ ਉਤਪਾਦਕ ਧਾਰਮਿਕ ਸਿੱਖਿਆ ਨਾਲੋਂ ਪਦਾਰਥਕ ਪ੍ਰਗਤੀ ਲਈ ਯਤਨਸ਼ੀਲ

ਵਿਗਿਆਨ ਤੇ ਤਕਨਾਲੋਜੀ ਦੀ ਸਿੱਖਿਆ ਤੇ ਵਧੇਰੇ ਬਲ ਦੇਣਾ ਇਸਦੀ ਅਸਫ਼ਲਤਾ ਦੇ ਪ੍ਰਮੁੱਖ ਕਾਰਨ ਹਨ ।

ਸਮੇਂ ਦੀ ਲੋੜ ਹੈ ਕਿ ਪੁਰਾਤਨ ਭਾਰਤੀ ਸਿੱਖਿਆ ਦਰਸ਼ਨ ਵਿੱਚ ਭਗਤਜਨਾਂ ਦੀਆਂ ਸਦਾਚਾਰਕ ਸਿੱਖਿਆਵਾਂ ਅਤੇ ਮੂਲ ਆਧਾਰਤ ਜੀਵਨ ਜੀਉਣ ਦੀਆਂ ਵਿਧੀਆਂ ਨੂੰ ਸੰਮਿਲਤ ਕਰਕੇ, ਵਿਗਿਆਨ ਤੇ ਤਕਨਾਲੋਜੀ ਦੇ ਸੁਮੇਲ ਨਾਲ ਇੱਕ ਨਵੀਨ ਸਿੱਖਿਆ ਵਿਵਸਥਾ ਦੀ ਸਿਰਜਣਾ ਕੀਤੀ ਜਾਵੇ। ਭਾਰਤੀ ਮਿੱਟੀ ਵਿਚ ਵਿਦੇਸ਼ੀ ਪੌਦੇ ਰੋਪਣ ਦੀ ਹਠਧਰਮੀ ਤਿਆਗ ਕੇ, ਅਜੋਕੀ ਸਿੱਖਿਆ ਪ੍ਰਣਾਲੀ ਨੂੰ ਇਸਦੀ ਮਿੱਟੀ ਤੇ ਪੌਣ ਪਾਣੀ ਦੇ ਅਨੁਕੂਲ ਕੀਤੇ ਜਾਣ ਤੋਂ ਬਿਨਾਂ ਸਾਡੀ ਸਿੱਖਿਆ ਪ੍ਰਣਾਲੀ ਨੂੰ ਕੋਈ ਨਰੋਈ ਤੇ ਹਾਂ-ਮੁਖੀ ਸੇਧ ਪ੍ਰਾਪਤ ਨਹੀਂ ਹੋ ਸਕਦੀ । ਇਹ ਸੇਧ ਸਮੂਹ ਮਾਨਵਤਾ ਦੇ ਹਿਤੈਸ਼ੀ, ਸਰਵ-ਸਾਧਾਰਨ ਤੇ ਸਰਵੋਚ ਸੱਤਾ ਵਿਚ ਗਿਆਨ, ਭਗਤੀ ਤੇ ਸ਼ਰਧਾ ਦੇ ਪੁਲ ਦਾ ਕੰਮ ਕਰਨ ਵਾਲੇ ਮੱਧਕਾਲੀਨ ਭਗਤ ਜਨਾਂ ਦੀ ਬਾਣੀ ਵਿਚ ਛੁਪੇ ਸੁੱਚੀ ਸਿੱਖਿਆ ਦੇ ਅਨੁਭਵ ਗਿਆਨ ਸਦਕਾ ਹੀ "ਵਿਦਿਆ ਵੀਚਾਰੀ ਤਾਂ ਪਰਉਪਕਾਰੀ" ਵਾਲਾ ਸਿੱਧਾਂਤ-ਵਾਕ ਪ੍ਰਾਪਤ ਕੀਤਾ ਜਾ ਸਕਦਾ ਹੈ। ਸਾਡੇ ਇਸ ਸੋਧ-ਪ੍ਰਬੰਧ ਦੀ ਪ੍ਰਕਾਰਜ ਵਿਧੀ ਅਤੇ ਪ੍ਰਤਿਆਲੋਚਨ ਇਸੇ ਮੰਤਵ ਦੁਆਲੇ ਭੌਂਦਾ ਰਿਹਾ ਹੈ ।

---

Sri Satguru Jagjit Singh Ji eLibrary NamdhariElibrary@gmail.com

# ਸਹਾਇਕ ਪੁਸਤਕ-ਸੂਚੀ

## ਸਹਾਇਕ ਪੁਸਤਕ-ਸੂਚੀ

### ਪੰਜਾਬੀ ਪੁਸਤਕਾਂ


ਅਮਰਜੀਤ ਸਿੰਘ ਗਰੇਵਾਲ (ਸੰਪਾ.) — ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਨੁੱਖਤਾ ਨੂੰ ਦੇਣ, 1994 ਇੰਟਰਨੈਸ਼ਨਲ ਇਨਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ।

ਆਰ.ਡੀ. ਨਿਰਾਕਾਰੀ — ਭਾਰਤੀ ਦਰਸ਼ਨ, 1994, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸ਼ਿਵਬਾਲ ਨਾਰਾਇਣ ਚੋਪੜਾ — ਭਾਰਤੀ ਦਰਸ਼ਨ, 1989, ਪੰਜਾਬੀ ਯੂਨੀਵਰਸਿਟੀ, ਪਟਿਆਲਾ।

ਸਤਿਬੀਰ ਸਿੰਘ (ਪ੍ਰਿੰ.) ਜਸਵੀਰ ਕੌਰ (ਸੰਪਾ.) — ਤੂੰ ਸਾਂਝਾ ਸਾਹਿਬ ਬਾਪੁ ਹਮਾਰਾ, ਇੰਟਰਨੈਸ਼ਨਲ ਇੰਸਟੀਚਿਊਟ ਆਫ ਗੁਰਮਤਿ ਸਟੱਡੀਜ਼, ਲੁਧਿਆਣਾ।

ਸੰਤ ਸਿੰਘ ਸੇਖੋਂ — ਸਾਹਿਤਿਆਰਥ, 1970, ਲਾਹੌਰ ਬੁੱਕ ਸ਼ਾਪ, ਲੁਧਿਆਣਾ।

ਹਰਮਿੰਦਰ ਸਿੰਘ ਬੇਦੀ — ਮਹਾਨ ਦਾਰਸ਼ਨਿਕ ਸ੍ਰੀ ਅਰਬਿੰਦੂ, 1994, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਹਰਿਭਜਨ ਸਿੰਘ — ਮੁੱਲ ਤੇ ਮੁਲੰਕਣ, 1972, ਨਵਚੇਤਨ ਪਬਲੀਸ਼ਰਜ਼, ਘੰਟਾ ਘਰ ਅੰਮ੍ਰਿਤਸਰ।

" — ਅਧਿਅਨ ਅਤੇ ਅਧਿਆਪਨ, 1970, ਨਵਚੇਤਨ ਪਬਲੀਸ਼ਰਜ਼, ਅੰਮ੍ਰਿਤਸਰ।

" (ਅਨੁ.) — ਅਰਸਤੂ ਦਾ ਕਾਵਿ ਸ਼ਾਸਤਰ, 1964, ਐਸ. ਚੰਦ ਐਂਡ ਕੰਪਨੀ, ਦਿੱਲੀ।


Sri Satguru Jagjit Singh Ji eLibrary NamdhariElibrary@gmail.com

| | |
|---|---|
| ਕਰਤਾਰ ਸਿੰਘ (ਟੀਕਾਕਾਰ) | ਨਿੱਤਨੇਮ ਸਟੀਕ, 1963, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ । |
| ਕਾਨ੍ਹ ਸਿੰਘ ਨਾਭਾ (ਭਾਈ) | ਗੁਰੁ ਸ਼ਬਦ ਰਤਨਾਕਰ ਮਹਾਨਕੋਸ਼, 1990, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ । |
| ਕਾਲਾ ਸਿੰਘ ਬੇਦੀ | ਗੁਰੂ ਨਾਨਕ ਸ਼ਬਦ ਰਤਨਾਕਰ, 1990, ਭਾਸ਼ਾ ਵਿਭਾਗ ਪੰਜਾਬ, ਪਟਿਆਲਾ । |
| ਕਿਰਪਾਲ ਸਿੰਘ ਕਸੇਲ (ਸੰਪਾ.) | ਸਾਹਿਤ ਅਧਿਐਨ ਸੰਰੋਚ— ਭਗਤ ਨਾਮਦੇਵ, 1989, ਭਾਸ਼ਾ ਵਿਭਾਗ ਪੰਜਾਬ, ਪਟਿਆਲਾ । |
| " | ਪੰਜਾਬੀ ਸਾਹਿਤ ਦਾ ਇਤਿਹਾਸ, ਭਾਗ ਪਹਿਲਾ, 1971, ਭਾਸ਼ਾ ਵਿਭਾਗ ਪੰਜਾਬ, ਪਟਿਆਲਾ । |
| ਕੁਲਦੀਪ ਕੌਰ (ਅਨੁ.) | ਸਿੱਖਿਆ ਸਿਧਾਂਤ ਦੇ ਮੂਲ ਆਧਾਰ, 1975, ਪੰਜਾਬੀ ਯੂਨੀਵਰਸਿਟੀ, ਪਟਿਆਲਾ । |
| ਕੁਲਬੀਰ ਸਿੰਘ ਕਾਂਗ ਅਤੇ ਹੋਰ (ਸੰਪਾ.) | ਸਿਧਾਂਤ ਤੇ ਅਧਿਐਨ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ । |
| ਕੇਸਰ ਸਿੰਘ ਕੇਸਰ (ਸੰਪਾ.) | ਪੰਜਾਬੀ ਸਾਹਿਤ ਕੋਸ਼ ਭਾਗ ਤੀਜਾ, 1992, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ । |
| ਕੌਰ ਸਿੰਘ (ਅਕਾਲੀ) | ਗੁਰੂ ਸ਼ਬਦ ਰਤਨ ਪ੍ਰਕਾਸ਼, 1986, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ । |
| ਗੁਰਦਿੱਤ ਸਿੰਘ (ਗਿਆਨੀ) | ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ (ਭਗਤ ਬਾਣੀ ਭਾਗ), 1990, ਸਿੱਖ ਸਾਹਿੱਤ ਸੰਸਥਾਨ ਚੰਡੀਗੜ੍ਹ—ਦਿੱਲੀ । |


Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਦੇਵ (ਸੰਪਾ.) — ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, 1990, ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ।

ਡੀ. ਸੀ. ਰਾਏ (ਸੰਪਾ.) — ਪੁਰਾਤਨ ਕਾਵਿ, 1995, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਟੀ.ਆਰ. ਸ਼ਰਮਾ — ਭਾਰਤੀ ਸਿੱਖਿਆ ਤੇ ਇਸਦੀਆਂ ਸਮੱਸਿਆਵਾਂ, 1986, ਪੰਜਾਬੀ ਯੂਨੀਵਰਸਿਟੀ ,ਪਟਿਆਲਾ ।

ਤਾਰਨ ਸਿੰਘ — ਸਿੱਖ, ਸਿੱਖੀ ਅਤੇ ਸਿਧਾਂਤ, 1991, ਸ਼੍ਰੋਮਣੀ ਗੁਰੂਦਵਾਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ।

" (ਅਨੁ.) — ਧਰਮ ਦੀ ਉਤਪਤੀ ਅਤੇ ਵਿਕਾਸ, 1977, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਦਰਸ਼ਨ ਸਿੰਘ — ਸਿੱਖ ਕੌਣ ਹੈ ? ਇੰਟਰਨੈਸ਼ਨਲ ਇਨਸਟੀਚਿਊਟ ਆਫ ਸਿੱਖਇਜ਼ਮ, ਲੁਧਿਆਣਾ ।

" — ਗੁਰੂ ਗ੍ਰੰਥ ਬਾਣੀ ਵਿੱਚ ਗੁਰੂ ਦਾ ਸੰਕਲਪ, 1988, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਧਰਮਪਾਲ ਸਿੰਗਲ(ਸੰਪਾ.) — ਗੁਰੂ ਰਵਿਦਾਸ ਜੀਵਨ ਤੇ ਵਿਚਾਰਧਾਰਾ, 1994, ਸੂਚਨਾ ਤੇ ਲੋਕ ਸੰਪਰਕ ਵਿਭਾਗ ਪੰਜਾਬ, ਚੰਡੀਗੜ੍ਹ ।

" — ਭਗਤਾਂ ਦੀ ਬਾਣੀ, 1993 , ਨੈਸ਼ਨਲ ਬੁੱਕ ਟਰੱਸਟ ਇੰਡੀਆ, ਦਿੱਲੀ ।

ਨਰੈਣ ਸਿੰਘ (ਗਿਆਨੀ) — ਭਗਤ ਬਾਣੀ ਸਟੀਕ, ਭਾਈ ਚਤਰ ਸਿੰਘ, ਜੀਵਨ ਸਿੰਘ, ਅੰਮ੍ਰਿਤਸਰ ।


Sri Satguru Jagjit Singh Ji eLibrary NamdhariElibrary@gmail.com

ਪ੍ਰਤਾਪ ਸਿੰਘ (ਗਿਆਨੀ) — ਭਗਤ ਦਰਸ਼ਨ, 1953, ਖਾਲਸਾ ਬ੍ਰਦਰਜ਼, ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ।

ਪ੍ਰਭਜੋਤ ਕੌਰ (ਅਨੁ.) — ਜੀਵਨ ਦਾ ਆਦਰਸ਼ਵਾਦੀ ਦ੍ਰਿਸ਼ਟੀਕੋਣ, 1988, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਬਖਸ਼ੀਸ਼ ਸਿੰਘ (ਅਨੁ.) — ਸਿੱਖਿਆ ਦੇ ਆਧੁਨਿਕ ਦਰਸ਼ਨ, 1973, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਬਲਕਾਰ ਸਿੰਘ (ਸੰਪਾ.) — ਭਗਤੀ ਵਿਸ਼ੇਸ਼ ਅੰਕ ਨਾਨਕ ਪ੍ਰਕਾਸ਼ ਪੱਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਭਗਤ ਸਿੰਘ ਬੇਦੀ — ਮੱਧਕਾਲੀਨ ਭਗਤੀ ਕਾਵਿ ਦੀ ਭੂਮਿਕਾ, 1990, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਭਾਈ ਗੁਰਦਾਸ ਜੀ — ਵਾਰਾਂ ਗਿਆਨ ਰਤਨਾਵਲੀ, 1990, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਮਨਮੋਹਨ ਸਹਿਗਲ — ਗੁਰੂ ਗ੍ਰੰਥ ਸਾਹਿਬ— ਇੱਕ ਸਭਿਆਚਾਰਕ ਸਰਵੇਖਣ, 1987, ਭਾਸ਼ਾ ਵਿਭਾਗ ਪੰਜਾਬ, ਪਟਿਆਲਾ।

ਮਨਮੋਹਨ ਸਿੰਘ — ਗੁਰਮਤਿ ਕਾਵਿ ਅਤੇ ਭਗਤੀ ਧਾਰਾ, 1981, ਹਰਜੀਤ ਸਿੰਘ ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ ।

ਰਤਨ ਸਿੰਘ ਜੱਗੀ — ਸਾਹਿਤ ਕੋਸ਼, 1989, ਪੰਜਾਬੀ ਯੂਨੀਵਰਸਿਟੀ, ਪਟਿਆਲਾ ।

ਰਾਮ ਪ੍ਰਕਾਸ਼ ਗਿਆਨੀ (ਅਨੁ.) — ਪੂਰਬ ਅਤੇ ਪੱਛਮ, 1963, ਲੋਕ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ।

ਰੋਸ਼ਨ ਲਾਲ ਆਹੂਜਾ — ਸਾਹਿੱਤ ਸ਼ਾਸਤਰ, 1973, ਲਾਹੌਰ ਬੁੱਕ ਸ਼ਾਪ, ਲੁਧਿਆਣਾ ।


Sri Satguru Jagjit Singh Ji eLibrary NamdhariElibrary@gmail.com

## ਪੀ.ਐਚ.ਡੀ. ਥੀਸਿਜ਼


ਗਿਆਨ ਚੰਦਰ ਕੌਲ — ਗੁਰੂ ਰਵਿਦਾਸ ਬਾਣੀ ਦਾ ਦਾਰਸ਼ਨਿਕ ਅਧਿਐਨ, 1994, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।

ਪਰਮਜੀਤ ਕੌਰ — ਗੁਰੂ ਰਵਿਦਾਸ ਬਾਣੀ ਵਿੱਚ ਬ੍ਰਹਮ ਦਾ ਸੰਕਲਪ, 1994, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਅਮਰਜੀਤ ਕੌਰ — ਗੁਰੂ ਰਵਿਦਾਸ ਅਤੇ ਗੁਰੂ ਨਾਨਕ ਦੇਵ ਦੀ ਬਾਣੀ ਦਾ ਸਮਾਜਿਕ ਸੰਦਰਭ ਵਿਚ ਤੁਲਨਾਤਮਿਕ ਅਧਿਐਨ, 1992, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ।


## ਪੱਤਰ / ਪੱਤ੍ਰਿਕਾਵਾਂ


ਅਜੂਨੀ, ਮਾਸਿਕ ਪੱਤ੍ਰਿਕਾ, ਮਾਰਚ 1996, ਮਨਸੂਹਾ (ਲੁਧਿਆਣਾ)

ਖੋਜ ਦਰਪਣ, ਜਨਵਰੀ 1995, ਪੰਜਾਬੀ ਅਧਿਐਨ ਸਕੂਲ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ।

ਵਿਸਮਾਦੁ ਨਾਦ ਨੰਬਰ 1, ਅਕਤੂਬਰ 1992, ਲੁਧਿਆਣਾ ।

ਸੱਚਖੰਡ ਪੱਤਰ, ਨਵੰਬਰ, 1996, ਗੁਰਦੁਆਰਾ ਬੋਰਡ ਤਖ਼ਤ ਸਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ।

ਗੁਰਮਤਿ ਪ੍ਰਕਾਸ਼, ਨਵੰਬਰ 1996, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।


Sri Satguru Jagjit Singh Ji eLibrary NamdhariElibrary@gmail.com

## हिन्दी पुस्तकें :


अर्जुन चौबे (अनु०) : धर्म शास्त्र का इतिहास, भाग 1, 1965, सूचना विभाग, उत्तर प्रदेश, लखनऊ।

कृष्ण गोस्वामी : संत काव्य की प्रवृत्तियाँ, 1969, चिन्ता प्रकाशन, पिलानी।

गणपतिचन्द्र शुक्ल : हिन्दी साहित्य का वैज्ञानिक इतिहास, प्रथम खण्ड, 1986, लोक भारती प्रकाशन, इलाहाबाद।

गोवर्धन भट्ट (अनु०) : भारतीय दर्शन की रूपरेखा, 1965, राजकमल प्रकाशन, दिल्ली।

नन्द किशोर गोभिल (अनु०) : भारतीय दर्शन, 1969, राजपाल एण्ड सन्ज, दिल्ली।

नाभादास जी : भक्तमाल, 1967, तेज कुमार प्रेस, लखनऊ।

परशुराम चतुर्वेदी (आचार्य) : हिन्दी साहित्य का वृहत् इतिहास, भाग चौथा, सं०2025, नागरी प्रचारिणी सभा, काशी।

" : संत काव्य की रूप रेखा, 1984, भारती भण्डार, इलाहाबाद।

" : उत्तरी भारत की संत परम्परा, 1972, भारती भण्डार, इलाहाबाद।

" : संत साहित्य की भूमिका, 1960, हिन्दी प्रचार सभा, हैदराबाद।

पूर्ण चन्द उपाध्याय : वैदिक संस्कृति का विश्व कोश, 1991, आर्य प्रकाशन मण्डल, दिल्ली।

प्रेम शंकर : भक्ति काव्य का समाजशास्त्र, 1990, राधाकृष्ण प्रकाशन, प्रा०लि०, नई दिल्ली।

बलदेव उपाध्याय : भारतीय दर्शन, 1992, शारदा भारती प्रकाशन, वाराणसी।

मनमोहन सहगल : संत काव्य का दार्शनिक सर्वेक्षण, प्रथम संस्करण, 1965, भारतेन्दु भवन, चण्डीगढ़।

मुंशी राम शर्मा (सं0) : वैदिक चिन्तामणि, 1986, ग्रन्थम प्रकाशन, कानपुर ।

मैथिली प्रसाद भारद्वाज : मध्यकालीन साहित्य चिन्तन, 1992, पब्लिकेशन ब्यूरो, पंजाब यूनिवर्सिटी, चण्डीगढ़ ।

रमेश चन्द्र मिश्र : संत साहित्य और समाज, 1994, आर्य प्रकाशन, सरस्वती भण्डार, दिल्ली ।

राधाकृष्णन (डॉ0) : भारतीय दर्शन, भाग 2, 1986, राजपाल एण्ड सन्ज़, दिल्ली ।

रामकुमार वर्मा : हिन्दी साहित्य का आलोचनात्मक इतिहास, 1971, रामनारायण लाल प्रकाशन तथा पुस्तक विक्रेता, इलाहाबाद ।

रामचन्द्र शुक्ल : हिन्दी साहित्य का इतिहास, 1983, नागरी प्रचारिणी सभा, काशी ।

राहुल सांकृत्यायन : दर्शन-दिग्दर्शन, 1961, किताब महल, इलाहाबाद ।

विश्वंभर नाथ उपाध्याय : हिन्दी साहित्य की दार्शनिक पृष्ठभूमि ।

वेंकट शर्मा : भक्ति काव्य का अंतरदर्शन, 1986, पल्लव प्रकाशन, दिल्ली ।

हजारी प्रसाद द्विवेदी : मध्यकालीन धर्म साधना, 1970, साहित्य भवन, प्रा0लि0, इलाहाबाद ।

: कबीर, 1942, हिन्दी ग्रंथ रत्नाकर, प्रा0लि0, बंबई ।

पुरातन दार्शनिक पुस्तकें :

अथर्ववेद : गीता प्रेस, गोरखपुर ।

यजुर्वेद : " "

ऋग्वेद : " "

कठोपनिषद : " "

छान्दोग्योपनिषद : गीता प्रेस, गोरखपुर ।

एतरेणायक उपनिषद : " "

बृहदारण्यक उपनिषद : " "

मुण्डकोपनिषद : " "

शतपथ ब्राह्मण : " "

श्रीमद् भागवत : " "

भगवद् गीता : " "

ब्रह्मसूत्रभाष्य : " "

श्रीभाष्य : " "

ब्रह्म पर रामानुजभाष्य : " "

शांकर भाष्य : " "

सुभाषित रत्न भण्डार : " "

नारदभक्ति सूत्र : " "


Sri Satguru Jagjit Singh Ji eLibrary NamdhariElibrary@gmail.com

English Books


| | |
|---|---|
| Acharlu K.S. | Education for Today And Tomorrow, 1975, Gandhi Shikshan Bhawan, Bombay . |
| Achyut Kumar Singh | Education And National Character, 1992, Ashish Publishing House, New Delhi . |
| Advaita Ashram | The Complete Works of Swami Vivekanand, Vol.-I,1947, Almora. |
| Altekar, A.S. | Education In Ancient India, 1951, Nand Kishore and Bros. Banaras. |
| Austin, A.D. Souga | The Human Factor in Education, 1969, Orient Longmans, New Delhi . |
| Aurobindo,(Sri) | The Renaissance in India, 4th Edi. 1951, Sri Aurobindo Ashram Pondichery . |
| " | A System of National Education, 4th Edi.1946, Arya Publishing House Calcutta . |
| Avinashalingam T.S. | Vivemanada, Education, 1967, Sri Ramkrishan Mission Vidyalaya, Coimbtore . |
| " | Educational Philosophy of Swami Vivemananda, 1964, Sri Ram Krishna Mission Vidyalay, Coimbtore. |

Basu, Ananthnath — Education In Modern India, 1992, Cosmo Publications, New Delhi.

Bhanu Partap Singh — Aims of Education In India, 1990, Ajanta Publications (India), Delhi.

Bhattacharya, H. (Ed.) — The Cultural Heritage of India, Vol. III, 1953, Ram Krishna Mission Institute of Culture, Calcutta.

Bokil, V.P. — The History of Education In India, (Aryan Period) 1925, Bombay.

Calcutta University — Ascetic Literature In Ancient India, A Review, 1923.

Chatterji, Satish Chander & Dhirender Mohan Dutt — An Introduction To Indian Philosophy, 1960 University of Calcutta.

Chaube, S.P. — Some Foundations And Guidelines of Modern Education, 1968, Ram Prasad And Sons, Agra.

" — Recent Educational Philosophies In India, Ram Prasad and Sons, Agra.

Chhabra, G.S. — Advanced History of The Panjab, 1971, New Academic Publishing Co. Jullundur City.

Cordier — Yule's Travells of Marco Polo, 1926, London.

Dewy, John — The Child And the Curriculum, 26th Ed. 1959, The University of Chicago, Chicago.

Dutt, R.C. — History of Civilization In India, 1890.

Gandhi, M.K. — Selected Works of Mahatma Gandhi, Vol. VI, 1968, Navjivan Publishing House.

Gisbert Pascual — Fundamentals of Sociology, Orient Longmans, Bombay.

Gorky, Maxim — On Literature, 1918, Progress Publishers, Moscow.

Govt. of India — Secondary Education Commission, Report, 1952-53, Ministry of Education, Delhi.

" — University Education Commission, Report, 1949, Ministry of Education, Delhi.

" — Report of The Education Commission, (1964-66) Reprint 1971, Ministry of Education, N.C.E.R.T. New Delhi.

" — Towards An Enlightened And Human Society, 1990, MHRD New Delhi.

Hamayun Kabir — Indian Philosophy of Education, 1964, Asia Publishing House, New Delhi.

Hardayal, Lala — Hints For Self Culture, 1989, Jaico Publishing House, Bombay-Delhi.

Harry S. Broudy — Building a Philosophy of Education 2nd Ed. 1965, Prentice Hall of India Pvt. Ltd. New Delhi.

Herman, H.H. — *Selected Readings In The Philosophy, Of Education*, 1963, Joe Park, NewYork .

Horne H.H. — *An Idealistic Philosophy of Education*, 41st year Book of National Society for the Study of Education, U.S.A.

Indian Council for Cultural Relations — *Azad Memorial Lecturers*,1962, New Delhi .

Jaffar, S.A. — *Education In Muslim India*, 1973, Idarah-I-Adabiyat-i-Delhi .

James Hastings — *Encyclopedia of Religion And Ethics*, Vol. XII, 1964, Charles Scribner's Sons, New York.

James, S. Ross — *Ground Work of Educational Theory*, George G. Harrap & Company, Ltd. London.

John, S. Brubacher — *Modern Philosophies of Education*, 1969, Tata Macgraw Hill Publishing Co.Pvt.Ltd. Bombay-New Delhi.

Judges, A.V. — *Education And The Philosophic Mind*, London.

Keay, F.E. — *Indian Education In Ancient And Later Times*, 1942, Oxford.

Lamont Corliss — *The Philosophy of Humanism*, 1957.

Macleod, W.H. | Guru Nanak And The Sikh Religion, 1968, London.

Maritain, J. | Education At The Crossroads, 1914, Oxford University Press, London.

Maxmuller, F. | Six Systems of Indian Philosophy, 1971, Chowkhambha Sanskrit Series Office, Varanasi.

Mazumdar, N.N | A History of Education In Ancient India, 1916, Mac Millan & Co, Ltd. Calcutta.

Ms Crindle | Ancient India As Described By Magasthanese and Arrian, 1926, Calcutta.

Mouroe, Paul | A Text Book In The History of Education, 1957, The Mac Millan Co.Ltd. New York.

Mookerji, R.K. | Ancient Indian Education, 1969, Moti Lal Banarsi Dass, Delhi.

Mukherjee, H.B. | Education For Fullness, 1962, Asia Publishing House, London.

Mudaliar, A. Lakshman Swami | Education In India, 1960, Asia Publishing House, Bombay.

Muhammad Hedayetullah | Kabir-The Apostle of Hindu Muslim, 1977, Moti Lal Banarsi Dass Ideological Publishers and Booksellers Delhi.

Sri Satguru Jagjit Singh Ji eLibrary NamdhariElibrary@gmail.com

Musaraf Hussain — Swami Vivekanand's Philosophy of Education, 1980, Ratna Parkashan, Calcutta.

Nanda, S.K. — Indian Education And Its Problems Today, 1987, Kalyani Publishers New Delhi.

Narang, G.C. — Transformation of Sikhism 4th Ed. 1956, New Academic Publishing Co, Jullundhar City.

Nehru, Jawahar Lal — Glimpses of World History, 1989, Jawahar Lal Nehru Memorial Fund, New Delhi.

Nunn, T.P. — Education: Its Data And First Principles, Rev. Ed., 1935, Edward Arnold, London.

Pande, Susmita — Birth of Bhakti In Indian Religion And Art, 1982.

P.B. Saint Hilaire — Education And The Aims of Human Life, IV Ed., 1976 Sri Aurobindo Ashram International Centre of Education, Pondichery.

Pearson W.D. — Shantinikatan, Third Series, 1916, Mac Millan & Co. Ltd., London.

Philips — Modern Trends of Hinduism, 1974.

Prabhu, P.H. — Hindu Social Organisation, Popular Parkashan, Bombay.

Radha Krishnana (Dr.) — Indian Philosophy Part -I, 1956, George Allin and Unwin, NewYork.

Radhakrishnan (Dr.) — The Philosophy of Rabindernath Tagore, 1961, Good Companions Publishers, Baroda.

Raina, Amrit Kaur — The Educational Philosophy of The Sikh Gurus, 1987, Languages Department Panjab, Patiala.

Robert N. Minor — An Enegetical Commentary, 1981, Bhagwad-Gita, Heritage Publishers.

Rusk, R.R. — The doctrines of The Great Educators, New York .

Sachan — Alberuni's India Vol.I, 1888, London.

Saiyiodain, K.G. — Education, Culture And The Social Order, 1952, Asia Publishing House, Bombay.

Sarkar, S.C. — Educational Ideas And Institutions In Ancient India, 1979, Janaki Prakashan, Patna.

Sen, N.B.(Ed.) — Glorious Thoughts On Education, 1967, New Book Society of India, New Delhi .

" — Dynamics of Education In Free India, New Book Society of India, New Delhi.

Sharma, Shankar Dayal(Dr.) Horizons of Indian Education, 1992, Sterling Publishers Pvt. Ltd. New Delhi .

Shukla, P.D. Changing Facts of Indian Education, 1973, Allied Publishers.

Spear, P. India, Pakistan And The West, 1949, Oxford University Press London.

Sri Aurobindo Ashram Sri Aurobindo And The Mother On Education, 3rd Ed.1966, Pondichery .

Tagore, Rabinder Nath The Religion of Man, 1993, An Imprint of Harper Collins Publishers India Pvt. Ltd, New Delhi .

Taneja, V.R. Educational Thought And Practice, 1965, University Publishers, Jullundur,-Delhi .

Tara Chand Influence of Islam On Indian Culture, I Edi.1946, Indian Press Allahabad .

The Mother On Education, Sri Aurobindo Ashram Pondichery.

Ved Mitra Education In Ancient India, 1964, Arya Book Depot, New Delhi .


Sri Satguru Jagjit Singh Ji eLibrary NamdhariElibrary@gmail.com

Verma, M. — The Philosophy of Indian Education 1969, Meenakshi Prakashan, Meerut.

Vivekanand (Swami) — Education, 1971, Ram Krishan Mission, Vidyalaya, Coimbtore.

Walton, J. — What Do We Mean By Education, 1967, Mac Millan & Co. Ltd. London.

Watters — On Yuan Chwang's Travels In India, Vol.I, 1904-05, London.

Whitehead, A.N. — The Aims of Education, 1956, The New American Library, New York.

Woodworth and Marquis — Psychology, 1965, Methun & Co, Ltd. London.

Magazines

The Divine Life, A Journal of the Divine Life Society, May 1996 Shivanandanagar (U.P.)

Darshan International Quarterly, July, 1995.

The Sikh Courier, International Annual, 1995, London.

Indian Association of Social Science Institutions (IASSI) Quarterly April-June, 1995, New Delhi.

Papers

Sodhi, T.S. — Relevance of Educational Philosophy of Guru Nanak, Sept, 1995, A paper written for world Sikh Sammelan, Sri Amritsar.


P.U. LIBRARY CHANDI